# ਕਵਿਤਾ ਦੀ ਆਬਸ਼ਾਰ

ਚਰਨ ਸਿੰਘ



# ਕਵਿਤਾ ਦੀ ਆਬਸ਼ਾਰ

ਚੋਣਵੀਂ ਕਵਿਤਾ

** ਇਸੇ ਕਲਮ ਤੋਂ*

**ਕਾਵਿ-ਸੰਗ੍ਰਹਿ**
- ਤੀਸਰੀ ਅੱਖ (1982)
- ਮਿੱਟੀ 'ਚ ਉਕਰੇ ਅੱਖਰ (1984)
- ਸ਼ੂਨਯ ਬੋਧ (1987)
- ਗਗਨ ਮੈਂ ਥਾਲੁ (2008)
- ਸ਼ੀਸ਼ੇ ਵਿਚਲਾ ਸੂਰਜ (2008)
- ਰੁੱਖ ਤੇ ਜੰਗਲ (2008)
- ਮੁੜ੍ਹਕੋ ਮੁੜ੍ਹਕੀ ਪੌਣ (2009)
- ਵਿਪਰੀਤ (2009)
- ਬਿੰਦੂ ਤੇ ਦਾਇਰੇ (2009)
- ਅੰਤਰੀਵ (2010)
- ਸੂਰਜ ਤੇ ਕਿਰਨਾਂ (2010)
- ਤੁਪਕਾ ਤੁਪਕਾ ਸੂਰਜ (2010)
- ਪ੍ਰਕਰਮਾ (2011)
- ਰਿਸ਼ਮਾਂ (2012)
- ਦਰਪਣ (2012)
- ਅਨੁਭਵ (2012)
- ਪ੍ਰਛਾਵੇਂ (2012)
- ਤ੍ਰੈਕਾਲ (2012)
- ਤ੍ਰਿਵੈਣੀ (2012)
- ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (2014)
- ਹੋਂਦ ਦੀ ਤਲਾਸ਼ (2014)
- ਮੁਕਤੀ (2014)

**ਲੰਬੀ ਕਵਿਤਾ**
- ਆਪੇ ਬੋਲ ਸੂਤ (1998)
- ਆਧੁਨਿਕ ਵਿਸ਼ਵ (2011)

**ਅ.ਗਜ਼ਲ ਸੰਗ੍ਰਹਿ**
- ਦੀਵੇ ਜਗਦੇ ਨੈਣ (2011)

**English**
- Beyond the Horizon

** ਛਪਣ ਵਾਲੀਆਂ ਪੁਸਤਕਾਂ*

**ਕਾਵਿ-ਸੰਗ੍ਰਹਿ**
- ਬੁੱਕਲ
- ਕੁਕਨੂਸ
- ਕੋਰਾ ਕਾ.ਗਜ਼
- ਮੌਲੀ ਧਰਤੀ
- ਸੰਤੁਲਨ
- ਖ਼ਾਲੀ ਘਰ
- ਸ਼ਬਦਾਂ ਦਾ ਸਫ਼ਰ
- ਸ਼ੀਸ਼ੇ ਦਾ ਸ਼ਹਿਰ
- ਪ੍ਰਦਰਸ਼ਨੀ
- ਸਮਾਧੀ
- ਖੰਭ ਤੇ ਪਰਵਾਜ਼
- ਕਾਂਤੀ
- ਹਸਤਨਾਪੁਰ
- ਜਗਿਆਸਾ
- ਪ੍ਰਦੂਸ਼ਣ
- ਬਸਤੀ ਤੇ ਸਹਿਰ
- ਅਰਥ
- ਮਹਿਮਾ
- ਆਗਮਨ
- ਚੁੱਪ ਦੀ ਆਵਾਜ਼

**ਗੀਤ ਸੰਗ੍ਰਹਿ**
- ਹੰਝੂਆਂ ਦੇ ਦਰਿਆ

**ਨਾਟਕ**
- ਕਿਵ ਸਚਿਆਰਾ ਹੋਈਐ

# ਕਵਿਤਾ ਦੀ ਆਬਸ਼ਾਰ

## (ਚੋਣਵੀਂ ਕਵਿਤਾ)


**ਚਰਨ ਸਿੰਘ**

•

ਚੋਣ ਤੇ ਸੰਪਾਦਨ

*ਪ੍ਰਮਿੰਦਰਜੀਤ*



ਰੂਪੀ ਪ੍ਰਕਾਸ਼ਨ

**ਅੰਮ੍ਰਿਤਸਰ**

**Kavita Di Aabshar** (Selected Poetry)

by : Charan Singh ©
9251 ARVIDA DR.
RICHMOND B.C.
V7A 4K5, CANADA
Ph : 605 448 0331
E-mail : virdycharan@gmail.com

Published by :
*Rupy Parkashan*
Amritsar-14801
Mobile : 098550 51418

ISBN : 978-81-927841-1-3

2014

ਸ਼ਬਦ ਜੜ੍ਹਤ :
ਸੁਖ਼ਨ ਗ੍ਰਾਫ਼ਿਕਸ
ਵਿਰਸਾ ਵਿਹਾਰ, ਅੰਮ੍ਰਿਤਸਰ

ਸਰਵਰਕ : ਤੇਜਿੰਦਰ ਬਾਵਾ

ਪ੍ਰਕਾਸ਼ਕ :
ਰੂਪੀ ਪ੍ਰਕਾਸ਼ਨ
ਅੰਮ੍ਰਿਤਸਰ

ਛਾਪਕ :

ਮੁੱਲ : 490/-

•

ਆਦਰ ਨਾਲ

ਆਪਣੇ ਪਿਆਰੇ ਗੁਰੂਦੇਵ

**ਡਾ. ਸ. ਪ. ਸਿੰਘ**

ਨੂੰ

ਸਮਰਪਿਤ

ਜਿਨ੍ਹਾਂ ਨੇ ਵਿਦਿਆਰਥੀ ਜੀਵਨ ਤੋਂ ਲੈ ਕੇ

ਅੱਜ ਤਕ ਮੈਨੂੰ ਆਪਣੀ ਬੁੱਕਲ ਦੇ ਨਿੱਘ ਵਿਚ ਰੱਖਿਆ

•

## ਜੀਵਨ ਬਿਓਰਾ

- *ਨਾਂ :*
  ਚਰਨ ਸਿੰਘ

- *ਜਨਮ :*
  ਪਿੰਡ ਬੇਗੋਵਾਲ, ਨਵੰਬਰ 1, 1947

- *ਪਿਤਾ :*
  ਸ੍ਰੀ ਲਾਲ ਸਿੰਘ

- *ਮਾਤਾ :*
  ਸ੍ਰੀਮਤੀ ਸੰਤ ਕੌਰ

- *ਪਤਨੀ :*
  ਪ੍ਰਕਾਸ਼ ਕੌਰ

- *ਮੁੱਢਲੀ ਵਿਦਿਆ :*
  ਸਿਆਲਕੋਟ ਖਾਲਸਾ ਹਾਈ ਸਕੂਲ, ਜਲੰਧਰ

- *ਉੱਚ ਵਿਦਿਆ :*
  ਐੱਮ.ਏ. (ਪੰਜਾਬੀ)
  ਲਾਇਲਪੁਰ ਖਾਲਸਾ ਕਾਲਜ, ਜਲੰਧਰ

- 1980 ਤੋਂ ਕੈਨੇਡਾ ਵਿਚ

# ਤਰਤੀਬ


**• ਅਨੁਭਵ ਤੇ ਪਰਛਾਵੇਂ**

ਮੇਰਾ ਸਾਇਆ 17
ਮੇਰਾ ਅੰਤਰੀਵ 20
ਰਾਖ਼ 'ਚੋਂ ਉੱਗਿਆ ਜੰਗਲ 22
ਖ਼ੁਸ਼ਬੂ ਦਾ ਬਦਨ 24
ਸ੍ਵੈ ਦੀ ਤਲਾਸ਼ 27
ਦੀਦਾਰ ਦੀ ਹਸਰਤ 31
ਕਿੰਝ ਪੜ੍ਹੇਂਗਾ 34
ਭਰਮ ਸੀ ਸ਼ਹਿਰ 38
ਤੁਰਦਾ ਰਾਹ 42
ਕੁਝ ਨਹੀਂ 45
ਤੇਰਾ ਚਿਹਰਾ 47
ਮਨ ਦੀ ਸੇਜ 49
ਅੱਥਰੂ ਦੀ ਮੌਤ 51
ਮਿੱਟੀ ਤੇ ਸਮਾਂ 54
ਤਕਸੀਮ 56
ਪੱਤੇ ਦੀ ਜੂਨ 61
ਮੈਂ ਕਵਿਤਾ ਲਿਖਣੀ ਛੱਡ... 63
ਚਿਹਰਿਆਂ ਦਾ ਹਜੂਮ 64
ਰਾਫ਼ਤਾ 69

**• ਤ੍ਰੈਕਾਲ ਤੇ ਤ੍ਰਿਵੈਣੀ**

ਨਦੀ ਦੀ ਅੱਗ 75
ਸਾਲਾਂ ਦੀ ਦੇਹ 78
ਰਾਹ 81
ਮੁੜਨ ਦਾ ਭਾਰ 84
ਨਦੀ 87
ਭੀੜ 90
ਫੁੱਲ ਤੇ ਪੱਥਰ 93
ਤੂੰ ਮੇਰੇ ਕੋਲ ਹੁੰਦੀ ਹੈਂ 96
ਤੂੰ ਨਦੀ ਮੈਂ ਦਰਿਆ 98
ਘਰ ਦੀ ਤਲਾਸ਼ 99
ਸ਼ੀਸ਼ਾ ਤੇ ਪੱਥਰ 101
ਨੀਂਦਰ ਤੇ ਸੁਫ਼ਨਾ 104
ਪਰਛਾਵੇਂ 106
ਰੁੱਖ ਤੇ ਪੰਛੀ 110
ਚੁੱਪ 113
ਤਸਵੀਰ 115
ਤਰਲ ਸ਼ਹਿਰ 118
ਚੁੱਪ ਹੇਠ 121
ਅੰਕੁਰ ਤੇ ਆਕਾਰ 124
ਅੰਬਰ 'ਚ ਉੱਗਿਆ ਰੁੱਖ 126
ਘਰ 129

**• ਰਿਸ਼ਮਾਂ ਤੇ ਦਰਪਣ**

ਚਿੜੀ ਚਿੜਾ ਤੇ ਬੋਟ 135
ਅੰਗ ਤੇ ਵਜੂਦ 137
ਜੀਵਨ 141
ਮਮਤਾ ਦਾ ਮੋਹ 144
ਮੁਹੱਬਤ 148
ਦਰਪਣ ਦਾ ਚਿਹਰਾ 151
ਬੰਦ ਕਿਤਾਬ 154
ਉਦਾਸ ਘਰ 157
ਮੈਂ ਜਦੋਂ ਤੁਰਦਾ ਹਾਂ 160
ਅਜੋਕਾ ਮਨੁੱਖ 161

ਸੱਚ 165
ਗੰਢਾਂ 168
ਰੁੱਖ ਕਾਹਲਾ ਹੈ 169
ਜਿਸਮ ਤੇਰਾ ਮੇਰਾ 171
ਕੈਸੀ ਝੜੀ ਹੈ 177
ਤੇਰਾ ਜਾਣਾ 178
ਉਦਾਸੀ 179
ਮੈਂ ਪੱਥਰ 180
ਅੱਗ ਦੀ ਖੇਡ 182
ਮੌਤ ਦੀ ਹੋਂਦ 185
ਮਨੁੱਖ ਤੇ ਥਲ 186
ਜ਼ਿੰਦਗੀ ਤੇ ਸਲੀਬ 190
ਪਿੱਠ 191
ਮੈਂ ਕਰਤਾ ਹਾਂ 194
ਦੋ ਨੈਣ 198
ਅਜਨਬੀ ਕੁੜੀ 203
ਕੈਦ 206
ਚਰਨ ਛੋਹ 210
ਅੱਖਾਂ ਤੇ ਮੂੰਹ 211
ਬਨਵਾਸ 214
ਗੁੰਬਦ 216

## • ਦੀਵੇ ਜਗਦੇ ਨੈਣ

ਪਿੱਪਲੀ ਦੀਆਂ ਛਾਵਾਂ 219
ਮਿਲ ਗਿਆ 220
ਇਕ ਖ਼ੁਸ਼ੀ 221
ਫ਼ਲਕ ਦੀ ਪਰਵਾਜ਼ 223
ਲਹੂ ਤੋਂ ਸੁਰਖ਼ 225
ਗਲੀਆਂ 'ਚ ਤੇਰੀਆਂ 227
ਚਮਨ ਹਾਂ 229
ਅਹਿਸਾਸ ਮੇਰਾ 231
ਗਲੀਆਂ ਉਦਾਸ ਨੇ 233
ਬੁਝ ਗਿਆ ਦੀਵਾ 235
ਮੈਂ ਤੇਰੇ ਕਦਮਾਂ 'ਤੇ 237
ਪੌਣ ਸਾਗਰ ਨੂੰ 239
ਕੋਈ ਬੋਲਦਾ ਨਹੀਂ 241
ਰੁੱਖਾਂ ਦੀਆਂ ਛਾਵਾਂ 243
ਚਿਰਾਗ਼ ਮੇਰੀ ਵਫ਼ਾ ਦੇ 245
ਪੰਛੀ ਘਰਾਂ ਨੂੰ 247
ਨੈਣਾਂ ਦੇ ਦੋ ਭਰੇ ਕਟੋਰੇ 249
ਮੈਂ ਇਕੱਲਾ ਸਾਂ 251
ਰਾਤਾਂ ਨੂੰ ਦੀਵੇ 252
ਜੰਗਲ ਦੇ ਗਲ 253
ਮੈਂ ਤੇਰੇ ਕੋਲ 254
ਉਠ ਗਿਆ 255

## • ਤੁਪਕਾ ਤੁਪਕਾ ਸੂਰਜ

ਸਮਾਂ ਤੇ ਮੈਂ 259
ਨੂਰੀ ਲੋਕ 263
ਜ਼ਿੰਦਗੀ ਤੇ ਸੂਰਜ 270
ਚੁੱਪ ਤੇ ਸ਼ੋਰ 279
ਇਕਾਂਤ 284
ਪ੍ਰਯੋਗਸ਼ਾਲਾ 290
ਜਗਿਆਸਾ ਦਾ ਸਫ਼ਰ 294
ਜਗਿਆਸਾ ਤੇ ਜਜ਼ਬਾ 296
ਜਗਿਆਸਾ ਤੇ ਪਿਆਰ 300
ਜਗਿਆਸਾ ਕਲਪਨਾ... 302
ਜਗਿਆਸਾ ਤੇ ਅੰਤਰੀਵਤਾ 305
ਜਗਿਆਸਾ ਤੇ ਗਿਆਨ 307
ਜਗਿਆਸਾ ਤੇ ਸੱਚ 309
ਜਗਿਆਸਾ ਤੇ ਸੰਕਲਪ 310
ਜਗਿਆਸਾ ਤੇ ਭੌਤਿਕਤਾ 312

ਸੰਕੇਤਕ ਬਿੰਦੂ 313
ਨਜ਼ਰ ਦਾ ਆਸਮਾਂ 319
ਪੱਥਰ ਦਾ ਬੁੱਤ 322
ਬੁੱਤ ਦਾ ਸੱਚ 328

**• ਸੂਰਜ ਤੇ ਕਿਰਨਾਂ**

ਅਬੋਲ 331
ਪੰਛੀ 333
ਗਤੀ ਦਾ ਭਰਮ 335
ਸੱਚ ਦੀ ਪਹਿਚਾਣ 337
ਮਹਿਕ 341
ਦਾਮਨੀ ਲੋਕ 344
ਮਕਬਰਿਆਂ ਦਾ ਸ਼ਹਿਰ 349
ਭਾਲ 351
ਗਿਰਝਾਂ 355
ਸ਼ਬਦਾਂ ਦੀ ਫ਼ਸਲ 358
ਮਨੁੱਖ ਦੇ ਸੂਰਜ 360

**• ਅੰਤਰੀਵ**

ਇਤਿਹਾਸ ਦਾ ਦੁਖਾਂਤ 365
ਮੈਂ ਵਿਚ ਮੈਂ 370
ਮੋਈ ਖ਼ੁਸ਼ਬੂ 371
ਪੜਾਅ 373
ਓਪਰੇ ਫੇਫੜੇ ਉਧਾਰੇ ਸਾਹ 375
ਅਸੁਰਤੀ ਤੋਂ ਸੁਰਤੀ ਤਕ 377
ਸੁੰਦਰਤਾ 383
ਮੋਮੀ ਲੋਕ 384
ਘੋੜਾ 389
ਰੁੱਖ ਦੇ ਧੁੱਪ 394
ਸ਼ਹਿਰ ਤੇ ਪਿੰਡ 398

**• ਵਿਪਰੀਤ**

ਤੰਦੂਆ 407
ਕੰਧਾਂ 409
ਗਰਭ 410
ਦਰਵਾਜ਼ਾ 411
ਪੱਤੇ ਦਾ ਭਰਮ ਬੀਜ ਦਾ ਸੱਚ 413
ਛਾਂ 414
ਧੁੱਪ ਤੇ ਤੇਜ 415
ਪ੍ਰਾਣ 416
ਖ਼ੁਸ਼ਬੂ 418
ਅੱਖਾਂ 420
ਪੁਸਤਕ 422
ਪਾਣੀ 424
ਪਿੰਡ 427
ਰੁੱਖ 428
ਪੇਟ 429
ਕਿੱਲੀ 430
ਕਾਨੀ 432
ਖੁਰਾ 435
ਮਿੱਟੀ ਦੇ ਅੰਕੁਰ 440
ਦਰਪਣ 442

**• ਬਿੰਦੂ ਤੇ ਦਾਇਰੇ**

ਕਵਿਤਾ 447
ਦੋ ਦਿਸ਼ਾਵਾਂ 451
ਬੁੱਤ ਤੇ ਉਦਾਸੀ 455
ਮੈਂ ਆਖਿਆ ਆਪਣੇ ਆਪ ਨੂੰ 456
ਰੂਹ ਤੇ ਬਸਤਰ 459
ਵਰਤਮਾਨ 463
ਬੋਧ 467


*

# ਅਮੂਰਤ ਯਥਾਰਥ ਦਾ ਕਾਵਿ-ਚਿਤੇਰਾ : ਚਰਨ ਸਿੰਘ

ਅਜੋਕੀ ਪੰਜਾਬੀ ਕਵਿਤਾ ਵਿਚ ਆਧੁਨਿਕ ਭਾਵਬੋਧ ਨੂੰ ਜਿਸ ਸ਼ਿੱਦਤ ਤੇ ਪੂਰੀ ਕਾਵਿਕ ਸਮਰਪਿਤ ਭਾਵਨਾ ਨਾਲ ਜਿਨ੍ਹਾਂ ਕਵੀਆਂ ਨੇ ਨਿਰੰਤਰ ਪੇਸ਼ ਕੀਤਾ ਹੈ, ਕੈਨੇਡਾ ਵਿਚ ਵੱਸਦਾ ਕਵੀ ਚਰਨ ਸਿੰਘ ਉਨ੍ਹਾਂ 'ਚੋਂ ਮੋਹਰੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਚਰਨ ਸਿੰਘ ਨੇ ਆਧੁਨਿਕਤਾ ਦੇ ਸੰਕਲਪ ਨੂੰ ਪੱਛਮ ਦੀਆਂ ਕਾਵਿ-ਪ੍ਰਣਾਲੀਆਂ ਦਾ ਹੂਬਹੂ ਰੁਪਾਂਤਰਣ ਕਰਨ ਵਜੋਂ ਨਹੀਂ ਲਿਆ ਸਗੋਂ ਵਿਸ਼ਵ-ਵਿਆਪੀ ਭਾਵ ਤੇ ਵਿਚਾਰ ਬੋਧਿਕ ਪ੍ਰਸਥਿਤੀਆਂ 'ਚੋਂ ਗ੍ਰਹਿਣ ਕੀਤਾ ਹੈ। ਉਸ ਨੇ ਪੱਛਮ ਦੇ ਕਾਵਿਕ ਰੁਝਾਨਾਂ ਦੀ ਭੂਹੜ ਨਕਲ ਨਹੀਂ ਕੀਤੀ, ਸਗੋਂ ਨਿੱਜੀ ਅਨੁਭਵਾਂ ਦੀ ਕਸੌਟੀ ਉੱਤੇ ਵੀ ਇਨ੍ਹਾਂ ਨੂੰ ਪਰਖਿਆ, ਹੰਢਾਇਆ ਹੈ ਤੇ ਫੇਰ ਆਪਣੀ ਕਾਵਿਕ ਸੋਝੀ ਦਾ ਹਾਣੀ ਬਣਾਇਆ ਹੈ। ਉਸ ਨੇ ਆਪਣੇ ਕਾਵਿਕ ਆਵੇਸ਼ ਨੂੰ ਪੇਤਲਾ ਨਹੀਂ ਪੈਣ ਦਿੱਤਾ। ਉਸ ਨੇ ਬੇਸ਼ਕ ਨਿਰੰਤਰ ਲਿਖਿਆ ਤੇ ਛਪਵਾਇਆ ਹੈ। ਆਪਣੀ ਕਾਵਿ ਸਿਰਜਣਾ ਵਿਚ ਆਪਣੇ ਆਪ ਨੂੰ ਲੀਨ ਰੱਖਿਆ ਹੈ। ਉਸ ਨੇ ਕਵਿਤਾ ਦੀ ਦਰਵੇਸ਼ੀ ਹੰਢਾਈ ਹੈ ਤੇ ਆਪਣੇ ਪਾਠਕਾਂ ਦੇ ਦਰਾਂ 'ਤੇ ਨਿਰੰਤਰ ਅਲਖ਼ ਜਗਾਈ ਹੈ। ਹੋਰ ਵੀ ਕਈ ਪਰਵਾਸੀ ਕਵੀ ਤੇ ਲੇਖਕ ਹਨ, ਜਿਨ੍ਹਾਂ ਨੇ ਲਗਾਤਾਰ ਲਿਖਿਆ ਹੈ ਤੇ ਆਪਣੇ ਯਤਨਾਂ ਨਾਲ ਅਜੋਕੇ ਪੰਜਾਬੀ ਅਦਬੀ ਦ੍ਰਿਸ਼ ਵਿਚ ਆਪਣੀ ਪਛਾਣ ਬਣਾਉਣ ਵਿਚ ਹਰ ਹੀਲਾ ਵਸੀਲਾ ਵਰਤਿਆ ਹੈ। ਯੂਨੀਵਰਸਿਟੀਆਂ ਵਿਚ ਉਨ੍ਹਾਂ ਦੀਆਂ ਬਹੁਤੀਆਂ ਲਿਖਤਾਂ ਉੱਤੇ ਖੋਜ ਕਾਰਜ ਹੋਏ ਹਨ ਤੇ ਉਨ੍ਹਾਂ ਦੀਆਂ ਪੁਸਤਕਾਂ ਵਿਦਿਅਕ ਕੋਰਸਾਂ ਵਿਚ ਵੀ ਲੱਗਦੀਆਂ ਰਹੀਆਂ ਹਨ। ਜੁਗਤ ਜੁਗਾੜ ਅਜੋਕੇ ਦੌਰ ਵਿਚ ਸਥਾਪਤੀ ਦੀ ਮੁੱਖ ਲੋੜ ਵੀ ਬਣਦਾ ਰਿਹਾ ਹੈ ਤੇ ਕਈ ਲੇਖਕਾਂ ਨੇ ਇਸ ਦਾ ਭਰਵਾਂ ਲਾਭ ਉਠਾਇਆ ਹੈ। ਚਰਨ ਸਿੰਘ ਨੇ ਨਿਰਸੰਦੇਹ ਬਹੁਤ ਤੇ ਨਿਰੰਤਰ ਲਿਖਿਆ ਹੈ ਪਰ ਉਸ ਦੀਆਂ ਰਚਨਾਵਾਂ ਪੜ੍ਹਦਿਆਂ ਕਿਤੇ ਵੀ ਉਕਤਾਹਟ ਦਾ ਅਹਿਸਾਸ ਨਹੀਂ ਹੁੰਦਾ। ਉਹ ਆਪਣੇ ਪਰਵਾਸੀ ਜੀਵਨ ਦੇ ਅਨੁਭਵਾਂ ਦੀਆਂ ਤਲਖ਼ ਹਕੀਕਤਾਂ ਤੋਂ ਮੂੰਹ ਨਹੀਂ ਮੋੜਦਾ ਤੇ ਆਪਣੇ ਕਾਵਿਕ ਅਨੁਭਵਾਂ ਦੀ ਸੁਹਿਰਦ ਮਾਨਸਿਕਤਾ ਦੀ ਹੀ ਪੇਸ਼ਕਾਰੀ ਕਰਦਾ ਹੈ। ਚਰਨ ਸਿੰਘ ਕਾਵਿਕ

ਉਤੇਜਨਾ ਤੇ ਮਹਿਜ਼ ਇਕ ਕਾਵਿਕ ਸਨਸਨੀ ਉਪਜਾਉਣ ਵਾਲਾ ਸ਼ਾਇਰ ਕਦੇ ਵੀ ਨਹੀਂ ਰਿਹਾ। ਉਸ ਦੀ ਕਾਵਿ ਸਿਰਜਣਾ ਉਸ ਦੀ ਨਿੱਜੀ ਜੀਵਨ ਸ਼ੈਲੀ ਦੀ ਉਪਜ ਹੈ। ਉਹ ਚਲੰਤ ਕਾਵਿ ਪ੍ਰਣਾਲੀਆਂ ਤੇ ਲਹਿਰਾਂ ਦਾ ਪਿਛਲੱਗ ਨਹੀਂ ਬਣਿਆ।

ਮੈਂ ਉਸ ਦੀ ਕਾਵਿ ਸਿਰਜਣਾ ਦਾ ਉਸ ਦੇ ਆਰੰਭ ਦੌਰ ਤੋਂ ਹੀ ਗਵਾਹ ਰਿਹਾ ਹਾਂ। ਉਹ ਆਪਣੇ ਆਰੰਭ ਤੋਂ ਹੀ ਆਪਣਾ ਵੱਖਰਾ ਕਾਵਿ-ਮੁਹਾਵਰਾ ਲੈ ਕੇ ਆਇਆ ਸੀ। ਉਸ ਦੀ ਕਾਵਿ-ਸਿਰਜਣਾ ਦਾ ਭਰਵਾਂ ਮੁਲਅੰਕਣ ਨਾ ਹੋਣ ਦਾ ਵੱਡਾ ਕਾਰਨ ਸਾਡੇ ਅਦਬੀ ਸਭਿਆਚਾਰ ਵਿਚ ਆਏ ਨਿਘਾਰ ਕਰਕੇ ਹੀ ਹੈ। ਕਸਬੀ ਆਲੋਚਕ ਆਪਣੇ ਚਹੇਤੇ ਲੇਖਕਾਂ ਬਾਰੇ ਲਿਖ ਲਿਖ ਕੇ ਆਪਣੀ ਸੁਵਿਧਾਵਾਦੀ ਸੋਚ ਦਾ ਹੀ ਪ੍ਰਗਟਾਵਾ ਕਰਦੇ ਆ ਰਹੇ ਹਨ। ਚਰਨ ਸਿੰਘ ਲਗਾਤਾਰ ਆਪਣੀਆਂ ਕਾਵਿ-ਕਿਤਾਬਾਂ ਛਪਵਾ-ਛਪਵਾ ਕੇ ਆਲੋਚਕਾਂ ਨੂੰ ਭੇਜਦਾ ਰਿਹਾ, ਪਰ ਉਸ ਦੀ ਕਾਵਿ-ਕਾਰੀ ਲੋੜੀਂਦੇ ਮੁਲਅੰਕਣ ਤੇ ਪ੍ਰਸੰਸਾ ਤੋਂ ਵਿਰਵੀ ਹੀ ਰਹੀ। ਉਹਦੇ ਪ੍ਰਕਾਸ਼ਕਾਂ ਨੇ ਵੀ ਉਸ ਦੀਆਂ ਪੁਸਤਕਾਂ ਨੂੰ ਪਾਠਕਾਂ ਤਕ ਪੁਚਾਣ ਦੀ ਬਹੁਤੀ ਖੇਚਲ ਨਹੀਂ ਕੀਤੀ। ਪੰਜਾਬੀ ਦੇ ਕਈ ਵੱਡੇ-ਵੱਡੇ ਆਲੋਚਕ ਤੇ ਬੁੱਧੀਜੀਵੀ ਉਹਦੇ ਸਮਕਾਲੀ ਹਨ ਪਰ ਚਰਨ ਸਿੰਘ ਨੇ ਆਪਣੇ ਸਵੈਮਾਨੀ ਸੁਭਾਅ ਕਰਕੇ ਕਿਸੇ ਅੱਗੇ ਵੀ ਕੋਈ ਤਰਲਾ ਨਹੀਂ ਪਾਇਆ। ਕਈ ਕਾਵਿ ਘਾੜਿਆਂ ਦੇ ਕਮੰਡਲਾਂ ਵਿਚ ਅਣਮੂੰਹੀ ਭਿੱਖਿਆ ਪੈਂਦੀ ਰਹੀ ਹੈ। ਕਈਆਂ ਨੂੰ ਉਨ੍ਹਾਂ ਦੀ ਰੁਤਬੇਦਾਰੀ ਦਾ ਵੀ ਭਰਵਾਂ ਲਾਭ ਮਿਲਦਾ ਰਿਹਾ ਹੈ। ਕਈਆਂ ਦੀ ਤਾਂ ਇਕੋ ਹੀ ਛਪੀ ਪੁਸਤਕ ਉੱਤੇ ਖੋਜ ਕਾਰਜ ਵੀ ਹੋ ਜਾਂਦੇ ਹਨ। ਉੱਚ ਵਿਦਿਅਕ ਅਦਾਰਿਆਂ ਦੇ ਭ੍ਰਿਸ਼ਟ ਤੰਤਰ ਕਾਰਨ ਹੀ ਚਰਨ ਸਿੰਘ ਤੇ ਉਹਦੇ ਵਰਗੇ ਕੁਝ ਹੋਰ ਸੁਹਿਰਦ ਸਿਰਜਕ ਆਪਣੇ ਬਣਦੇ ਮਾਣ ਸਨਮਾਨ ਤੇ ਆਲੋਚਕੀ ਤਵੱਜੋ ਤੋਂ ਵਿਰਵੇ ਰਹੇ ਹਨ। ਪਰ ਚਰਨ ਸਿੰਘ ਇਸ ਸਭ ਕੁਝ ਤੋਂ ਨਿਰਲੇਪ ਰਹਿ ਕੇ ਆਪਣੀ ਕਾਵਿ-ਸਿਰਜਣਾ ਵਿਚ ਲੀਨ ਹੈ। ਉਸ ਦਾ ਆਪਣੇ ਕਾਵਿ-ਅਨੁਭਵ ਤੇ ਕਾਵਿ-ਬੋਧ ਵਿਚ ਪੂਰਾ ਯਕੀਨ ਹੈ। ਆਪਣੇ ਇਸੇ ਯਕੀਨ ਦੀ ਸਲਾਮਤੀ ਲਈ ਉਹ ਸਦਾ ਯਤਨਸ਼ੀਲ ਰਿਹਾ ਹੈ।

ਚਰਨ ਸਿੰਘ ਮਸਨੂਈ ਕਿਸਮ ਦੀ ਕਾਵਿਕਾਰੀ ਦਾ ਕਵੀ ਨਹੀਂ ਹੈ। ਹਰ ਵਰਗ ਦੀਆਂ ਸਮਾਜਕ ਪ੍ਰਸਥਿਤੀਆਂ, ਮਾਨਸਿਕ ਉਲਝਣਾਂ ਤੇ ਗੁੰਝਲਾਂ ਨੂੰ ਉਹ ਆਪਣੀਆਂ ਨਜ਼ਮਾਂ ਵਿਚ ਉਤਾਰਦਾ ਹੈ। ਉਹ ਆਪਣੇ ਬਾਹਰੀ ਤੇ ਅੰਤਰੀਵ ਸੰਸਾਰ ਦੀਆਂ ਬੇਚੈਨੀਆਂ ਤੋਂ ਮੂੰਹ ਨਹੀਂ ਮੋੜਦਾ। ਜੀਵਨ ਦੀ ਬਦਰੰਗੀ ਨੂੰ ਉਹ ਲਿਸ਼ਕੋਰਾਂ ਮਾਰਦੀ ਨਹੀਂ ਵਿਖਾਉਂਦਾ। ਆਪਣੇ ਬਹੁਤਾ ਤੇ ਨਿਰੰਤਰ ਲਿਖਦੇ ਰਹਿਣ ਪ੍ਰਤੀ ਉਸ ਦਾ ਬੜਾ ਸਰਲ ਤੇ ਸਾਦਾ ਜਿਹਾ ਹੀ ਜਵਾਬ ਹੁੰਦਾ ਹੈ ਕਿ 'ਉਹ ਜੀਵਨ ਦੇ ਹਰ ਵਰਤਾਰੇ ਪ੍ਰਤੀ ਜਵਾਬਦੇਹ ਹੋਣਾ ਤੇ ਰਹਿਣਾ ਚਾਹੁੰਦਾ ਹੈ। ਆਪਣੀ ਜਵਾਬਦੇਹੀ ਲਈ ਉਸ ਨੂੰ ਕਵਿਤਾ ਹੀ ਸਾਰਥਕ ਸਾਧਨ ਲੱਗਦੀ ਰਹੀ ਹੈ ਤੇ ਮੈਂ ਇਸੇ ਨੂੰ ਹੀ ਸਮਰਪਿਤ ਹਾਂ।' ਦਰਅਸਲ ਚਰਨ ਸਿੰਘ ਮਾਨਵੀ ਸਰੋਕਾਰਾਂ ਨੂੰ ਪਹਿਲ ਦੇਣ ਵਾਲਾ, ਆਪਣੇ ਕਾਵਿਕ ਵਿਵੇਕ ਪ੍ਰਤੀ ਸੁਹਿਰਦ ਰਹਿਣ ਵਾਲਾ ਕਵੀ ਹੈ। ਉਹਦਾ ਆਪਣਾ ਕਾਵਿ-ਸ਼ਿਲਪ ਤੇ ਕਾਵਿ-ਸ਼ੈਲੀ ਹੈ, ਜਿਸ ਰਾਹੀਂ ਉਹ ਜੀਵਨ ਦੇ ਅਨੇਕਾਂ ਅਮੂਰਤ ਵਰਤਾਰਿਆਂ ਨੂੰ ਰੂਪਮਾਨ ਕਰਦਾ ਹੈ। ਇਸ ਪ੍ਰਕਿਰਿਆ ਵਿਚ ਉਹ ਕੋਈ ਰਲੇਵਾਂ ਨਹੀਂ ਪਾਉਂਦਾ।

'ਕਵਿਤਾ ਦੀ ਆਬਸ਼ਾਰ' ਉਸ ਦੀਆਂ ਨੌਂ ਕਾਵਿ-ਪੁਸਤਕਾਂ ਵਿਚੋਂ ਚੁਣੀਆਂ ਹੋਈਆਂ ਕਵਿਤਾਵਾਂ ਦੀ ਪੁਸਤਕ ਹੈ। ਇਸ ਵਿਚ ਕੁਝ ਪੁਸਤਕਾਂ 'ਚੋਂ ਕੁਝ-ਕੁਝ ਕਵਿਤਾਵਾਂ ਚੁਣ ਕੇ ਚਰਨ ਸਿੰਘ ਦਾ ਇਕ ਸੰਤੁਲਿਤ ਬਿੰਬ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਪੁਸਤਕ ਰਾਹੀਂ ਚਰਨ ਸਿੰਘ ਨੂੰ ਉਹਦੇ ਪਾਠਕ ਨਿੱਠ ਕੇ ਪੜ੍ਹ ਸਕਣਗੇ ਤੇ ਆਲੋਚਕਾਂ ਨੂੰ ਵੀ ਚਰਨ ਸਿੰਘ ਦੇ ਕਾਵਿ-ਸਰੋਕਾਰਾਂ ਬਾਰੇ ਗੱਲ ਕਰਨ ਵਿਚ ਸੌਖ ਰਹੇਗੀ।

ਪੁਸਤਕ ਦੀ ਵਿਉਂਤਬੰਦੀ ਤੇ ਸਰਵਰਕ ਸੰਯੋਜਨ ਦੀ ਜ਼ਿੰਮੇਵਾਰੀ ਕਵੀ ਤੇਜਿੰਦਰ ਬਾਵਾ ਨੇ ਸੁਹਿਰਦਤਾ ਤੇ ਕੁਸ਼ਲਤਾ ਨਾਲ ਨਿਭਾਈ ਹੈ।

ਇਸ ਪੁਸਤਕ ਦੇ ਛਪਣ ਨਾਲ ਕਵੀ ਚਰਨ ਸਿੰਘ ਨਾਲ ਸਾਡੀ ਨੇੜਤਾ ਹੋਰ ਗੂੜ੍ਹੀ ਹੋਈ ਹੈ। ਚਰਨ ਸਿੰਘ ਦੀ ਦੋਸਤੀ ਸਾਡੀ ਪ੍ਰਾਪਤੀ ਹੈ। ਪਿਆਰੇ ਬੇਲੀ ਚਰਨ ਸਿੰਘ ਨੂੰ ਮੁਬਾਰਕਾਂ ਅਤੇ ਸ਼ੁਭ ਇਛਾਵਾਂ।

**-ਪ੍ਰਮਿੰਦਰਜੀਤ**

# ਅਨੁਭਵ ਤੇ ਪ੍ਰਛਾਵੇਂ

•

ਆਪਣੇ ਗੁਰੂਦੇਵ
ਡਾ. ਰਣਜੀਤ ਸਿੰਘ ਬਾਜਵਾ
ਦੇ ਨਾਂ

•

## ਮੇਰਾ ਸਾਇਆ

ਮੇਰਾ ਸਾਇਆ
ਦੁਨੀਆ ਹੈ
ਜਿਸ ਦੀ ਨਜ਼ਰ 'ਚ ਜੋ ਜ਼ਹਿਰ ਹੈ
ਮੇਰੀ ਨਜ਼ਰ 'ਚ ਉਹ ਅੰਮ੍ਰਿਤ ਹੈ

ਮੇਰੇ ਨਾਲ ਤੁਰਦਾ ਹੈ
ਮੇਰਾ ਲਹੂ—ਮੇਰੀ ਊਰਜਾ
ਮੇਰੀ ਸਰੀਰਕ ਕਾਰਜ ਪ੍ਰਣਾਲੀ
ਮੈਨੂੰ ਲੈ ਆਉਂਦੀ ਹੈ ਉਥੇ
ਜਿਥੇ ਮੇਰੇ ਤੋਂ ਸਿਵਾ ਕੋਈ ਨਹੀਂ
ਮੇਰੀ ਨਜ਼ਰ ਹੈ
ਅੰਮ੍ਰਿਤ ਹੈ
ਸਾਇਆ ਮੇਰੇ ਤੋਂ
ਬਹੁਤ ਪਿੱਛੇ ਰਹਿ ਗਿਆ ਹੈ
ਆਪਣੀਆਂ ਨਜ਼ਰਾਂ ਦੇ ਜ਼ਹਿਰ 'ਚ
ਗੁਆਚ ਗਿਆ ਹੈ

ਇਸ ਪੜਾਅ 'ਤੇ
ਸਾਏ ਦਾ ਭਰਮ
ਸਾਏ ਦੀ ਨਜ਼ਰ ਦਾ ਸੱਚ
ਮੇਰੇ 'ਚੋਂ ਨੁੱਚੜ ਗਿਆ ਹੈ
ਮੈਂ ਆਪਣੀ ਦੇਹ ਦਾ ਸੱਚ ਹਾਂ
ਨਜ਼ਰ ਦੇ ਨਜ਼ਰੀਏ ਦਾ ਸੱਚ ਹਾਂ
ਆਪਣੇ ਪੈਰਾਂ 'ਤੇ ਤੁਰਦਾ
ਆਪਣੇ ਨਜ਼ਰੀਏ ਦਾ
ਅੰਮ੍ਰਿਤ ਸੱਚ
ਬੀਜਦਾ ਰਿਹਾ ਹਾਂ
ਆਪਣੀ ਧਰਤੀ ਤੇ ਅੰਮ੍ਰਿਤ ਦੇ ਰੁੱਖ
ਉਗਾ ਰਿਹਾ ਹਾਂ

ਜਿਨ੍ਹਾਂ ਰੁੱਖਾਂ ਦੀ ਪਹਿਚਾਣ ਲਈ
ਸਾਏ ਦੇ ਦਰਪਣ ਦੀ ਲੋੜ ਨਹੀਂ

ਦੁਨੀਆ
ਮੇਰਾ ਸਾਇਆ
ਸਾਏ ਦਾ ਸੱਚ ਜਿਸਮ ਹੈ
ਜੋ ਮੈਂ ਹਾਂ
ਜਿਸ ਦੀ ਨਜ਼ਰ
ਨਜ਼ਰੀਆ ਸੱਚ ਹੈ
ਸਾਏ ਦੀ ਨਜ਼ਰ
ਨਜ਼ਰੀਆ ਭਰਮ ਹੈ
ਸਾਏ ਦਾ ਕਾਰਜ ਕਰਮ
ਤੇ ਫਲ ਭਰਮ ਦਾ

ਸਾਏ ਦੀ ਨਜ਼ਰ ਤੋਂ
ਆਪਣੇ ਨਜ਼ਰੀਏ ਨੂੰ ਪਰਖਣਾ
ਜਾਂ
ਆਪਣੀਆਂ ਅੱਖਾਂ 'ਤੇ
ਸਾਏ ਦੀਆਂ ਅੱਖਾਂ ਲਾ ਕੇ ਵੇਖਣਾ
ਜ਼ਿੰਦਗੀ 'ਚ ਕਬਰਾਂ ਬੀਜਣਾ ਹੈ
ਜਿਉਂਦੇ ਜੀਅ ਮਰਨਾ ਹੈ
ਸਾਏ ਦੀ ਆਪਣੀ ਕੋਈ ਹਸਤੀ ਨਹੀਂ
ਕੋਈ ਵਜੂਦ ਨਹੀਂ
ਸਾਇਆ ਖ਼ਾਲੀ ਖੋਲ਼ ਹੈ
ਜਿਸ ਵਿਚ ਜ਼ਿੰਦਗੀ ਮੌਜੂਦ ਨਹੀਂ
ਸਾਇਆ ਦੇਹ ਦਾ ਸੱਚ ਨਹੀਂ
ਸਾਇਆ ਦੇਹ 'ਚੋਂ ਮਨਫ਼ੀ ਅਗਤੀ ਦਾ ਰੂਪ ਹੈ

ਦੁਨੀਆ
ਮੇਰਾ ਸਾਇਆ
ਜਿਸ ਦੀ ਨਜ਼ਰ 'ਚ

ਮੇਰੀ ਦੇਹ ਦਾ ਸੱਚ ਇਕ ਬਿੰਦੂ ਹੈ
ਜਿਸ ਦੁਆਲੇ ਮੇਰਾ ਸਾਏ ਦਾ ਦਾਇਰਾ ਹੈ
ਇਹ ਦਾਇਰਾ
ਇਹ ਨਹੀਂ ਜਾਣਦਾ
ਕਿ ਮੈਂ ਬੱਦਲ ਦੀ ਉਹ ਕਣੀ ਹਾਂ
ਜਿਸ ਸਦਕਾ ਇਹ ਦਾਇਰਾ ਹਰਾ ਹੈ
ਮੈਂ ਨਹੀਂ ਤਾਂ ਇਹ ਦਾਇਰਾ
ਸਾਰੇ ਦਾ ਸਾਰਾ ਸਹਿਰਾ ਹੈ
ਇਸ ਸਾਏ ਦੇ
ਦਾਇਰੇ ਦੀ ਹਸਤੀ
ਮੇਰੇ ਬਿੰਦੂ 'ਚ ਮੌਜੂਦ ਹੈ
ਮੇਰੇ ਤੋਂ ਬਿਨਾ
ਇਸ ਦੀ ਕੀ ਹਸਤੀ ਹੈ
ਕੀ ਹੋਂਦ ਹੈ ਕੀ ਸੱਚ ਹੈ
ਕੀ ਵਜੂਦ ਹੈ

*

## ਮੇਰਾ ਅੰਤਰੀਵ

ਮੈਂ
ਹਰ ਚੌਰਾਹੇ 'ਚ ਉਤਰਿਆ ਹਾਂ
ਹਰ ਚੌਰਾਹਾ ਮੇਰੇ 'ਚ ਉਤਰਿਆ ਹੈ
ਮੇਰੇ 'ਚ ਉਤਰਿਆ ਚੌਰਾਹਾ
ਦਿਸ਼ਾਵਾਂ ਤੇ ਰਾਹ ਭੁੱਲ ਗਿਆ
ਮੈਂ ਚੌਰਾਹੇ 'ਚ ਉਤਰਿਆ
ਚੌਰਾਹੇ ਦੇ ਦਰ
ਦਿਸ਼ਾਵਾਂ ਤੇ ਰਾਹਾਂ ਲੈ ਆਇਆ

ਮੇਰੇ ਅੰਦਰਲੇ ਚੌਰਾਹੇ 'ਚੋਂ
ਕੋਈ ਵੀ ਰਸਤਾ ਬਾਹਰ ਨਹੀਂ ਜਾਂਦਾ
ਮੇਰੇ ਤੋਂ ਸ਼ੁਰੂ ਹੋ ਕੇ
ਮੇਰੇ 'ਤੇ ਹੀ ਮੁੱਕਦਾ ਹੈ
ਮੇਰਿਆਂ ਪੈਰਾਂ 'ਚ ਭੌਂਦਾ ਹੈ
ਮੇਰੀਆਂ ਰਾਹਾਂ 'ਤੇ ਤੁਰਦਾ ਹੈ
ਆਪਣਿਆਂ ਪੈਰਾਂ ਤੇ ਰਾਹਾਂ 'ਚ
ਗਤੀਸ਼ੀਲ ਹੋਣ ਤੋਂ ਪਹਿਲਾਂ ਹੀ ਮੁੱਕਦਾ ਹੈ

ਮੇਰੇ 'ਚੋਂ
ਕਈ ਸੜਕਾਂ ਤੇ ਗਲੀਆਂ ਨਿਕਲੀਆਂ ਹਨ
ਜੋ ਅੱਜ ਤਕ ਨਹੀਂ ਪਰਤੀਆਂ
ਕੰਡ ਦੇ ਕੇ ਤੁਰ ਗਈਆਂ ਹਨ
ਉਨ੍ਹਾਂ ਦੀ ਕੰਡ 'ਤੇ
ਲਿਖਿਆ ਹੈ—
ਮੈਂ ਚੁੱਪ ਹਾਂ
ਉਦਾਸੀ ਦਾ ਉਜਾੜ ਹਾਂ
ਉਨ੍ਹਾਂ ਦੇ ਨੈਣਾਂ 'ਚ ਸ਼ੋਰ ਹੈ
ਅੰਗਾਂ ਤੇ ਨਖ਼ਸ਼ਾਂ 'ਚ ਰੌਣਕ ਹੈ
ਚਿਹਰੇ 'ਤੇ ਲਿਖਿਆ ਬਹਾਰ ਹੈ

ਮੇਰੇ 'ਚੋਂ
ਕਈ ਚਿਹਰੇ ਨਿਕਲੇ ਹਨ
ਜਦ ਕਦੀ ਬਾਜ਼ਾਰਾਂ 'ਚ ਮਿਲਦੇ ਹਨ
ਤਾਂ ਮੈਨੂੰ ਪਹਿਚਾਣਦੇ ਨਹੀਂ
ਮੇਰੇ ਅੰਦਰ ਬਲਦਾ ਸਿਵਾ ਸਿਆਣਦੇ ਨਹੀਂ
ਮੈਂ ਤੇ ਉਨ੍ਹਾਂ ਨੂੰ
ਇਸ ਲਈ ਬਦਸੂਰਤ ਕਰ ਦਿੱਤਾ
ਕਿ ਮੈਨੂੰ ਛੱਡ ਕੇ ਤੁਰ ਜਾਣ ਨਾ ਕਿਧਰੇ
ਕੀ ਪਤਾ
ਪਰਤ ਕੇ ਆਉਣ ਨਾ ਕਿਧਰੇ

ਮੈਂ
ਆਪਣੀ ਕਰੂਪਤਾ 'ਚ
ਉਨ੍ਹਾਂ ਦੀ ਸੁੰਦਰਤਾ ਘੋਲ ਲੈਂਦਾ ਹਾਂ
ਉਨ੍ਹਾਂ ਦੇ ਆਸਰੇ
ਆਪਣੀ ਚੁੱਪ ਤੇ ਉਦਾਸੀ 'ਚੋਂ
ਬੋਲ ਪੈਂਦਾ ਹਾਂ
ਇਕ ਪਲ ਜਿਉਣ ਲਈ
ਜ਼ਿੰਦਗੀ ਦੀ ਰੌਣਕ ਲਈ
ਉਜਾੜਾਂ ਦਾ ਦਰ ਖੋਲ੍ਹ ਲੈਂਦਾ ਹਾਂ
ਇਕ.ਪਲ ਜਿਉਣ ਲਈ
ਉਨ੍ਹਾਂ ਦਾ ਹੋਣ ਲਈ
ਛੱਡ ਕੇ ਤੁਰ ਗਈਆਂ
ਸੜਕਾਂ ਤੇ ਗਲੀਆਂ ਨੂੰ ਪੁਕਾਰਦਾ ਹਾਂ
ਉਜੜੇ ਚੌਰਾਹਿਆਂ ਨੂੰ ਆਪਣੇ 'ਚ ਉਤਾਰਦਾ ਹਾਂ
ਆਪਣੇ ਅੰਤਰੀਵ 'ਚ ਸੰਭਾਲਦਾ ਹਾਂ
ਰੰਗ ਰੌਣਕਾਂ ਹਾਸੇ ਤੇ ਖ਼ੁਸ਼ੀਆਂ
ਚੌਂਕਾਂ ਚੌਰਾਹਿਆਂ ਸੜਕਾਂ
ਤੇ ਗਲੀਆਂ 'ਚ ਖਲਾਰਦਾ ਹਾਂ
*

## ਰਾਖ਼ 'ਚੋਂ ਉੱਗਿਆ ਜੰਗਲ

ਇਸ ਜੰਗਲ ਦੀ ਚੁੱਪ ਵੀ ਬੜੀ ਅਜੀਬ ਹੈ
ਬੋਲਦੀ ਹੈ
ਪਰ ਸੁਣਦੀ ਨਹੀਂ

ਜੰਗਲ
ਤੁਰਨ ਲੱਗਦਾ ਹੈ—ਭੁਰਨ ਲੱਗਦਾ ਹੈ
ਸੜਨ ਲੱਗਦਾ ਹੈ—ਖੁਰਨ ਲੱਗਦਾ ਹੈ
ਆਪਣੀ ਹਰਿਆਵਲ ਨੂੰ ਉਬਾਲਦਾ ਹੈ
ਭਾਫ਼ ਦੇ ਰੂਪ 'ਚ ਉਤਾਰਦਾ ਹੈ
ਬੱਦਲ ਬਣਦਾ ਹੈ
ਤੇ ਆਪਣੀ ਹੀ ਰਾਖ਼ 'ਤੇ ਵਰ੍ਹਨ ਲੱਗਦਾ ਹੈ

ਰਾਖ਼ 'ਚੋਂ
ਇਕ ਨਵਾਂ ਜੰਗਲ ਉੱਗਦਾ ਹੈ
ਜੋ ਰੁੱਖਾਂ ਮੁਤਾਬਕ
ਜੰਗਲੀ ਜੀਵਨ ਸਿਰਜਦਾ ਹੈ
ਹਰ ਇਕ ਰੁੱਖ ਦਾ
ਆਪਣਾ ਆਪਣਾ ਸੱਚ ਹੈ
ਸਾਰੇ ਰੁੱਖਾਂ ਦਾ ਜੰਗਲ ਸਰਬ ਸੱਚ ਹੈ

ਪੱਤਿਆਂ ਦਾ ਨਵਾਂ ਰੂਪ ਹੈ
ਟਹਿਣੀਆਂ ਦਾ ਨਵਾਂ ਸਰੂਪ ਹੈ
ਫੁੱਲਾਂ ਦਾ ਰੰਗ ਵੱਖਰਾ ਹੈ
ਫਲਾਂ ਦਾ ਰਸ ਵੱਖਰਾ ਹੈ
ਜੜ੍ਹ ਜਲ ਧਰਤੀ 'ਚੋਂ ਨਹੀਂ
ਅੰਬਰ 'ਚੋਂ ਸੀਕਦੀ ਹੈ
ਰੁੱਖਾਂ ਦੇ ਚਿਹਰੇ ਨਵੇਂ ਹਨ
ਰੰਗ ਰੂਪ ਤੇ ਨੁਹਾਰ ਵੱਖਰੀ ਹੈ
ਰੁੱਖਾਂ ਦੇ ਪਿੰਡੇ 'ਚ ਅੰਧਵਿਸ਼ਵਾਸ ਦੀ ਥਾਂ

ਸੱਚ ਦੇ ਸੂਰਜ ਜਗਦੇ ਹਨ
ਜੋ ਰੁੱਖਾਂ ਦੇ ਅੰਦਰ ਤੇ ਬਾਹਰ ਚਾਨਣ ਕਰਦੇ ਹਨ

ਰੁੱਖ
ਆਪਣੀ ਸੀਮਾ ਸੰਭਾਵਨਾ ਤੋਂ
ਬਾਹਰ ਵਿਚਰਦੇ ਹਨ
ਰੁੱਖਾਂ ਦਾ ਹਰ ਪੱਤਾ
ਜੰਗਲ ਦੇ ਮਦਰੱਸੇ 'ਚੋਂ ਹਾਣ ਦੀ ਭਾਸ਼ਾ
ਅਨੁਸ਼ਾਸਨ ਤੇ ਜੰਗਲ ਲਈ ਕੁਰਬਾਨੀ ਦਾ
ਕਿਰਦਾਰਿਕ ਸੱਚ ਸਿੱਖਦਾ ਹੈ
ਆਪਣੇ ਆਦਰਸ਼
ਸੁੰਦਰਤਾ ਤੇ ਸ੍ਵੈ-ਅਭਿਮਾਨ ਲਈ
ਮਰ ਮਿਟਦਾ ਹੈ

ਜੰਗਲ 'ਚ
ਜੰਗਲ ਦਾ ਰਾਜ ਨਹੀਂ
ਹਰ ਰੁੱਖ ਕੋਲ
ਆਪਣਾ ਸੱਚ ਜਾਨਣ ਲਈ
ਆਪਣਾ ਚਿਰਾਗ਼ ਹੈ
ਨਾ ਮੰਗਵੀਂ ਹਵਾ ਹੈ—ਨਾ ਮੰਗਵੀਂ ਬਹਾਰ ਹੈ
ਜੰਗਲੀ ਜੀਵਨ 'ਚ
ਜੋ ਕੁਝ ਵੀ ਵਿਚਰਦਾ ਹੈ
ਰੁੱਖਾਂ ਦਾ ਆਪਣਾ ਹੈ
ਜੰਗਲ 'ਚੋਂ ਰੁੱਖਾਂ ਦਾ
ਰੁੱਖਾਂ 'ਚੋਂ ਜੰਗਲ ਦਾ
ਸੱਚ ਜਾਗਦਾ ਹੈ

ਪੰਛੀਆਂ ਤੋਂ
ਆਲ੍ਹਣੇ ਦੇ ਇਵਜ਼ 'ਚ
ਜੰਗਲ ਕੁਝ ਨਹੀਂ ਲੈਂਦਾ
ਸਗੋਂ ਪੰਛੀਆਂ ਦਾ ਖਾਣਾ

ਪੀਣਾ ਰਹਿਣਾ ਤੇ ਸੁਰੱਖਿਆ
ਜੰਗਲ ਪ੍ਰਦਾਨ ਕਰਦਾ ਹੈ
ਪੰਛੀਆਂ ਦੀ ਜਾਨ ਮਾਲ ਲਈ
ਜੰਗਲ ਆਪਣਾ ਸਿਰ ਤਲੀ 'ਤੇ ਧਰਦਾ ਹੈ
ਪੰਛੀ ਆਪਣੇ ਬੋਲਾਂ
ਆਪਣੇ ਸੰਗੀਤ ਨਾਲ
ਜੰਗਲ ਦਾ ਮਨੋਰੰਜਨ ਕਰਦੇ ਹਨ
ਜੰਗਲ ਦਾ ਵਾਤਾਵਰਨ
ਸੁੰਦਰ ਖ਼ੁਸ਼ਹਾਲ ਤੇ ਰਮਣੀਕ ਰੱਖਦੇ ਹਨ
ਜੰਗਲ ਦੀ ਆਰਤੀ ਉਤਾਰਦੇ ਹਨ
ਜੰਗਲ ਦੇ ਚਰਨੀਂ
ਸ਼ਰਧਾ ਦੇ ਫੁੱਲ ਧਰਦੇ ਹਨ

ਨਵੇਂ ਉੱਗੇ ਜੰਗਲ ਦਾ
ਆਪਣਾ ਹੀ ਰੰਗਮੰਚ ਹੈ
ਆਪਣੀ ਕਥਾ—ਆਪਣਾ ਕਿਰਦਾਰ
ਆਪਣਾ ਸੰਗੀਤ ਹੈ
ਬਿੰਦੂਆਂ ਤੋਂ ਦਾਇਰਿਆਂ 'ਚ ਫੈਲੀ
ਨਵੇਂ ਜੰਗਲ ਦੀ ਪ੍ਰੀਤ ਹੈ
ਆਪਣੀ ਬੋਲੀ
ਆਪਣਾ ਵਾਰਤਾਲਾਪ
ਆਪਣਾ ਸੰਵਾਦ
ਆਪਣਾ ਸੂਤਰਧਾਰ ਹੈ
ਜੰਗਲ ਆਪਣੇ ਭੂਤ ਦੀ ਢਹਿੰਦੀ
ਕਲਾ ਤੋਂ ਆਜ਼ਾਦ ਹੈ
ਜੰਗਲ ਅਭਿਨੇਤਾ ਵੀ ਹੈ
ਅਭਿਨੈ ਵੀ ਹੈ—ਦਰਸ਼ਕ ਵੀ ਹੈ
ਨਾ ਕੋਈ ਵੈਰੀ—ਨਾ ਹੀ ਬੇਗ਼ਾਨਾ
ਆਪਣੇ ਆਪ ਦਾ ਰਖਸ਼ਕ ਵੀ ਹੈ
*

## ਖ਼ੁਸ਼ਬੂ ਦਾ ਬਦਨ

ਮੈਂ ਤੋਤਲੇ ਬੋਲ
ਹਾਸੇ ਹੰਝੂ ਰੰਗ ਖ਼ੁਸ਼ਬੂਆਂ
ਫੁੱਲ ਕਲੀਆਂ
ਆਪਣੇ ਮੌਸਮ ਬਹਾਰਾਂ, ਰੁੱਤਾਂ
ਸਭ ਉਸ ਦੇ ਹਵਾਲੇ ਕਰ ਦਿੱਤੇ ਹਨ
ਨੀਂਦਰ ਸੱਚ ਸੁਫ਼ਨੇ—ਸੁੰਦਰਤਾ
ਸਭ ਬੱਦਲਾਂ 'ਚ ਧਰ ਦਿੱਤੇ ਹਨ
ਬੱਦਲ ਅੰਬਰ 'ਤੇ ਛਾ ਗਏ ਹਨ
ਮੈਂ ਚਾਹੁੰਦਾ ਹਾਂ
ਇਸ ਮੌਸਮ ਦੀ ਬਰਖਾ
ਤੂੰ ਆਪਣੇ ਨਗਨ ਬਦਨ 'ਤੇ ਬਰਸਾਏਂ
ਆਪਣੇ ਬਦਨ 'ਚੋਂ ਮੇਰੀ ਖ਼ੁਸ਼ਬੂ ਹੰਢਾਏਂ

ਮੇਰੀ ਤਰ੍ਹਾਂ ਹੀ
ਤੂੰ ਆਪਣਾ ਆਪ
ਸਾਰੀ ਕਾਇਨਾਤ 'ਚ ਘੋਲ ਦੇਵੇਂ
ਸਾਗਰਾਂ ਪਰਬਤਾਂ ਜੰਗਲਾਂ
ਚਸ਼ਮਿਆਂ ਝਰਨਿਆਂ 'ਚ ਡੋਲ੍ਹ ਦੇਵੇਂ

ਮੈਂ ਆਪਣੀ ਹਸਤੀ ਮਿਟਾ
ਮਿੱਟੀ ਹੋ ਜਾਵਾਂਗਾ
ਤੇਰਾ ਘੋਲਿਆ ਤੇ ਡੋਲ੍ਹਿਆ
ਆਪਣੀ ਮਿੱਟੀ 'ਚੋਂ ਉਗਾਵਾਂਗਾ
ਤੇਰਾ ਰੂਪ ਹੋ ਜਾਵਾਂਗਾ
ਤੇਰੇ ਅੰਗ ਨਕ਼ਸ਼ ਬਦਨ
ਤੇ ਚਿਹਰਾ ਕਹਾਵਾਂਗਾ

ਫਿਰ
ਜਦ ਤੇਰੇ ਬਦਨ 'ਚੋਂ

ਮੇਰੀ ਖ਼ੁਸ਼ਬੂ ਆਏਗੀ
ਮੇਰੀ ਸਿਰਜਣਾ ਕਹਾਏਗੀ
ਮੈਂ ਸਿਰਜਣਾ 'ਚ ਉਤਰ ਜਾਵਾਂਗਾ
ਸਿਰਜਣਾ ਮੇਰੇ 'ਚ ਉਤਰ ਜਾਵੇਗੀ
ਖ਼ੁਸ਼ਬੂ 'ਚੋਂ ਜਿਸਮ
ਜਿਸਮ 'ਚੋਂ ਖ਼ੁਸ਼ਬੂ ਆਵੇਗੀ

ਜਿਸਮ ਖ਼ੁਸ਼ਬੂ
ਖ਼ੁਸ਼ਬੂ ਜਿਸਮ ਹੋ ਜਾਵੇਗਾ
ਮੇਰੀ ਖ਼ੁਸ਼ਬੂ ਦੀ—ਤੇਰੇ ਜਿਸਮ ਦੀ
ਪਹਿਚਾਣ ਮਿਟ ਜਾਏਗੀ
ਨੂਰ ਦਾ ਨੂਰ ਨਜ਼ਰ ਆਵੇਗਾ
ਜਿਸ ਦਾ ਕੋਈ
ਰੰਗ ਨਹੀਂ—ਰੂਪ ਨਹੀਂ
ਚਿਹਰਾ ਨਹੀਂ—ਵਜੂਦ ਨਹੀਂ
ਹੱਦ ਨਹੀਂ—ਹਦੂਦ ਨਹੀਂ
ਜੋ ਸੱਚ ਸੁੰਦਰਤਾ ਤੇ ਕਲਿਆਣ ਹੈ
ਜੋ ਤੇਰੀ ਤੇ ਮੇਰੀ ਪਹਿਚਾਣ ਹੈ
*

## ਸ੍ਵੈ ਦੀ ਤਲਾਸ਼

ਉਹ ਫੁੱਲਾਂ ਰੰਗਾਂ
ਖ਼ੁਸ਼ਬੂਆਂ ਮੌਸਮਾਂ ਬਹਾਰਾਂ
ਰੁੱਤਾਂ 'ਚੋਂ ਲੰਘਿਆ
ਸ਼ਹਿਰ 'ਚੋਂ
ਬਾਜ਼ਾਰਾਂ ਦੀਆਂ ਰੌਣਕਾਂ 'ਚੋਂ ਲੰਘਿਆ
ਕਿਸੇ ਨੇ ਨਾ ਪਹਿਚਾਣਿਆ
ਉਹ ਕੌਣ ਸੀ—ਕੀ ਸੀ
ਕਿਸੇ ਨੇ ਨਾ ਜਾਣਿਆ

ਹਰ ਇਕ ਚਿਹਰਾ
ਆਪਣੇ ਜਗਣ 'ਚ ਮਸਤ ਸੀ
ਹਰ ਕੋਈ ਆਪਣੇ ਰੰਗਾਂ 'ਚ ਰੰਗਿਆ
ਲਗਨ 'ਚ ਮਸਤ ਸੀ
ਹਰ ਬਿੰਦੂ ਨੇ
ਆਪਣੇ ਦੁਆਲੇ ਦਾਇਰੇ ਓੜ ਰੱਖੇ ਸਨ
ਆਪਣੇ ਏਕੇ ਸੰਗ
ਸਿਫ਼ਰੇ ਜੋੜ ਰੱਖੇ ਸਨ
ਹਰ ਕੋਈ ਤਮਾਸ਼ਾ ਵੀ ਸੀ
ਤਮਾਸ਼ਈ ਵੀ ਸੀ
ਬਾਜ਼ਾਰੀ ਵਸਤੂ ਸੀ
ਖ਼ਰੀਦਦਾਰ ਵੀ ਸੀ
ਵਿਕਾਊ ਵੀ ਸੀ
ਹਰ ਕੋਈ ਆਪਣੇ ਹੀ ਚਾਨਣ 'ਚ
ਜਗ ਰਿਹਾ ਸੀ—ਬੁਝ ਰਿਹਾ ਸੀ
ਹਰ ਅੱਖ ਆਪਣੇ ਹੀ ਬਦਨ
ਦੁਆਲੇ ਘੁੰਮ ਰਹੀ ਸੀ

ਉਸ ਨੇ ਭੀੜ ਨੂੰ ਆਕ੍ਰਸ਼ਤ ਕਰਨ ਲਈ
ਆਪਣੇ ਆਪ ਦਾ ਭਾਂਬੜ ਬਾਲਿਆ

ਭੀੜ ਦੇ ਸਿਰ ਤੋਂ ਪੈਰਾਂ ਤਕ
ਆਪਾ ਜਗਾ ਲਿਆ
ਉਸ 'ਚੋਂ ਅੱਗ ਦੀਆਂ ਲਪਟਾਂ ਨਿਕਲੀਆਂ
ਰੌਸ਼ਨੀ ਭੀੜ 'ਚ ਹੋਈ
ਭੀੜ ਦੇ ਇਕੱਲੇ ਇਕੱਲੇ ਚਿਹਰੇ 'ਚ
ਉਸ ਆਪਣਾ ਚਾਨਣ ਉਤਾਰਿਆ
ਤੇ ਉੱਚੀ ਸੁਰ 'ਚ ਪੁਕਾਰਿਆ
ਮੈਂ ਧਰਤ ਦਾ ਪਹਿਲਾ ਮਨੁੱਖ ਹਾਂ

ਜੋ ਆਪਣੀ ਪਹਿਚਾਣ
ਖੋਹ ਗਿਆ ਹੈ
ਆਪਣੀ ਹੋਂਦ ਆਪਣਾ ਸੱਚ
ਆਪਣੀ ਸ਼ਨਾਖ਼ਤ ਖੋਹ ਗਿਆ ਹੈ
ਤੇ ਆਪਣੇ ਆਪ 'ਚੋਂ ਮਨਫ਼ੀ ਹੋ ਗਿਆ ਹੈ

ਭੀੜ ਨੇ
ਨਾ ਉਸ ਨੂੰ ਸੁਣਿਆ
ਨਾ ਉਸ ਵੱਲ ਇਕ ਕਦਮ ਹੀ ਤੁਰੀ
ਨਾ ਭੀੜ ਦੀ ਅੱਖ
ਉਸ ਦੇ ਚਿਹਰੇ ਵੱਲ ਮੁੜੀ
ਉਹ ਚੁੱਪਚਾਪ
ਆਪਣੀ ਪਹਿਚਾਣ—ਆਪਣਾ ਸੱਚ
ਆਪਣੀ ਹੋਂਦ ਤੇ ਸ਼ਨਾਖ਼ਤ ਜਾਣੇ ਬਿਨਾ
ਆਪਣੇ ਆਪ 'ਚ ਪਰਤ ਆਇਆ
ਆਪਣੀ ਜਮ੍ਹਾਂ
ਭਾਲਣ ਲਈ ਗਿਆ ਸੀ
ਆਪਣੀ ਮਨਫ਼ੀ ਦੇ ਨਾਲ ਮਨਫ਼ੀ ਲੈ ਆਇਆ

ਇਕ ਹਨ੍ਹੇਰੀ ਰਾਤ ਨੂੰ
ਉਹ ਜਾ ਰਿਹਾ ਸੀ
ਉਸ ਨੂੰ ਸ਼ਮਸ਼ਾਨ 'ਚ ਸੁੱਤੀਆਂ

ਕਬਰਾਂ ਦਾ ਚੇਤਾ ਆ ਰਿਹਾ ਸੀ
ਇਕ ਪਾਸੇ ਪੀੜਾਂ ਦਰਦਾਂ ਦੁੱਖ ਜ਼ਖ਼ਮਾਂ
ਚੁੱਪ ਇਕੱਲਤਾ ਦੀ ਭੀੜ ਸੀ
ਇਕ ਪਾਸੇ
ਸ਼ਮਸ਼ਾਨ 'ਚ ਸੁੱਤੀ ਜ਼ਿੰਦਗੀ ਦਾ ਸਰੀਰ ਸੀ

ਉਸ ਦੇ ਦੁਆਲੇ
ਅੱਖਾਂ ਸਨ—ਚਿਹਰੇ ਸਨ
ਜੀਭਾਂ ਸਨ
ਕੰਨ ਸਨ—ਸਰੀਰ ਸਨ
ਪਰ ਸਭ ਗਤੀਹੀਣ ਸਨ
ਨਾ ਬੋਲਦੇ—ਨਾ ਸੁਣਦੇ—ਨਾ ਦੇਖਦੇ
ਇਹ ਪੀੜਾਂ ਦੁੱਖਾਂ ਦਰਦਾਂ
ਚੁੱਪਾਂ ਇਕੱਲਤਾ ਉਦਾਸੀਆਂ
ਤੇ ਵੀਰਾਨੀਆਂ ਦੇ ਰੋਗੀ ਸਰੀਰ ਸਨ

ਜੋ ਉਸ ਨੂੰ ਦੱਸ ਰਹੇ ਸਨ
ਅਸੀਂ ਤੇਰੇ ਦਿਲ ਦਾ ਗ਼ਮ ਜਾਣਦੇ ਹਾਂ
ਤੈਨੂੰ ਆਪਣੀ ਹੋਂਦ ਸੱਚ ਤੇ
ਸ਼ਨਾਖ਼ਤ ਜਾਣਨ ਦਾ ਗ਼ਮ ਖਾ ਰਿਹਾ ਹੈ
ਅਸੀਂ ਤੇਰੇ ਵਿਚਲਾ ਸੱਚ ਜਾਣਦੇ ਹਾਂ
ਸਾਨੂੰ ਸਮਝ ਆ ਰਿਹਾ ਹੈ
ਤੇਰਾ ਸੱਚ ਅਸੀਂ ਹਾਂ
ਤੇਰੀ ਸ਼ਨਾਖ਼ਤ ਅਸੀਂ ਹਾਂ
ਤੇਰੀ ਹੋਂਦ ਅਸੀਂ ਹਾਂ
ਅਸੀਂ ਚਿਰੰਜੀਵ ਹਾਂ
ਅਮਰ ਹਾਂ—ਸਦਾ ਸਾਂ—ਸਦਾ ਹਾਂ

ਪਹਿਲੀ
ਭੀੜ ਦੇ ਵਜੂਦ 'ਚ
ਤੇਰਾ ਸੱਚ ਜਾਣਨ ਵਾਲਾ

ਕੋਈ ਨਹੀਂ ਸੀ
ਅਹਿਸਾਸ ਨਹੀਂ ਸੀ
ਉਨ੍ਹਾਂ ਕੋਲ ਆਪਣੇ ਤੋਂ ਸਿਵਾ ਕੁਝ
ਹੋਰ ਜਾਣਨ ਦਾ ਵਕਤ ਨਹੀਂ ਸੀ
ਦੂਸਰੇ ਦੇ ਅੰਦਰ ਝਾਕਣ ਦਾ

ਅਸੀਂ ਉਸ ਭੀੜ ਦਾ ਸੱਚ ਹਾਂ
ਜਿਸ ਨੂੰ ਉਹ ਪਹਿਚਾਣਦੀ ਨਹੀਂ
ਭਰਮ ਦੀ ਜੂਨ ਜਿਉਂਦੀ ਹੈ
ਭਰਮ ਦਾ ਸੱਚ ਜਾਣਦੀ ਨਹੀਂ
ਸਾਡੇ ਤੇ ਉਹਦੇ ਵਿਚਕਾਰ
ਉਹਦੇ ਆਪਣੇ ਆਪ ਦੀ ਦੀਵਾਰ ਹੈ
ਅਸੀਂ ਸੱਚ ਦੇ
ਇਸ ਪਾਰ ਹਾਂ
ਉਹ ਸੱਚ ਦੇ
ਉਸ ਪਾਰ ਹੈ
*

# ਦੀਦਾਰ ਦੀ ਹਸਰਤ

ਫਿਰ ਫੁੱਲ ਖਿੜੇ
ਮਹਿਕੀਆਂ ਕਲੀਆਂ
ਰੁੱਤਾਂ ਬਹਾਰਾਂ ਮੌਸਮ ਪੁੰਗਰ ਆਏ ਨੇ
ਫਿਰ ਚੰਨ ਸੂਰਜ ਤਾਰੇ
ਦਿਲ 'ਚ ਉਤਰ ਆਏ ਨੇ
ਫਿਰ ਘਟਾ ਛਾਈ ਹੈ
ਅੰਬਰੋਂ ਬਰਸਾਤ ਹੋਈ ਹੈ
ਫੁੱਲਾਂ ਨੇ ਰੰਗ
ਕਲੀਆਂ ਨੇ ਆਪਣੀ ਖ਼ੁਸ਼ਬੂ ਧੋਈ ਹੈ
ਕੋਇਲ ਨੇ ਬ੍ਰਿਹਾ ਕੂਕਿਆ ਤੇ ਰੁੱਖ ਰੋਏ ਨੇ
ਫਿਰ ਤੇਰੇ ਦੀਦਾਰ ਦੀ ਹਸਰਤ ਹੋਈ ਹੈ
ਅੱਖਾਂ 'ਚ ਇਕ ਅੱਥਰੂ ਦੀ ਮੌਤ ਹੋਈ ਹੈ

ਇਕ ਘੁੱਗੀ
ਤੂਤ ਦੀ ਛਾਂ ਦੇ ਕਲੇਜੇ 'ਚੋਂ ਬੋਲੀ ਹੈ
ਤੂੰ ਹੀ ਤੂੰ ਦੀ ਸੁਰ 'ਚ ਰਿੱਝਦੀ
ਤੂੰ ਹੋ ਗਈ ਹੈ
ਹੂਕ ਘੁੱਗੀ ਦੀ
ਦਿਲਾਂ ਨੂੰ ਛੂਹ ਗਈ ਹੈ
ਆਪਾ ਭੁੱਲ ਕੇ ਘੁੱਗੀ
ਦਾਤੇ ਦੀ ਹੋ ਗਈ ਹੈ
ਹੁਣ ਤੂੰ ਹੀ ਤੂੰ ਦਾ ਸ਼ਬਦ ਗੂੰਜਦਾ ਹੈ
ਇਕ ਬੂੰਦ ਦੇ ਕੰਠ 'ਚੋਂ
ਸਮੁੰਦਰ ਬੋਲਦਾ ਹੈ

ਮੈਂ
ਇਕ ਜ਼ਰਾ ਮਿੱਟੀ ਦਾ
ਚੰਨ ਤੋਂ ਵਿਛੜਿਆ
ਚੰਨ ਭਾਲਦਾ ਹਾਂ

ਕਦੀ ਸਮੁੰਦਰ ਤਰਦਾ ਹਾਂ
ਕਦੀ ਸੂਰਜ ਆਪਣੇ ਢਿੱਡ 'ਚ ਉਤਾਰਦਾ ਹਾਂ
ਕਦੀ ਰਿੱਝਦਾ ਹਾਂ—ਕਦੀ ਉਬਲਦਾ ਹਾਂ
ਕਦੀ ਬਲਦਾ ਹਾਂ—ਕਦੀ ਸੁਲਗਦਾ ਹਾਂ
ਮੈਂ ਜਿਸਮ ਤੋਂ ਛਾਲਾ ਹੋ ਕੇ ਵੀ ਮੋਇਆ ਨਹੀਂ
ਤੇਰੇ ਦੀਦਾਰ ਲਈ ਜਿਉਂਦਾ ਹਾਂ
ਆਸ ਦੀ ਡੋਰੀ 'ਤੇ
ਵਿੱਥਾਂ ਮਿਟਾਉਂਦਾ ਹਾਂ

ਰਹਿਮ ਕਰ
ਇਨ੍ਹਾਂ ਉਬਲਦੀਆਂ ਅੱਖਾਂ ਨੂੰ
ਦੀਦਾਰ ਦੇ ਕੇ ਠਾਰ ਦੇ
ਇਸ ਬੂੰਦ ਦੇ ਕਤਰੇ ਨੂੰ
ਸਾਗਰ 'ਚ ਉਤਾਰ ਦੇ
ਇਸ ਮਿੱਟੀ ਦੇ ਜ਼ੱਰੇ ਨੂੰ
ਇਸ ਦਾ ਸੱਚ ਵਿਖਾਲ ਦੇ

ਮੈਂ ਜਾਣਦਾ ਹਾਂ
ਤੇਰੀ ਰਹਿਮਤ ਤੋਂ ਬਿਨਾ
ਤੇਰਾ ਦੀਦਾਰ ਕਰ ਨਹੀਂ ਸਕਦਾ
ਚਾਹੇ ਸੂਰਜਾਂ ਚੰਨਾਂ
ਤਾਰਿਆਂ ਤੋਂ ਰਾਖ਼ ਹੋ ਜਾਵਾਂ
ਭਾਵੇਂ ਲਹੂ ਮਾਸ ਤੋਂ ਖ਼ਾਕ ਹੋ ਜਾਵਾਂ
ਕੁਝ ਵੀ ਨਹੀਂ ਦਾ ਚਾਹੇ
ਮੇਰੇ 'ਚੋਂ ਅਹਿਸਾਸ ਮਿਟ ਜਾਵੇ
ਤਾਂ ਵੀ ਮੈਂ ਤੈਨੂੰ ਪਾ ਨਹੀਂ ਸਕਦਾ
ਤੇਰੀ ਰਹਿਮਤ
ਤੇਰੀ ਨਿਹਮਤ ਤੋਂ ਬਿਨਾ
ਤੇਰੀ ਨਜ਼ਰ 'ਚ ਆ ਨਹੀਂ ਸਕਦਾ
ਮੈਂ ਰਾਖ਼ ਦੀ ਰਾਖ਼ ਹੋ ਕੇ ਵੀ
ਤੇਰਾ ਦੀਦਾਰ ਪਾ ਨਹੀਂ ਸਕਦਾ

ਪਰ ਤੇਰੇ ਦੀਦਾਰ ਲਈ
ਇਹ ਨੈਣ ਸੂਲੀ ਚੜ੍ਹ ਗਏ
ਸੂਰਜਾਂ 'ਚ ਉਬਲੇ
ਸਮੁੰਦਰਾਂ 'ਚ ਠਰ ਗਏ
ਜਿਸਮ ਤੋਂ ਛਾਲਾ ਹੋ ਗਏ
ਸ਼ਮ੍ਹਾ ਦੇ ਦੀਦਾਰ ਲਈ
ਪਰਵਾਨੇ ਸੜਨ ਤੋਂ ਪਹਿਲਾਂ ਹੀ ਮਰ ਗਏ

ਫਿਰ ਤੇਰੇ ਦੀਦਾਰ ਦੀ
ਹਸਰਤ ਹੋਈ ਹੈ
ਅੱਖਾਂ 'ਚ ਇਕ ਅੱਥਰੂ ਦੀ ਮੌਤ ਹੋਈ ਹੈ
*

## ਕਿੰਝ ਪੜ੍ਹੇਂਗਾ

ਜੋ ਲਿਖਿਆ ਹੈ
ਉਹ ਅਲਿਖਿਆ ਹੈ
ਜੋ ਅਲਿਖਿਆਂ ਹੈ
ਉਹ ਲਿਖਿਆ ਹੈ
ਨਾ ਇਹ ਜਿਸਮ ਆਪਣਾ ਹੈ
ਨਾ ਇਹ ਪ੍ਰਾਣ ਆਪਣੇ ਹਨ
ਨਾ ਇਹ ਧਰਤੀਆਂ
ਨਾ ਇਹ ਅਸਮਾਨ ਆਪਣੇ ਹਨ

ਨਾ ਲਿਖ ਕੁਝ ਵੀ ਇਨ੍ਹਾਂ ਪੱਥਰਾਂ 'ਤੇ
ਇਹ ਕਦ ਪੜ੍ਹਦੇ ਵਿਚਾਰਦੇ ਨੇ
ਇਹ ਪੱਥਰ ਨੇ
ਇਹ ਕਦ ਦਿਲ 'ਤੇ ਉਤਾਰਦੇ ਨੇ
ਇਨ੍ਹਾਂ ਪੱਥਰਾਂ 'ਚ
ਦਿਲ ਦਾ ਸੱਚ ਕਿੰਝ ਧਰੇਂਗਾ ਤੂੰ
ਆਪਣਾ ਲਿਖਿਆ
ਆਪ ਹੀ ਕਿੰਝ ਪੜ੍ਹੇਂਗਾ ਤੂੰ

ਜੋ ਲਿਖਣਾ ਸੀ—ਜੋ ਪੜ੍ਹਨਾ ਸੀ
ਜੋ ਸਿਮਰਨਾ ਸੀ—ਧਿਆਉਣਾ ਸੀ
ਤੂੰ ਉਹ ਵਿਸਰ ਗਿਆ
ਪੁੱਠੇ ਪੈਰੀਂ ਤੁਰ ਪਿਆ
ਪੁੱਠੇ ਪੈਰੀਂ ਤੁਰਿਆਂ
ਕਦ ਸਫ਼ਰ ਮੁੱਕਦੇ ਨੇ
ਪੁੱਠੇ ਪੈਰੀਂ ਅੰਬਰ
ਕਦ ਧਰਤੀ 'ਤੇ ਝੁਕਦੇ ਨੇ
ਪੁੱਠੇ ਪੈਰਾਂ ਦੇ ਸਫ਼ਰ
ਕਬਰਾਂ 'ਚ ਮੁੱਕਦੇ ਨੇ
ਪੁੱਠੇ ਪੈਰੀਂ ਤੁਰੇ ਰੁੱਖ

ਜੰਗਲ ਦੀ ਬੁੱਕਲੇ ਵੀ ਸੁੱਕਦੇ ਨੇ
ਪੁੱਠੇ ਪੈਰੀਂ ਸਫ਼ਰ
ਕਿੰਝ ਤੈਅ ਕਰੇਂਗਾ ਤੂੰ
ਆਪਣਾ ਲਿਖਿਆ
ਆਪ ਹੀ ਕਿੰਝ ਪੜ੍ਹੇਂਗਾ ਤੂੰ

ਤੂੰ ਤਾਂ ਜੀਵਨ ਲਿਖਣਾ ਸੀ
ਤੂੰ ਤਾਂ ਮੌਤ ਦੇ ਪਿੱਛੋਂ ਵੀ ਜਿਉਣਾ ਸੀ
ਪਰ ਤੂੰ ਤਾਂ ਜਿਉਂਦਾ ਹੀ ਮਰ ਗਿਓਂ
ਜ਼ਿੰਦਗੀ ਦੇ ਅੰਦਰ ਬਾਹਰ
ਸ਼ਮਸ਼ਾਨ ਧਰ ਗਿਓਂ
ਤੂੰ ਵਿਸਰ ਗਿਓਂ
ਜੋ ਤੂੰ ਕਰਨਾ ਸੀ
ਹੁਣ ਕਬਰ 'ਚ ਪਿਆ
ਵਿਸਰੇ ਨੂੰ ਯਾਦ ਕਰਕੇ
ਕੀ ਕਰੇਂਗਾ ਤੂੰ
ਆਪਣਾ ਲਿਖਿਆ
ਆਪ ਹੀ ਕਿੰਝ ਪੜ੍ਹੇਂਗਾ ਤੂੰ

ਕਵਿਤਾ ਕਹਾਣੀ ਨਾਟਕ
ਸਭ ਜ਼ਿੰਦਗੀ ਦਾ ਸ਼ੋਰ ਹੈ
ਇਸ ਸ਼ੋਰ ਵਿਚ
ਇਕ ਵੀ ਤੇਰਾ ਨਾ ਬੋਲ ਹੈ
ਸ਼ੋਰ ਦੇ ਲਈ
ਸ਼ੋਰ ਲਿਖ ਕੇ
ਕੀ ਕਰੇਂਗਾ ਤੂੰ
ਆਪਣਾ ਲਿਖਿਆ
ਆਪ ਹੀ ਕਿੰਝ ਪੜ੍ਹੇਂਗਾ ਤੂੰ

ਆਪਣੇ ਚਿਹਰੇ ਦੇ ਸਾਹਵੇਂ
ਜਦ ਵੀ ਖਲੋਵੇਂਗਾ

ਆਪਣੇ ਨੈਣ ਨਕਸ਼ ਤੱਕੇਂਗਾ
ਤਾਂ ਰੋਵੇਂਗਾ
ਇਹ ਨੈਣ ਨਕਸ਼
ਇਹ ਚਿਹਰਾ ਤੇਰਾ ਨਹੀਂ
ਇਸ ਚਿਹਰੇ 'ਚ
ਤੇਰੇ ਸੱਚ ਦਾ ਡੇਰਾ ਨਹੀਂ
ਆਪਣੀ ਪਹਿਚਾਣ ਲਈ
ਜਦ ਕਿਸੇ ਨੂੰ ਬੁਲਾਏਂਗਾ
ਆਪਣੇ ਆਪ 'ਚ ਹੀ
ਡੁੱਬ ਕੇ ਮਰ ਜਾਏਂਗਾ
ਆਪਣੇ ਝੂਠ ਦਾ ਅਰਘਾ
ਸੱਚ ਦੇ ਦਰ 'ਤੇ
ਕਿੰਝ ਧਰੇਂਗਾ ਤੂੰ
ਆਪਣਾ ਲਿਖਿਆ
ਆਪ ਹੀ ਕਿੰਝ ਪੜ੍ਹੇਂਗਾ ਤੂੰ

ਕਿਸ ਲਈ
ਪਿੱਛੇ ਛੱਡ ਰਿਹਾ ਹੈਂ
ਸਿਰਨਾਵਿਆਂ ਨੂੰ ਤੂੰ
ਤੇਰਾ ਨਾ ਘਰ ਆਪਣਾ ਹੈ
ਨਾ ਸਾਜ਼ੋ ਸਾਮਾਨ ਆਪਣਾ ਹੈ
ਤੇਰਾ ਤਾਂ ਕੁਝ ਵੀ ਨਹੀਂ ਆਪਣਾ
ਨਾ ਦੁਨੀਆ—ਨਾ ਜਹਾਨ ਆਪਣਾ ਹੈ
ਖ਼ਾਲੀ ਘਰਾਂ ਦੇ ਦਰਾਂ 'ਤੇ
ਕੌਣ ਦਸਤਕ ਦਿੰਦਾ ਹੈ
ਕੌਣ ਅੱਥਰੂ ਕੇਰਦਾ ਹੈ
ਘਰਾਂ ਕੰਧਾਂ ਦੀ ਉਦਾਸੀ ਜਾਣ ਕੇ
ਕੌਣ ਵਸਦਾ ਹੈ
ਉੱਜੜੇ ਘਰਾਂ 'ਚ ਆਣ ਕੇ
ਗੁਜ਼ਾਰੀ ਸਾਰੀ ਹਯਾਤੀ ਇਕੱਠੀ ਕਰਦਿਆਂ

ਕੁਝ ਵੀ
ਤੇਰਾ ਨਹੀਂ ਸੀ
ਹੁਣ ਯਾਦ ਕਰਕੇ ਕੀ ਕਰੇਂਗਾ ਤੂੰ
ਆਪਣਾ ਲਿਖਿਆ
ਆਪ ਹੀ ਕਿੰਝ ਪੜ੍ਹੇਂਗਾ ਤੂੰ

ਅੰਤ
ਉਦਾਸੀ ਹੀ—ਉਦਾਸੀ ਹੈ
ਤੇਰੇ ਤੁਰ ਜਾਣ ਤੋਂ ਪਿੱਛੋਂ
ਤੇਰੇ ਆਉਣ ਤੋਂ ਪਹਿਲਾਂ
ਤੇਰਾ ਜੋ ਕੁਝ ਵੀ ਸੀ
ਉਦਾਸੀ ਦਾ ਸੰਸਾਰ ਸੀ
ਉਦਾਸੀ ਹੀ ਤੇਰੇ ਘਰ ਦੀ ਰੌਣਕ
ਵਿਹੜੇ ਦੀ ਬਹਾਰ ਸੀ
ਜਿਉਂਦੇ ਜੀਅ
ਭਾਲਦਾ ਰੌਣਕਾਂ ਰਿਹਾ
ਮਰ ਕੇ, ਉਦਾਸੀ ਯਾਦ ਕਰਕੇ
ਕੀ ਕਰੇਂਗਾ ਤੂੰ
ਆਪਣਾ ਲਿਖਿਆ
ਆਪ ਹੀ ਕਿੰਝ ਪੜ੍ਹੇਂਗਾ ਤੂੰ
*

## ਭਰਮ ਸੀ ਸ਼ਹਿਰ

ਸ਼ਹਿਰ ਨੇ ਚੁੱਪ ਧਾਰੀ ਹੈ
ਗਲੀਆਂ ਨੇ ਵਿਰਲਾਪ ਕੀਤਾ ਹੈ
ਚੌਂਕ ਚੌਰਾਹਿਆਂ ਨੇ ਅੱਥਰੂ ਕੇਰੇ ਹਨ
ਸੜਕਾਂ ਨੇ ਵੈਣ ਪਾਏ ਹਨ
ਇਹ ਗ਼ਮਾਂ ਦੇ ਬੱਦਲ
ਸ਼ਹਿਰ ਦੇ ਸਿਰ ਤੋਂ
ਕਿੱਥੋਂ ਵਰ੍ਹਣ ਆਏ ਹਨ

ਆਖਦੇ ਨੇ—
ਸ਼ਹਿਰ 'ਚ ਜਨਮਦਾ ਅਕਾਸ਼ ਮੋਇਆ ਹੈ
ਜੰਗਲ ਸੋਗ 'ਚ ਡੁੱਬਾ ਹੈ
ਸਾਗਰ ਅੱਥਰੂ ਰੋਇਆ ਹੈ
ਪੱਤਝੜ ਛਾ ਗਈ ਹੈ
ਸ਼ਹਿਰ ਦੇ ਮੂੰਹ 'ਤੇ
ਸ਼ਹਿਰ ਦਾ ਹਰ ਬਸ਼ਰ ਰੋਇਆ ਹੈ
ਵਜੂਦ ਸ਼ਹਿਰ ਦਾ ਪੱਥਰ ਹੋਇਆ ਹੈ
ਸ਼ਹਿਰ ਬਾਪ ਦੇ ਹੱਥਾਂ ਦੀ
ਛਾਂ ਤੋਂ ਅਨਾਥ ਹੋਇਆ ਹੈ

ਆਖਦੇ ਨੇ—
ਸ਼ਹਿਰ ਦੀ ਹਵਾ ਮੋਈ ਹੈ
ਅੰਬਰ ਦੇ ਗਲ ਲੱਗ
ਧਰਤ ਰੋਈ ਹੈ
ਪਿੱਟ ਪਿੱਟ ਕੇ ਕੁਦਰਤ
ਹਰੀ ਤੋਂ ਲਾਲ ਹੋਈ ਹੈ
ਪੈ ਗਏ ਨੇ ਦਾਗ਼
ਫੁੱਲਾਂ ਦੀਆਂ ਪੱਤੀਆਂ 'ਤੇ
ਹਰ ਕਲੀ ਦੀ ਮਹਿਕ ਜ਼ਖ਼ਮੀ ਹੋਈ ਹੈ

ਆਖਦੇ ਨੇ—
ਸ਼ਹਿਰ ਦੀ ਅਗਨ ਮੋਈ ਹੈ
ਸ਼ਹਿਰ ਦੀ ਮਿੱਟੀ ਨੇ
ਆਪਣੇ 'ਚ ਆਪਣੀ ਮੌਤ ਗੋਈ ਹੈ
ਸ਼ਹਿਰ ਦੀ ਜ਼ਮੀਰ ਤੇ ਤਾਸੀਰ
ਪੱਥਰ ਹੋਈ ਹੈ
ਸ਼ਹਿਰ ਯਕਲਖ਼ਤ ਠੰਡਾ ਹੋ ਗਿਆ ਹੈ
ਸ਼ਹਿਰ ਦੀ ਦੇਹ 'ਚ
ਕੋਈ ਸੀਤ ਮੌਤ ਧਰ ਗਿਆ ਹੈ

ਸ਼ਹਿਰ ਵਿਚ ਹੁਣ
ਨਿੱਘ ਨਹੀਂ—ਤਾਅ ਨਹੀਂ
ਸ਼ਹਿਰ ਜਿਉਂਦੀ ਲਾਸ਼ ਹੈ
ਸ਼ਹਿਰ ਵਿਚ ਕੋਈ ਸਾਹ ਨਹੀਂ
ਪਹਿਲਾਂ ਆਕਾਸ਼ ਮੋਇਆ
ਫਿਰ ਹਵਾ ਮੋਈ ਹੈ
ਹੁਣ ਸ਼ਹਿਰ ਵਿਚਲੀ ਅਗਨ ਵੀ
ਅੰਤ ਹੋਈ ਹੈ

ਆਖਦੇ ਨੇ—
ਸ਼ਹਿਰ 'ਚ ਜਲ ਮੋਇਆ ਹੈ
ਸ਼ਹਿਰ ਸਾਰੇ ਦਾ ਸਾਰਾ
ਥਲ ਹੋਇਆ ਹੈ
ਧੁੱਪਾਂ 'ਚ ਉਬਲਿਆ ਹੈ
ਸੂਰਜਾਂ 'ਚ ਸੜਿਆ ਹੈ
ਸ਼ਹਿਰ ਦਾ ਜਲ
ਸਾਗਰ ਮੌਤ ਦਾ ਤਰਿਆ ਹੈ
ਹਨੇਰੀ ਮੌਤ ਦੀ
ਸ਼ਹਿਰ ਦੀਆਂ ਗ਼ਲੀਆਂ 'ਚ ਵਗੀ ਹੈ
ਸਿਉਂਕ ਮੌਤ ਦੀ
ਸ਼ਹਿਰ ਦੇ ਜਿਸਮ ਨੂੰ ਲੱਗੀ ਹੈ

ਸ਼ਹਿਰ ਦਾ ਸਾਰਾ ਬਦਨ
ਜਲ ਬਿਨਾ
ਸੜ ਸੁਆਹ ਹੋਇਆ ਹੈ
ਸ਼ਹਿਰ ਦਾ
ਸੋਗੀ ਚਿਹਰਾ
ਸੋਗ 'ਚ ਇੰਝ ਡੁੱਬਿਆ ਹੈ
ਸ਼ਹਿਰ ਦਾ
ਜਿਉਂ ਰੱਬ ਮੋਇਆ ਹੈ

ਆਖਦੇ ਨੇ—
ਸ਼ਹਿਰ ਦੀ ਧਰਤ ਮੋਈ ਹੈ
ਸ਼ਹਿਰ ਦੀ ਰੂਹ ਮਾਂ-ਮਹਿੱਟਰ ਹੋਈ ਹੈ
ਮੰਦਰਾਂ ਮਸਜਿਦਾਂ 'ਚ
ਮੌਤ ਦੇ ਸਲੋਕ ਨੇ
ਸਾਏ ਨੇ ਮੌਤ ਦੇ
ਸ਼ਹਿਰ ਵਿਚ ਵਸਦੇ
ਜੋ ਲੋਕ ਨੇ
ਸ਼ਹਿਰ 'ਚੋਂ
ਘਰ ਵਿਹੜੇ ਸੜਕਾਂ ਚੌਂਕ ਚੌਰਾਹੇ
ਸਭ ਅਲੋਪ ਨੇ
ਮੌਤ ਦੇ ਪਹਿਰੇ ਬੈਠੇ ਸੋਗ ਨੇ

ਜਿਸ ਸ਼ਹਿਰ 'ਚ
ਅਕਾਸ਼ ਹਵਾ ਅੱਗ ਜਲ
ਧਰਤੀ ਨਹੀਂ
ਉਸ ਸ਼ਹਿਰ ਦਾ
ਵਜੂਦ ਕਿੱਥੇ ਹੈ
ਜੀਵਨ ਕਿੱਥੇ ਹੈ
ਉਸ ਸ਼ਹਿਰ ਦੀ ਹੋਂਦ ਮੌਜੂਦ ਕਿੱਥੇ ਹੈ
ਸ਼ਹਿਰ ਨੇ ਚੁੱਪ ਨਹੀਂ
ਚੁੱਪ ਨੇ ਚੁੱਪ ਧਾਰੀ ਹੈ

ਗਲੀਆਂ ਚੌਂਕ ਚੌਰਾਹਿਆਂ ਸੜਕਾਂ ਨੇ
ਵਿਰਲਾਪ ਨਹੀਂ ਕੀਤਾ
ਅੱਥਰੂ ਨਹੀਂ ਕੇਰੇ
ਵੈਣ ਨਹੀਂ ਪਾਏ
ਮੌਤ ਨੇ ਸ਼ਹਿਰ ਦੀਆਂ ਗਲੀਆਂ
ਚੌਂਕ ਚੌਰਾਹਿਆਂ ਤੇ
ਸੜਕਾਂ ਦੀ ਸ਼ਕਲ ਧਾਰੀ ਹੈ

ਇਹ ਗ਼ਮਾਂ ਦੇ ਬੱਦਲ
ਸ਼ਹਿਰ ਦੇ ਸਿਰ 'ਤੇ ਬਾਹਰੋਂ ਨਹੀਂ ਆਏ
ਸ਼ਹਿਰ ਨੇ ਖ਼ੁਦ
ਆਪਣਾ ਸੱਚ ਭੁਲਾ ਕੇ
ਆਪਣਾ ਵਾਤਾਵਰਨ ਗੰਧਲਾ ਕੀਤਾ ਹੈ
ਆਪਣੇ ਜੀਵਨ ਆਕਾਸ਼ ਦਾ ਸੂਰਜ
ਖ਼ੁਦ ਹੀ ਗੰਧਲਾ ਕੀਤਾ ਹੈ
ਖ਼ੁਦ ਆਪਣੇ
ਪਿੰਡੇ 'ਚ ਆਪਣੀ ਮੌਤ ਉਤਾਰੀ ਹੈ
ਜਿਸ ਨੇ ਸ਼ਹਿਰ ਦੇ ਵਜੂਦ 'ਚੋਂ
ਜੀਵਨ ਮੁਕਾਇਆ ਹੈ
ਤੇ ਸਾਰਾ ਸ਼ਹਿਰ
ਮੌਤ ਦੀ ਸੂਲੀ 'ਤੇ ਚੜ੍ਹਾਇਆ ਹੈ
*

## ਤੁਰਦਾ ਰਾਹ

ਤੂੰ ਤਾਂ
ਤੁਰਦਾ ਤੁਰਦਾ ਥੱਕ ਗਿਆ ਹੈਂ
ਰਾਹਾਂ ਨੂੰ ਵੀ ਲੋੜ ਹੈ ਆਰਾਮ ਦੀ
ਆਰਾਮ ਲਈ ਸੁਬ੍ਹਾ ਨੂੰ ਲੋੜ ਹੈ
ਜਿਉਂ ਸ਼ਾਮ ਦੀ

ਕਿੰਨੇ ਪੈਰ ਤੁਰਦੇ ਨੇ ਰਾਹਾਂ 'ਤੇ
ਆਦਮੀ ਨੂੰ
ਕਿੰਨੀ ਦੂਰ ਲੈ ਜਾਂਦੀਆਂ ਹਨ ਰਾਹਾਂ
ਇਨ੍ਹਾਂ ਰਾਹਾਂ 'ਤੇ ਤੁਰਦਾ
ਆਦਮੀ ਕਈ ਵਾਰ
ਆਪਣੇ ਆਪ ਤੋਂ ਵੀ ਦੂਰ ਹੋ ਜਾਂਦਾ ਹੈ
ਏਨਾ ਦੂਰ ਕਿ
ਆਪਣੇ ਆਪ 'ਚ ਪਰਤਣਾ ਵੀ ਵਿਸਰ ਜਾਂਦਾ ਹੈ
ਆਪਣੇ ਆਪ ਤੋਂ
ਦੂਰ ਹੋ ਜਾਣਾ
ਇਨ੍ਹਾਂ ਰਾਹਾਂ ਦਾ ਸੱਚ ਨਹੀਂ
ਆਪਣੇ ਆਪ ਨਾਲ ਧੋਖਾ ਹੈ
ਜ਼ਿੰਦਗੀ ਨੂੰ ਵੇਖਣ ਦਾ
ਇਕ ਗ਼ਲਤ ਝਰੋਖਾ ਹੈ

ਰਾਹ ਤਾਂ
ਜਿੱਥੋਂ ਸ਼ੁਰੂ ਹੁੰਦਾ ਹੈ
ਉਥੇ ਹੀ ਮੁੱਕਦਾ ਹੈ
ਨਾ ਆਪਣੇ ਆਪ ਤੋਂ ਅੱਗੇ ਨਿਕਲਦਾ ਹੈ
ਨਾ ਆਪਣਾ ਆਪ ਪਿੱਛੇ ਛੱਡਦਾ ਹੈ
ਸਦਾ ਨਿਰੰਤਰ ਇਕ ਰੂਪ ਰਹਿੰਦਾ ਹੈ
ਰਾਹ ਕਦੀ ਵੀ
ਆਪਣੇ ਆਪ ਨੂੰ

ਮੰਜ਼ਿਲ ਜਾਂ ਮੁਸਾਫ਼ਰ ਨਹੀਂ ਕਹਿੰਦਾ
ਆਦਿ 'ਚ ਅੰਤ
ਅੰਤ 'ਚ ਆਦਿ ਦਾ ਰੂਪ ਰਹਿੰਦਾ ਹੈ
ਰਾਹ ਹਮੇਸ਼ਾ ਰਾਹ ਹੈ
ਸਦਾ ਹੀ ਰਾਹ ਰਹਿੰਦਾ ਹੈ

ਆਦਮੀ
ਰਾਹ ਦੇ ਆਦਿ ਤੋਂ ਤੁਰ ਕੇ
ਅੰਤ ਤਕ ਪਹੁੰਚਦਾ
ਬਦਲ ਜਾਂਦਾ ਹੈ
ਰਾਹ ਦੇ ਆਦਿ ਦਾ ਨਹੀਂ
ਰਾਹ ਦੇ ਅੰਤ ਦਾ
ਆਪਣੇ ਆਪ ਨੂੰ ਕਹਿੰਦਾ ਹੈ
ਮੰਜ਼ਿਲ ਦਾ ਆਸਰਾ ਲੈਂਦਾ ਹੈ
ਤੇ ਮੁੱਕ ਜਾਂਦਾ ਹੈ
ਜਿਵੇਂ ਹਰਿਆ ਰੁੱਖ
ਆਪਣੀ ਛਾਂ ਹੇਠ ਬੈਠਾ ਸੁੱਕ ਜਾਂਦਾ ਹੈ

ਆਦਮੀ ਦੇ ਪੈਰ
ਰਾਹ ਦਾ ਸੱਚ ਵਿਸਾਰ ਦਿੰਦੇ ਹਨ
ਮੰਜ਼ਿਲ ਦੇ ਪਰਛਾਵੇਂ 'ਚ
ਆਪਣਾ ਸੱਚ ਉਤਾਰ ਦਿੰਦੇ ਹਨ
ਪਰਛਾਵੇਂ ਸੱਚ ਨਹੀਂ ਹੁੰਦੇ
ਮੰਜ਼ਿਲ ਦਾ ਭਰਮ ਹੁੰਦੇ ਹਨ
ਆਦਮੀ ਮੰਜ਼ਿਲ ਦਾ ਭਰਮ ਜਿਉਂਦਾ
ਆਪਣੀ ਉਮਰ ਗੁਜ਼ਾਰਦਾ ਹੈ
ਆਪਣਾ ਸੱਚ
ਭਰਮ ਦੇ ਦਰਪਣ 'ਚ ਉਤਾਰਦਾ ਹੈ
ਜਿਸ ਦਰਪਣ 'ਚੋਂ
ਉਸ ਨੂੰ ਉਸ ਦਾ ਚਿਹਰਾ
ਸਾਲਮ ਨਹੀਂ ਦਿਸਦਾ

ਤਿੜਕਿਆ ਲੱਗਦਾ ਹੈ
ਜੀਵਨ ਸਮੁੰਦਰ ਰਿੜਕਣ ਪਿੱਛੋਂ ਵੀ
ਕੁਝ ਨਾ ਹੱਥ ਆਇਆ ਹੈ
ਮੰਜ਼ਿਲ ਦੇ ਭਰਮ 'ਚ
ਮਨੁੱਖ ਨੇ
ਰਾਹ ਦਾ ਸੱਚ ਗਵਾਇਆ ਹੈ
ਜਿਥੋਂ ਤੁਰਿਆ ਸੀ
ਆਪਣੇ ਆਪ ਨੂੰ ਉਥੇ ਹੀ ਪਾਇਆ ਹੈ
*

## ਕੁਝ ਨਹੀਂ

ਹੁਣ ਜਦ
ਸਮੇਂ ਕੋਲ ਅੱਖ ਨਹੀਂ
ਰਾਹ ਕੋਲ ਦਿਸ਼ਾ ਨਹੀਂ
ਮੰਜ਼ਿਲ ਕੋਲ ਰਾਹ ਨਹੀਂ
ਮੈਂ ਸਮੇਂ ਦੀ ਅੱਖ
ਰਾਹ ਦੀ ਦਿਸ਼ਾ
ਮੰਜ਼ਿਲ ਵੱਲ
ਉਸ ਰਾਹ ਦੇ ਕਦਮਾਂ ਦਾ ਬੋਧ ਹਾਂ
ਜੋ ਕੁਝ ਨਹੀਂ 'ਚ
ਹੋਂਦ ਦੀ ਜਗਦੀ ਜੋਤ ਹਾਂ

ਮੈਂ
ਕੁਝ ਨਹੀਂ 'ਚ
ਜਦ ਆਪਣਾ ਆਪ ਧਰਦਾ ਹਾਂ
ਸਮੇਂ ਦੀ ਅੱਖ
ਰਾਹ ਦੀ ਦਿਸ਼ਾ
ਮੰਜ਼ਿਲ ਦਾ ਰਾਹ ਬਣ
ਸੂਰਜ ਵਾਂਗ ਚਮਕਦਾ ਹਾਂ

ਕੁਝ ਨਹੀਂ ਨੂੰ
ਆਪਣੇ 'ਚ ਕੁਝ ਹੋਣ ਦਾ
ਅਹਿਸਾਸ ਨਹੀਂ
ਆਪਣੇ ਵਜੂਦ ਦੀ ਪਹਿਚਾਣ ਹੈ
ਵਜੂਦੀ ਹੋਂਦ ਦੇ ਸੱਚ ਦਾ ਪਾਸ ਨਹੀਂ

ਮੈਂ
ਕੁਝ ਨਹੀਂ ਦੇ ਵਜੂਦ 'ਚ
ਬੋਧ ਧਰਦਾ ਹਾਂ
ਕਿ ਉਹ ਆਪਣਾ ਅਕਸ

ਕੁਝ ਹੋਣ ਦੇ ਦਰਪਣ 'ਚੋਂ ਤੱਕੇ
ਕੁਝ ਹੋਣ ਦਾ ਦਰਪਣ .
ਕੁਝ ਨਹੀਂ ਹੋਣ ਦੇ ਚਿਹਰੇ ਨੂੰ ਦੱਸੇ
ਕਿ ਉਹ ਉਸ ਦਾ ਸਰੂਪ ਹੈ
ਦਰਪਣ 'ਚ ਕੁਝ ਹੋਣ ਦਾ ਸੱਚ
ਕੁਝ ਨਹੀਂ ਦੇ ਚਿਹਰੇ ਦਾ ਰੂਪ ਹੈ

ਕੁਝ ਨਹੀਂ ਏਨਾ ਹੈ
ਕੁਝ ਹੋਣਾ ਸਿਫ਼ਰ ਹੈ
ਕੁਝ ਹੋਣ ਦੀ ਜਮ੍ਹਾਂ
ਕੁਝ ਨਹੀਂ ਦੀ ਕੁੱਖ ਹੈ
ਏਕੇ ਦੇ ਅੱਗੇ ਸਿਫ਼ਰੇ
ਏਕੇ ਦਾ ਆਕਾਰ ਹੈ
ਕੁਝ ਨਹੀਂ ਦਾ ਵਿਸਥਾਰ ਹੈ
ਕੁਝ ਹੋਣਾ ਤਾਂ ਸਿਫ਼ਰਿਆਂ ਦਾ ਰੂਪ ਹੈ
ਕੁਝ ਨਾ ਹੋਣਾ
ਏਕੇ ਦਾ ਸਰੂਪ ਹੈ
ਕੁਝ ਹੋਣ ਦਾ ਵਜੂਦ ਹੈ

ਕੁਝ ਹੋਣ 'ਚ ਤਾਂ ਕੁਝ ਵੀ ਨਹੀਂ
ਕੁਝ ਵੀ ਨਹੀਂ 'ਚ
ਕੁਝ ਹੋਣ ਦਾ ਬੀਜ ਹੈ
ਰੁੱਖ ਦਾ ਆਕਾਰ ਹੈ
ਟਹਿਣੀਆਂ ਫੁੱਲ ਫਲ ਪੱਤੀਆਂ
ਰੁੱਤਾਂ ਮੌਸਮ ਬਹਾਰ ਹੈ
ਕੁਝ ਵੀ ਨਹੀਂ ਨੂੰ
ਸਿਰਫ਼ ਜਾਣਨ ਦੀ ਲੋੜ ਹੈ
ਆਪਣੇ ਵਜੂਦ ਵਿਚਲੇ
ਖ਼ਲਾਅ ਦਾ ਸੱਚ
ਪਹਿਚਾਨਣ ਦੀ ਲੋੜ ਹੈ
*

## ਤੇਰਾ ਚਿਹਰਾ

ਤੇਰਾ ਚਿਹਰਾ ਹੈ
ਕਿ ਮੇਰਾ ਚਿਹਰਾ
ਮੈਂ ਜਾਣ ਨਹੀਂ ਸਕਿਆ
ਸ਼ੀਸ਼ੇ ਸਾਵ੍ਹੇਂ ਖੜ੍ਹ ਕੇ ਵੀ
ਆਪਾ ਪਹਿਚਾਣ ਨਹੀਂ ਸਕਿਆ

ਆਪਣਾ ਚਿਹਰਾ ਭਾਲਦਾ
ਕਈ ਵਾਰ
ਸੜਕ ਕਿਨਾਰੇ ਸੁੱਤੇ
ਲੋਕਾਂ 'ਚੋਂ ਗੁਜ਼ਰਿਆਂ ਹਾਂ
ਕਈ ਵਾਰ ਘਰ ਦੀਆਂ ਕੰਧਾਂ
ਛੱਤਾਂ ਵਿਹੜਿਆਂ ਦੇ ਮਲਬੇ ਹੇਠ ਆਏ
ਲੋਕਾਂ ਦੇ ਚਿਹਰਿਆਂ 'ਚ ਉਤਰਿਆ ਹਾਂ
ਕਈ ਵਾਰ
ਸੜਕ-ਘਰ 'ਚ ਵੱਸਦੇ
ਲੋਕਾਂ ਦਾ ਹਿੱਸਾ ਬਣਿਆ ਹਾਂ
ਕਈ ਵਾਰ ਸ਼ਾਹੀ ਘਰਾਣਿਆਂ ਦੀਆਂ
ਭੀੜਾਂ 'ਚੋਂ ਲੰਘਿਆ ਹਾਂ

ਸੜਕ 'ਤੇ ਸੁੱਤੇ
ਲੋਕਾਂ ਦੀ ਬੇਬਸੀ
ਘਰਾਂ ਦੇ ਮਲਬੇ ਹੇਠ ਆਏ
ਲੋਕਾਂ ਦੇ ਅੱਥਰੂ
ਸੜਕ-ਘਰ 'ਚ ਵੱਸਦੇ
ਲੋਕਾਂ ਦੀ ਅਵਾਰਗੀ
ਸ਼ਾਹੀ ਘਰਾਣਿਆਂ ਦੀ
ਭੀੜ ਦਾ ਓਪਰਾਪਣ
ਮੇਰੇ ਤਿੜਕੇ ਚਿਹਰੇ ਦਾ ਸੱਚ
ਨਜ਼ਰ ਆਇਆ ਹੈ

ਇਹ ਬੇਬਸੀ
ਇਹ ਅੱਥਰੂ
ਇਹ ਅਵਾਰਗੀ
ਇਹ ਓਪਰਾਪਣ
ਸਭ ਮੇਰੇ 'ਚ ਸਮਾਇਆ ਹੈ
ਪਰ ਇਨ੍ਹਾਂ
ਸਾਰਿਆਂ ਚਿਹਰਿਆਂ ਨੂੰ
ਆਪਣੇ ਚਿਹਰਿਆਂ 'ਚੋਂ
ਮੇਰਾ ਕੁਝ ਵੀ ਨਾ ਨਜ਼ਰ ਆਇਆ ਹੈ

ਇਹ ਚਿਹਰੇ
ਮੇਰੇ 'ਚੋਂ ਜਨਮੇ ਹਨ
ਮੇਰੇ ਸੰਗ ਤੁਰੇ ਹਨ
ਮੇਰੇ ਸੰਗ
ਝੱਖੜਾਂ ਹਨੇਰੀਆਂ ਬਰਸਾਤਾਂ 'ਚ ਭਿੱਜੇ ਹਨ
ਟੁੱਟੇ ਹਨ—ਜੁੜੇ ਹਨ
ਭੁਰੇ ਹਨ—ਖੁਰੇ ਹਨ
ਇਨ੍ਹਾਂ ਚਿਹਰਿਆਂ ਦੇ ਸਾਗਰ 'ਚ
ਮੇਰਾ ਕਿਹੜਾ ਹੈ
ਮੈਂ ਜਾਣ ਨਹੀਂ ਸਕਿਆ
ਮੈਂ ਕਿਸ ਦਾ ਹਾਂ
ਪਹਿਚਾਣ ਨਹੀਂ ਸਕਿਆ
*

## ਮਨ ਦੀ ਸੇਜ

ਕਿੰਨੀਆਂ ਰਾਤਾਂ
ਜਾਗਦੀ ਰਹੀ ਮਨ ਦੀ ਸੇਜ
ਕਿੰਨੀ ਦੇਰ
ਛੁਪਿਆ ਰਿਹਾ ਸ਼ੀਸ਼ੇ ਤੇ ਚਿਹਰੇ ਦਾ ਭੇਦ
ਕਿੰਨੀ ਵਾਰ
ਮੈਂ ਆਪਣਾ ਸੌਂਦਰਯ
ਆਪਣੀ ਤਲੀ 'ਤੇ ਧਰਦੀ ਰਹੀ
ਕਿੰਨੀ ਵਾਰ
ਬਣਦੀ ਸੰਵਰਦੀ ਤੇ ਮਿਟਦੀ ਰਹੀ

ਕਿੰਨੇ ਸਾਵਣ
ਮੇਰੇ ਨੈਣਾਂ 'ਚ ਬੀਤੇ
ਕਿੰਨੇ ਅੱਗ ਦੇ ਸਮੁੰਦਰ
ਇਸ ਠੰਡੀ ਨਦੀ ਨੇ ਪੀਤੇ
ਕਿੰਨੇ ਚੰਬੇ ਖਿੜੇ
ਕਿੰਨੀਆਂ ਬਹਾਰਾਂ ਮੌਸਮ ਰੁੱਤਾਂ
ਮੇਰੇ ਵਿਹੜੇ ਆਈਆਂ
ਕਿੰਨੀਆਂ ਬਦਲੀਆਂ ਵਗ੍ਹੀਆਂ
ਮੇਰੀ ਦੇਹ 'ਤੇ ਤਰਿਹਾਈਆਂ
ਮੈਂ ਕਿੰਨੀਆਂ ਪਰਤਾਂ
ਆਪਣੀ ਦੇਹ ਦੀਆਂ ਮਨ ਦੀ
ਸੇਜ 'ਤੇ ਵਿਛਾਈਆਂ
ਪਰ ਸਭ ਕੋਰੀਆਂ ਹੀ ਰਹੀਆਂ
ਕਈ ਮੌਸਮ ਬਹਾਰਾਂ
ਆਈਆਂ ਤੇ ਗਈਆਂ

ਪਰ ਤੂੰ ਨਹੀਂ ਆਇਆ
ਸਦੀਆਂ ਤੋਂ ਵਿਛਾਈ
ਮਨ ਦੀ ਸੇਜ 'ਤੇ ਕਦਮ ਨਹੀਂ ਧਰਿਆ

ਥੱਕ ਹਾਰ ਕੇ ਮਨ ਦੀ ਸੇਜ ਨੂੰ
ਹੁਣ ਮੈਂ ਆਪ ਹੰਢਾਉਂਦੀ ਹਾਂ
ਹਵਾ ਸੰਗ ਬੂਹਾ ਖੜਕਦਾ ਹੈ
ਮਨ ਦੀ ਕਬਰ 'ਚ ਸੁੱਤੀ
ਆਪਾ ਜਗਾਉਂਦੀ ਹਾਂ
ਬੂਹਾ ਖੋਲ੍ਹ ਕੇ ਤੱਕਦੀ ਹਾਂ
ਬੁਝਦੀ ਹਾਂ ਤੇ ਜਗਦੀ ਹਾਂ
ਫਿਰ ਸਦਾ ਲਈ ਬੁਝ ਜਾਂਦੀ ਹਾਂ
ਤੇਰੀ ਆਸ ਦਾ ਦੀਵਾ ਬੁਝਾਉਂਦੀ ਹਾਂ
ਤੂੰ ਨਹੀਂ ਆਇਆ
ਮਨ ਦੀ ਸੇਜ ਨੂੰ
ਹੁਣ ਮੈਂ ਆਪ ਹੰਢਾਉਂਦੀ ਹਾਂ
*

## ਅੱਥਰੂ ਦੀ ਮੌਤ

ਤੇਰਾ ਇਕ ਅੱਥਰੂ ਡੁੱਲ੍ਹਾ
ਸਾਰਾ ਸ਼ਹਿਰ ਅੱਥਰੂਆਂ 'ਚ ਭਿੱਜ ਗਿਆ
ਅੰਬਰ ਧਰਤੀ ਦੇ ਪੈਰਾਂ 'ਚ ਵਿਛ ਗਿਆ
ਮੌਸਮ ਉਬਲੇ
ਸਾਗਰ ਰਿੱਝ ਗਿਆ

ਤੇਰਾ ਇਹ ਅੱਥਰੂ
ਰੌਣਕਾਂ ਖ਼ੁਸ਼ੀਆਂ ਮੌਸਮਾਂ
ਬਹਾਰਾਂ ਰੁੱਤਾਂ ਦਾ ਅਰਥ ਸੀ
ਫੁੱਲਾਂ ਦਾ ਗੀਤ
ਕਲੀਆਂ ਦੀ ਮਹਿਕ
ਚੰਬੇ ਦੀ ਧਰਤ ਸੀ
ਬ੍ਰਹਿਮੰਡਾਂ ਦਾ ਪ੍ਰਾਣ ਸੀ
ਕੁਦਰਤ ਦੇ ਕਾਰੋਬਾਰ ਦੇ
ਸਿਲਸਿਲੇ ਦਾ ਸਮਾਨ ਸੀ
ਤੇਰੇ ਇਸ ਅੱਥਰੂ 'ਚ
ਜ਼ਿੰਦਗੀ ਬੀਜ ਤੋਂ
ਰੁੱਖ ਤਕ ਸਮਾਈ ਸੀ
ਤੇਰਾ ਇਹ ਅੱਥਰੂ
ਕੁਦਰਤ ਦੇ ਕਾਦਰ ਦੀ ਖ਼ੁਦਾਈ ਸੀ

ਇਹ ਅੱਥਰੂ ਕੇਰਨ ਤੋਂ ਪਹਿਲਾਂ
ਉਹ ਕਿਹੜੀਆਂ ਹਨੇਰੀਆਂ
ਝੱਖੜ ਤੇ ਜ਼ਲਜ਼ਲੇ ਸਨ
ਜੋ ਤੇਰੇ ਅੰਦਰ ਆਏ
ਤੇਰੇ ਅੰਦਰ
ਕਿਹੜੇ ਗ਼ਮਾਂ ਦੇ ਸਮੁੰਦਰ ਦਾ ਉਬਾਲਾ ਸੀ
ਜੋ ਤੇਰੇ ਮਨ 'ਚ
ਗ਼ਮਾਂ ਦੀ ਪਰਲੋ ਲੈ ਆਇਆ

ਤੂੰ ਆਪਣੇ ਆਪ ਨੂੰ
ਆਪਣੇ ਵਸ ਨਾ ਪਾਇਆ
ਬੇਬਸੀ 'ਚ ਤੇਰਾ ਵਜੂਦ ਘਿਰ ਗਿਆ
ਤੇ ਮੌਤ ਜ਼ਿੰਦਗੀ ਦਾ
ਤੇਰਿਆਂ ਨੈਣਾਂ 'ਚੋਂ ਕਿਰ ਗਿਆ

ਤੇਰਾ ਵਜੂਦ
ਜ਼ਿੰਦਗੀ ਦੀ ਕੁੱਖ ਸੀ
ਉਹ ਅੱਥਰੂ ਤੇਰੇ ਹਿਰਦੇ 'ਚ
ਜ਼ਿੰਦਗੀ ਦਾ ਅਹਿਸਾਸ ਸੀ
ਉਹ ਅੱਥਰੂ ਕੇਰ ਕੇ ਤੂੰ
ਮੌਤ ਦੀ ਭੇਂਟ ਕਰ ਦਿੱਤਾ
ਜ਼ਿੰਦਗੀ ਦੇ ਵਜੂਦ 'ਚ
ਮੌਤ ਨੂੰ ਧਰ ਦਿੱਤਾ
ਮੌਤ ਦੇ ਵਜੂਦ 'ਚ ਜੀਵਨ ਧਰ ਦਿੱਤਾ

ਜਿਉਣ ਦੇ ਅਹਿਸਾਸ ਤੋਂ ਬਿਨਾ
ਕੋਈ ਕੀ ਕਰੇਗਾ ਜ਼ਿੰਦਗੀ
ਮੌਤ ਦੇ ਦਰ ਤੋਂ ਉਠਾ ਕੇ
ਮੌਤ ਦੇ ਦਰ ਹੀ ਧਰੇਗਾ
ਜ਼ਿੰਦਗੀ ਪੁੰਗਰਨ ਤੋਂ ਪਹਿਲਾਂ
ਰੁੱਖ ਅਹਿਸਾਸ ਬਿਨ
ਬੀਜ 'ਚ ਮਰ ਜਾਣਗੇ
ਫੁੱਲਾਂ ਦਿਆਂ ਰੰਗਾਂ
ਕਲੀਆਂ ਦੀਆਂ ਮਹਿਕਾਂ 'ਚ
ਮੌਸਮਾਂ ਬਹਾਰਾਂ ਰੁੱਤਾਂ ਦੇ
ਸ਼ਿਕਵੇ ਗਿਲੇ ਧਰ ਜਾਣਗੇ
ਜ਼ਿੰਦਗੀ ਦੇ ਸਾਗਰ 'ਚ
ਪੱਥਰਾਂ ਨੇ ਤਰਨਾ ਹੈ ਕੀ
ਜ਼ਿੰਦਗੀ ਦੇ ਸਾਗਰ 'ਚ
ਜਲ ਹੀ ਡੁੱਬ ਜਾਣਗੇ

ਹੁਣ ਤੂੰ ਭਾਲਦੀ ਹੈਂ
ਉਹ ਚਿਹਰਾ
ਜਿਸ ਨੇ ਤੈਨੂੰ ਇਹ ਅੱਥਰੂ ਦਿੱਤਾ
ਉਹ ਚਿਹਰਾ
ਅੱਥਰੂ ਡਿੱਗਣ ਦੇ ਨਾਲ ਹੀ
ਅਕਾਸ਼ ਦਾ ਅਕਾਸ਼—ਹਵਾ ਦੀ ਹਵਾ
ਅਗਨ ਦੀ ਅਗਨ—ਜਲ ਦਾ ਜਲ
ਧਰਤ ਦੀ ਧਰਤ ਹੋ ਗਿਆ
ਆਪਣੀ ਪਹਿਚਾਣ ਖੋਹ ਗਿਆ
ਅਹਿਸਾਸ ਰਹਿਤ
ਜ਼ਿੰਦਗੀ ਦੀ ਪਹਿਚਾਣ ਹੋ ਗਿਆ
*

## ਮਿੱਟੀ ਤੇ ਸਮਾਂ

ਵਕਤ ਬੁੱਢਾ ਹੋ ਗਿਆ ਹੈ
ਪਰ ਬਦਲਿਆ ਨਹੀਂ
ਤਾਂ ਹੀ ਤਾਂ ਅਜੇ ਤਕ
ਇਸ ਮਿੱਟੀ ਦੇ ਦੀਵੇ ਦਾ ਘਰ ਹੈ
ਕੰਧਾਂ 'ਤੇ
ਮਿੱਟੀ ਦੇ ਮੋਰ ਨੇ—ਚਿੜੀਆਂ ਨੇ
ਚੌਂਕੇ 'ਚ
ਮਿੱਟੀ ਦੀਆਂ ਘੁੱਗੀਆਂ ਨੇ—ਤੋਤੇ ਨੇ

ਮਿੱਟੀ ਭੁਰਦੀ ਨਹੀਂ—ਖੁਰਦੀ ਨਹੀਂ
ਮਿੱਟੀ ਜਨਮਦੀ ਹੈ
ਆਪਣੀ ਕੁੱਖ 'ਚੋਂ
ਆਕਾਸ਼ ਚੰਨ ਸੂਰਜ ਤਾਰੇ
ਸ਼ੀਸ਼ੇ ਦੇ ਸ਼ਹਿਰ
ਮੋਮ ਦੇ ਲੋਕ
ਰੌਸ਼ਨੀਆਂ ਰੰਗ ਰੂਪ ਤੇ ਖ਼ੁਸ਼ਬੂਆਂ

ਮਿੱਟੀ 'ਚ ਹੀ ਸ਼ਮ੍ਹਾ
ਸਮਾ ਜਾਂਦੀਆਂ ਹਨ
ਰੌਸ਼ਨੀਆਂ ਰੰਗ ਰੂਪ ਤੇ ਖ਼ੁਸ਼ਬੂਆਂ
ਸ਼ੀਸ਼ੇ ਦੇ ਸ਼ਹਿਰ
ਮੋਮ ਦੇ ਲੋਕ
ਮਿੱਟੀ 'ਚੋਂ ਹੀ ਜਨਮਦੇ ਹਨ
ਮਿੱਟੀ 'ਚ ਹੀ ਮਿੱਟੀ ਹੋ ਜਾਂਦੇ ਹਨ

ਪਰ ਮਿੱਟੀ
ਮਿੱਟੀ ਰਹਿੰਦੀ ਹੈ
ਨਾ ਆਪਣੀ ਉਤਪਤੀ ਨਾਲ ਬਦਲਦੀ ਹੈ
ਨਾ ਆਪਣੀ ਉਤਪਤੀ ਨਾਲ ਢਲਦੀ ਹੈ

ਨਾ ਉਤਪਤੀ ਦੀ ਤੋਰ ਤੋਂ
ਪਿੱਛੇ ਰਹਿੰਦੀ ਹੈ
ਨਾ ਉਤਪਤੀ ਦੀ ਤੋਰ ਨਾਲ ਰਲਦੀ ਹੈ
ਮਿੱਟੀ ਜਨਮਦੀ ਹੈ
ਜੀਵਨ ਵੀ ਕਬਰ ਵੀ

ਮਿੱਟੀ ਦੀ ਉਤਪਤੀ ਦੀ
ਤਾਸੀਰ ਜਾਂ ਜ਼ਮੀਰ
ਕਿੰਨੀ ਵੀ ਮਿੱਟੀ ਤੋਂ ਵਿਪਰੀਤ ਹੋਵੇ
ਉਸ ਦੇ ਅੰਗ ਨਖ਼ਸ਼
ਕਿੰਨੇ ਵੀ ਮਿੱਟੀ ਤੋਂ ਅਲੱਗ ਹੋਣ
ਉਸ ਦੇ ਆਦਿ ਤੋਂ ਪਹਿਲਾਂ
ਅੰਤ ਤੋਂ ਪਿੱਛੋਂ
ਬਸ ਮਿੱਟੀ ਦਾ ਵਜੂਦ ਹੈ

ਮਿੱਟੀ ਦੀ ਉਤਪਤੀ
ਭਾਵੇਂ ਮਿੱਟੀ ਨੂੰ ਵਿਸਾਰ ਦਿੰਦੀ ਹੈ
ਮਿੱਟੀ ਨੂੰ ਆਪਣੀ ਉਤਪਤੀ
ਹਮੇਸ਼ਾ ਯਾਦ ਰਹਿੰਦੀ ਹੈ
ਕਿਉਂਕਿ
ਮਿੱਟੀ ਵਕਤ ਦੀ ਮਾਂ ਹੈ
ਵਕਤ ਬੁੱਢਾ ਹੋ ਜਾਂਦਾ ਹੈ
ਮਿੱਟੀ ਬੁੱਢੀ ਹੋ ਜਾਂਦੀ ਹੈ
ਨਾ ਵਕਤ ਬਦਲਦਾ ਹੈ
ਨਾ ਮਿੱਟੀ ਬਦਲਦੀ ਹੈ

ਤਾਂ ਹੀ ਤਾਂ ਅਜੇ ਤਕ
ਮਿੱਟੀ ਦੇ ਦੀਵੇ ਦਾ ਘਰ ਹੈ
ਕੰਧਾਂ 'ਤੇ
ਮਿੱਟੀ ਦੇ ਮੋਰ ਨੇ—ਚਿੜੀਆਂ ਨੇ
ਚੌਂਕੇ 'ਚ

ਮਿੱਟੀ ਦੀਆਂ ਘੁੱਗੀਆਂ ਤੋਤੇ ਨੇ
ਮਿੱਟੀ ਦੇ ਚੁੱਲ੍ਹੇ 'ਚ
ਮਿੱਟੀ ਬਲਦੀ ਹੈ
ਮਿੱਟੀ ਦੀ ਕੁੰਨੀ 'ਚ
ਮਿੱਟੀ ਰਿੱਝਦੀ ਹੈ
ਆਪਣੀ ਕੁੱਖ 'ਚੋਂ ਜਨਮੀਂ ਸੌਗਾਤ ਦਾ
ਮਿੱਟੀ ਮਿੱਟੀ ਸੰਗ ਪੇਟ ਭਰਦੀ ਹੈ
*

## ਤਕਸੀਮ

ਚੁੱਲ੍ਹੇ 'ਚ ਬਲਦੀ ਅੱਗ ਵੀ ਮੈਂ ਹਾਂ
ਤਵੇ 'ਤੇ ਪੱਕਦੀ ਰੋਟੀ ਵੀ ਮੈਂ ਹਾਂ
ਕੁੰਨੀ 'ਚ ਰਿੱਝਦਾ
ਮੇਰਾ ਹੀ ਵਜੂਦ ਹੈ

ਮੇਰੀ ਦਿਨ ਦੀ ਮੁਸ਼ੱਕਤ
ਦਿਨ ਦਾ ਰਾਤ 'ਚ
ਰਾਤ ਦਾ ਦਿਨ 'ਚ ਢਲਣਾ
ਮੇਰੇ ਦਿਲ ਦੀ ਧੜਕਣ ਤੋਂ
ਮੇਰੇ ਲਹੂ ਦੀ ਗਤੀ ਤਕ
ਮੇਰੇ 'ਚ ਜੋ ਕੁਝ ਵੀ ਹੈ
ਉਹ ਤਵੇ 'ਤੇ ਪੱਕਦੀ ਰੋਟੀ ਦਾ ਵਜੂਦ ਹੈ

ਮੈਂ ਬੱਦਲ ਵੀ ਹਾਂ
ਬਰਖ਼ਾ ਵੀ ਹਾਂ
ਧਰਤੀ ਵੀ ਹਾਂ—ਖੇਤ ਵੀ ਹਾਂ
ਦਾਣੇ 'ਚ
ਅੰਨ ਦਾ ਭੇਦ ਵੀ ਹਾਂ
ਮੈਂ ਫ਼ਸਲਾਂ ਦੀ ਬੀਜਣ
ਉੱਗਣ ਤੇ ਪੱਕਣ ਦੀ ਗਤੀ ਹਾਂ
ਖੇਤਾਂ 'ਚ ਬੀਜਿਆ
ਤੇ ਉਗਾਇਆ ਗਿਆ ਪਸੀਨਾ ਹਾਂ
ਧਰਤ ਦੀ ਹਰਿਆਵਲ ਹਾਂ
ਜੇਠ ਹਾੜ੍ਹ ਦੀ ਧੁੱਪ ਹਾਂ
ਸਾਵਣ ਦਾ ਮਹੀਨਾ ਹਾਂ

ਮੈਂ
ਪਤਨੀ ਦੀਆਂ ਅਧੂਰੀਆਂ
ਖ਼ਾਹਿਸ਼ਾਂ ਦਾ ਵਜੂਦ ਹਾਂ

ਬੱਚਿਆਂ ਦੀ ਭੁੱਖ ਤੇ ਪਿਆਸ 'ਚ ਮੌਜੂਦ ਹਾਂ
ਮੈਂ ਹੀ ਊਰਜਾ ਦੇ ਰੂਪ 'ਚ
ਦੁਨੀਆ ਦੇ ਬਾਜ਼ਾਰਾਂ ਤੇ ਮੰਡੀਆਂ 'ਚ
ਰੋਜ਼ ਵਿਕਦਾ ਹਾਂ
ਮੈਂ ਹੀ ਹਾਂ
ਜੋ ਰੋਜ਼ ਗ਼ਰੀਬੀ ਦੇ
ਪੁੜਾਂ 'ਚ ਪਿਸਦਾ ਹਾਂ

ਮੈਂ ਹੀ ਹਾਂ
ਜੋ ਗ਼ਰੀਬ ਦੇ ਲਹੂ 'ਚੋਂ ਨੁੱਚੜਦਾ ਹਾਂ
ਮੈਂ ਹੀ ਹਾਂ
ਜੋ ਜ਼ਰਾਸੀਮਾਂ ਦੇ ਅਵਾਨਾਂ 'ਚ
ਭਰਿਆ ਜਾਂਦਾ ਹਾਂ
ਮੈਂ ਹੀ ਕੱਚ ਦਾ ਸ਼ਹਿਰ ਹਾਂ
ਮੈਂ ਹੀ ਮੋਮੀ ਲੋਕਾਂ 'ਚ
ਗਿੜਦੀ ਰੱਤ ਹਾਂ
ਮੈਂ ਹੀ ਚੰਨਾਂ ਸੂਰਜਾਂ
ਤਾਰਿਆਂ ਵਾਂਗ ਝਿਲਮਿਲਾਉਂਦੀ
ਸ਼ੀਸ਼ੇ ਦੇ ਸ਼ਹਿਰ ਦੀ ਛੱਤ ਹਾਂ

ਮੈਂ ਹੀ
ਪਿੰਡ ਦੇ ਪਿੰਡੇ ਦਾ ਹਨ੍ਹੇਰ ਹਾਂ
ਮੈਂ ਹੀ ਰਾਤ ਦੀ ਸੁੱਤੀ ਭੁੱਖ ਹਾਂ
ਦਿਨੇ ਜਾਗਦੀ ਭੁੱਖੀ ਸਵੇਰ ਹਾਂ
ਮੈਂ ਹੀ ਕੱਚਿਆਂ ਕੋਠਿਆਂ ਦਾ
ਧੁੱਪਾਂ ਤੇ ਮੀਂਹਾਂ 'ਚ ਚੋਂਦਾ ਆਕਾਸ਼ ਹਾਂ
ਧੁੱਪ 'ਚ ਸੜੀ
ਸਿਆਲਾਂ 'ਚ ਠਰ੍ਹੀ
ਗ਼ਰੀਬ ਦੀ ਦੁਨੀਆ ਦੀ ਨੰਗੀ ਕੰਡ ਹਾਂ
ਜਿਸ ਦੇ ਪੇਟ 'ਚ
ਭੁੱਖ ਤੇ ਪਿਆਸ ਤੋਂ ਸਿਵਾ ਕੁਝ ਨਹੀਂ

ਮੈਂ ਮੁਫਲਿਸੀ ਦੇ ਜਿਸਮ ਦੀ
ਪਰਤ ਦਰ ਉਹ ਪਰਤ ਹਾਂ

ਮੈਂ
ਆਪ ਹੀ ਉੱਗਾ ਹਾਂ ਖੇਤਾਂ 'ਚ
ਮੈਂ ਆਪ ਹੀ ਰਿੱਝਿਆ ਹਾਂ
ਮੈਂ ਆਪ ਹੀ ਆਪਾ ਪਕਾਇਆ ਹੈ
ਮੈਂ ਆਪ ਹੀ ਮਖ਼ਮਲ 'ਤੇ ਸੁੱਤਾ ਹਾਂ
ਮੈਂ ਆਪ ਹੀ
ਫੁੱਟਪਾਥਾਂ 'ਤੇ ਨਜ਼ਰ ਆਇਆ ਹਾਂ
ਮੈਂ ਆਪ ਹੀ
ਰਾਜੇ ਰੰਕ 'ਚ ਸਮਾਇਆ ਹਾਂ
ਮੈਂ ਆਪ ਹੀ ਹਾਂ ਆਪਣਾ
ਮੈਂ ਆਪ ਹੀ
ਆਪਣਾ ਪਰਾਇਆ ਹਾਂ

ਮੈਂ
ਆਪਣੇ ਆਪ 'ਚ ਤਕਸੀਮਿਆਂ
ਅਜੋਕਾ ਮਨੁੱਖ ਹਾਂ
ਫੁੱਲਾਂ ਫਲਾਂ ਨਾਲ ਲੱਦਿਆ
ਮੈਂ ਰੁੱਖ ਹਾਂ
ਨਾ ਆਪਣਾ ਫਲ ਚਖ ਸਕਦਾ ਹਾਂ
ਨਾ ਆਪਣੇ ਫੁੱਲਾਂ ਦੀ ਮਹਿਕ
ਹੰਢਾ ਸਕਦਾ ਹਾਂ
ਨਾ ਆਪਣਾ ਆਪ
ਆਪਣੀ ਛਾਵੇਂ ਬਿਠਾ ਸਕਦਾ ਹਾਂ

ਮੈਂ
ਆਪਣੇ ਆਪ 'ਚ ਤਕਸੀਮਿਆਂ
ਐਸਾ ਅਜੋਕਾ ਮਨੁੱਖ ਹਾਂ
ਆਪਣੇ ਫੁੱਲਾਂ ਫਲਾਂ ਤੇ ਛਾਵਾਂ ਦੇ ਹੁੰਦਿਆਂ ਵੀ

ਮੈਂ ਆਪਣੇ ਆਪ 'ਚ
ਇਕੱਲਾ ਚੁੱਪ ਤੇ ਉਦਾਸ ਰੁੱਖ ਹਾਂ
ਕਿਉਂਕਿ ਮੇਰੇ ਲਈ
ਮੇਰੇ 'ਚ ਆਪਣਾ ਕੁਝ ਵੀ ਨਹੀਂ
ਨਾ ਅੱਥਰੂ ਨਾ ਹਾਸੇ ਨੇ
ਜ਼ਿੰਦਗੀ ਦੇ ਸ਼ਮਸ਼ਾਨ
ਮੇਰੇ ਹਰ ਪਾਸੇ ਨੇ
*

# ਪੱਤੇ ਦੀ ਜੂਨ

ਹੁਣ
ਮੈਂ ਬੀਜ ਦਿੱਤਾ ਹੈ
ਤੇਰੀ ਦੇਹ 'ਚ
ਜੰਗਲ ਸ਼ਬਦਾਂ ਦਾ

ਹੁਣ
ਤੂੰ ਜੋ ਵੀ ਕਦਮ ਪੁੱਟੇਂਗੀ
ਸੋਚੇਂਗੀ
ਹੁਣ ਤੂੰ
ਜਿਸ ਵੀ ਨਜ਼ਰ 'ਚ ਤੱਕੇਂਗੀ
ਸੋਚੇਂਗੀ
ਹੁਣ ਤੂੰ ਆਪਣੀਆਂ ਮੁਸਕਾਨਾਂ ਵੰਡੇਂਗੀ
ਤਾਂ ਸੋਚੇਂਗੀ।

ਤੇਰੇ ਕਦਮਾਂ
ਤੇਰੀਆਂ ਨਜ਼ਰਾਂ
ਤੇਰੀਆਂ ਮੁਸਕਾਨਾਂ ਦੇ ਸ਼ਬਦਾਂ 'ਚੋਂ
ਅਰਥ ਉੱਗਣਗੇ
ਜੋ ਤੂੰ ਪੈਰ ਪੁੱਟਣ ਲੱਗਿਆਂ
ਨਜ਼ਰਾਂ 'ਚ ਤੱਕਣ ਲੱਗਿਆਂ
ਮੁਸਕਾਨਾਂ ਵੰਡਣ ਲੱਗਿਆਂ ਬੀਜੇ ਸਨ

ਇਹ ਸਫ਼ਰ
ਤੈਨੂੰ ਸ਼ਬਦਾਂ ਤੋਂ
ਅਰਥਾਂ ਤਕ ਲੈ ਜਾਏਗਾ
ਤੇਰਾ ਪ੍ਰੇਮ—ਤੇਰੀ ਵਫ਼ਾ
ਤੇਰਾ ਵਾਅਦਾ—ਤੇਰਾ ਫ਼ਰੇਬ
ਤੈਨੂੰ ਸ਼ਬਦਾਂ ਤੋਂ ਅਰਥ ਹੋਏ
ਅਰਥਾਂ 'ਚ ਨਜ਼ਰ ਆਏਗਾ

ਅਰਥਾਂ ਦੇ ਦਰਪਣ 'ਚੋਂ
ਜਦ ਆਪਣਾ ਚਿਹਰਾ ਤੱਕੇਂਗੀ
ਤਾਂ ਸ਼ਬਦਾਂ ਦਾ ਬੀਜ
ਅਰਥਾਂ ਦਾ ਫਲ
ਤੇਰੀ ਨਜ਼ਰ 'ਚ ਫੈਲ ਜਾਏਗਾ
ਸ਼ਬਦਾਂ ਦਾ ਝੂਠ
ਤੇਰੀ ਆਤਮਾ 'ਚੋਂ ਪੁੰਗਰੇਗਾ
ਅਰਥਾਂ ਦਾ ਸੱਚ
ਤੇਰੇ ਚਿਹਰੇ 'ਤੇ ਉੱਗ ਆਏਗਾ

ਇਹ ਫ਼ੈਸਲਾ ਤੇਰਾ ਹੋਵੇਗਾ
ਤੂੰ ਪੁੰਗਰੇ ਝੂਠ ਨਾਲ ਤੁਰਨਾ ਹੈ
ਜਾਂ ਚਿਹਰੇ 'ਤੇ ਉੱਗੇ
ਅਰਥਾਂ ਦੀ ਛਾਂ ਹੇਠ ਬਹਿਣਾ ਹੈ
ਇਕ ਪੱਤੇ ਦੀ ਜੂਨ ਹੰਢਾਉਣੀ ਹੈ
ਕਿ ਰੁੱਖ ਦੀ ਜੂਨੇ ਪੈਣਾ ਹੈ
*

## ਮੈਂ ਕਵਿਤਾ ਲਿਖਣੀ ਛੱਡ ਦਿੱਤੀ ਹੈ

ਮੈਂ ਪਹਿਲੀ ਵਾਰ
ਜਦ ਕਵਿਤਾ ਕਾਗ਼ਜ਼ 'ਤੇ ਉਤਾਰੀ
ਤਾਂ ਉਸ ਨੂੰ ਸ਼ਬਦਾਂ ਦੀ ਲੋੜ ਸੀ
ਅਰਥਾਂ ਦੀ ਲੋੜ ਸੀ
ਤਸ਼ਬੀਹਾਂ ਤੇ ਅਲੰਕਾਰਾਂ ਦੀ ਲੋੜ ਸੀ
ਉਸ ਨੂੰ
ਸ਼ੈਲੀ ਤੇ ਜੀਵਨ ਪਲ ਦੀ ਲੋੜ ਸੀ
ਉਸ ਨੂੰ ਨਿਰੰਤਰਤਾ
ਅੱਜ ਭਲਕ ਤੇ ਕੱਲ੍ਹ ਦੀ ਲੋੜ ਸੀ

ਦੂਜੀ ਵਾਰੀ
ਕਵਿਤਾ ਜਦ ਕਾਗ਼ਜ਼ 'ਤੇ ਉਤਾਰੀ
ਤਾਂ ਕਵਿਤਾ
ਸ਼ਬਦਾਂ ਅਰਥਾਂ ਦਾ ਸੱਚ
ਜਾਣ ਚੁੱਕੀ ਸੀ
ਤਸ਼ਬੀਹਾਂ ਅਲੰਕਾਰਾਂ ਦੀ
ਹੋਂਦ ਪਹਿਚਾਣ ਚੁੱਕੀ ਸੀ
ਉਹ ਸੱਚ ਸੁੰਦਰਤਾ ਤੇ ਕਲਿਆਣ ਦਾ
ਸਿਰਜਕ ਸੱਚ ਮਾਣ ਚੁੱਕੀ ਸੀ
ਉਹ ਸ਼ੈਲੀ ਤੇ ਜੀਵਨ ਪਲ ਦੀ ਹਸਤੀ ਤੋਂ ਜਾਣੂ ਸੀ
ਉਹ ਆਪਣੀ ਚਿਰੰਜੀਵਤਾ ਦੀ
ਖ਼ੁਦ ਪ੍ਰਮਾਣੂ ਸੀ

ਤੀਜੀ ਵਾਰ
ਕਵਿਤਾ ਜਦ ਕਾਗ਼ਜ਼ 'ਤੇ ਉਤਾਰੀ
ਤਾਂ ਉਹ ਨਾ ਕਾਗ਼ਜ਼ ਦੀ
ਨਾ ਸ਼ਬਦਾਂ ਦੀ
ਨਾ ਅਰਥਾਂ ਦੀ ਮੁਥਾਜ਼ ਸੀ
ਨਾ ਤਸ਼ਬੀਹਾਂ

ਨਾ ਅਲੰਕਾਰਾਂ ਦੀ ਆਵਾਜ਼ ਸੀ
ਨਾ ਸੱਚ ਸੁੰਦਰਤਾ ਤੇ
ਕਲਿਆਣ ਦਾ ਰਾਜ ਸੀ
ਨਾ ਸ਼ੈਲੀ ਨਾ ਜੀਵਨ ਪਲ ਦੀ ਮੁਥਾਜ਼ ਸੀ
ਉਸ ਦੀ ਸੁਤੰਤਰ ਹੋਂਦ ਸੀ
ਉਹ ਆਪਣੇ ਸੱਚ ਤੋਂ ਜਾਣੂ ਸੀ

ਉਹ ਸਮੇਂ ਦੀ ਬੰਦਸ਼ ਤੋਂ ਬਾਹਰ ਸੀ
ਦੇਹ ਤੇ ਪ੍ਰਾਣਾਂ ਦੀ ਮੁਥਾਜ਼ੀ ਤੋਂ ਪਾਰ ਸੀ
ਉਸ ਦਾ ਸੱਚ
ਉਸ ਦੇ ਕੋਲ ਸੀ
ਉਸ ਨੂੰ ਲਿਖਣ ਦੀ ਵੀ ਨਾ ਲੋੜ ਸੀ
ਉਹ
ਸੂਰਜਾਂ ਦਾ ਤੇਜ ਸੀ
ਧਰਤੀ ਦੀ ਮਹਿਕ ਸੀ
ਅੰਬਰ ਦਾ ਬੋਲ ਸੀ
ਹਵਾ ਦੀ ਗਤੀ ਸੀ
ਜਲ ਦਾ ਰਸ ਸੀ
ਬ੍ਰਹਿਮੰਡਾਂ ਤੇ ਪ੍ਰਕਿਰਤੀਆਂ ਦੀ ਆਤਮਾ ਸੀ
ਸ਼ਬਦਾਂ ਤੇ ਅਰਥਾਂ ਦੀ ਉਪਾਧੀ ਤੋਂ ਬਿਨਾ
ਕਵਿਤਾ ਹੀ ਪ੍ਰਮਾਤਮਾ ਸੀ

ਇਸ ਲਈ
ਮੈਂ ਕਵਿਤਾ ਲਿਖਣੀ ਛੱਡ ਦਿੱਤੀ ਹੈ
ਸ਼ਬਦਾਂ ਤੇ ਅਰਥਾਂ ਦੇ
ਪਿੰਜਰੇ ਤੋਂ ਆਜ਼ਾਦ ਕਰ ਦਿੱਤੀ ਹੈ
ਹੁਣ ਉਸ ਦਾ
ਕਿਸੇ ਅੰਬਰ 'ਤੇ ਵਸੇਰਾ ਹੈ
ਪਰ ਉਸ ਦੀ ਲੋਅ ਬਿਨਾ

ਮੇਰੇ ਘਰ 'ਚ ਹਨੇਰਾ ਹੈ
ਮੈਂ ਬਾਲ ਕੇ ਜੋਤ ਨੈਣਾਂ ਦੀ
ਦਰ ਖੋਲ੍ਹ ਕੇ ਘਰ ਦਾ
ਸਰਦਲ 'ਤੇ ਧਰ ਦਿੱਤੀ ਹੈ
ਮੈਂ ਕਵਿਤਾ ਲਿਖਣੀ ਛੱਡ ਦਿੱਤੀ ਹੈ
*

## ਚਿਹਰਿਆਂ ਦਾ ਹਜੂਮ

ਦਰਪਣ ਨੇ
ਜਦ ਆਪਣਾ ਹਜੂਮ ਚਿਹਰਾ
ਚਿਹਰਿਆਂ ਦੇ ਹਜੂਮ 'ਚੋਂ ਤੱਕਿਆ
ਤਾਂ ਤਿੜਕ ਗਿਆ
ਚਿਹਰਿਆਂ ਦੇ ਹਜੂਮ ਦਾ ਸੱਚ ਰਿੜਕ ਗਿਆ

ਹਰ ਚਿਹਰਾ
ਕਬਰਾਂ ਦਾ ਸ਼ਮਸਾਨ ਸੀ
ਚੁੱਪ ਉਦਾਸੀ
ਸੋਗ ਦਾ ਜਹਾਨ ਸੀ
ਹਰ ਚਿਹਰੇ 'ਚ ਵਿੱਥਾਂ ਹੀ ਵਿੱਥਾਂ ਸਨ
ਹਰ ਚਿਹਰਾ—ਸਿਰ ਸੀ
ਹਰ ਚਿਹਰਾ—ਤਲਵਾਰ ਸੀ
ਚਿਹਰਿਆਂ ਦੇ ਗੁਲਸ਼ਨ 'ਚ
ਕੱਟੇ ਅੰਗ—ਤਿੜਕੇ ਨਕਸ਼
ਲਹੂ 'ਚ ਭਿੱਜਿਆਂ
ਜਿਸਮਾਂ ਦੀ ਬਹਾਰ ਸੀ
ਨਾ ਕਿਤੇ ਸਕੂਨ—ਨਾ ਸ਼ਾਂਤੀ
ਹਰ ਚਿਹਰੇ ਦਾ ਘਰ ਉਜਾੜ ਸੀ

ਹਰ ਚਿਹਰਾ
ਆਪਣੇ ਦਾਇਰੇ 'ਚ
ਚਿਹਰਿਆਂ ਦੇ ਬਿੰਦੂ
ਲਪੇਟਦਾ ਜਾ ਰਿਹਾ
ਹਰ ਚਿਹਰਾ
ਅੰਨ ਦੇ ਖੇਤਾਂ 'ਚ ਬਾਰੂਦ ਸੀ ਉਗਾ ਰਿਹਾ
ਹਰ ਚਿਹਰੇ ਨੇ
ਆਪਣੀ ਤਲੀ 'ਤੇ ਧਰਤ ਉਠਾਈ ਸੀ
ਹਰ ਚਿਹਰੇ ਨੇ

ਅੰਬਰ ਦੀ ਬਗਲੀ ਕੱਛੇ ਲੁਕਾਈ ਸੀ
ਕੁਦਰਤੀ ਦੀ ਬੰਨ੍ਹ ਕੇ ਪੋਟਲੀ
ਖੀਸੇ 'ਚ ਪਾਈ ਸੀ
ਜ਼ਿੰਦਗੀ ਦੇ ਫੂਕੇ
ਫੁੱਲਾਂ ਦੇ ਜਿਸਮਾਂ ਦੀ ਧੂਣੀ ਉਠਾਈ ਸੀ

ਆਪਣੀ ਧਰਤੀ ਤੋ
ਆਪਣੇ ਅੰਬਰ ਦੇ ਹੇਠਾਂ
ਆਪਣੀ ਦੁਨੀਆ
ਵਸਾਉਣ ਜਾ ਰਿਹਾ ਸੀ
ਆਪਣੀ ਸੱਤਾ ਦੇ ਬਲ 'ਤੇ
ਜੋ ਪਾਇਆ ਸੀ
ਜੋ ਸਿਰਜਿਆ ਸੀ
ਮਨੁੱਖ ਨੇ
ਨਵੀਂ ਦੁਨੀਆ 'ਚ ਧਰ ਦਿੱਤਾ
ਸੀਮਿੰਟ ਸਰੀਏ ਰੇਤ ਬੱਜਰੀ
ਤੇ ਕੱਚ ਦੀ ਦੁਨੀਆ ਦਾ
ਖੜ੍ਹਾ ਵਜੂਦ ਕਰ ਦਿੱਤਾ
ਮਕਾਨਾਂ ਦੀ ਆਬਾਦੀ ਸੀ
ਨਾ ਘਰ ਸੀ ਕੋਈ—ਨਾ ਜੀਵਨ
ਨਾ ਜੀਵਨ ਦਾ ਪਲ ਸੀ ਕੋਈ
ਨਾ ਇਨਸਾਨ
ਨਾ ਇਨਸਾਨ ਦੀ ਗੱਲ ਸੀ ਕੋਈ
ਅੱਗ ਦਾ ਅਸਮਾਨ ਸੀ
ਸੀ ਧਰਤ ਲੋਹੇ ਦੀ
ਮਨੁੱਖ ਦੀ ਨਵੀਂ ਦੁਨੀਆ ਸੀ
ਬਾਰੂਦ ਗੋਲੇ ਦੀ

ਸੜਕਾਂ 'ਤੇ ਅੱਗ ਦੇ ਰੁੱਖ ਸਨ
ਧਰਤ 'ਤੇ ਖੇਤ ਅੰਗਿਆਰਾਂ ਦੇ
ਚੰਨ ਸੂਰਜ ਤਾਰੇ ਬਾਰੂਦ ਦੇ

ਅੰਬਰ 'ਚ ਘੁੰਮਦੇ
ਬੱਦਲ ਹਥਿਆਰਾਂ ਦੇ
ਜਦ ਵੀ ਅੰਬਰ ਤੋਂ ਬਰਸਦੇ
ਅੰਗਿਆਰ ਬਰਸਦੇ ਸਨ
ਹਥਿਆਰ ਬਰਸਦੇ ਸਨ
ਜੋ ਧਰਤ 'ਤੇ
ਅੱਗ ਦੇ ਅੰਬਾਰ ਲਾਉਂਦੇ
ਨਵੀਂ ਦੁਨੀਆ ਦੇ ਮਨੁੱਖ
ਅੱਗ ਪੀਂਦੇ—ਅੱਗ ਖਾਂਦੇ—ਅੱਗ ਹੰਢਾਉਂਦੇ
ਆਪਣੀ ਵਿਜੈ ਦੀ ਕਥਾ
ਸੀਮਿੰਟ ਸਰੀਏ ਬੱਜਰੀ
ਸ਼ੀਸ਼ੇ ਦੀ ਦੁਨੀਆ 'ਤੇ
ਮਕਾਨਾਂ ਨੂੰ ਸੁਣਾਉਂਦੇ
ਮਨੁੱਖ ਨੇ
ਮਨੁੱਖਤਾ ਤੇ ਫ਼ਤਹਿ ਪਾਈ ਹੈ
ਮਨੁੱਖ ਨੇ ਮਨੁੱਖਤਾ
ਜੜ੍ਹ ਤੋਂ ਮੁਕਾਈ ਹੈ

ਇਸ ਦੁਨੀਆ 'ਚ
ਕੋਈ ਮਨੁੱਖ ਨਹੀਂ
ਜੀਵਨ ਨਹੀਂ—ਅਹਿਸਾਸ ਨਹੀਂ
ਮੌਤ ਦਾ ਕੋਈ ਡਰ ਨਹੀਂ
ਜ਼ਿੰਦਗੀ ਦਾ ਕੋਈ ਥਹੁ ਟਿਕਾਣਾ ਘਰ ਨਹੀਂ
ਇਹ ਮਨੁੱਖ ਦੀ ਵਿਜੈ ਦਾ ਚਿਹਰਾ ਹੈ
ਜਿਸਮ ਹੈ ਸਮਾਨ ਹੈ
ਇਹ ਮਨੁੱਖ ਦੀ ਦੁਨੀਆ
ਮਨੁੱਖ ਦਾ ਜਹਾਨ ਹੈ
ਕਿਸੇ ਜੀਵਨ ਦਰਪਣ ਦੀ ਲੋੜ ਨਹੀਂ
ਇਸ ਦੀ ਧਰਤੀ ਚਿਹਰਾ ਹੈ
ਇਸ ਦਾ ਦਰਪਣ ਅਸਮਾਨ ਹੈ
*

## ਰਾਫ਼ਤਾ

ਜਿਨ੍ਹਾਂ ਰਾਹਾਂ 'ਤੇ
ਮੈਂ ਇਕੱਲਾ ਤੁਰਿਆ ਹਾਂ
ਜੇ ਤੂੰ ਸੰਗ ਹੁੰਦੀ ਤਾਂ ਕਾਫ਼ਲਾ ਹੁੰਦਾ
ਇਕ ਮੈਂ ਹੁੰਦਾ
ਇਕ ਤੂੰ ਹੁੰਦੀ
ਇਕ ਤੇਰਾ ਸਾਇਆ
ਇਕ ਮੇਰਾ ਸਾਇਆ
ਤੇਰੇ ਅੰਬਰ ਦੀ ਦੁਨੀਆ ਦਾ
ਮੇਰੇ ਅੰਬਰ ਦੀ ਦੁਨੀਆ ਦਾ ਰਾਫ਼ਤਾ ਹੁੰਦਾ

ਸਫ਼ਰ 'ਚ ਜਦ ਥੱਕ ਜਾਂਦੇ
ਇਕ ਦੂਜੇ ਦੀ ਛਾਂ ਹੇਠ ਬਹਿ ਜਾਂਦੇ
ਆਪਣੇ ਆਪ 'ਚ
ਜੰਗਲ ਉਗਾ ਲੈਂਦੇ—ਸਾਗਰ ਉਗਾ ਲੈਂਦੇ
ਇਕ ਦੂਜੇ ਦੀ ਅੰਦਰਲੀ
ਦੁਨੀਆ 'ਚ ਉਤਰਦੇ
ਅੰਦਰ ਵੱਸਦੇ
ਅਜਨਬੀ ਚਿਹਰਿਆਂ 'ਚੋਂ ਅਪਣੱਤ ਜਗਾ ਲੈਂਦੇ

ਇਨ੍ਹਾਂ ਸੁੰਨਸਾਨ ਰਾਹਾਂ ਦੇ ਪਿੰਡਿਆਂ 'ਚੋਂ
ਰੌਣਕਾਂ ਉਗਾ ਲੈਂਦੇ
ਮੌਸਮ ਬਹਾਰਾਂ ਰੁੱਤਾਂ ਖ਼ੁਸ਼ਬੂਆਂ
ਫੁੱਲਾਂ ਤੇ ਕਲੀਆਂ ਦੇ
ਇਨ੍ਹਾਂ ਇਕਾਂਤ ਰਾਹਾਂ 'ਚ
ਸੁਫ਼ਨੇ ਸਜ਼ਾ ਲੈਂਦੇ

ਮੇਰੇ ਬੋਲ
ਇਨ੍ਹਾਂ ਰਾਹਾਂ ਦੀ ਚੁੱਪ ਤੋਂ ਗੂੰਜਦੇ
ਤੇਰੇ ਹਾਸੇ ਇਨ੍ਹਾਂ ਦੀ ਉਦਾਸੀ 'ਚ ਘੁਲ ਜਾਂਦੇ

ਤੇਰੇ ਤੇ ਮੇਰੇ ਪੈਰਾਂ 'ਚ
ਹਰਿਆਵਲੀ ਧਰਤ ਵਿਛ ਜਾਂਦੀ
ਤੇਰੇ ਤੇ ਮੇਰੇ ਨੈਣਾਂ 'ਤੇ ਅੰਬਰ ਝੁਕ ਜਾਂਦੇ

ਮੈਂ ਤੇਰੇ 'ਚ
ਸਾਰੇ ਦਾ ਸਾਰਾ ਉਤਰ ਜਾਂਦਾ
ਆਪਣੀ ਪਹਿਚਾਣ ਭੁੱਲ ਜਾਂਦਾ
ਤੇਰੀ ਪਹਿਚਾਣ ਹੋ ਜਾਂਦਾ
ਤੇਰੀ ਮਿੱਟੀ 'ਚ ਘੁਲ ਜਾਂਦਾ
ਤੇਰੀਆਂ ਨਜ਼ਰਾਂ ਦਾ ਅਸਮਾਨ ਹੋ ਜਾਂਦਾ
ਤੇਰੇ ਲਹੂ 'ਚ ਵਸ ਜਾਂਦਾ
ਤੇਰੀ ਜਿੰਦ ਜਾਨ ਹੋ ਜਾਂਦਾ
ਤੇਰੀ ਜੀਵਨ ਗਤੀ
ਤੇਰਾ ਪ੍ਰਾਣ ਹੋ ਜਾਂਦਾ

ਮੇਰੇ 'ਚ
ਬਸ ਮੇਰੀ ਮਿੱਟੀ ਦਾ ਬੁੱਤ ਰਹਿ ਗਿਆ
ਆਪਣੀ ਲਾਸ਼
ਆਪਣੇ ਮੋਢਿਆਂ 'ਤੇ ਚੁੱਕੀ
ਮੌਤ ਦਾ ਸਾਮਾਨ ਹੋ ਗਿਆ
ਮੇਰੇ 'ਚ ਮੇਰੀ ਪਹਿਚਾਣ
ਮੇਰੀ ਸ਼ਨਾਖ਼ਤ ਨਾ ਰਹੀ
ਮੈਂ ਆਪਣੇ ਲਹੂ ਦੇ
ਰਿਸ਼ਤਿਆਂ ਲਈ ਬੇ-ਪਹਿਚਾਣ ਹੋ ਗਿਆ

ਨਾ ਮੈਨੂੰ
ਮੇਰੇ ਘਰ ਦੇ ਬੂਹੇ ਨੇ ਸਿਆਣਿਆ
ਨਾ ਗਲੀਆਂ—ਨਾ ਕੰਧਾਂ ਛੱਤਾਂ
ਨਾ ਵਿਹੜੇ ਨੇ ਪਹਿਚਾਣਿਆ
ਮੈਂ ਆਪਣੇ ਦੁਆਲੇ 'ਚ
ਅਜਨਬੀ ਹੋ ਗਿਆ

ਤੇਰੇ ਵਜੂਦ 'ਚ ਐਸਾ ਢਲਿਆ
ਕਿ ਵਾਪਸੀ ਦਾ ਰਾਹ ਭੁੱਲ ਗਿਆ
ਮੈਂ ਸਾਗਰ
ਤੇਰੇ ਵਜੂਦ ਦੀ ਬੂੰਦ 'ਚ ਸਿਮਟ ਗਿਆ

ਤੂੰ ਮੇਰੇ ਵੱਲ
ਇਕ ਵੀ ਕਦਮ ਨਾ ਪੁੱਟਿਆ
ਨਾ ਮੇਰੇ ਜਿਸਮ 'ਚ ਉਤਰੀ
ਨਾ ਮੇਰੇ ਲਹੂ 'ਚ ਤੁਰੀ
ਨਾ ਮੇਰੀ ਨਜ਼ਰ ਹੀ ਬਣੀ
ਨਾ ਮੇਰੇ ਸਾਹਾਂ 'ਚ ਘੁਲੀ
ਤੂੰ ਏਨੀ ਦੂਰ ਨਿਕਲ ਆਈ ਮੇਰੇ ਤੋਂ
ਆਪਣੀ ਇਕੱਲ
ਆਪਣੀ ਇਕਾਂਤ
ਆਪਣੀ ਚੁੱਪ 'ਚ ਗੁਆਚ ਗਈ
ਆਪਣੇ ਪੈਰਾਂ ਦੇ ਨਿਸ਼ਾਨ
ਇਨ੍ਹਾਂ ਸੁੰਨ ਰਾਹਾਂ 'ਤੇ ਛੱਡ ਗਈ

ਜਿਨ੍ਹਾਂ ਰਾਹਾਂ 'ਤੇ
ਮੈਂ ਇਕੱਲਾ ਤੁਰਿਆ ਹਾਂ
ਜੇ ਤੂੰ ਸੰਗ ਹੁੰਦੀ ਤਾਂ ਕਾਫ਼ਲਾ ਹੁੰਦਾ
*

# ਤ੍ਰੈਕਾਲ ਤੇ ਤ੍ਰਿਵੈਣੀ

•

ਆਪਣੇ ਗੁਰੂਦੇਵ
**ਡਾ. ਐੱਸ.ਪੀ. ਸਿੰਘ**
ਦੇ ਨਾਂ

•

## ਨਦੀ ਦੀ ਅੱਗ

ਨਦੀ ਦੀ ਦੇਹ ਨੂੰ ਅੱਗ ਲੱਗੀ ਹੈ
ਨਦੀ ਜੋ ਕੰਢਿਆਂ ਤੋਂ ਬਾਹਰ ਵਗੀ ਹੈ
ਹਵਸ ਦੀ ਅੱਗ 'ਚ ਇੰਨੀ ਸ਼ੁਦਾਈ ਹੈ
ਕਿ ਨਦੀ ਦੇ ਮੱਥੇ 'ਚ
ਸਮੁੰਦਰੀ ਕਾਮਨਾ ਦੀ ਬਾੜ੍ਹ ਆਈ ਹੈ

ਆਪਣਾ ਰਾਹ ਭੁੱਲ ਗਈ ਹੈ
ਆਪਣੀ ਹਵਸ 'ਚ ਡੁੱਬ ਗਈ ਹੈ
ਦਿਸ਼ਾਹੀਣ ਹੋ ਗਈ ਹੈ
ਸੰਯਮ ਤੇ ਸੁਰਤੀ ਗਵਾ ਲਈ ਹੈ
ਮਸਤਕ ਦੀ ਜੋਤ ਬੁਝਾ ਲਈ ਹੈ
ਅੱਖਾਂ ਮੀਚ ਲਈਆਂ ਹਨ
ਹਵਸ ਦੀ ਅੱਗ ਨਦੀ ਦਾ ਵਜੂਦ ਖਾ ਗਈ ਹੈ

ਆਪਣਾ ਸੰਤੁਲਨ ਤੇ ਅਨੁਸ਼ਾਸਨ
ਵਿਸਾਰ ਬੈਠੀ ਹੈ
ਆਪਣੀ ਅੱਗ ਤੈਰਦੀ ਤੈਰਦੀ
ਸਮੁੰਦਰੀ ਅੱਗ ਦਾ ਹੋ ਸ਼ਿਕਾਰ ਬੈਠੀ ਹੈ
ਆਪਣੀ ਦੇਹ ਦੀ ਹਵਸ ਦਾ
ਦਾਵਾਨਲ ਤੇ ਅੰਗਾਂ ਦਾ ਤਾਅ ਠਾਰ ਬੈਠੀ ਹੈ
ਹੁਣ ਸਮੁੰਦਰ ਦੀ ਅੱਖ 'ਚ
ਨਦੀ ਦੀ ਜਿਉਂਦੀ ਲਾਸ਼ ਤਰਦੀ ਹੈ
ਇਕ ਪਲ ਜਿਉਣ ਲਈ
ਹਰ ਪਲ ਮਰਦੀ ਹੈ

ਨਦੀ ਆਪਣੀ ਦੇਹ 'ਚੋਂ
ਹਵਸ ਨਿਚੋੜਦੀ ਹੈ
ਸਮੁੰਦਰ ਦਾ ਬਦਨ
ਆਪਣੇ ਤੋਂ ਅਲੱਗ ਕਰਦੀ ਹੈ

ਆਪਣੀ ਲੂਹੀ ਸ਼ੀਤਲਤਾ ਨੂੰ
ਕੰਢਿਆਂ 'ਤੇ ਖੜ੍ਹ-ਖੜ੍ਹ ਕੇ ਪੁਕਾਰਦੀ ਹੈ
ਆਪਣੇ ਦਰਪਣ 'ਚੋਂ ਆਪਣਾ ਚਿਹਰਾ ਤੱਕਦੀ ਹੈ
ਤਾਂ ਆਪਣੇ ਆਪ ਨੂੰ ਦੱਸਦੀ ਹੈ

ਮੇਰੀ ਅਗਨ ਬਿੰਦੂ ਸੀ
ਸਮੁੰਦਰੀ ਅਗਨ ਦਾਇਰਾ ਸੀ
ਮੈਂ ਇਕ ਚਿੰਗਾਰੀ ਸਾਂ
ਸਮੁੰਦਰ ਦੀ ਅੱਗ
ਸੜਦਾ ਸਹਿਰਾ ਸੀ
ਸਮੁੰਦਰੀ ਅਗਨ ਨਾਲ ਮੇਰਾ ਮੇਲ ਨਹੀਂ ਸੀ
ਮੈਂ ਆਪਣੀ ਅੱਗ 'ਚ ਸੜਦਾ ਸੀ
ਸਮੁੰਦਰੀ ਅੱਗ ਨਾਲ ਖੇਡਣਾ
ਆਪਣੇ ਆਪ 'ਚ ਬਲਣਾ ਸੀ

ਮੈਂ ਆਪਣਾ ਸੰਤੁਲਨ ਤੇ ਸੰਜਮ
ਹਵਸ ਦੀ ਅੱਗ 'ਚ ਖੋਇਆ ਹੈ
ਪਿਆਰ ਦੀ ਥਾਂ
ਹਵਸ ਦਾ ਬੀਜ ਆਪਣੀ ਦੇਹ 'ਚ ਬੋਇਆ ਹੈ
ਇਹ ਸੜਨ ਤੋਂ ਸੜਨ ਤਕ ਦੀ ਇੱਛਾ ਹੈ
ਸੱਚ ਨੂੰ ਜਾਨਣ ਦੀ ਚਾਹ ਨਹੀਂ ਨਦੀ ਲਈ
ਸਮੁੰਦਰ ਦੀ ਹੋਂਦ ਹੋਣ ਦਾ ਰਾਹ ਨਹੀਂ

ਮੈਂ ਆਪਣੀ
ਅਗਨ ਤੇ ਜਲ ਦੀ
ਬਰਾਬਰ ਇਕਾਈ ਜੇ ਕਾਇਮ ਰੱਖਦੀ
ਆਪਣੇ ਸੱਚ ਨੂੰ ਅੱਪੜਦੀ
ਸੱਚ ਦੀ ਹੋਂਦ ਲੱਗਦੀ
ਸਮੁੰਦਰ ਦੇ ਮਸਤਕ 'ਚ ਬਣ ਕੇ ਜੋਤ ਜਗਦੀ

ਹੁਣ ਕੋਲੇ ਹੋਈ ਮੇਰੀ ਲਾਸ਼
ਸਮੁੰਦਰ 'ਤੇ ਤੈਰਦੀ ਹੈ

ਦਰਿਆਵਾਂ ਨਦੀਆਂ ਚਸ਼ਮਿਆਂ
ਤੇ ਝਰਨਿਆਂ ਨੂੰ ਕਹਿੰਦੀ ਹੈ
ਆਪਣੀ ਔਕਾਤ 'ਚ ਰਹੋ
ਸੰਤੁਲਨ ਤੇ ਸੰਜਮ ਕਾਇਮ ਰੱਖੋ
ਭੈਅ 'ਚ ਵਗੋ
ਸੱਚ ਨੂੰ ਸਮਝ ਸੱਚ ਨੂੰ ਮਿਲੋ
ਸੱਚ ਦਾ ਰੂਪ ਹੋ ਜਾਓ
ਨਦੀਆਂ ਤੋਂ ਸਾਗਰ ਕਹਿਲਾਓ
ਮੇਰੇ ਵਾਂਗ ਨਾ ਤਰਦੀ ਲਾਸ਼ ਨਜ਼ਰ ਆਓ
*

## ਸਾਲਾਂ ਦੀ ਦੇਹ

ਮੈਂ ਸਮਾਂ ਹੀ ਵਰਤਮਾਨ ਹਾਂ
ਭੂਤ ਭਵਿੱਖ ਦਾ ਤੀਰ ਹਾਂ
ਹੁਣ ਦੇ ਪਲ ਦਾ ਕਮਾਨ ਹਾਂ

ਮੇਰੀ ਉਮਰ ਦੇ ਕਈ ਸਾਲ
ਕਾਲੇ ਧੱਬੇ ਬਣ ਗਏ ਹਨ
ਇਨ੍ਹਾਂ 'ਚ ਟੋਏ ਟਿੱਬੇ ਤੇ ਖਾਈਆਂ
ਉੱਗ ਆਈਆਂ ਹਨ
ਮੇਰੇ ਸਾਲਾਂ ਲਈ
ਕਿਤੇ ਅੰਬਰ ਕਾਲਾ ਹੈ
ਕਿਤੇ ਧਰਤੀ ਮੈਲੀ ਹੈ
ਕਈ ਸਾਲਾਂ ਦੇ ਚਿਹਰੇ 'ਤੇ
ਕਬਰਾਂ ਦੀ ਫ਼ਸਲ ਲਹਿਰਾ ਰਹੀ ਹੈ
ਮੇਰੇ ਸਾਲਾਂ ਦੀ ਮੌਤ
ਮੇਰੀ ਜ਼ਿੰਦਗੀ ਨੂੰ ਖਾ ਰਹੀ ਹੈ

ਕਈ ਸਾਲ ਮੇਰੇ ਉਮਰ 'ਚ ਗੁਆਚ ਗਏ
ਮੇਰੀ ਸ਼ਕਲ
ਮੇਰੀ ਉਮਰ ਦਾ ਰਾਹ ਭੁੱਲ ਗਏ
ਕਈ ਹਾਸਿਆਂ 'ਚ
ਆਪਣੀ ਹੋਂਦ
ਆਪਣਾ ਵਜੂਦ ਤਿਆਗ ਗਏ
ਕਈ ਰਾਹ 'ਚ ਹੀ
ਉਮਰ ਦਾ ਸਾਥ ਛੱਡ ਗਏ
ਮੇਰੇ ਪੈਰਾਂ 'ਚ ਉਜਾੜਾਂ
ਮਸਤਕ 'ਚ ਹਾਦਸੇ ਧਰ ਗਏ

ਮੇਰਾ ਵਰਤਮਾਨ
ਸਾਲਾਂ ਦੀਆਂ ਹਨੇਰੀਆਂ

ਝੱਖੜਾਂ ਤੇ ਤੂਫ਼ਾਨਾਂ ਨਾਲ ਭਰਿਆ ਹੈ
ਮੇਰੀ ਉਮਰ ਨੇ ਇਕ ਰੁੱਖ ਦੀ ਛਾਂ ਖ਼ਾਤਰ
ਅੱਗ ਦਾ ਦਰਿਆ ਤਰਿਆ ਹੈ

ਮੈਂ ਵਰਤਮਾਨ
ਭੂਤ ਤੇ ਭਵਿੱਖ ਦੇ ਵਿਚਕਾਰ ਦਾ ਹਿੱਸਾ ਹਾਂ
ਕਦੀ ਦਿਨ ਬਣ ਕੇ ਚੜ੍ਹਿਆ ਹਾਂ
ਕਦੀ ਰਾਤਾਂ 'ਚ ਡੁੱਬਾ ਹਾਂ
ਸਾਗਰ 'ਤੇ ਤਰਿਆ ਹਾਂ
ਸਹਿਰਾ 'ਤੇ ਤੁਰਿਆ ਹਾਂ
ਪੌਣਾਂ ਦੇ ਸਿੰਗੀਂ ਚੜ੍ਹਿਆ ਹਾਂ
ਅੰਬਰ 'ਚ ਲਟਕਿਆ ਹਾਂ
ਪਹਾੜਾਂ ਦਾ ਬਦਨ ਹੋਇਆ ਹਾਂ
ਰੇਤ ਵਾਂਗ ਭੁਰਿਆ ਹਾਂ
ਧਰਤ ਦੀ ਔੜ ਜੀਵੀ ਹੈ
ਹਰਿਆਉਲਾਂ 'ਚ ਸੜਿਆ ਹਾਂ

ਆਪਣੇ ਸਾਲਾਂ ਦੇ ਪਿੰਡੇ 'ਤੇ ਭਵਿੱਖ ਲਈ
ਮੈਂ ਕਈ ਚਿੱਤਰ ਬਣਾਏ ਹਨ
ਪੱਥਰ ਕਿਤੇ ਫੁੱਲ ਰੰਗਾਂ 'ਚ ਸਮਾਏ ਹਨ
ਸਾਗਰ
ਜ਼ਖ਼ਮੀ ਬਹਾਰਾਂ ਮੌਸਮ
ਚਿੱਤਰਾਂ ਦੇ ਨੈਣੀਂ ਤਰ ਆਏ ਹਨ
ਸਾਲਾਂ ਦੇ ਚਿਹਰੇ ਤੇ ਜੰਗਲ ਹਨ
ਲੰਙੜਾ ਕੇ ਤੁਰਦੇ ਰੁੱਖਾਂ ਦੇ ਹਜੂਮ ਹਨ
ਅੱਗਾਂ 'ਚ ਬੱਦਲਾਂ ਦੇ ਝੁਲਸੇ ਚਿਹਰੇ ਹਨ
ਕਿਤੇ ਹਨੇਰੀਆਂ
ਸੂਰਜ ਬੁਝਾਏ ਹਨ
ਕਿਤੇ ਕਬਰਾਂ 'ਚੋਂ ਉੱਠ ਕੇ ਮੁਰਦੇ
ਜ਼ਿੰਦਗੀ ਦੇ ਦਰ ਆਏ ਹਨ

ਜ਼ਿੰਦਗੀ ਦਾ ਵਿਰਾਟ ਰੂਪ ਹੈ
ਡਰਾਉਣਾ ਜਿਹਾ ਚਿਹਰਾ
ਮੇਰੇ ਸਾਲਾਂ ਦੇ ਪਿੰਡੇ 'ਤੇ ਉਕਰਿਆ ਗਿਆ ਹੈ
ਸਮਾਂ ਵਿਰਾਟ ਰੂਪ ਦੇ ਪੈਰਾਂ 'ਚ ਪਿਆ
ਵਰਤਮਾਨ 'ਚੋਂ ਜਨਮਿਆ
ਭੂਤ 'ਚ ਜਵਾਨ ਹੋਇਆ
ਭਵਿੱਖ 'ਚ ਮੋਇਆ ਪਿਆ ਹੈ
*

## ਰਾਹ

ਜਿਵੇਂ ਕੋਈ ਨਦੀ
ਆਪਣਾ ਰਾਹ ਤਲਾਸ਼ਦੀ ਹੈ
ਤੂੰ ਵੀ ਮੇਰੇ ਮਨ
ਆਪਣਾ ਰਾਹ ਤਲਾਸ਼ ਲੈ
ਆਪਣੇ ਪੈਰਾਂ 'ਚ ਸਫ਼ਰ
ਨਜ਼ਰ 'ਚ ਮੰਜ਼ਿਲਾਂ ਉਤਾਰ ਲੈ

ਮੈਂ ਮੰਨਦਾ ਹਾਂ
ਭੀੜ 'ਚੋਂ ਰਾਹ ਲੱਭਣਾ ਔਖਾ ਹੈ
ਚਿਹਰਿਆਂ ਦੇ ਸਾਗਰ 'ਚ
ਜਿਥੇ ਵੀ ਨਜ਼ਰ ਪੈਂਦੀ ਹੈ
ਉਥੇ ਪਹਿਲਾਂ ਹੀ ਪੈਰਾਂ ਦੀ ਭੀੜ ਹੈ
ਕਦਮ 'ਤੇ ਕਦਮ ਧਰਨਾ ਔਖਾ ਹੈ
ਅੰਬਰ ਮੁੱਠ 'ਚ ਫੜਨਾ ਔਖਾ ਹੈ

ਜੇ ਰਾਹਾਂ 'ਚ ਪੈਰ ਵਿਛੇ ਹਨ
ਤਾਂ ਸਿਰਾਂ 'ਚ ਰਾਹ ਬਣਾ
ਸਿਰਾਂ 'ਚ ਪੈਰ ਬੀਜ
ਸਿਰਾਂ 'ਚ ਮੰਜ਼ਿਲਾਂ ਉਗਾ
ਸਿਰਾਂ 'ਚ ਚੰਨ ਸੂਰਜ ਤਾਰੇ ਧਰ
ਧਰਤੀ ਨੂੰ ਅੰਬਰ ਬਣਾ
ਸਿਰ 'ਚ ਤੁਰ ਪੈਰਾਂ 'ਚ ਉਤਰ
ਪੈਰਾਂ 'ਚ ਪੈਰਾਂ ਦਾ ਪੈਰ ਹੁੰਦਾ ਜਾ

ਰੁੱਖ 'ਚ ਜੰਗਲ
ਬੂੰਦ 'ਚ ਸਾਗਰ ਉਤਾਰ
ਜ਼ੱਰੇ 'ਚੋਂ ਪਹਾੜ ਉਤਾਰ
ਭੀੜ ਦਾ ਹਿੱਸਾ ਨਾ ਬਣ
ਭੀੜ ਦੇ ਮਸਤਕ 'ਚ
ਆਪਣਾ ਸੰਕਲਪ ਅਰਥ ਤੇ ਸ਼ਬਦ ਧਰ

ਭੀੜ 'ਚ ਵਗਦੀ ਹਵਾ ਦਾ ਰੁਖ ਮੋੜ
ਭੀੜ 'ਚੋਂ ਭੀੜ ਦੀ ਆਬਾਦੀ ਦਾ ਭਰਮ ਨਿਚੋੜ
ਭੀੜ ਨੂੰ ਆਪਣੀ ਸੁਤੰਤਰਤਾ ਦਾ ਸੱਚ ਵਿਖਾ
ਸੱਚ ਦਾ ਚਾਨਣ
ਭੀੜ ਦੇ ਲਹੂ 'ਚ ਉਤਾਰ
ਭੀੜ ਦੇ ਮੱਥੇ 'ਚ
ਸਿਰਜਕ ਸੂਝ ਤੇ ਚੇਤਨਾ ਦੇ ਬੀਜ ਦੇ
ਲਹੂ ਦੇ ਰੰਗ ਦੀ ਇਕ ਜੋਤ ਬਾਲ ਦੇ
ਭੀੜ ਦੇ ਪਿੰਡੇ 'ਚ
ਅਕਲ ਦੇ ਸੂਰਜ ਉਤਾਰ ਦੇ
ਭੀੜ ਆਪਣਾ
ਕਾਇਆ-ਕਲਪ ਕਰ ਸਕੇ
ਮਨੁੱਖ ਦੇ ਮੱਥੇ
ਮਨੁੱਖ ਦਾ ਆਰਥਕ ਸੱਚ ਧਰ ਸਕੇ

ਮਨੁੱਖ ਦੇ ਪੈਰੀਂ ਨਵੀਂ ਧਰਤੀ
ਸਿਰ 'ਤੇ ਨਵਾਂ ਅੰਬਰ ਉਸਾਰ ਦੇ
ਮਨੁੱਖਤਾ ਨੂੰ ਮਨੁੱਖਤਾ ਦੀ
ਸਰਬ ਵਿਆਪਕਤਾ ਵਿਖਾਲ ਦੇ
ਮਨੁੱਖ ਆਪਣੀ ਹੋਂਦ ਦੇ
ਸੱਚ 'ਚ ਸਮਾ ਸਕੇ
ਰੰਗ ਨਸਲ ਜਾਤ ਪਾਤ 'ਚੋਂ ਨਿਕਲੇ
ਲਹੂ ਦੇ ਰੰਗ ਘੇਰੇ 'ਚ ਆ ਸਕੇ

ਇਹ ਧਰਤੀ—ਇਹ ਅੰਬਰ
ਮਨੁੱਖ ਦਾ ਕਹਾਏ
ਇਹ ਰਾਹ
ਤੇਰੇ ਪੈਰਾਂ ਤੋਂ ਸ਼ੁਰੂ ਹੋ ਕੇ
ਤੇਰੇ ਪੈਰਾਂ 'ਤੇ ਹੀ ਮੁੱਕ ਜਾਏ
ਤੂੰ ਬਣ ਜਾ ਸਮੁੰਦਰ ਚਾਨਣ ਦਾ
ਇਹ ਵਿਸ਼ਵ ਤੇਰੇ 'ਚ ਸਮਾ ਜਾਏ

ਇਸ ਵਿਸ਼ਵ ਦੇ ਰਾਹ 'ਚੋਂ ਤੇਰਾ ਰਾਹ
ਚਿਹਰੇ ਤੋਂ ਤੇਰਾ ਚਿਹਰਾ ਨਜ਼ਰ ਆਏ

ਜਿਵੇਂ ਕੋਈ ਨਦੀ
ਆਪਣਾ ਰਾਹ ਤਲਾਸ਼ ਲੈਂਦੀ ਹੈ
ਤੂੰ ਵੀ ਮੇਰੇ ਮਨ
ਆਪਣਾ ਰਾਹ ਤਲਾਸ਼ ਲੈ
ਆਪਣੇ ਪੈਰਾਂ 'ਚ ਸਫ਼ਰ
ਨਜ਼ਰ 'ਚ ਮੰਜ਼ਿਲਾਂ ਉਤਾਰ ਲੈ
*

## ਮੁੜਨ ਦਾ ਭਾਰ

ਉਹ ਜਦੋਂ ਘਰੋਂ ਨਿਕਲਦਾ
ਆਪਣੇ ਆਪ 'ਤੇ
ਮੁੜਨ ਦਾ ਭਾਰ ਲੱਦ ਲੈਂਦਾ
ਤੇ ਆਪਣੇ ਪੈਰਾਂ ਨੂੰ ਕਹਿੰਦਾ
ਜੇ ਮੈਂ ਮੁੜਨਾ ਵੀ ਚਾਹਾਂ
ਤੁਸਾਂ ਮੇਰਾ ਕਹਿਣਾ ਨਹੀਂ ਮੰਨਣਾ
ਚਲਦੇ ਹੀ ਰਹਿਣਾ ਹੈ
ਚਲਦੇ ਹੀ ਰਹਿਣਾ ਹੈ

ਉਹ ਅਜੇ
ਘਰੋਂ ਥੋੜ੍ਹੀ ਹੀ ਦੂਰ ਗਿਆ ਸੀ
ਆਪਣੇ 'ਤੇ ਲੱਦੇ ਭਾਰ ਹੇਠਾਂ ਥੱਕ ਗਿਆ
ਭਾਰ ਆਪਣੇ ਤੋਂ ਉਤਾਰ ਕੇ
ਰਾਹ 'ਤੇ ਰੱਖ ਦਿੱਤਾ
ਤੇ ਫਿਰ ਸਫ਼ਰ ਦਾ ਆਗਾਜ਼ ਕਰ ਦਿੱਤਾ

ਤੁਰਦਾ ਤੁਰਦਾ ਇਕ ਨਗਰੀ 'ਚ ਪੁੱਜਾ
ਉਸ ਨੇ ਡਿੱਠਾ ਕਿ ਸਭ ਲੋਕ ਪਰਾਏ ਹਨ
ਅਜਨਬੀ ਹਨ ਜਾਣੇ ਪਹਿਚਾਣੇ ਨਹੀਂ
ਗਲੀਆਂ ਸੜਕਾਂ ਚੌਂਕ ਚੌਰਾਹੇ ਸਭ ਓਪਰੇ ਹਨ
ਨਗਰੀ ਦੇ ਲੋਕ
ਉਸ ਵੱਲ ਅੱਖਾਂ ਫਾੜ-ਫਾੜ ਵੇਖਦੇ ਹਨ
ਉਸ ਦਾ ਸਰੀਰ ਉਧੇੜਦੇ ਹਨ
ਉਸ ਨੂੰ ਪਰਤ-ਦਰ-ਪਰਤ ਖੋਲ੍ਹਦੇ ਹਨ
ਉਸ ਦਾ ਆਪਾ ਟੋਲਦੇ ਹਨ
ਸੋਚਦੇ ਇਹ ਕੌਣ ਹੈ—ਕੀ ਹੈ
ਉਸ ਨੂੰ ਇਹ ਚੰਗਾ ਨਾ ਲੱਗਾ
ਉਹ ਆਪਣੀ ਦੇਹ ਦਾ ਦਰਵਾਜ਼ਾ ਬੰਦ ਕਰ
ਅਗਲੀ ਨਗਰੀ ਵੱਲ ਤੁਰ ਪਿਆ

ਇਹ ਨਗਰੀ ਉਸ ਨੂੰ ਆਪਣੀ ਲੱਗੀ
ਗਲੀਆਂ ਸੜਕਾਂ ਚੌਂਕ ਚੌਰਾਹਿਆਂ 'ਚੋਂ
ਉਸ ਨੂੰ ਅਪਣੱਤ ਨਜ਼ਰ ਆਈ
ਨਗਰੀ ਦੇ ਲੋਕਾਂ 'ਚੋਂ
ਉਸ ਨੂੰ ਆਪਣਾ ਚਿਹਰਾ
ਤੇ ਆਪਣੇ ਚਿਹਰੇ 'ਚੋਂ
ਨਗਰੀ ਦੇ ਲੋਕ ਨਜ਼ਰ ਆਏ
ਉਹ ਬੜਾ ਖ਼ੁਸ਼ ਸੀ
ਉਸ ਸੋਚਿਆ ਇਹ ਨਗਰੀ
ਮੇਰੀ ਦੇਹ ਦਾ ਸਾਇਆ ਹੈ
ਸਭ ਕੁਝ ਆਪਣਾ ਹੈ
ਕੁਝ ਵੀ ਨਾ ਪਰਾਇਆ ਹੈ
ਉਸ ਦਾ ਸਾਇਆ ਉਸ 'ਚੋਂ ਬੋਲਿਆ—
ਇਹ ਨਗਰੀ ਤਾਂ ਸਾਇਆ ਹੈ
ਤੇਰੀ ਦੇਹ ਨਹੀਂ
ਸਾਏ ਦਾ ਸੱਚ ਨਹੀਂ

ਤੇਰੇ ਘਰ ਦੀ ਨਗਰੀ ਦਾ ਲਹੂ
ਤੇਰੇ 'ਚ ਸਮਾਇਆ ਹੈ
ਉਸ ਨਗਰੀ ਨੇ ਤੇਰਾ ਜਿਸਮ ਘੜਿਆ ਹੈ
ਤੈਨੂੰ ਤੁਰਨਾ ਬੋਲਣਾ ਤੇ
ਜਿਉਣਾ ਸਿਖਾਇਆ ਹੈ
ਉਸ ਨਗਰੀ ਦਾ ਵਜੂਦ ਤੇਰਾ ਹੈ
ਲੋਕ ਤੇਰੇ ਹਨ
ਤੂੰ ਜਿਸਮ ਹੈ ਉਸ ਦਾ
ਉਹ ਤੇਰਾ ਚਿਹਰਾ ਹੈ
ਤੂੰ ਐਵੇਂ ਸਾਇਆਂ ਦੇ ਪਿੱਛੇ ਦੌੜਦਾ ਹੈਂ
ਜੋ ਤੇਰੇ ਘਰ 'ਚ ਵੱਸਦਾ ਹੈ
ਉਸ ਨੂੰ ਬਾਹਰ ਟੋਲਦਾ ਹੈਂ

ਇਹ ਸੁਣ
ਉਹ ਨਗਰੀ ਤਿਆਗ
ਆਪਣੀ ਨਗਰੀ ਤੇ ਘਰ ਵੱਲ ਮੁੜਿਆ
ਰਸਤੇ 'ਚ ਬੋਝ ਦੇ ਕੋਲੋਂ ਜਦ ਲੰਘਿਆ
ਤਾਂ ਬੋਲਿਆ—
ਤੂੰ ਇਥੇ ਹੀ ਪਿਆ ਹੈਂ
ਬੋਝ ਬੋਲਿਆ—
ਮੈਂ ਤੈਨੂੰ ਉਡੀਕਦਾ ਸਾਂ
ਮੈਨੂੰ ਵਿਸ਼ਵਾਸ ਸੀ
ਤੂੰ ਪਰਤ ਕੇ ਜ਼ਰੂਰ ਆਵੇਂਗਾ
ਮੈਨੂੰ ਮੋਢਿਆਂ 'ਤੇ ਉਠਾਵੇਂਗਾ
ਤੇ ਵਾਪਸ ਘਰ ਲੈ ਜਾਵੇਂਗਾ
ਉਸ ਦੇ ਪੈਰ ਬੋਲੇ—
ਅਸੀਂ ਵਾਪਸ ਨਹੀਂ ਮੁੜਨਾ

ਤੂੰ ਆਖਿਆ ਸੀ—
ਉਸ ਨੇ ਬੋਝ ਮੋਢਿਆਂ 'ਤੇ ਧਰਿਆ
ਪੈਰ ਉਤਾਰ ਕੇ ਬੋਝੇ 'ਚ ਪਾਏ
ਤੇ ਘਰ ਵੱਲ ਤੁਰ ਪਿਆ

*

# ਨਦੀ

ਉਹ ਵਗਦੀ ਨਦੀ ਸੀ
ਮੈਂ ਕਿਨਾਰਾ
ਮੈਂ ਉਸ ਨੂੰ ਆਪਣੇ ਹੱਥਾਂ 'ਤੇ ਉਠਾਈ ਖੜ੍ਹਾ ਸਾਂ
ਪਰ ਉਹ
ਵਗਦੀ ਹੀ ਜਾ ਰਹੀ ਸੀ
ਵਗਦੀ ਹੀ ਜਾ ਰਹੀ ਸੀ

ਉਹ ਨਾ ਮੇਰੇ ਹੱਥਾਂ ਵੱਲ ਵੇਖਦੀ
ਨਾ ਮੇਰਾ ਚਿਹਰਾ ਪਹਿਚਾਣਦੀ
ਨਾ ਮੇਰੇ ਦਿਲ 'ਚ ਝਾਕਦੀ
ਮੈਂ ਸਦੀਆਂ ਤੋਂ
ਆਪਣੇ ਹੱਥਾਂ 'ਤੇ ਉਠਾਈ
ਇਸ ਉਡੀਕ 'ਚ ਸੀ
ਉਹ ਕਦੀ ਤਾਂ ਰੁਕੇ
ਮੇਰੀਆਂ ਅੱਖਾਂ 'ਚ ਝਾਕੇ
ਮੇਰੇ ਦਿਲ ਦੀ ਧੜਕਣ ਸੁਣੇ
ਪਲ ਭਰ ਤਾਂ ਰੁਕੇ

ਕਿਨਾਰੇ ਦੇ ਰੁੱਖ
ਉਹ ਪਿੱਛੇ ਛੱਡਦੀ ਜਾ ਰਹੀ ਸੀ
ਆਪਣੀ ਧੁਨ 'ਚ ਵਗਦੀ
ਪਤਾ ਨਹੀਂ ਉਸ ਦਾ ਕੀ ਸੰਕਲਪ ਸੀ
ਕੀ ਅਰਥ ਸੀ—ਕੀ ਸ਼ਬਦ ਸੀ
ਕੀ ਸ਼ਬਦ ਦਾ ਵਜੂਦ ਸੀ
ਜਿਸ ਵੱਲ ਉਹ ਸਰਪਟ ਦੌੜ ਰਹੀ ਸੀ
ਜਿਸ 'ਚ ਲੀਨ ਹੋਣ ਦੀ ਇੱਛਾ
ਉਸ ਨੂੰ ਆਪਣਾ ਆਪਾ
ਤੇ ਕਿਨਾਰੇ ਭੁਲਾ ਰਹੀ ਸੀ

ਨਦੀ 'ਚ ਸੂਰਜ ਚੜ੍ਹਦਾ ਤੇ ਡੁੱਬਦਾ
ਨਦੀ ਹਮੇਸ਼ਾ ਹੀ ਚੜ੍ਹੀ ਰਹਿੰਦੀ
ਕਦੀ ਨਾ ਲਹਿੰਦੀ

ਮੈਂ ਕਿਨਾਰਾ
ਆਪਣਾ ਵਜੂਦ
ਨਦੀ ਦੇ ਵਜੂਦ 'ਚ ਢਾਲਿਆ
ਨਦੀ ਦੇ ਸੰਕਲਪ 'ਚ ਉਤਾਰਿਆ
ਨਦੀ ਦੇਂ ਅਰਥ ਨੂੰ ਪੀਤਾ
ਨਦੀ ਦੇ ਸ਼ਬਦ ਦਾ ਵਜੂਦ ਹੋ ਗਿਆ
ਆਪਣਾ ਆਪਾ ਭੁੱਲ ਗਿਆ
ਨਦੀ ਦਾ ਸਰੂਪ ਹੋ ਗਿਆ

ਮੇਰੇ 'ਚੋਂ
ਇਕ ਸਹਿਰਾ ਉੱਗ ਆਇਆ
ਇਕ ਸੁੱਕਾ ਸਾਗਰ
ਮੇਰੇ 'ਚ ਉਤਰ ਆਇਆ
ਮੇਰਾ ਵਜੂਦ
ਸੜਦੀ ਰੇਤ ਨਾਲ ਭਰ ਗਿਆ
ਮੈਂ ਤਪਦਾ ਥਲ ਬਣ ਗਿਆ
ਜਿਸ 'ਚ ਸੂਰਜ ਭੁੱਜਦਾ ਹੈ
ਧਰਤੀ ਰਿੱਝਦੀ ਹੈ
ਅੰਬਰ ਉਬਲਦਾ ਹੈ
ਜਿਸ 'ਚ ਔੜ ਪੁੰਗਰਦੀ ਹੈ
ਹਰਿਆਵਲ ਸੁੱਕਦੀ ਹੈ
ਜ਼ਿੰਦਗੀ ਦਮ ਤੋੜਦੀ ਹੈ

ਨਦੀ ਨੇ
ਜਦ ਆਪਣੇ ਸੰਕਲਪ ਅਰਥ
ਸ਼ਬਦ ਦਾ ਵਜੂਦ ਮੇਰੇ 'ਚ ਵੇਖਿਆ
ਉਥੇ ਹੀ ਰੁਕ ਗਈ

ਸਾਰੀ ਦੀ ਸਾਰੀ ਨਦੀ
ਮੇਰੇ ਵਜੂਦ 'ਚ ਡੁੱਲ੍ਹ ਗਈ
ਮੇਰਾ ਵਜੂਦ ਹੋ ਗਈ
ਆਪਣੀ ਹੋਂਦ ਭੁੱਲ ਗਈ
*

## ਭੀੜ

ਭੀੜ 'ਚੋਂ ਹੀ
ਮੈਂ ਸਿੱਖਿਆ ਹੈ ਅਲੱਗ ਹੋਣਾ
ਆਪਣਾ ਅੰਬਰ ਸਿਰਜਣਾ
ਆਪਣੀ ਧਰਤੀ 'ਤੇ ਤੁਰਨਾ
ਭੀੜ ਦੇ ਪੈਰਾਂ 'ਚੋਂ
ਆਪਣੇ ਪੈਰਾਂ 'ਤੇ ਵੱਖ ਹੋਣਾ

ਮੈਂ ਭੀੜ 'ਚ ਉਤਰਿਆ
ਭੀੜ ਮੇਰੇ 'ਚ ਉਤਰੀ
ਮੈਂ ਭੇਡਾਂ 'ਚ ਰਲ ਗਿਆ
ਸਿਰ ਸਥੂਲ ਹੋ ਗਿਆ
ਸੂਝ ਪੈਰਾਂ 'ਚ ਉਤਰ ਆਈ
ਮੈਂ ਆਪਣੀ ਪਹਿਚਾਣ ਗੁਆ ਬੈਠਾ
ਭੀੜ ਦੀ ਪਹਿਚਾਣ ਹੋ ਗਿਆ

ਮੈਂ ਸਾਇਆਂ ਵਾਂਗ ਕੰਧਾਂ 'ਤੇ
ਤੁਰਦਾ ਫਿਰਦਾ ਨਜ਼ਰ ਆਉਂਦਾ ਹਾਂ
ਮੇਰਾ ਸੱਚ ਮੇਰੇ ਤੋਂ ਦੂਰ ਹੈ
ਮੈਂ ਸੱਚ ਦਾ ਭਰਮ ਜਿਉਂਦਾ ਹਾਂ
ਕਾਲੇ ਅੱਖਰਾਂ ਦਾ ਚਿੱਟਾ ਗਿਆਨ
ਮੈਨੂੰ ਹਨੇਰਾ ਲੱਗਦਾ ਹੈ
ਮੈਂ ਭੀੜ ਦੇ ਹਰ ਚਿਹਰੇ ਦਾ ਦਿਸ਼ਾਹੀਣ
ਸੱਚ ਹੰਢਾਉਂਦਾ ਹਾਂ
ਸਿਰ ਦਾ ਫਟਿਆ ਅੰਬਰ
ਮੂਰਖਤਾ ਸੰਗ ਸਿਉਂਦਾ ਹਾਂ
ਧਰਤੀ ਨਕਸ਼ੇ 'ਤੇ ਵਹਾਉਂਦਾ ਹਾਂ
ਮੈਂ ਭੀੜ ਦਾ ਹਿੱਸਾ
ਦਫ਼ਤਰੀ ਫਾਇਲਾਂ 'ਚ
ਕਾਗ਼ਜ਼ਾਂ 'ਤੇ ਕਣਕ ਉਗਾਉਂਦਾ ਹਾਂ

ਜਿਧਰ ਨੂੰ ਭੀੜ ਤੁਰਦੀ ਹੈ
ਮੈਂ ਉਧਰ ਹੀ ਜਾਂਦਾ ਹਾਂ

ਭੀੜ ਦੇ ਵਜੂਦ 'ਚ ਮੇਰੀ
ਸਿਰਜਕ ਤੇ ਚੇਤਨ ਸ਼ਕਤੀ ਪਥਰਾ ਗਈ ਹੈ
ਭੀੜ ਦੇ ਸ਼ੋਰ 'ਚ ਮੇਰੀ ਚੁੱਪ ਦਾ
ਲਹਿਜ਼ਾ ਗੁਆਚ ਗਿਆ ਹੈ
ਸਾਰੀ ਦੀ ਸਾਰੀ ਭੀੜ
ਸਾਰੀ ਦੀ ਸਾਰੀ ਭੀੜ ਦੀ ਰਹਿਨੁਮਾਈ ਕਰਦੀ ਹੈ
ਇਸ ਭੀੜ ਦੇ ਵਜੂਦ 'ਚ
ਮੇਰੇ ਪਿੰਡ ਦੇ ਰੁੱਖ 'ਚੋਂ ਕੁਝ ਨਹੀਂ ਪੁੰਗਰਦਾ
ਮੇਰੀ ਛਾਂ ਹੀ
ਮੇਰੀ ਛਾਂ 'ਚ ਗੁਆਚ ਗਈ ਹੈ
ਇਸ ਭੀੜ ਦੇ ਵਜੂਦ 'ਚੋਂ ਕਿਵੇਂ ਨਿਕਲਾਂ
ਇਹ ਭੀੜ ਮੇਰਾ ਵਜੂਦ ਖਾ ਗਈ ਹੈ

ਭੀੜ 'ਚ ਪੈਰ ਚੱਲਦੇ ਹਨ
ਸਿਰ ਨਹੀਂ ਚੱਲਦਾ
ਮੈਂ ਪੈਰਾਂ ਨੂੰ ਸਮਝਾਇਆ
ਕਿ ਭੀੜ ਦੇ ਪੈਰਾਂ ਤੋਂ ਹੌਲੀ ਤੁਰੋ
ਹੌਲੀ ਤੁਰਿਆਂ
ਭੀੜ ਤੋਂ ਪਿੱਛੇ ਰਹਿ ਗਿਆ
ਭੀੜ ਅੱਗੇ ਨਿਕਲ ਗਈ
ਮੈਂ ਭੀੜ ਤੋਂ ਅਲੱਗ ਹੋ ਗਿਆ

ਭੀੜ ਨੇ ਪਿੱਛੇ ਮੁੜ ਕੇ
ਜਦ ਮੇਰੇ ਵੱਲ ਵੇਖਿਆ
ਭੀੜ ਦੇ ਅੱਗੇ ਵੱਲ ਭੀੜ ਦੀ
ਪਿੱਠ ਹੋ ਗਈ
ਮੇਰੀ ਪਿੱਠ ਵੱਲ ਭੀੜ ਦਾ ਮੂੰਹ ਹੋ ਗਿਆ
ਭੀੜ ਮੇਰੇ ਪਿੱਛੇ

ਬਿਨਾ ਕੁਝ ਸੋਚੇ ਸਮਝੇ ਆ ਰਹੀ ਸੀ
ਮੈਂ ਆਪਣੇ ਘਰ ਵੱਲ ਪਰਤ ਰਿਹਾ ਸਾਂ
ਮੇਰੀ ਨਜ਼ਰ 'ਚ
ਮੇਰਾ ਘਰ ਮੰਜ਼ਿਲ ਸੀ
ਚੇਤਨਾ 'ਚ ਘਰ ਦੀਆਂ ਕੰਧਾਂ ਛੱਤਾਂ
ਵਿਹੜਾ ਬੂਹੇ ਦਾ ਵਿਸਥਾਰ ਸੀ
ਘਰ ਦਾ ਅਕਾਰ ਸੀ

ਭੀੜ ਦੀ
ਬਸ ਪਿੱਛੇ ਲੱਗਣ ਦੀ ਆਦਤ ਸੀ
ਭੀੜ ਦੇ ਬਦਨ 'ਚੋਂ ਸਿਰ ਮਨਫ਼ੀ ਸੀ
ਭੀੜ ਪੈਰਾਂ ਦੀ ਗੁਲਾਮ ਸੀ
ਭੀੜ ਨੇ ਮੈਨੂੰ ਅਲੱਗਤਾ ਦੇ ਸੱਚ ਦਾ
ਮੁੱਲ ਸਿਖਾ ਦਿੱਤਾ
ਮੈਂ ਛੱਡਿਆ ਭੀੜ ਨੂੰ
ਆਪਣੇ ਸੱਚ ਦਾ ਮੁੱਲ ਪਾ ਦਿੱਤਾ

ਭੀੜ 'ਚੋਂ ਹੀ ਮੈਂ
ਸਿੱਖਿਆ ਹੈ ਅਲੱਗ ਹੋਣਾ
ਆਪਣਾ ਅੰਬਰ ਸਿਰਜਣਾ
ਆਪਣੀ ਧਰਤੀ 'ਤੇ ਤੁਰਨਾ
ਭੀੜ ਦੇ ਪੈਰਾਂ 'ਚੋਂ
ਆਪਣੇ ਪੈਰਾਂ 'ਤੇ ਵੱਖ ਹੋਣਾ
*

## ਫੁੱਲ ਤੇ ਪੱਥਰ

ਮੇਰੇ ਦਿਲ ਦੁਆਲੇ
ਪੱਥਰ ਹੀ ਪੱਥਰ ਹਨ
ਪੱਥਰਾਂ ਦੇ ਚਿਹਰੇ ਹਨ
ਜੋ ਜਨਮਦੇ ਪੱਥਰ ਨਹੀਂ ਸਨ
ਜਿਉਂ ਜਿਉਂ ਉਮਰ 'ਚ ਪੈਰ ਧਰਦੇ ਗਏ
ਫੁੱਲਾਂ ਤੋਂ ਪੱਥਰ ਬਣਦੇਂ ਗਏ

ਇਕ ਚਿਹਰੇ ਦੀ ਅੱਖ ਰੋਈ
ਅੱਥਰੂ ਧਰਤੀ 'ਤੇ ਡਿੱਗਾ
ਤੇ ਪੱਥਰ ਹੋ ਗਿਆ

ਇਕ ਚਿਹਰਾ
ਪਹਿਲੀ ਵਾਰ ਹੱਸਿਆ
ਹਾਸਾ ਪੌਣਾਂ 'ਚ ਖਿਲਾਰਿਆ
ਤੇ ਕੰਕਰ ਕੰਕਰ ਹੋ ਗਿਆ

ਇਕ ਖ਼ੁਸ਼ਬੂ ਨੇ ਅੱਖ ਖੋਲ੍ਹੀ
ਆਪਣਾ ਆਪਾ ਤੱਕਿਆ
ਤੇ ਖੰਡਰ ਹੋ ਗਈ

ਕਲੀਆਂ ਦਾ ਹੁਸਨ
ਧੁੱਪਾਂ 'ਚ ਖਿੜਿਆ
ਸੂਰਜ ਦੀ ਨਜ਼ਰ ਪਈ
ਤੇ ਬਰਫ਼ ਹੋ ਗਿਆ

ਇਹ ਚਿਹਰੇ ਜ਼ਿੰਦਗੀ 'ਚ ਵਿਚਰਦੇ ਰਹੇ
ਜ਼ਿੰਦਗੀ 'ਚ ਬਹਾਰਾਂ ਰੰਗ
ਖ਼ੁਸ਼ਬੂਆਂ ਤੇ ਰੌਣਕਾਂ ਧਰਦੇ ਰਹੇ
ਜ਼ਿੰਦਗੀ ਦੇ ਟੋਏ ਟਿੱਬੇ
ਹੰਝੂਆਂ ਹਾਸਿਆਂ ਨਾਲ ਭਰਦੇ ਰਹੇ

ਜ਼ਿੰਦਗੀ ਨੇ ਜੋ ਵੀ ਜ਼ਖ਼ਮ
ਇਨ੍ਹਾਂ ਨੂੰ ਦਿੱਤੇ
ਇਨ੍ਹਾਂ ਦੇ ਚਿਹਰਿਆਂ ਦੇ ਦਿਸਦੇ ਨਹੀਂ
ਇਨ੍ਹਾਂ ਦੇ ਦਿਲਾਂ 'ਚੋਂ
ਸਾਰੀ ਉਮਰ ਹੀ ਰਿਸਦੇ ਰਹੇ

ਦਿਲ ਦੇ ਇਹ ਜ਼ਖ਼ਮ
ਕਦੀ ਫੁੱਲ ਕਦੀ ਤਾਰੇ ਬਣੇ
ਕਦੀ ਬਚਪਨ ਦੇ ਅੱਥਰੂ
ਕਦੀ ਜਵਾਨੀ ਦੇ ਅੰਗਿਆਰੇ ਬਣੇ
ਕਦੀ ਸਮੁੰਦਰ ਦੇ ਦਿਲ ਦੇ ਦਾਗ਼ ਹੋ ਗਏ
ਕਦੀ ਧਰਤ ਦਾ ਵੈਰਾਗ਼ ਹੋ ਗਏ
ਕਦੀ ਅੰਬਰ 'ਚ ਖੋਹ ਗਏ
ਕਦੀ ਬੱਦਲ ਹਨ੍ਹੇਰੀਆਂ
ਕਦੀ ਚਿਰਾਗ਼ ਹੋ ਗਏ
ਕਦੀ ਪੱਥਰ ਕਦੀ ਪੌਣਾਂ ਦਾ ਹੱਸਦਾ ਚਿਹਰਾ
ਕਦੀ ਸੂਲਾਂ ਕਦੇ ਗੁਲਾਬ ਹੋ ਗਏ

ਜ਼ਖ਼ਮ ਜੋ ਫੁੱਲ ਤਾਰੇ
ਬਚਪਨ ਦੇ ਅੱਥਰੂ ਜਵਾਨੀ ਦੇ ਅੰਗਿਆਰੇ ਸਨ
ਫੁੱਲਾਂ ਦੀ ਖ਼ੁਸ਼ਬੂ
ਤਾਰਿਆਂ ਦੀ ਛੋਹ ਹੋ ਗਏ
ਸ਼ਬਨਮ ਦਾ ਹੁਸਨ
ਆਫ਼ਤਾਬ ਦੀ ਲੋਅ ਹੋ ਗਏ

ਸਮੁੰਦਰ ਦੇ ਦਾਗ਼
ਭਾਫ਼ ਤੋਂ ਬੱਦਲ ਬਣੇ
ਸ਼ਹਿਰਾਂ ਤੇ ਵਰ੍ਹ ਗਏ
ਅੰਬਰ ਦੇ ਜ਼ਖ਼ਮ
ਅੰਬਰ ਦੇ ਬੋਲਾਂ 'ਚ ਢਲ ਗਏ
ਧਰਤੀ ਦੇ ਵੈਰਾਗੀ ਜ਼ਖ਼ਮ

ਰੁੱਤਾਂ ਮੌਸਮਾਂ ਬਹਾਰਾਂ ਦੀ ਰਾਹ ਹੋ ਗਏ
ਪੌਣਾਂ ਦੇ ਜ਼ਖ਼ਮ
ਚੁੱਪ ਦੀ ਆਵਾਜ਼ ਹੋ ਗਏ

ਪੱਥਰ ਹੋਏ ਜ਼ਖ਼ਮ
ਦਿਲ ਦੀ ਧੜਕਣ 'ਚ ਉਤਰੇ
ਅੱਖਾਂ ਥੀਂ ਦਿਲ ਦਾ ਰਾਜ਼ ਕਹਿ ਗਏ
ਤੁਰ ਨਹੀਂ ਸਨ ਸਕਦੇ
ਤਰ ਨਹੀਂ ਸਨ ਸਕਦੇ
ਉੱਡ ਨਹੀਂ ਸਨ ਸਕਦੇ
ਦਿਲ 'ਚੋਂ ਉੱਗੇ ਸਨ
ਦਿਲ ਦੇ ਪਾਸ ਰਹਿ ਗਏ

*

## ਤੂੰ ਮੇਰੇ ਕੋਲ ਹੁੰਦੀ ਹੈਂ

ਮੈਂ ਤੈਨੂੰ ਸਾਂਵ੍ਹੇਂ ਬਿਠਾ ਕੇ ਵੀ ਵੇਖ ਸਕਦਾ ਹਾਂ
ਨਜ਼ਰਾਂ ਤੋਂ ਹਟਾ ਕੇ ਵੀ ਵੇਖ ਸਕਦਾ ਹਾਂ
ਤੇਰੇ ਅੱਗੋਂ
ਆਪਾ ਹਟਾ ਕੇ ਵੀ ਵੇਖ ਸਕਦਾ ਹਾਂ
ਆਪਾ ਜਗਾ ਕੇ ਵੀ
ਆਪਾ ਬੁਝਾ ਕੇ ਵੀ ਵੇਖ ਸਕਦਾ ਹਾਂ

ਮੈਂ ਉਹ ਦਰਵਾਜ਼ਾ ਹਾਂ
ਜੋ ਅੰਦਰ ਵੱਲ ਵੀ
ਬਾਹਰ ਵੱਲ ਵੀ ਖੁੱਲ੍ਹਦਾ ਹਾਂ
ਮੈਂ ਤੈਨੂੰ ਅੰਦਰ ਬਿਠਾ ਕੇ ਵੀ
ਬਾਹਰ ਬਿਠਾ ਕੇ ਵੀ ਵੇਖ ਸਕਦਾ ਹਾਂ
ਮੈਂ ਤੈਨੂੰ ਅੰਦਰੋਂ ਬਾਹਰੋਂ ਉਠਾ ਕੇ ਵੀ ਵੇਖ ਸਕਦਾ ਹਾਂ

ਤੂੰ ਮੇਰੇ ਕੋਲ ਹੁੰਦੀ ਹੈਂ
ਜਦ ਕੋਈ ਵੀ ਆਪਣੇ ਕੋਲ ਨਹੀਂ ਹੁੰਦਾ
ਤੂੰ ਮੇਰੀ ਚੁੱਪ ਹੁੰਦੀ ਹੈਂ
ਚੁੱਪ ਕੋਲ ਜਦ ਕੋਈ ਵੀ ਬੋਲ ਨਹੀਂ ਹੁੰਦਾ
ਕੋਈ ਸ਼ੋਰ ਨਹੀਂ ਹੁੰਦਾ
ਮੈਂ ਨਹੀਂ ਹੁੰਦਾ—ਤੂੰ ਨਹੀਂ ਹੁੰਦੀ
ਤੇਰੇ 'ਚ ਮੇਰੀ ਚੁੱਪ ਹੁੰਦੀ ਹੈ
ਮੇਰੇ 'ਚ ਤੇਰੀ ਚੁੱਪ ਹੁੰਦੀ ਹੈ

ਬਸ ਚੁੱਪ 'ਚ ਇਕ ਚੁੱਪ ਹੁੰਦੀ ਹੈ
ਚੁੱਪ ਹੀ ਚੁੱਪ ਦਾ ਬੋਲ ਹੁੰਦੀ ਹੈ
ਚੁੱਪ ਹੀ ਚੁੱਪ ਦੇ ਕੋਲ ਹੁੰਦੀ ਹੈ
ਚੁੱਪ ਦਾ ਵਜੂਦ ਨਹੀਂ ਹੁੰਦਾ
ਚੁੱਪ ਦਾ ਕੁਝ ਨਹੀਂ ਹੁੰਦਾ
ਕੁਝ ਨਹੀਂ 'ਚ ਸਭ ਕੁਝ ਹੁੰਦਾ ਹੈ
ਕੁਝ ਨਹੀਂ 'ਚ ਕੁਝ ਵੀ ਦੂਰ ਨਹੀਂ ਹੁੰਦਾ

ਤੂੰ ਮੇਰੇ ਕੋਲ ਹੁੰਦੀ ਹੈਂ
ਜਦ ਮੈਂ ਵੀ ਆਪਣੇ ਕੋਲ ਨਹੀਂ ਹੁੰਦਾ
ਤੂੰ ਮੇਰੀ ਚੁੱਪ ਹੁੰਦੀ ਹੈਂ
ਚੁੱਪ 'ਚ ਜਦ ਕੋਈ ਵੀ ਬੋਲ ਨਹੀਂ ਹੁੰਦਾ
ਕੋਈ ਸ਼ੋਰ ਨਹੀਂ ਹੁੰਦਾ
*

## ਤੂੰ ਨਦੀ ਮੈਂ ਦਰਿਆ

ਮੈਂ ਜਦੋਂ ਆਪਣਾ ਚਿਹਰਾ
ਤੇਰੇ ਚਿਹਰੇ 'ਚੋਂ ਤੱਕਿਆ
ਮੇਰੇ ਅੰਦਰ ਦਾ ਦਰਿਆ
ਉਬਾਲੇ ਖਾਣ ਲੱਗਾ
ਕੰਢਿਆਂ ਤੋਂ ਬਾਹਰ ਵਹਿਣ ਲੱਗਾ

ਤੂੰ ਜਦੋਂ ਆਪਣਾ ਚਿਹਰਾ
ਮੇਰੇ ਚਿਹਰੇ 'ਚੋਂ ਤੱਕਿਆ
ਤੇਰੇ ਅੰਦਰ ਵਗਦੀ ਨਦੀ 'ਚ
ਬਾੜ੍ਹ ਆ ਗਈ
ਕੰਢਿਆਂ ਤੋਂ ਬਾਹਰ ਵਹਿ ਗਈ

ਤੇਰੇ ਤੇ ਮੇਰੇ ਕਿਨਾਰਿਆਂ ਸੋਚਿਆ
ਹੁਣ ਪਾਣੀ ਸਿਰ ਤੋਂ ਲੰਘ ਗਿਆ ਹੈ
ਤੇਰੇ ਤੇ ਮੇਰੇ ਕਿਨਾਰੇ ਭੁਰ ਗਏ ਖੁਰ ਗਏ
ਮੇਰੇ ਦਰਿਆ ਦਾ ਪਾਣੀ
ਤੇਰੇ ਪਾਣੀ ਨੂੰ ਜਾ ਲੱਗਾ
ਤੇਰੀ ਨਦੀ ਦਾ ਪਾਣੀ ਮੇਰੇ ਪਾਣੀ ਨੂੰ ਆ ਲੱਗਾ
ਪਾਣੀ 'ਚ ਪਾਣੀ ਰਲ ਗਿਆ
ਨਦੀ ਦਾ ਦਰਿਆ 'ਚ ਦਰਿਆ ਦਾ ਨਦੀ 'ਚ
ਵਜੂਦ ਢਲ ਗਿਆ

ਹੁਣ ਦਰਿਆ ਸ਼ਾਂਤ ਸੀ—ਨਦੀ ਸ਼ਾਂਤ ਸੀ
ਦੋਹਾਂ ਦੇ ਮੇਲ 'ਚੋਂ ਇਕ ਨਵਾਂ ਵਹਿਣ ਜਨਮਿਆ
ਦੋਹਾਂ ਦੇ ਮਸਤਕ 'ਚ ਚੰਨ ਸੂਰਜ ਤਾਰੇ ਧਰ ਗਿਆ
*

## ਘਰ ਦੀ ਤਲਾਸ਼

ਉਹ
ਉਸ ਦੀ ਤਲਾਸ਼ 'ਚ ਨਿਕਲਿਆ
ਤੇ ਏਨੀ ਦੂਰ ਨਿਕਲ ਗਿਆ
ਕਿ ਆਪਣੇ ਆਪ 'ਚ ਹੀ ਗੁੰਮ ਹੋ ਗਿਆ
ਹੁਣ ਉਸ ਨੂੰ ਢੂੰਡਣਾ ਔਖਾ ਸੀ
ਉਸ ਨੂੰ ਭਾਲਣਾ ਆਪਣਾ ਆਪ ਗੁਆਉਣਾ ਸੀ

ਉਹ ਜਿਸ ਘਰ ਦੀ ਤਲਾਸ਼ 'ਚ ਨਿਕਲਿਆ
ਉਹ ਇਕ ਚੱਲਦਾ ਘਰ ਸੀ
ਘਰ ਦੇ ਚੁੱਲ੍ਹੇ ਅੱਗ ਸੀ
ਚੌਂਕੇ ਦੇ ਘੜੇ 'ਚ ਜਲ ਸੀ
ਤਵੇ 'ਤੇ ਰੋਟੀ ਤੇ ਕੁੰਨੀ 'ਚ ਦਾਲ ਸੀ
ਘਰ ਦੀਆਂ ਕੰਧਾਂ ਛੱਤਾਂ ਬੂਹੇ ਬਾਰੀਆਂ
ਘਰ ਦੀਆਂ ਜ਼ਰੂਰਤਾਂ
ਤੇ ਇਕ ਚੱਲਦੇ ਘਰ ਦਾ ਆਕਾਰ ਸੀ

ਉਸ ਨੂੰ ਆਪਣੀ ਤਲਾਸ਼ 'ਚ
ਇਹ ਸਭ ਕੁਝ ਤਾਂ ਨਾ ਮਿਲਿਆ
ਪਰ ਉਸ ਦੀ ਬੇਰੁਜ਼ਗਾਰੀ ਨੇ
ਉਸ 'ਚੋਂ
ਜਿਉਂਦਾ ਜਾਗਦਾ ਆਦਮੀ ਮੁਕਾ ਦਿੱਤਾ
ਉਸ ਨੂੰ ਪੱਥਰ ਬਣਾ ਦਿੱਤਾ
ਜੋ ਭੁੱਖਾ ਵੀ ਜਿਉਂਦਾ ਸੀ
ਪਿਆਸਾ ਵੀ ਜਿਉਂਦਾ ਸੀ
ਜੀਵਨ ਦੀ ਹਰ ਮੁਥਾਜੀ ਤੋਂ ਮੁਕਤ ਸੀ—ਆਜ਼ਾਦ ਸੀ
ਗਤੀ ਵਿਹੂਣਾ
ਆਪਣੀ ਅਗਤੀ 'ਚ ਆਬਾਦ ਸੀ

ਉਸ ਦੇ ਪਿੱਛੇ
ਉਸ ਦੇ ਖੜ੍ਹੇ ਘਰ ਦਾ ਵਜੂਦ

ਉਸ ਦੀ ਭਾਲ 'ਚ ਨਿਕਲਿਆ
ਤੇ ਉਸ ਪੱਥਰ ਕੋਲ ਆ ਗਿਆ
ਉਸ ਵੇਖਿਆ—
ਉਸ 'ਚ ਅਚੱਲ ਘਰ ਦਾ ਵਜੂਦ ਸੀ
ਅਚੱਲ ਘਰ ਦਾ ਸੱਚ ਉਸ 'ਚ ਮੌਜੂਦ ਸੀ
ਘਰ ਪੱਥਰ ਨੂੰ ਬੋਲਿਆ—
ਤੂੰ ਜਾਣਦਾ ਹੈਂ
ਤੂੰ ਕਿਉਂ ਪੱਥਰ ਹੋ ਗਿਆ ਹੈਂ
ਪੱਥਰ ਨੇ ਆਪਣੀ ਚੁੱਪ 'ਚ ਕਿਹਾ—
ਨਹੀਂ
ਘਰ ਬੋਲਿਆ—
ਤੇਰੀ ਤਲਾਸ਼ ਦੇ ਯਥਾਰਥ 'ਚ
ਇਕ ਖੜ੍ਹੇ ਘਰ ਦਾ ਵਜੂਦ ਸੀ
ਉਹ ਮੇਰਾ ਸੱਚ ਸੀ
ਜੋ ਤੇਰੀ ਚੇਤਨਾ
ਤੇਰੇ ਲਹੂ 'ਚ ਮੌਜੂਦ ਸੀ
ਜਿਸ ਨੇ ਤੈਨੂੰ ਪੱਥਰ ਬਣਾ ਦਿੱਤਾ

ਮੇਰਾ ਅਚੱਲ ਵਜੂਦ
ਤੇਰੀ ਗਤੀ ਦਾ ਯਥਾਰਥ ਸੀ
ਜਿਸ ਨੇ ਮੈਨੂੰ ਚੱਲਣਾ ਸਿਖਾ ਦਿੱਤਾ
ਆਪਣੇ ਆਪ 'ਚੋਂ ਮੇਰਾ ਅਚਲ
ਯਥਾਰਥ ਨਿਚੋੜ ਦੇ
ਆਪਣੀ ਤਲਾਸ਼ ਨੂੰ ਆਪਣੀ ਗਤੀ ਮੋੜ ਦੇ
ਤੂੰ ਅਵੇਗ ਤੋਂ ਵੇਗ ਹੋ ਜਾਵੇਂਗਾ
ਤਵੇ ਦੀ ਰੋਟੀ
ਕੁੰਨੀ ਦੀ ਦਾਲ ਸਦਾਏਂਗਾ
ਘਰ ਦੀ ਹਰ ਜ਼ਰੂਰਤ ਦੀ ਪੂਰਤੀ
ਖ਼ੁਦ ਚੱਲਦਾ ਘਰ ਕਹਾਏਂਗਾ
*

## ਸ਼ੀਸ਼ਾ ਤੇ ਪੱਥਰ

ਸ਼ੀਸ਼ੇ ਨੇ
ਆਪਣਾ ਚਿਹਰਾ ਪੱਥਰ 'ਚੋਂ ਤੱਕਿਆ
ਪੱਥਰ ਟੁਕੜੇ ਟੁਕੜੇ ਹੋ ਗਿਆ
ਪੱਥਰ ਦੇ ਹਰ ਟੁਕੜੇ 'ਚੋਂ
ਹਰ ਨਕਸ਼ ਸ਼ੀਸ਼ੇ ਦਾ ਉੱਠ ਕੇ ਖਲੋ ਗਿਆ

ਟੁਕੜੇ ਹੋਇਆ ਪੱਥਰ ਬੋਲਿਆ—
ਵੇਖ ਐ ਦਰਪਣ
ਮੇਰੇ ਹਰ ਟੁਕੜੇ 'ਚ ਦਰਪਣ ਸਮਾਇਆ ਹੈ
ਮੇਰੇ ਦਰਪਣ ਨੇ
ਆਪਣੇ ਆਪ ਨੂੰ ਪੱਥਰ 'ਚ ਬਿਠਾਇਆ ਹੈ
ਕਿ ਮਾਮੂਲੀ ਠੋਕਰ ਸੰਗ
ਤਿੜਕ ਨਾ ਜਾਏ

ਇਕ ਵਾਰ ਤਿੜਕਿਆ
ਫਿਰ ਆਪਣੀ
ਇਕਾਈ ਨਾਲ ਕਦੀ ਨਹੀਂ ਜੁੜਦਾ
ਜੇ ਜੁੜ ਵੀ ਜਾਏ ਤਾਂ
ਵਾਲ ਨਜ਼ਰ ਆਵੇਗਾ
ਇਸ ਵਾਲ ਦੀ ਪੀੜਾ
ਦਰਪਣੀ ਨੇਤਰ ਸਦਾ ਹੰਢਾਏਗਾ

ਐ ਦਰਪਣ
ਤੇਰੀਆਂ ਨਜ਼ਰਾਂ ਮੇਰੇ 'ਚ ਝਾਕਿਆ ਹੈ
ਮੈਂ ਤੈਨੂੰ
ਆਪਣਾ ਸੱਚ ਵਿਖਾਲਿਆ ਹੈ
ਤੇਰਾ ਸੱਚ ਤੇਰੇ 'ਚ ਸਮਾਇਆ ਹੈ
ਪਰ ਸਾਡੇ ਸੱਚ ਨੇ
ਵੱਖ-ਵੱਖ ਰੰਗ ਰੂਪ
ਤੇ ਵਜੂਦ ਬਣਾਇਆ ਹੈ

ਮੈਂ ਆਪਣੇ ਸੱਚ ਦੁਆਲੇ
ਪੱਥਰ ਦੀ ਬੁੱਕਲ ਮਾਰੀ ਹੈ
ਤੂੰ ਆਪਣੇ ਸੱਚ ਤੋਂ
ਹਰ ਪਰਤ ਉਤਾਰੀ ਹੈ
ਜੋ ਮਾਮੂਲੀ ਚੋਟ ਨਾਲ
ਤੂੰ ਤਿੜਕ ਜਾਂਦਾ ਹੈਂ
ਤੇ ਆਪਣੀ 'ਚ ਆਈ
ਆਂਚ ਨੂੰ ਤੂੰ ਭਰ ਨਹੀਂ ਸਕਦਾ
ਸਮੁੰਦਰ ਚਿਹਰਿਆਂ ਦਾ
ਬੇਸ਼ਕ ਤੂੰ ਰਿੜਕ ਜਾਂਦਾ ਹੈਂ

ਮੈਂ ਪੱਥਰ ਹਾਂ
ਪੱਥਰ 'ਚ ਕਦ ਕੋਈ ਝਾਕਦਾ ਹੈ
ਪੱਥਰ ਨੂੰ ਕਦ ਕੋਈ ਪੁਕਾਰਦਾ ਹੈ
ਪੱਥਰ ਦਾ ਸੱਚ ਜਾਣਨ ਲਈ
ਕਦ ਕੋਈ
ਆਪਣਾ ਆਪ ਪੱਥਰ 'ਚ ਉਤਾਰਦਾ ਹੈ

ਪੱਥਰ ਨੂੰ ਰੱਬ ਬਣਾ ਕੇ
ਮਨੁੱਖ ਸਿਰਫ਼ ਮੰਦਰ 'ਚ ਧਰਦਾ ਹੈ
ਮੰਦਰ 'ਚ ਧਰੇ ਪੱਥਰ 'ਚੋਂ
ਪੱਥਰ ਦਾ ਨਹੀਂ
ਪੱਥਰ 'ਚ ਧਰਿਆ
ਆਪਣਾ ਆਪ ਪੜ੍ਹਦਾ ਹੈ
ਜੋ ਮਨੁੱਖ ਦਾ ਰੱਬ ਕਹਾਉਂਦਾ ਹੈ
ਜੋ ਮਨੁੱਖ ਨੂੰ ਪੱਥਰ 'ਚੋਂ ਨਜ਼ਰ ਆਉਂਦਾ ਹੈ
ਉਹ ਮਨੁੱਖ ਦਾ
ਆਪਣਾ ਸੰਕਲਪਿਆ ਸੱਚ ਹੈ
ਪੱਥਰ ਦਾ ਸੱਚ ਨਹੀਂ
ਪੱਥਰ ਦਾ ਸੱਚ
ਜਿਸ ਮਨੁੱਖ ਨੇ ਵੀ ਪਾਇਆ ਹੈ

ਉਸ ਨੂੰ ਸੰਕਲਪਿਆ ਰੱਬ ਨਹੀਂ
ਉਸ ਨੂੰ ਪੱਥਰ 'ਚ ਵਸਦਾ
ਪੱਥਰ ਦਾ ਯਥਾਰਥ ਰੱਬ ਨਜ਼ਰ ਆਇਆ ਹੈ
ਜੋ ਬੋਲਦਾ ਤੁਰਦਾ ਫਿਰਦਾ
ਤੇ ਪੁਰਸ਼ਾਰਥ ਕਰਦਾ ਹੈ
ਧੰਨੇ ਦੇ ਹੱਲ ਵਾਹੁੰਦਾ ਹੈ
ਖੇਤਾਂ ਨੂੰ ਪਾਣੀ ਲਾਉਂਦਾ ਹੈ
ਧੰਨੇ ਦੇ ਖੇਤਾਂ 'ਚੋਂ ਅੱਜ ਵੀ
ਰੱਬ ਨਜ਼ਰ ਆਉਂਦਾ ਹੈ

ਸ਼ੀਸ਼ੇ ਨੇ
ਆਪਣਾ ਚਿਹਰਾ ਪੱਥਰ 'ਚੋਂ ਤੱਕਿਆ
ਪੱਥਰ ਟੁਕੜੇ ਟੁਕੜੇ ਹੋ ਗਿਆ
ਪੱਥਰ ਦੇ ਹਰ ਟੁਕੜੇ 'ਚੋਂ
ਹਰ ਨਕਸ਼ ਸ਼ੀਸ਼ੇ ਦਾ
ਉੱਠ ਕੇ ਖਲੋ ਗਿਆ
*

## ਨੀਂਦਰ ਤੇ ਸੁਫ਼ਨਾ

ਸੱਜਣਾ
ਤੇਰੇ ਸੁਫ਼ਨੇ ਲਈ
ਲੱਖਾਂ ਅੱਖੀਆਂ ਤ੍ਰਿਹਾਈਆਂ
ਤਾਂਘ ਤੇਰੇ ਸੁਫ਼ਨੇ ਦੀ ਖ਼ਾਤਰ
ਮੇਰੀ ਦੇਹ ਵਿਚ ਉਤਰ ਆਈਆਂ

ਬਣ ਕੇ ਸੁਫ਼ਨਾ ਜੇ ਇਕ ਦਿਨ ਤੂੰ
ਮੇਰੀ ਨੀਂਦਰ ਵਿਚ ਆਵੇਂ
ਮੇਰੇ ਅੰਦਰ ਸੂਰਜ ਚੜ੍ਹ ਜਾਵਣ
ਰੂਪ ਤੇਰੇ ਦਾ ਨੂਰ ਸਮਾਵੇ
ਮੈਂ ਤੇਰੇ ਵਿਚ ਉਤਰ ਜਾਵਾਂ
ਫਿਰ ਕਦੀ ਨਾ
ਆਪਣੇ ਆਪ 'ਚ ਵਾਪਸ ਆਵਾਂ

ਜੇ ਤੂੰ ਮੇਰੀ ਨੀਂਦਰ ਪ੍ਰਣਾਏਂ
ਮੈਂ ਤੇਰੇ ਵਿਚ ਘੁਲ ਜਾਵਾਂ
ਮੀਚ ਲਵਾਂ ਸਦਾ ਲਈ ਅੱਖਾਂ
ਕਬਰਾਂ ਵਿਚ ਤੇਰਾ ਰੂਪ ਹੰਢਾਵਾਂ
ਤੇਰਿਆਂ ਸਾਹਾਂ ਦੇ ਵਿਚ ਮਹਿਕਾਂ
ਤੇਰੀ ਨਜ਼ਰ ਦੇ ਦਿਸਹੱਦਿਆਂ ਤਕ ਖਿੱਲਰ ਜਾਵਾਂ

ਸੱਜਣਾ
ਤੇਰੀਆਂ ਜ਼ੁਲਫ਼ਾਂ ਦੀਆਂ ਘਟਨਾਵਾਂ
ਜੋ ਮੇਰੀ ਦੁਨੀਆ ਦੀ ਨਗਰੀ ਆਵਣ
ਮੇਰੀ ਨਗਰੀ ਦਾ ਹਰ ਕੂਚਾ
ਗਲੀਆਂ ਸੜਕਾਂ ਚੌਂਕ ਚੌਰਾਹੇ ਵਿਚ
ਘਟਾਵਾਂ ਦੇ ਭਿੱਜ ਜਾਵਣ
ਮੇਰੀ ਨਗਰੀ ਦੇ ਪਿੰਡੇ 'ਚੋਂ
ਬਣ ਬਣ ਸਾਵਣ ਉੱਗਦੀਆਂ ਆਵਣ

ਸੱਜਣਾ!
ਤੇਰੇ ਮੌਸਮ ਰੁੱਤ ਬਹਾਰਾਂ
ਜੇ ਮੇਰੀ ਨਗਰੀ ਫੇਰਾ ਪਾਵਣ
ਮੇਰੀ ਨਗਰੀ ਦੀਆਂ ਖ਼ੁਸ਼ਬੂਆਂ
ਆਪਣੇ ਮੁਕਲਾਵੀਂ ਤੁਰ ਜਾਵਣ
ਸਰਹੱਦਾਂ ਤੋਂ ਫ਼ੌਜੀ ਪਰਤਣ
ਆਪਣੀਆਂ ਆਪਣੀਆਂ
ਨਾਰਾਂ ਸੰਗ ਰੰਗੇ ਜਾਵਣ

ਸੱਜਣਾ!
ਜੇ ਤੇਰਾ ਸਾਇਆ ਮੇਰੇ ਦਰ ਆਵੇ
ਮੇਰੇ ਵਿਹੜੇ ਥਾਲ ਗਗਨ ਦਾ ਉਤਰ ਆਵੇ
ਮੇਰੀ ਛੱਤ ਨੂੰ ਚੰਨ ਤਾਰੇ ਮੱਲਣ
ਮੇਰੇ ਘਰ ਵਿਚ ਸੂਰਜ ਜਗਣ
ਮਹਿਕ ਧਰਤ ਦੀ
ਮੇਰੇ ਵਿਹੜੇ ਖਿੱਲਰ ਜਾਵੇ
ਮੇਰਾ ਵਿਹੜਾ ਤੇਰੇ ਸਾਏ ਦਾ ਸੱਚ ਕਹਾਵੇ

ਸੱਜਣਾ!
ਜੇ ਤੂੰ ਆਪ ਮੇਰੇ ਘਰ ਆਵੇਂ
ਮੇਰਾ ਘਰ ਤੇਰਾ ਹੋ ਜਾਵੇ
ਆਪਣੀ ਹੋਂਦ ਪਹਿਚਾਣ ਮਿਟਾਵੇ
ਤੇਰੀ ਹੋਂਦ ਪਹਿਚਾਣ ਹੋ ਜਾਵੇ
ਮੇਰੇ ਘਰ ਨੂੰ ਨਾ ਗਲੀਆਂ
ਨਾ ਨਗਰੀ ਪਹਿਚਾਣੇ
ਤੇਰਾ ਮੁੱਖ ਤੱਕੇ ਤਾਂ ਜਾਣੇ
ਤੇਰਾ ਚਿਹਰਾ ਮੇਰਾ ਘਰ ਹੈ
ਤੂੰ ਨਹੀਂ ਤਾਂ ਘਰ ਬੇਘਰ ਹੈ
*

## ਪਰਛਾਵੇਂ

ਮੇਰੇ ਅੰਦਰ ਪਰਛਾਵੇਂ ਹਨ
ਬਾਹਰ ਪਰਛਾਵੇਂ ਹਨ
ਪਰਛਾਵਿਆਂ ਦੀ ਭੀੜ ਹੈ
ਮੇਰੇ ਦੁਆਲੇ ਪਰਛਾਵੇਂ
ਗਲੀਆਂ 'ਚ—ਘਰਾਂ 'ਚ
ਸੜਕਾਂ ਤੇ ਬਾਜ਼ਾਰਾਂ 'ਚ
ਪਰਛਾਵੇਂ ਚੌਂਕਾਂ ਚੌਰਾਹਿਆਂ 'ਚ
ਪਰਛਾਵੇਂ ਆਪਣੇ ਪਰਾਇਆਂ 'ਚ

ਇਹ ਪਰਛਾਵੇਂ
ਆਪਣੀਆਂ ਦੇਹਾਂ ਕਬਰਾਂ ਤਿਆਗ
ਸ਼ਹਿਰ ਦੇ ਵਿਚ ਆ ਗਏ ਹਨ
ਦੁਬਾਰਾ ਜਿਉਣ ਲਈ
ਇਨ੍ਹਾਂ ਨੇ ਪਹਿਲੇ ਜਨਮ ਦਾ
ਮੌਤ ਦੀ ਕਬਰ 'ਚ ਪ੍ਰਯੋਗ ਕੀਤਾ ਹੈ
ਆਪਣੇ ਵਿਚਰਨ ਧਰਾਤਲ ਦਾ
ਸੱਚ ਤੇ ਕੂੜ ਪਹਿਚਾਣਿਆ ਹੈ
ਆਪਣੇ ਪੁੰਨਾਂ ਤੇ ਪਾਪਾਂ ਦਾ ਹਿਸਾਬ ਜਾਣਿਆ ਹੈ
ਹੁਣ ਇਹ ਜਾਣਦੇ ਹਨ
ਕਿ ਇਹ ਇਕ ਵਾਰ ਜਨਮ ਕੇ
ਮਰਨਗੇ ਨਹੀਂ
ਧਰਤੀ ਤੇ ਸ਼ਮਸ਼ਾਨ
ਸ਼ਮਸ਼ਾਨ 'ਚ ਕਬਰਾਂ ਧਰਨਗੇ ਨਹੀਂ

ਹੁਣ ਇਹ
ਆਪਣੇ ਘਰਾਂ 'ਚ ਰੱਬ ਦੇ ਨਹੀਂ
ਮੌਤ ਦੇ ਬੁੱਤ ਉਸਾਰਦੇ ਹਨ
ਜਿਉਂਦੇ ਜੀਅ ਆਪਣੇ ਹੀ ਸਿਵੇ
ਆਪਣਿਆਂ ਵਿਹੜਿਆਂ 'ਚ ਬਾਲਦੇ ਹਨ

ਜ਼ਿੰਦਗੀ ਦੀ ਰਾਸ ਨੂੰ
ਮੌਤ ਦੇ ਕੜਾਹੇ 'ਚ ਪਾ ਉਬਾਲਦੇ ਹਨ
ਜ਼ਿੰਦਗੀ ਦੀਆਂ ਰੌਣਕਾਂ 'ਚ
ਉਜਾੜਾਂ ਤੇ ਇਕਾਂਤਾਂ ਉਗਾਉਂਦੇ ਹਨ
ਆਪਣੇ ਆਪ 'ਚ ਚੁੱਪ ਬੀਜਦੇ ਹਨ
ਆਪਣੇ ਆਪ ਨੂੰ
ਜਿਉਂਦੇ ਮੁਰਦੇ ਅਖਵਾਉਂਦੇ ਹਨ

ਇਹ ਸਾਏ ਹਨ
ਇਨ੍ਹਾਂ ਦਾ ਸੱਚ ਕਬਰਾਂ 'ਚ ਪਿਆ ਹੈ
ਇਹ ਆਪਣਾ ਝੂਠ ਜੀਅ ਰਹੇ ਹਨ
ਆਪਣਾ ਝੂਠ ਖਰਚ ਰਹੇ ਹਨ
ਆਪਣੇ ਦੁਆਲੇ
ਇਨ੍ਹਾਂ ਰਿਸ਼ਤਿਆਂ ਦੇ ਦਾਇਰੇ ਵਾਹੇ ਹਨ
ਇਹ ਇਕੱਲੇ ਹੀ ਜਨਮੇ ਸਨ
ਇਕੱਲੇ ਹੀ ਮਰਨਗੇ
ਇਕੱਲੇ ਹੀ ਜੰਮਣਗੇ
ਇਕੱਲੇ ਹੀ ਆਏ ਹਨ
ਇਨ੍ਹਾਂ ਆਪਣੇ 'ਚੋਂ ਆਪਣਾ
ਲੋਭ ਮੋਹ ਕਾਮ ਕ੍ਰੋਧ ਤੇ ਹੰਕਾਰ ਨਿਚੋੜ ਦਿੱਤਾ ਹੈ
ਤੇ ਆਪਣੇ ਜੀਵਨ 'ਚ
ਮੌਤ ਦਾ ਰੰਗ ਘੋਲ ਦਿੱਤਾ ਹੈ

ਇਹ ਸੂਰਜ ਚੜ੍ਹਨ 'ਤੇ
ਜਦ ਜ਼ਿੰਦਗੀ ਉਦੈ ਹੁੰਦੀ ਹੈ
ਸੌਂਦੇ ਹਨ ਸੂਰਜ ਡੁੱਬਣ 'ਤੇ
ਜ਼ਿੰਦਗੀ ਜਦ ਅਸਤ ਹੁੰਦੀ ਹੈ ਤਾਂ ਜਗਦੇ ਹਨ
ਇਨ੍ਹਾਂ ਨੇ ਆਪਣਿਆਂ ਮੱਥਿਆਂ 'ਤੇ
ਕਿਸਮਤ ਦਾ ਨਾਂ ਮੌਤ ਲਿਖਵਾਇਆ ਹੈ
ਆਪਣੇ ਸ਼ਹਿਰ ਦਾ ਨਾਂ
ਸ਼ਮਸ਼ਾਨ ਰੱਖਿਆ ਹੈ

ਇਹ ਪ੍ਰਾਣਾਂ ਬਿਨ
ਕੁਝ ਖਾਂਦੇ ਨਾ ਪੀਂਦੇ ਹਨ
ਇਨ੍ਹਾਂ ਦੀ ਭਾਸ਼ਾ ਚੁੱਪ ਹੈ
ਇਨ੍ਹਾਂ ਦੇ ਘਰਾਂ 'ਚ
ਉਜਾੜਾਂ ਹਨ—ਪੱਤਝੜਾਂ ਹਨ
ਇਕੱਲਤਾ ਦਾ ਬੋਲਬਾਲਾ ਹੈ
ਇਨ੍ਹਾਂ ਦੇ ਪੈਰਾਂ ਦੀ ਧਰਤੀ ਘੁੰਮਦੀ ਨਹੀਂ
ਇਨ੍ਹਾਂ ਦੇ ਸਿਰ ਦਾ ਅੰਬਰ ਭੌਂਦਾ ਨਹੀਂ

ਇਨ੍ਹਾਂ ਦੇ ਦਰਿਆ ਨਦੀਆਂ ਸਾਗਰ
ਸਭ ਰੇਤ ਨਾਲ ਭਰੇ ਹਨ
ਇਨ੍ਹਾਂ ਦੀ ਪ੍ਰਕਿਰਤੀ 'ਚ ਹਰਿਆਵਲ ਨਹੀਂ
ਫੁੱਲਾਂ 'ਚ ਰੰਗ ਨਹੀਂ
ਕਲੀਆਂ 'ਚ ਮਹਿਕ ਨਹੀਂ
ਇਹ ਹਨੇਰੇ 'ਚ ਰਹਿੰਦੇ ਹਨ
ਹਨੇਰੇ 'ਚ ਜਿਉਂਦੇ ਹਨ
ਹਨੇਰੇ 'ਚ ਇਨ੍ਹਾਂ ਦੇ
ਪਰਛਾਵੇਂ ਨਜ਼ਰ ਆਉਂਦੇ ਹਨ
ਇਹ ਇਕ ਦੂਜੇ ਨੂੰ ਜਦ ਮਿਲਦੇ ਹਨ
ਚੁੱਪ ਦੀ ਭਾਸ਼ਾ 'ਚ ਸਲਾਮ ਕਹਿੰਦੇ ਹਨ
ਚੁੱਪ ਦੀ ਭਾਸ਼ਾ 'ਚ
ਮੌਤ ਸੱਚ ਹੈ—ਦਾ ਬੋਲ ਬੋਲਦੇ ਹਨ

ਪਹਿਲੇ ਜਨਮ ਤੋਂ ਬਾਅਦ
ਮੌਤ ਜਿਉ ਕੇ
ਜ਼ੋ ਇਨ੍ਹਾਂ ਪ੍ਰਯੋਗ ਕੀਤਾ ਹੈ
ਉਸ ਪ੍ਰਯੋਗ ਦਾ ਯਥਾਰਥ
ਇਨ੍ਹਾਂ ਜੀਵਨ 'ਚ ਉਤਾਰਿਆ ਹੈ
ਜੀਵਨ ਦਾ ਅਸਲ ਸੱਚ ਪਾਇਆ ਹੈ
ਮਰ ਕੇ ਜਿਉਣਾ ਸਿੱਖ ਗਏ ਹਨ
ਮੌਤ ਤੋਂ ਪਿਛਲੇਰਾ ਜੀਵਨ

ਮੌਤ ਤੋਂ ਪਹਿਲਾਂ ਦੇ ਜੀਵਨ 'ਚ
ਹੰਢਾਇਆ ਹੈ

ਇਨ੍ਹਾਂ ਸਾਇਆਂ
ਮੌਤ ਨੂੰ ਫਤਹਿ ਕੀਤਾ ਹੈ
ਇਸ ਲਈ ਇਹ ਮਰਦੇ ਨਹੀਂ
ਇਹ ਮੌਤ ਤੋਂ ਪਹਿਲਾਂ
ਤੇ ਮੌਤ ਤੋਂ ਪਿੱਛੋਂ ਵੀ ਜਿਉਂਦੇ ਹਨ
*

## ਰੁੱਖ ਤੇ ਪੰਛੀ

ਰੁੱਖ ਸੁੱਤੇ ਪਏ ਹਨ
ਰੁੱਖਾਂ 'ਚ ਸਰਘੀ ਨੇ ਅੱਖ ਖੋਲ੍ਹੀ ਹੈ
ਜੰਗਲ 'ਚ ਪੰਛੀ ਚਹਿਚਹਾ ਰਹੇ ਹਨ
ਸੂਰਜ ਚੜ੍ਹਨ ਦਾ ਗੀਤ ਗਾ ਰਹੇ ਹਨ
ਸੂਰਜ ਦੀਆਂ ਕਿਰਨਾਂ
ਜੰਗਲ ਦੀਆਂ ਜੜ੍ਹਾਂ ਨੂੰ ਚੁੰਮਦੀਆਂ ਹਨ
ਸੱਜਰੀ ਪੌਣ ਨੇ ਸੁਬ੍ਹਾ ਦਾ ਵਾਕ ਲਿਆ ਹੈ
ਸੂਰਜ ਜੰਗਲ ਦੀਆਂ ਜੜ੍ਹਾਂ 'ਚੋਂ
ਉੱਠ ਖਲੋਇਆ ਹੈ
ਜੰਗਲ 'ਚ ਧੁੱਪ ਤੁਰੀ ਹੈ
ਚਾਨਣ ਹੋਇਆ ਹੈ

ਪਰ ਰੁੱਖ ਸੁੱਤੇ ਪਏ ਹਨ
ਰੁੱਖਾਂ 'ਚ ਰਾਤ ਹੈ—ਹਨੇਰਾ ਹੈ
ਰੁੱਖ ਆਪਣੀਆਂ ਜੋਤਾਂ ਬੁਝਾ ਕੇ ਖੜ੍ਹੇ ਹਨ
ਸੋਚਦੇ ਹਨ—
ਅਸੀਂ ਕਿਹੜਾ ਬਾਹਰ ਜਾਣਾ ਹੈ
ਤੁਰਨਾ ਹੈ ਜਾਂ ਘੁੰਮਣਾ ਫਿਰਨਾ ਹੈ
ਕਿਹੜਾ ਕੋਈ ਸਫ਼ਰ ਤੈਅ ਕਰਨਾ ਹੈ
ਆਪਣੇ ਬਿੰਦੂ 'ਚ ਹੀ ਰਹਿਣਾ ਹੈ
ਪਰ ਭੁੱਲ ਗਏ
ਉਨ੍ਹਾਂ ਦਾ ਸਫ਼ਰ
ਜ਼ਿਮੀਂ ਤੋਂ ਅਸਮਾਨ ਵੱਲ ਦਾ ਹੈ
ਜੜ੍ਹਾਂ ਤੋਂ ਸਿਰ ਵੱਲ ਦਾ ਹੈ
ਰੁੱਖ ਤੋਂ ਬੀਜ ਵੱਲ ਦਾ ਹੈ
ਬੀਜ ਤੋਂ ਰੁੱਖ ਵੱਲ ਦਾ ਹੈ
ਫੁੱਲਾਂ ਫਲਾਂ ਟਹਿਣੀਆਂ
ਪੱਤਿਆਂ ਵੱਲ ਦਾ ਹੈ

ਸੁਬ੍ਹਾ ਹੁੰਦੀ ਹੈ
ਪੰਛੀ ਆਪਣੇ ਦਾਣੇ ਚੋਗੇ ਲਈ
ਰੁੱਖ 'ਤੇ ਆਲ੍ਹਣਾ ਤਿਆਗਦੇ ਹਨ
ਰੁੱਖਾਂ ਨੂੰ ਜਗਾਉਂਦੇ ਹਨ
ਰੁੱਖੋ ਜਾਗੋ
ਆਪਣੀ ਗਤੀ ਦਾ ਪੁਰਸਾਰਥ ਕਰੋ
ਆਪਣੇ ਫੁੱਲਾਂ ਫਲਾਂ ਤੇ ਬੀਜ ਵੱਲ ਤੁਰੋ
ਆਪਣੀਆਂ ਜੜ੍ਹਾਂ ਤੋਂ ਸਿਰ ਵੱਲ ਵਧੋ
ਜੇ ਇਸ ਤਰ੍ਹਾਂ ਹੀ ਸੁੱਤੇ ਰਹੋਗੇ
ਤਾਂ ਜੜ੍ਹਾਂ 'ਚ ਸਿਮਟ ਜਾਓਗੇ
ਆਪ ਸੁੱਕੋਗੇ
ਜੰਗਲ ਸੁਕਾਓਗੇ
ਤੁਹਾਡੀ ਹੋਂਦ ਮਿਟ ਜਾਏਗੀ
ਤੁਸੀਂ ਜੜ੍ਹ ਹੋ ਜਾਓਗੇ
ਹਵਾ ਤੇ ਰੌਸ਼ਨੀ ਤੋਂ ਵਾਂਝੇ ਰਹਿ ਜਾਓਗੇ

ਪੰਛੀਆਂ ਦੇ ਸਰਘੀ ਦੇ ਬੋਲ
ਸੁਣ ਰੁੱਖ ਹੁਣ ਜਾਗਦੇ ਹਨ
ਆਪਣੇ ਆਪ 'ਚ ਤੁਰਦੇ ਹਨ
ਟਹਿਣੀਆਂ ਪੱਤਿਆਂ ਫੁੱਲਾਂ
ਫਲਾਂ ਤੇ ਬੀਜ 'ਚ ਝਾਕਦੇ ਹਨ
ਸੂਰਜ ਦੀ ਧੁੱਪ ਤੇ ਕਿਰਨਾਂ ਦਾ ਨਿੱਘ
ਆਪਣੇ ਵਜੂਦ 'ਚ ਉਤਾਰਦੇ ਹਨ
ਸਰਘੀ ਹੁੰਦਿਆਂ ਹੀ ਪੰਛੀ ਪੰਛੀ ਪੁਕਾਰਦੇ ਹਨ

ਪੰਛੀਆਂ ਨੇ
ਜੋ ਸੁੱਤੇ ਰੁੱਖਾਂ ਨੂੰ ਜਗਾਇਆ ਹੈ
ਜੀਵਨ ਗਤੀ ਦਾ
ਅਹਿਸਾਸ ਕਰਵਾਇਆ ਹੈ
ਰੁੱਖਾਂ ਨੂੰ ਪੁਰਸ਼ਾਰਥ ਦਾ ਸੱਚ ਸਮਝਾਇਆ ਹੈ
ਪੁਰਸ਼ਾਰਥ 'ਚੋਂ ਹੀ

ਰੁੱਖਾਂ ਨੇ ਆਪਣਾ ਸੱਚ
ਤੇ ਜੰਗਲ ਦਾ ਪਰਮ ਸੱਚ ਪਾਇਆ ਹੈ

ਸ਼ਾਮ ਢਲੀ
ਪੰਛੀ ਜਦ ਪਰਤਦੇ ਹਨ
ਰੁੱਖ ਜਾਗਦੇ ਹਨ—ਪੰਛੀ ਚੂਕਦੇ ਹਨ
ਹਨੇਰਾ ਹੁੰਦਾ ਹੈ
ਪੰਛੀ ਚੁੱਪ ਹੋ ਜਾਂਦੇ ਹਨ
ਪੰਛੀ ਤੇ ਰੁੱਖ ਦੋਵੇਂ ਸੌਂ ਜਾਂਦੇ ਹਨ
ਸੁਬ੍ਹਾ ਹੁੰਦੀ ਹੈ
ਪੰਛੀ ਤੇ ਰੁੱਖ ਜਾਗਦੇ ਹਨ
ਆਪਣੇ-ਆਪਣੇ ਸਫ਼ਰ 'ਤੇ ਨਿਕਲਦੇ ਹਨ
ਜੰਗਲ 'ਚ
ਸੂਰਜ ਡੁੱਬਦਾ ਹੈ—ਚੜ੍ਹਦਾ ਹੈ
ਜੰਗਲ ਦਾ ਕਾਰੋਬਾਰ ਚੱਲਦਾ ਹੈ
*

## ਚੁੱਪ

ਉਹ
ਆਪਣੀ ਚੁੱਪ 'ਚ ਉਤਰਿਆ
ਤੇ ਚੁੱਪ ਵਿਚਲੇ ਸ਼ੋਰ ਨੂੰ ਮੁਖ਼ਾਤਿਬ ਹੋਇਆ
ਤੂੰ ਕਿਵੇਂ
ਸੁਰ ਸਰਗਮ ਧੁਨ ਸੰਗੀਤ ਤੋਂ ਜਨਮ ਕੇ
ਸ਼ੋਰ ਹੋ ਗਿਆ ਹੈਂ
ਤੇ ਆਪਣੇ ਚਿਹਰੇ ਨੂੰ ਪਿੱਠ ਦੇ ਕੇ
ਚੁੱਪ 'ਚ ਉਤਰ ਗਿਆ ਹੈਂ

ਸ਼ੋਰ ਬੋਲਿਆ—
ਮੈਂ ਹਉਕੇ ਕੂਕ ਚੀਕ ਅੱਥਰੂ
ਸ਼ਬਦ ਅਰਥ ਤੇ
ਸੰਕਲਪ 'ਚੋਂ ਜਨਮਿਆ ਹਾਂ
ਹਰ ਵਾਰ ਇਨ੍ਹਾਂ ਦੀ ਕੁੰਜ ਆਪਣੇ ਤੋਂ
ਉਤਾਰਦਾ ਰਿਹਾ ਹਾਂ
ਬੂੰਦ ਤੋਂ ਸਮੁੰਦਰ—ਕਿਣਕੇ ਤੋਂ ਧਰਤ
ਜ਼ੱਰੇ ਤੋਂ ਅਸਮਾਨ ਹੁੰਦਾ ਜਾ ਰਿਹਾ ਹਾਂ
ਮੈਂ ਬੱਚੇ ਦੀ ਲੋਰੀ ਤੋਂ
ਵਿਸ਼ਵ ਦੇ ਕੰਠ ਦੇ ਸ਼ੋਰ ਦਾ
ਅਕਾਰ ਧਾਰਦਾ ਰਿਹਾ ਹਾਂ

ਵਿਸ਼ਵ ਵਿਚ ਵਿਚਰਿਆ
ਮਨੁੱਖ ਤੋਂ ਮਨੁੱਖਤਾ ਤਕ ਫੈਲਿਆ
ਰੁੱਖਾਂ ਤੋਂ ਰੁੱਖਾਂ ਤਕ ਤੁਰਿਆ
ਜੰਗਲ ਹੋ ਗਿਆ
ਵੱਖ-ਵੱਖ ਪੈਂਤੀ ਅੱਖਰੀਆਂ 'ਚੋਂ ਜਨਮਿਆ
ਮਹਾਨ ਕੋਸ਼ ਹੋ ਗਿਆ
ਮੈਂ ਅਕਾਸ਼ ਹਵਾ ਅੱਗ ਜਲ
ਧਰਤੀ ਦੇ ਸ਼ੋਰ ਦਾ ਵਜੂਦ ਹੋ ਗਿਆ

ਮੇਰਾ ਕੋਈ ਅਕਾਰ ਨਾ ਰਿਹਾ
ਵਿਸਥਾਰ ਦੀ ਹੱਦ ਨਾ ਰਹੀ
ਮੈਂ ਅਥਾਹ ਹੋ ਗਿਆ
ਕੋਈ ਆਰ ਨਾ ਰਿਹਾ
ਮੇਰਾ ਕੋਈ ਪਾਰ ਨਾ ਰਿਹਾ

ਮੈਂ ਇਕ ਦਿਨ
ਆਪਣੇ ਹੀ ਵਿਸਥਾਰ ਦੀ ਪਰਖ ਲਈ
ਆਪਣੇ ਗਲੇ 'ਚੋਂ ਨਿਕਲ
ਫੈਲਣ ਹੀ ਲੱਗਾ ਸਾਂ
ਕਿ ਕਿਸੇ ਨੇ ਮੇਰੇ ਮੂੰਹ 'ਤੇ ਉਂਗਲੀ ਧਰ ਦਿੱਤੀ
ਤੇ ਬੋਲੀ—
ਮੈਂ ਚੁੱਪ ਹਾਂ
ਤੇਰੇ ਤੋਂ ਵੱਡਾ ਸ਼ੋਰ ਹਾਂ
ਉਦੋਂ ਤੋਂ ਮੈਂ ਚੁੱਪ ਹਾਂ
ਉਤਰ ਗਿਆ
ਚੁੱਪ ਦੇ ਆਕਾਰ 'ਚ ਗੁਆਚ ਗਿਆ
ਮੈਨੂੰ ਬਾਹਰ ਨਿਕਲਣ ਦਾ
ਕੋਈ ਰਸਤਾ ਨਾ ਲੱਭਾ
ਮੈਂ ਆਪਣਾ ਸ਼ੋਰ ਭੁੱਲ ਗਿਆ
ਆਪਣੇ ਆਪ ਤੋਂ ਦੂਰ ਹੋ ਗਿਆ
ਚੁੱਪ 'ਚ ਵੱਸਦੇ ਸ਼ੋਰ ਦੀ ਹੀ
ਚੁੱਪ ਹੋ ਗਿਆ
*

## ਤਸਵੀਰ

ਕਿੰਨੀ ਵਾਰ
ਤੁਹਾਡੇ ਸ਼ਬਦਾਂ ਨੇ
ਮੇਰੇ ਅਰਥਾਂ ਦੀ ਦੁਰਵਰਤੋਂ ਕੀਤੀ ਹੈ
ਕਿੰਨੀ ਵਾਰ ਤੁਹਾਡੇ ਰੰਗਾਂ ਨੇ
ਮੇਰੀ ਤਸਵੀਰ ਨੂੰ ਸੂਲੀ 'ਤੇ ਟੰਗਿਆ ਹੈ

ਤੁਹਾਡੇ ਸ਼ਬਦਾਂ ਦੀ ਪਿੱਠ 'ਚੋਂ
ਮੇਰੇ ਅਰਥਾਂ ਦੇ ਚਿਹਰੇ ਉੱਗੇ ਹਨ
ਜਿਨ੍ਹਾਂ ਦੀ ਪਿੱਠ ਨਾਲ ਪਿੱਠ ਜੋੜ ਕੇ
ਤੁਸੀਂ ਵਿਪਰੀਤ ਰਾਹਾਂ 'ਤੇ ਤੁਰਨਾ ਚਾਹੁੰਦੇ ਹੋ

ਤੁਸੀਂ ਆਪਣੀ ਪੱਤਝੜ
ਉਜਾੜ ਤੇ ਸਹਿਰਾ
ਮੇਰੇ ਅਰਥਾਂ 'ਚ ਬੀਜਣਾ ਚਾਹੁੰਦੇ ਹੋ
ਜੋ ਤੁਹਾਡਾ ਵਿਸਥਾਰ ਹੈ—ਆਕਾਰ ਹੈ
ਬਾਰੂਦੀ ਅੱਗ
ਝੁਲਸਿਆ ਅੰਬਰ ਤੇ ਬਾਂਝ ਧਰਤੀ
ਮੇਰੇ ਅਰਥਾਂ 'ਚ ਧਰਨਾ ਚਾਹੁੰਦੇ ਹੋ
ਕਿ ਮੇਰੇ ਅਰਥ
ਪੱਤਝੜਾਂ ਉਜਾੜਾਂ ਸਹਿਰਾ
ਝੁਲਸੇ ਅੰਬਰ ਤੇ
ਬਾਂਝ ਰਹਿਣ ਦਾ ਸਫ਼ਰ ਕਰਦੇ ਰਹਿਣ
ਆਪਣਾ ਸੱਚ ਗੁਵਾਉਂਦੇ ਗੁਵਾਉਂਦੇ
ਤੁਹਾਡੇ ਸ਼ਬਦਾਂ 'ਚ ਢਲ ਜਾਣ
ਸ਼ਬਦਾਂ ਦੇ ਝੂਠ 'ਚ ਰਲ ਜਾਣ

ਤੁਸੀਂ ਸਾਰੀ ਪ੍ਰਕਿਰਤੀ ਦੀ ਸੁਆਹ
ਤੇ ਸਾਰੇ ਪਾਣੀਆਂ ਦੀ ਰੇਤ
ਸਾਰੀ ਹਰਿਆਵਲ ਦੇ ਕੋਲੇ

ਫੁੱਲਾਂ ਦੇ ਰੰਗਾਂ ਦੀਆਂ ਲਾਸ਼ਾਂ
ਕਲੀਆਂ ਦੀ ਮਹਿਕ ਦੇ ਬਲਦੇ ਸਿਵਿਆਂ ਸੰਗ
ਆਪਣੇ ਸ਼ਬਦਾਂ ਵਜੂਦ ਘੜਿਆ ਹੈ

ਰਾਹ ਬੀਜੇ ਹਨ ਮੰਜ਼ਿਲਾਂ ਤੋਂ ਬਿਨਾ
ਪੈਰ ਸਿਰਜੇ ਹਨ ਰਾਹਾਂ ਤੋਂ ਬਿਨਾ
ਸਿਰ ਸਿਰਜੇ ਹਨ ਸੋਚ ਤੋਂ ਬਿਨਾ
ਚੁੱਪ ਸਿਰਜੀ ਹੈ ਬੋਲ ਤੋਂ ਸੱਖਣੀ
ਅੱਖ ਸਿਰਜੀ ਹੈ
ਜਿਸ ਦੀ ਲੋਅ 'ਚ ਪੱਥਰ ਢਾਲਿਆ ਹੈ
ਬੋਲਾਪਣ ਗੂੰਗਾਪਣ
ਤੁਹਾਡੇ ਸ਼ਬਦਾਂ ਨੇ ਤਲੀਆਂ 'ਤੇ ਉਠਾਇਆ ਹੈ

ਤੁਹਾਡੇ ਸ਼ਬਦਾਂ ਦਾ ਕਾਫ਼ਲਾ
ਆਪਣੇ ਸੱਚ ਵੇਖਣ ਲਈ
ਮੇਰੇ ਅਰਥਾਂ ਦੇ ਦਰ 'ਤੇ ਆਇਆ ਹੈ
ਤੁਹਾਡਾ ਸੱਚ
ਮੇਰੇ ਅਰਥਾਂ ਦੇ ਦਰਪਣ 'ਚੋਂ
ਨਜ਼ਰ ਨਹੀਂ ਆ ਸਕਦਾ
ਅਰਥਾਂ ਦਾ ਦਰਪਣ
ਤੁਹਾਡਾ ਸੱਚ ਬੋਲ ਨਹੀਂ ਸਕਦਾ
ਆਪਣਾ ਸੱਚ ਤੁਹਾਡੇ ਸੱਚ 'ਚ ਘੋਲ ਨਹੀਂ ਸਕਦਾ
ਕਿਉਂਕਿ
ਮੇਰੇ ਅਰਥ ਦੇ ਚਿਹਰੇ
ਤੁਹਾਡੀ ਪਿੱਠ 'ਚੋਂ ਉੱਗੇ ਹਨ
ਮੇਰੇ ਅਰਥ ਤੁਹਾਡੇ
ਸ਼ਬਦਾਂ ਦੇ ਚਿਹਰੇ 'ਚੋਂ ਮਨਫ਼ੀ ਹਨ

ਮੈਂ ਆਪਣੇ ਅਰਥਾਂ ਦੀ
ਹਰੀ ਭਰੀ ਖ਼ੁਸ਼ਬੂ ਲੱਦੀ
ਆਕਾਸ਼ ਹਵਾ ਅੱਗ ਜਲ ਧਰਤੀ ਦੀ

ਆਜ਼ਾਦ ਤਸਵੀਰ ਬਣਾਈ ਹੈ
ਸੱਚ ਸੁੰਦਰਤਾ ਤੇ ਕਲਿਆਣ ਜਿਸ ਦੇ ਨਕਸ਼ ਹਨ
ਕਣਕ ਜਿਹਾ ਜਿਸ ਦਾ ਰੰਗ ਹੈ
ਰੋਟਾ ਜਿਹਾ ਜਿਸ ਦਾ ਚਿਹਰਾ ਹੈ
ਅਨਾਜ ਦੇ ਖੇਤਾਂ ਜਿਹਾ
ਜਿਸ ਦਾ ਵਜੂਦ ਹੈ
ਸੂਰਜ ਜਿਹੇ ਜਿਸ ਦੇ ਨੈਣ ਹਨ
ਚੰਨਾਂ ਤਾਰਿਆਂ ਜਿਹਾ
ਜਿਸ ਦਾ ਰੂਪ ਹੈ
ਜਿਸ ਨੂੰ ਮੇਰੇ ਅਰਥਾਂ
ਲਹੂ ਨਾਲ ਰੰਗਿਆ ਹੈ
ਕਿੰਨੀ ਵਾਰ ਤੁਹਾਡੇ ਸ਼ਬਦਾਂ ਦੇ ਰੰਗਾਂ ਨੇ
ਮੇਰੀ ਤਸਵੀਰ ਨੂੰ
ਸੂਲੀ 'ਤੇ ਟੰਗਿਆ ਹੈ

ਕਿੰਨੀ ਵਾਰ
ਤੁਹਾਡੇ ਸ਼ਬਦਾਂ ਨੇ
ਮੇਰੇ ਅਰਥਾਂ ਦੀ ਦੁਰਵਰਤੋਂ ਕੀਤੀ ਹੈ
ਕਿੰਨੀ ਵਾਰ
ਤੁਹਾਡੇ ਸ਼ਬਦਾਂ ਦੇ ਰੰਗਾਂ
ਮੇਰੀ ਤਸਵੀਰ ਨੂੰ ਸੂਲੀ 'ਤੇ ਟੰਗਿਆ ਹੈ
*

# ਤਰਲ ਸ਼ਹਿਰ

ਮੇਰੀ ਪਿੱਠ 'ਤੇ
ਸ਼ਹਿਰ ਉੱਗ ਆਇਆ ਹੈ
ਤਿੜਕੇ ਅੰਗ ਤੇ ਨਕਸ਼
ਮੇਰੀ ਪਿੱਠ 'ਤੇ ਪਸਰ ਗਏ ਹਨ
ਸ਼ਹਿਰ ਦਾ ਖੰਡਰ ਤੇ
ਤਰਲ ਵਜੂਦ ਮੇਰੀ ਪਿੱਠ 'ਚੋਂ ਝਾਕਦਾ ਹੈ

ਮੈਂ ਸ਼ਹਿਰ ਨੂੰ
ਆਪਣੀ ਪਿੱਠ 'ਤੇ ਉੱਗਣ ਲਈ
ਤਾਂ ਨਹੀਂ ਸੀ ਕਿਹਾ
ਚਿਹਰੇ 'ਤੇ ਉੱਗਣ ਲਈ
ਅਰਜ਼ੋਈ ਕੀਤੀ ਸੀ
ਮੰਦਰ ਦੀ ਜੋਤ ਨੂੰ
ਮਸਤਕ 'ਚ ਜਗਣ ਲਈ ਕਿਹਾ ਸੀ
ਸ਼ਹਿਰ ਦੀ ਭੀੜ ਨੂੰ
ਆਪਣੇ ਲਹੂ 'ਚ ਤੁਰਨ ਲਈ
ਸੜਕਾਂ ਗਲੀਆਂ ਚੌਂਕਾਂ ਚੌਰਾਹਿਆਂ ਨੂੰ
ਆਪਣੀਆਂ ਨਾੜਾਂ 'ਚ ਉਭਰਨ ਲਈ ਕਿਹਾ ਸੀ
ਤਾਂ ਕਿ ਸ਼ਹਿਰ ਮੇਰੀ ਪਹਿਚਾਣ ਹੋ ਸਕਦਾ
ਮੈਂ ਸ਼ਹਿਰ ਦੀ ਪਹਿਚਾਣ ਹੋ ਸਕਦਾ

ਮੇਰੇ ਚਿਹਰੇ 'ਤੇ ਉੱਗਿਆ ਸ਼ਹਿਰ
ਮੇਰੇ ਮਸਤਕ 'ਚ ਜਗਦੀ ਜੋਤ
ਮੇਰੇ ਲਹੂ 'ਚ ਤੁਰਦੀ ਭੀੜ
ਨਾੜਾਂ 'ਚ ਉਤਰੀਆਂ ਗਲੀਆਂ
ਸੜਕਾਂ ਚੌਂਕ ਤੇ ਚੌਰਾਹੇ ਦੇਖਣਾ ਹੈ
ਮੈਨੂੰ ਆਪਣੇ ਆਪ 'ਚ ਬੀਜਦੇ ਹਨ
ਜਾਂ ਮੇਰੇ 'ਚੋਂ ਉੱਗਦੇ ਹਨ

ਜੇ ਮੈਨੂੰ
ਆਪਣੇ ਆਪ 'ਚ ਬੀਜਣਗੇ
ਤਾਂ ਮੈਂ
ਉਨ੍ਹਾਂ ਦੀ ਪਿੱਠ 'ਤੇ ਉੱਗਣ ਲਈ ਨਹੀਂ ਜਨਮਾਂਗਾ
ਉਨ੍ਹਾਂ ਦੇ ਨੈਣਾਂ 'ਚ ਪਸਰਾਂਗਾ
ਉਨ੍ਹਾਂ ਦੇ ਲਹੂ 'ਚ ਜੀਵਾਂਗਾ
ਉਨ੍ਹਾਂ ਨੂੰ ਆਪਣੇ 'ਚ ਉਤਾਰਾਂਗਾ
ਉਨ੍ਹਾਂ ਦੀ ਪਿੱਠ ਨਹੀਂ
ਉਨ੍ਹਾਂ ਦਾ ਅੱਗਾ ਕਹਾਵਾਂਗਾ

ਜੇ ਮੇਰੇ 'ਚੋਂ ਉਹ ਉੱਗਦੇ ਹਨ
ਤਾਂ ਉੱਗਣ ਤੋਂ ਪਹਿਲਾਂ
ਉਨ੍ਹਾਂ ਦੇ ਬੀਜ 'ਚ
ਮੈਂ ਆਪਣਾ ਰੁੱਖ ਧਰ ਆਵਾਂਗਾ
ਉਨ੍ਹਾਂ ਦੀ ਪਿੱਠ 'ਤੇ ਮੂੰਹ ਨੱਕ ਅੱਖਾਂ
ਪੂਰਾ ਚਿਹਰਾ ਬਣਾਵਾਂਗਾ
ਉਨ੍ਹਾਂ ਦੀ ਪਿੱਠ 'ਚੋਂ
ਉਨ੍ਹਾਂ ਦੀ ਸਿੱਧ ਨਜ਼ਰ ਆਵੇ
ਸਿੱਧ 'ਚੋਂ ਉਨ੍ਹਾਂ ਦੀ ਪਿੱਠ ਨਜ਼ਰ ਆਵੇ

ਉਹ ਜਦ ਉੱਗਣ
ਜੜ੍ਹਾਂ ਆਕਾਸ਼ ਵੱਲ
ਸਿਰ ਧਰਤ ਵੱਲ
ਉਹ ਜਦ ਸਿਰ ਭਾਰ
ਧਰਤੀ 'ਤੇ ਤੁਰਨ
ਉਨ੍ਹਾਂ ਨੂੰ ਧਰਤੀ ਤੇ ਸਿਰ ਹੀ ਸਿਰ ਨਜ਼ਰ ਆਵਣ
ਕਿਉਂਕਿ ਸਿਰ ਨਾਲ ਕੀਤਾ ਸਫ਼ਰ
ਕਦੇ ਵੀ ਹਨੇਰੇ 'ਚ ਨਹੀਂ ਮੁੱਕਦਾ
ਬੇਅਰਥ ਰਾਹਾਂ ਮੰਜ਼ਿਲਾਂ
ਤੇ ਸਹਿਰਾ ਨਹੀਂ ਸਿਰ੍ਜਦਾ

ਮੇਰੇ ਬਿੰਦੂ 'ਚ
ਜੇ ਮੈਨੂੰ ਬੀਜ ਕੇ ਮੈਨੂੰ ਉਗਾਉਣਾ ਹੈ
ਜਾਂ ਮੇਰੇ ਬਿੰਦੂ 'ਚੋਂ
ਉਨ੍ਹਾਂ ਆਪ ਉੱਗਣਾ ਹੈ
ਦੋਹਾਂ ਹੀ ਹਾਲਤਾਂ 'ਚ
ਉਨ੍ਹਾਂ ਮੈਨੂੰ ਹੀ ਆਪਣੇ ਚਿਹਰੇ ਤੇ
ਪਿੱਠ 'ਤੇ ਪਾਉਣਾ ਹੈ

ਸ਼ਹਿਰ ਦਾ ਤਰਲ ਵਜੂਦ
ਜੇ ਮੇਰੇ ਸਾਂਚੇ 'ਚ ਢਲੇਗਾ
ਜਾਂ ਮੈਂ ਆਪਣੇ ਸਾਂਚੇ 'ਚ ਢਾਲਾਂਗਾ
ਉਸ 'ਚ ਪੱਥਰ ਸੀਮਿੰਟ ਸਰੀਏ ਇੱਟਾਂ ਦਾ ਨਹੀਂ
ਲਹੂ ਮਾਸ ਦਾ ਜਿਉਂਦਾ ਜਾਗਦਾ
ਸ਼ਹਿਰ ਉਸਰੇਗਾ
ਜਿਸ ਨੂੰ ਪਿੱਠ ਦੇ ਕੇ
ਉਹ ਉਸ ਦੇ ਵਿਪਰੀਤ ਨਹੀਂ ਤੁਰਨਗੇ
ਸਗੋਂ ਉਸ ਦੀਆਂ
ਅੱਖਾਂ 'ਚ ਅੱਖਾਂ ਪਾ
ਆਪਣੇ ਬੋਲ ਸਾਂਝੇ ਕਰਨਗੇ
ਸ਼ਹਿਰ 'ਚੋਂ ਆਪਣਾ ਚਿਹਰਾ ਤੱਕਣਗੇ
ਚਿਹਰੇ 'ਚੋਂ ਉਨ੍ਹਾਂ ਨੂੰ ਸ਼ਹਿਰ ਨਜ਼ਰ ਆਵੇਗਾ
*

## ਚੁੱਪ ਹੇਠ

ਆਪਣੀ ਚੁੱਪ ਹੇਠ ਕਿਉਂ ਬੈਠਾ ਹੈਂ
ਓਹ ਵੇਖ
ਰੁੱਖਾਂ ਦੇ ਪੈਰਾਂ 'ਚ ਛਾਂ ਝੂੱਲਦੀ
ਮਾਂ ਦੀ ਲੋਰੀ 'ਚ ਰੁੱਖ ਨਹੀਂ
ਰੁੱਖ ਦੀ ਮਮਤਾ 'ਚ ਹੈ ਮਾਂ ਝੂੱਲਦੀ

ਆਪਣੀ ਚੁੱਪ 'ਚੋਂ ਉੱਠ
ਰੁੱਖ ਦਿਆਂ ਪੱਤਿਆਂ 'ਚ ਜੀਅ
ਹਵਾ ਨੂੰ ਆਪਣੇ ਪਿੰਡੇ 'ਚੋਂ ਗੁਜ਼ਾਰ
ਚੁੱਪ ਨੂੰ ਸ਼ੋਰ ਦੀ ਹੋਂਦ 'ਚ ਉਤਾਰ
ਮਲਿਹਾਰ ਗਾ
ਅੰਬਰ 'ਚ ਬੱਦਲ ਉਗਾ
ਸੜਦੇ ਥਲਾਂ 'ਤੇ ਵਰ੍ਹ
ਥਲਾਂ 'ਚੋਂ ਜ਼ਿੰਦਗੀ ਦਾ ਗੀਤ ਸੁਣ
ਹਵਾ ਨੂੰ ਛਾਣ
ਹਵਾ 'ਚੋਂ ਪ੍ਰਾਣ ਪੁਣ
ਪ੍ਰਾਣ ਮਿੱਟੀ ਦੀ ਦੇਹੀ 'ਚ ਉਤਾਰ
ਮਿੱਟੀ 'ਚੋਂ ਜੀਵਨ ਉਸਾਰ

ਆਪਣੀ ਚੁੱਪ 'ਚੋਂ ਉੱਠ
ਸਮੁੰਦਰ ਦੀਆਂ ਲਹਿਰਾਂ 'ਚ ਜੀਅ
ਬੂੰਦ ਬੂੰਦ ਘੁੱਟ ਘੁੱਟ ਕਰਕੇ ਸਮੁੰਦਰ ਪੀ
ਜਦ ਸਾਰਾ ਸਮੁੰਦਰ ਪੀ ਗਿਆ
ਸਮਝੀਂ ਆਪਣੀ ਚੁੱਪ ਨੂੰ ਜੀਅ ਗਿਆ
ਤੇਰੀ ਚੁੱਪ 'ਚ ਮੱਛੀਆਂ ਤਰਨਗੀਆਂ
ਤੇਰੀ ਚੁੱਪ ਕਿਨਾਰੇ
ਕੂੰਜਾਂ ਦੀਆਂ ਡਾਰਾਂ ਠਹਿਰਣਗੀਆਂ
ਤੇਰੀ ਚੁੱਪ 'ਚੋਂ
ਜੰਗਲ ਉੱਗ ਆਉਣਗੇ

ਤੇਰੀ ਚੁੱਪ 'ਚ
ਬਹਾਰਾਂ ਨ੍ਰਿਤ ਕਰਨਗੀਆਂ
ਮੋਰ ਪੈਲਾਂ ਪਾਉਣਗੇ
ਮੌਸਮ ਗੁਣਗੁਣਾਉਣਗੇ

ਤੇਰੀ ਚੁੱਪ ਦੇ ਬਾਗ਼ਾਂ 'ਚੋਂ ਕੋਇਲ ਬੋਲੇਗੀ
ਰੁੱਖਾਂ 'ਚ ਬ੍ਰਿਹਾ ਦਾਂ ਰੰਗ ਘੋਲੇਗੀ
ਰੁੱਖ ਵਿਯੋਗ ਦੇ ਮਾਰੇ
ਮਿਲਣ ਲਈ ਜੰਗਲ ਵੱਲ ਤੁਰਨਗੇ
ਦਰਿਆਵਾਂ ਤੇ ਨਦੀਆਂ ਦੇ ਕਿਨਾਰੇ ਭੁਰਨਗੇ
ਜਲ ਸੰਗ ਜਲ ਮਿਲੇਗਾ
ਨਵੇਂ ਵਹਿਣ ਜਨਮਨਗੇ
ਸੱਜਰੀ ਸੁਬ੍ਹਾ ਕਲੀ
ਕੋਈ ਜਦ ਅੱਖ ਖੋਲ੍ਹੇਗੀ
ਕਲੀ ਦੀ ਖ਼ੁਸ਼ਬੂ ਬੋਲੇਗੀ
ਭੰਵਰੇ ਨੂੰ ਪੁਕਾਰੇਗੀ
ਕਲੀ ਆਪਣੀ ਬੁੱਕਲ 'ਚ ਜੀਵਨ ਉਤਾਰੇਗੀ

ਆਪਣੀ ਚੁੱਪ ਹੇਠ ਕਿਉਂ ਬੈਠਾ ਹੈਂ
ਉਹ ਵੇਖ ਰੁੱਖਾਂ ਦੇ ਪੈਰਾਂ ਦੀ ਛਾਂ ਝੂੱਲਦੀ ਹੈ
ਮਾਂ ਦੀ ਲੋਰੀ 'ਚ ਰੁੱਖ ਨਹੀਂ
ਰੁੱਖ ਦੀ ਮਮਤਾ 'ਚ ਮਾਂ ਹੈ ਝੂੱਲਦੀ
ਚੁੱਪ 'ਚੋਂ ਨਿਕਲ
ਪਹਾੜਾਂ 'ਚ ਉਤਰ
ਪਹਾੜਾਂ ਨੂੰ ਪੈਰ ਲਾ
ਜੰਗਲਾਂ ਨੂੰ ਤੁਰਨਾ ਸਿਖਾ
ਪੱਥਰਾਂ 'ਚ ਗਤੀਆਂ ਉਤਾਰ ਦੇ
ਨਵੀਂ ਧਰਤੀ ਵਿਛਾ ਦੇ ਮਨੁੱਖ ਦੇ ਪੈਰਾਂ 'ਚ
ਨਵਾਂ ਅੰਬਰ ਮਨੁੱਖ ਦੇ ਸਿਰ 'ਤੇ ਤਾਣ ਦੇ
ਹੰਝੂਆਂ 'ਚ ਹਾਸੇ ਭਰ
ਹਾਸਿਆਂ 'ਚ ਰੌਣਕਾਂ ਉਤਾਰ ਦੇ

ਮਨੁੱਖ ਹੈ
ਜੋ ਮਨੁੱਖ ਤੋਂ ਦੂਰ ਹੋ ਗਿਆ
ਮਨੁੱਖ ਦੀ ਮਿੱਟੀ 'ਚ
ਮਨੁੱਖ ਦਾ ਸੱਚ ਘੋਲ ਦੇ
ਸੜ ਰਹੀ ਹੈ ਮਨੁੱਖਤਾ ਸਦੀਆਂ ਤੋਂ
ਜੋ ਮੁਥਾਜ਼ੀ ਦੀ ਅੱਗ 'ਚ ਠਾਰ ਦੇ
ਸਾਗਰਾਂ ਦੇ ਅੰਬਰੀਂ ਸੂਰਜ ਚੜ੍ਹਾ
ਸਹਿਰਾ ਦੇ ਰਾਤ ਦਿਨ 'ਚ ਚੰਨ ਉਤਾਰ ਦੇ

ਜ਼ਿੰਦਗੀ
ਪੁਕਾਰ ਰਹੀ ਹੈ ਸਹਿਰਾ 'ਚੋਂ
ਕਾਫ਼ਲੇ ਰੁੱਖਾਂ ਦੇ ਸਹਿਰਾ 'ਚ ਉਤਾਰ ਦੇ
ਪੰਛੀਆਂ ਦੇ ਬੋਲ ਗੂੰਜਣਗੇ ਸਹਿਰਾ 'ਚੋਂ
ਹਵਾ ਰੁੱਖਾਂ 'ਚੋਂ ਗੁਜ਼ਰਦੀ
ਸਹਿਰਾ ਦਾ ਪਿੰਡਾ ਠਾਰੇਗੀ
ਸਹਿਰਾ ਦੇ ਕੰਠ 'ਚੋਂ ਜ਼ਿੰਦਗੀ ਪੁਕਾਰੇਗੀ
ਜੀਵਨ ਆ ਵੱਸ
ਮੇਰੇ ਵਿਹੜੇ
ਤੇਰੇ ਦੀਦ ਲਈ ਤਰਸਦੇ ਨੈਣ ਨੇ ਮੇਰੇ

ਆਪਣੀ ਚੁੱਪ ਹੇਠ ਕਿਉਂ ਬੈਠਾ ਹੈਂ
ਓਹ ਵੇਖ ਰੁੱਖ ਦੇ ਪੈਰਾਂ 'ਚ ਛਾਂ ਹੈ ਝੂੱਲਦੀ
ਮਾਂ ਦੀ ਲੋਰੀ 'ਚ ਰੁੱਖ ਨਹੀਂ
ਰੁੱਖ ਦੀ ਮਮਤਾ 'ਚ ਮਾਂ ਹੈ ਝੂੱਲਦੀ
*

## ਅੰਕੁਰ ਤੇ ਆਕਾਰ

ਤੇਰੇ ਸਾਏ ਵਾਂਗ ਮੈਂ
ਤੇਰੇ ਨਾਲ ਤੁਰਦਾ ਰਹਾਂਗਾ
ਕਦੀ ਤੇਰੇ ਹੱਥਾਂ 'ਚੋਂ ਰੇਤ ਵਾਂਗ ਕਿਰਾਂਗਾ
ਕਦੀ ਦਿਸਹੱਦਿਆਂ ਤੋਂ ਪਾਰ
ਤੇਰੇ ਸੰਗ ਨਜ਼ਰ ਆਵਾਂਗਾ

ਤੇਰੇ ਪੈਰਾਂ ਦਾ ਸਫ਼ਰ ਬਣ,
ਉਥੋਂ ਤਕ ਚੱਲਾਂਗਾ
ਜਿਥੋਂ ਤਕ ਬਹਾਰਾਂ ਪੱਤਝੜਾਂ
ਦਿਸ਼ਾਵਾਂ ਤੁਰਦੀਆਂ ਹਨ
ਤੇ ਗੁੰਮ ਹੋ ਜਾਂਦੀਆਂ ਹਨ

ਸੂਰਜ ਵਾਂਗ ਚੜ੍ਹਿਆ ਰਹਾਂਗਾ
ਉਥੋਂ ਤਕ ਤੁਰਦਾ ਰਹਾਂਗਾ
ਜਿਥੋਂ ਤਕ ਨਜ਼ਰ ਵੀ ਨਹੀਂ ਜਾਂਦੀ
ਕਿਰਨ ਵੀ ਨਹੀਂ ਜਾਂਦੀ
ਉਥੋਂ ਤਕ
ਜਿਥੋਂ ਤਕ ਜ਼ਿੰਦਗੀ ਦਾ ਆਦਿ ਹੈ—ਅੰਤ ਨਹੀਂ
ਮੇਰਾ ਵਾਅਦਾ ਹੈ ਤੇਰੇ ਨਾਲ
ਸਫ਼ਰ ਕਰਨ ਦਾ
ਦਿਸਹੱਦਿਆਂ ਦੇ ਦਿਸਹੱਦੇ ਤਰਨ ਦਾ

ਮੈਂ ਤੇਰੇ ਨਾਲ ਰੌਣਕਾਂ ਦੀ ਕੁੱਖ
ਮੌਸਮਾਂ ਰੁੱਤਾਂ ਰੰਗਾਂ ਦੇ
ਅੰਤ ਤਕ ਜਾਵਾਂਗਾ
ਤੇਰੇ ਜਿਸਮ 'ਚ ਪ੍ਰਵੇਸ਼ੀ
ਰੂਹ ਦੇ ਆਦਿ ਅੰਤ ਤਕ ਜਾਵਾਂਗਾ
ਤੇਰੇ ਪ੍ਰਾਣਾਂ ਦੇ ਆਦਿ
ਅੰਤ 'ਚ ਉਤਰਾਂਗਾ

ਤੇਰੇ ਸੰਗ ਸਮੇਂ ਜਿੱਡਾ ਲੰਮੇਰਾ ਸਾਥ ਨਿਭਾਵਾਂਗਾ
ਕਿਉਂਕਿ ਤੇਰੇ ਲਹੂ ਦੀ ਗਤੀ ਹਾਂ ਮੈਂ
ਤੇਰੀ ਦੇਹ ਦੀ ਪਰਿਕਰਮਾ ਹਾਂ ਮੈਂ
ਤੇਰੇ 'ਚ ਵੱਸਦੇ ਬ੍ਰਹਿਮੰਡ ਦੇ
ਉੜਨ ਦਾ ਸਫ਼ਰ ਹਾਂ ਮੈਂ

ਤੂੰ ਆਪਣੇ ਸਫ਼ਰ 'ਚ
ਕਦੀ ਵੀ ਆਪਣੇ ਆਪ ਨੂੰ ਇਕੱਲਾ ਨਾ ਸਮਝੀਂ
ਤੇਰੀ ਭੀੜ ਤੋਂ ਤੇਰੀ ਇਕੱਲਤਾ ਤਕ
ਤੇਰੇ ਆਪਣੇ ਆਪ ਦੇ ਵਿਛੜਣ ਤੋਂ
ਮਿਲਣ ਤਕ ਜਾਵਾਂਗਾ ਮੈਂ
ਤੇਰੀ ਹਸਤੀ ਤੋਂ ਅਹਸਤੀ ਦੇ
ਸਫ਼ਰ 'ਚ ਨਜ਼ਰ ਆਵਾਂਗਾ ਮੈਂ

ਜਿਥੇ ਤੇਰੇ ਬਿਨ ਕੋਈ ਨਾ ਹੋਵੇ
ਜਿਥੇ ਤੂੰ ਆਪਣੇ ਆਪ 'ਚ ਵੀ ਨਾ ਹੋਵੇ
ਤੇਰਾ ਖ਼ਲਾਅ ਹੋ ਕੇ
ਤੇਰੀ ਅਹੋਂਦ ਤੇ ਹੋਂਦ ਦਾ ਸੱਚ ਕਹਾਵਾਂਗਾ ਮੈਂ

ਹੁਣ ਤੂੰ ਮਦਰੱਸੇ ਜਾ
ਪੈਂਤੀ ਅੱਖਰ ਲਿਖ ਤੇ ਪੜ੍ਹ
ਜਦੋਂ ਤੂੰ ਮਦਰੱਸੇ ਤੋਂ
ਤੀਸਰੀ ਅੱਖ ਖੋਲ੍ਹ ਕੇ ਆਵੇਂਗੀ
ਮੈਂ ਕੌਣ ਹਾਂ
ਮੈਂ ਤੇਰਾ ਕੀ ਹਾਂ ਸਮਝ ਜਾਵੇਂਗੀ
ਸੂਰਜ ਚੜ੍ਹਨ ਦਾ
ਧਰਤੀ ਦੇ ਘੁੰਮਣ ਦਾ ਸੱਚ ਜਾਣੇਂਗੀ
ਤੂੰ ਆਪਣੇ ਆਪ ਹੀ
ਮੇਰੇ 'ਚੋਂ ਉੱਗਦੀ ਨਜ਼ਰ ਆਵੇਂਗੀ
ਤੇ ਮੈਨੂੰ ਆਪਣੀ ਦੇਹ 'ਚ ਹੀ ਪਾਵੇਂਗੀ
*

## ਅੰਬਰ 'ਚ ਉੱਗਿਆ ਰੁੱਖ

ਅੰਬਰ 'ਚ ਉੱਡਦੇ ਪੰਛੀ ਨੂੰ
ਜ਼ਿਮੀਂ 'ਤੇ ਇਕ ਰੁੱਖ ਨਜ਼ਰ ਆਇਆ
ਜੋ ਫੁੱਲਾਂ ਫਲਾਂ ਬਹਾਰਾਂ ਮੌਸਮਾਂ
ਰੁੱਤਾਂ ਤੇ ਖ਼ੁਸ਼ਬੂਆਂ ਨਾਲ ਲੱਦਿਆ ਸੀ
ਉਸ ਦੇ ਪੈਰਾਂ 'ਚ ਛਾਵਾਂ ਸਨ
ਸਿਰ 'ਤੇ ਆਲ੍ਹਣਿਆਂ 'ਚ ਜੀਵਨ ਦਾ ਵਸੇਰਾ ਸੀ

ਪੰਛੀ ਅੰਬਰ ਤੋਂ ਉਸ ਰੁੱਖ 'ਤੇ ਆ ਬੈਠਿਆ
ਪੰਛੀ ਨੇ ਵੇਖਿਆ—
ਰੁੱਖ ਦੇ ਆਲ੍ਹਣਿਆਂ 'ਚ
ਬੋਟਾਂ ਦੀਆਂ ਲਾਸ਼ਾਂ ਸਨ
ਪਿੰਡੇ 'ਤੇ ਪੱਤਝੜ ਉਦਾਸੀਆਂ
ਉਜਾੜਾਂ ਦਾ ਵਸੇਰਾ ਸੀ
ਰੁੱਖ ਦੀ ਨਾ ਕੋਈ ਛਾਂ ਸੀ
ਨਾ ਪੱਤਾ ਨਾ ਫੁੱਲ ਸੀ

ਪੈਰਾਂ 'ਚ ਕਈਆਂ ਆਂਡਿਆਂ ਦੇ
ਤਿੜਕੇ ਖੋਲ ਸਨ
ਕਈਆਂ ਪੰਛੀਆਂ ਦੇ ਸੁੱਕੇ ਪਿੰਜਰ ਸਨ
ਸੁੱਕਿਆਂ ਪੱਤਿਆਂ ਦੀਆਂ ਲਾਸ਼ਾਂ
ਉਸ ਦੀਆਂ ਜੜ੍ਹਾਂ 'ਚ ਖਿਲਰੀਆਂ ਸਨ
ਚੁੱਪ ਤੇ ਮੌਤ ਦਾ ਸਰਨਾਟਾ
ਉਸ ਦੇ ਤਣੇ 'ਚੋਂ ਝਾਕਦਾ ਸੀ

ਰੁੱਖ ਨੇ ਵੀ ਪੰਛੀ ਨੂੰ ਪੁੱਛਿਆ
ਤੂੰ ਕਿੱਥੋਂ ਦਾ ਹੈਂ—ਕਿੱਥੋਂ ਆਇਆ ਹੈਂ
ਪੰਛੀ ਬੋਲਿਆ—
ਮੈਂ ਅੰਬਰ ਦਾ ਹਾਂ
ਅੰਬਰ ਤੋਂ ਆਇਆ ਹਾਂ

ਮੈਨੂੰ ਤੇਰੇ 'ਚ ਜੀਵਨ ਨਜ਼ਰ ਆਇਆ ਸੀ
ਮੈਂ ਅੰਬਰ ਤੋਂ ਇਸ ਲਈ ਉਤਰ ਆਇਆ ਸੀ

ਰੁੱਖ ਬੋਲਿਆ—
ਤੂੰ ਅੰਬਰ ਦਾਂ ਪੰਛੀ ਹੈ
ਤੇਰੇ ਖ਼ਿਆਲਾਂ ਦੇ ਰੁੱਖ
ਅੰਬਰ 'ਚ ਹੀ ਉੱਗਦੇ ਹਨ
ਧਰਤੀ 'ਤੇ ਨਹੀਂ
ਜੇ ਤੂੰ ਮੈਨੂੰ ਅੰਬਰ ਤੋਂ ਹੀ ਪੁੱਛ ਲੈਂਦਾ
ਮੈਂ ਤੈਨੂੰ ਦੱਸ ਦੇਣਾ ਸੀ
ਤੂੰ ਮੇਰੇ ਕੋਲ ਨਾ ਆਈਂ
ਮੇਰੇ ਕੋਲ ਤੇਰੇ ਲਈ ਕੁਝ ਵੀ ਨਹੀਂ
ਨਾ ਹਰਿਆਵਲ ਨਾ ਫੁੱਲ
ਨਾ ਫਲ ਨਾ ਟਹਿਣੀਆਂ ਨਾ ਪੱਤੇ

ਪੰਛੀ ਹੈਰਾਨ ਹੋਇਆ ਤੇ ਬੋਲਿਆ—
ਤੂੰ ਤਾਂ ਧਰਤੀ 'ਤੇ ਹੈਂ
ਤੈਨੂੰ ਅੰਬਰ ਤੋਂ ਕਿਵੇਂ ਪੁੱਛਦਾ

ਰੁੱਖ ਬੋਲਿਆ—
ਮੈਂ ਧਰਤੀ ਦਾ ਬੀਜ ਹਾਂ
ਪਰ ਚਾਹੁੰਦਾ ਸਾਂ
ਅੰਬਰ 'ਚ ਉੱਗਣਾ
ਮੈਂ ਅੰਬਰ 'ਚ ਉੱਗਿਆ
ਮੇਰੀਆਂ ਜੜ੍ਹਾਂ
ਅਕਾਸ਼ 'ਚ ਸਨ—ਜ਼ਮੀਨ 'ਚ ਨਹੀਂ
ਪਤਾ ਨਹੀਂ ਸੀ
ਆਕਾਸ਼ 'ਚ ਬੀਜ ਨਹੀਂ
ਕਲਪਨਾ ਉੱਗਦੀ ਹੈ
ਜਿਨ੍ਹਾਂ ਦੀ ਜੜ੍ਹਾਂ ਜ਼ਮੀਨ 'ਚ ਨਹੀਂ ਹੁੰਦੀਆਂ
ਉਨ੍ਹਾਂ ਨੂੰ ਫਲ ਨਹੀਂ ਲੱਗਦੇ

ਉਨ੍ਹਾਂ 'ਚ ਜ਼ਿੰਦਗੀ ਨਹੀਂ ਹੁੰਦੀ
ਆਲ੍ਹਣੇ ਨਹੀਂ ਹੁੰਦੇ
ਉਨ੍ਹਾਂ 'ਤੇ ਪੰਛੀ ਨਹੀਂ ਆਉਂਦੇ

ਉਨ੍ਹਾਂ ਰੁੱਖਾਂ 'ਚ ਉਜਾੜਾਂ
ਪੱਤਝੜਾਂ ਉਦਾਸੀਆਂ 'ਤੇ ਚੁੱਪ ਹੁੰਦੀ ਹੈ
ਉਨ੍ਹਾਂ ਰੁੱਖਾਂ ਦੀ ਬਾਂਝ ਕੁੱਖ ਹੁੰਦੀ ਹੈ
ਉਹ ਖ਼ਲਾਅ 'ਚ ਉੱਗਦੇ ਹਨ
ਖ਼ਲਾਅ 'ਚ ਮਰਦੇ ਹਨ
ਇਹ ਅੰਬਰ 'ਚ ਉੱਗਣ ਤੋਂ ਬਾਅਦ
ਮੈਂ ਜਾਣਿਆ ਹੈ
ਤੇ ਮਰ ਕੇ ਧਰਤੀ ਦਾ ਸੱਚ
ਪਹਿਚਾਣਿਆ ਹੈ
*

## ਘਰ

ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹੋ
ਤੇ ਦੂਜੇ ਘਰਾਂ ਨੂੰ ਅੰਦਰ ਆਉਣ ਦਿਉ
ਆਪਣੇ ਘਰਾਂ ਦੀਆਂ ਕੰਧਾਂ ਨੂੰ ਤੁਰਨ ਦਿਓ
ਬਾਹਰ ਨਿਕਲਣ ਦਿਓ
ਦੂਜਿਆਂ ਘਰਾਂ ਦੀਆਂ ਕੰਧਾਂ ਨੂੰ
ਆਪਣੇ ਘਰਾਂ ਦੇ ਅੰਦਰ ਆਉਣ ਦਿਉ
ਵਿਹੜਿਆਂ ਨੂੰ ਵਿਹੜਿਆਂ ਨਾਲ
ਛੱਤਾਂ ਨੂੰ ਛੱਤਾਂ ਨਾਲ
ਆਪਣੇ ਆਪ ਨੂੰ
ਦੂਜਿਆਂ ਨਾਲ ਬਦਲੋ
ਆਪਣਾ ਆਪ ਸਮਝੋਗੇ
ਜੀਵਨ ਧਰਾਤਲ
ਤੇ ਜੀਵਨ ਦਾ ਸੱਚ ਜਾਣੋਗੇ

ਜਦ ਤੁਹਾਡਾ ਘਰ
ਦੂਜਿਆਂ ਦੇ ਘਰਾਂ ਨਾਲ ਬਦਲ ਜਾਏਗਾ
ਤੇ ਦੂਜਿਆਂ ਦੇ ਘਰ
ਤੁਹਾਡੇ ਘਰਾਂ ਨਾਲ ਬਦਲ ਜਾਣਗੇ
ਫਿਰ ਤੁਸੀਂ ਦੂਜਿਆਂ ਦੇ ਘਰਾਂ 'ਚ ਵੱਸੋ
ਤੇ ਆਪਣੇ ਘਰਾਂ 'ਚ
ਦੂਜਿਆਂ ਨੂੰ ਵੱਸਣ ਦਿਓ
ਤੁਸੀਂ ਜੀਵਨ ਦਾ ਪ੍ਰਯੋਜਨ ਸਮਝੋਗੇ
ਜੀਵਨ ਦਾ ਕਾਰਜ ਕਰਮ
ਤੇ ਸੱਚ ਸਮਝੋਗੇ

ਫਿਰ ਇਸ ਜੀਵਨ 'ਚ
ਆਪਣਾ ਆਪਣਾ ਜੀਵਨ
ਧਰਾਤਲ ਵਿਚਾਰੋ ਤੇ ਪਰਖੋ
ਤੁਸੀਂ ਦੂਜਿਆਂ ਲਈ

ਕਿੰਨੀਆਂ ਮਹਿਕਾਂ ਰੰਗ ਛਾਵਾਂ ਤੇ
ਸੁੱਖ ਬੀਜੇ ਸਨ
ਦੂਜੇ ਤੁਹਾਡੇ ਲਈ
ਕਿੰਨੇ ਦੁੱਖ ਗ਼ਮ ਔਕੜਾਂ ਤੇ ਮੁਸੀਬਤਾਂ ਸਹਾਰਦੇ ਹਨ
ਸਮਝੋ
ਤੇ ਆਪਣੇ ਆਪਣੇ
ਅਮਲੀ ਜੀਵਨ 'ਚ ਉਤਾਰੋ

ਜੇ ਤੁਸੀਂ ਇੱਟਾਂ ਦਾ ਜਵਾਬ
ਪੱਥਰ ਨਾਲ ਦਿੰਦੇ ਹੋ
ਤਾਂ ਭੁੱਲ ਜਾਓ
ਤੁਸੀਂ ਦੂਜਿਆਂ ਲਈ
ਛਾਵਾਂ ਮਹਿਕਾਂ ਰੰਗ ਜਾਂ ਸੁੱਖ ਬੀਜਦੇ ਹੋ
ਜੀਵਨ ਦਾ ਸੱਚ ਜਾਂ ਪ੍ਰਯੋਜਨ ਸਮਝਦੇ ਹੋ

ਬਰਸਾਤਾਂ 'ਚ ਤੁਹਾਡੀ ਛੱਤ ਚੋਏਗੀ
ਜਾਂ ਕਈ ਦਿਨ ਚੁੱਲ੍ਹਾ ਨਹੀਂ ਬਲੇਗਾ
ਤੁਹਾਡੇ ਪੀਪੇ 'ਚ ਆਟਾ ਨਹੀਂ ਹੋਵੇਗਾ
ਸਕੂਲ ਦੀ ਫ਼ੀਸ ਬਿਨ
ਤੁਹਾਡੇ ਬੱਚੇ ਘਰ ਬੈਠੇ ਹੋਣਗੇ
ਲਹਿਣੇਦਾਰ ਤੁਹਾਡਾ ਦਰਵਾਜ਼ਾ ਖੜਕਾਏਗਾ
ਤਾਂ ਤੁਹਾਨੂੰ
ਗੁਆਂਢੀ ਜੀਵਨ ਦਾ ਅਹਿਸਾਸ ਹੋਏਗਾ
ਦੀਵੇ ਦੀ ਰੌਸ਼ਨੀ
ਤੇ ਬਿਜਲੀ ਦੇ ਬਲਬ ਦਾ ਪਾਸ ਹੋਏਗਾ

ਘਰਾਂ ਨਾਲ ਘਰ ਵਟਾਉਗੇ
ਰਹਿਣ ਨਾਲ ਰਹਿਣ ਵਟਾਉਗੇ
ਘਰਾਂ ਨੂੰ ਘਰਾਂ ਦੇ ਨਿੱਘ ਦਾ
ਵਸਣ ਨੂੰ ਵਸਣ ਦੀ ਸੁਵਿਧਾ ਦਾ
ਗਿਆਨ ਹੋਵੇਗਾ

ਤੁਹਾਨੂੰ ਜੀਵਨ ਕਾਰਜ
ਪ੍ਰਣਾਲੀ ਦੀ ਸਮਝ ਆਵੇਗੀ

ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹੋ
ਕਿਸੇ ਦੇ ਜਾਣ ਦਾ
ਕਿਸੇ ਦੇ ਆਉਣ ਦਾ
ਅਹਿਸਾਸ ਹੋਵੇਗਾ
ਜੀਵਨ ਦਾ ਪ੍ਰਕਾਸ਼ ਹੋਵੇਗਾ
*

# ਰਿਸ਼ਮਾਂ ਤੇ ਦਰਪਣ

•

ਸਵਰਗਵਾਸੀ
ਪ੍ਰੋ. ਜਗਜੀਤ ਸਿੰਘ ਛਾਬੜਾ
ਦੇ ਨਾਂ

•

## ਚਿੜੀ ਚਿੜਾ ਤੇ ਬੋਟ

ਮੇਰਾ ਘਰ ਇਸ ਤਰ੍ਹਾਂ ਟੁੱਟਿਆ
ਜਿਵੇਂ ਚੌਂਕੇ 'ਚ ਖਿੱਲਰੇ ਪਏ ਨੇ ਬਰਤਨ
ਮੇਰੇ ਰਿਸ਼ਤੇ
ਅੰਬਰ ਤੋਂ ਤਾਰਿਆਂ ਵਾਂਗ ਟੁੱਟੇ
ਤੇ ਖ਼ਲਾਅ 'ਚ ਹੀ ਗਰਕ ਗਏ
ਧਰਤ 'ਤੇ ਅੱਪੜਣ ਤੋਂ ਪਹਿਲਾਂ

ਬੂਹਾ ਉਦਾਸ ਸੀ
ਕੰਧਾਂ ਦੀਆਂ ਅੱਖਾਂ 'ਚ ਅੱਥਰੂ ਸਨ
ਛੱਤਾਂ ਦੇ ਮਘੋਰਿਆਂ 'ਚੋਂ
ਚਿੱਟੀ ਧੁੱਪ ਦਾ ਕਾਲਾ ਸਾਇਆ
ਕੋਠੇ ਦੇ ਫਰਸ਼ 'ਤੇ ਪੈ ਰਿਹਾ ਸੀ
ਵਿਹੜਾ ਸਿਵਿਆਂ ਵਾਂਗ ਧੁਖ ਰਿਹਾ ਸੀ
ਆਉਂਦੀਆਂ ਜਾਂਦੀਆਂ
ਹਵਾਵਾਂ ਨੂੰ ਪੁੱਛ ਰਿਹਾ ਸੀ
ਕਿੱਥੇ ਨੇ ਉਹ ਚਿੜੀ ਤੇ ਚਿੜਾ
ਕਿੱਥੇ ਨੇ ਉਨ੍ਹਾਂ ਦੇ ਬੋਟ

ਤੀਲ੍ਹਾ ਤੀਲ੍ਹਾ
ਇਕੱਠਾ ਕਰ ਉਨ੍ਹਾਂ
ਇਹ ਆਲ੍ਹਣਾ ਬਣਾਇਆ ਸੀ
ਕਿਹੜਾ ਤੂਫ਼ਾਨ ਉਨ੍ਹਾਂ ਦੀ ਜ਼ਿੰਦਗੀ 'ਚ ਆਇਆ ਸੀ
ਕਿ ਉਹ ਤੀਲ੍ਹਾ ਤੀਲ੍ਹਾ ਹੋ ਕੇ ਖਿੱਲਰ ਗਏ
ਉਹ ਬੋਟ
ਉਹ ਚਿੜੀ ਤੇ ਚਿੜਾ
ਕਿਧਰ ਗਏ

ਹਵਾਵਾਂ ਬੋਲੀਆਂ—
ਕੁਝ ਚਲਾਕ ਕਾਵਾਂ ਦੀਆਂ ਟੋਲੀਆਂ

ਸ਼ੀਸ਼ੇ ਦਾ ਜੰਗਲ ਤਿਆਗ
ਰੁੱਖਾਂ 'ਚ ਜੰਗਲ 'ਚ ਆ ਗਈਆਂ
ਕਈ ਬੋਟ ਖਾ ਗਈਆਂ
ਉਹ ਚਿੜੀ ਚਿੜਾ
ਆਪਣੇ ਬੋਟਾਂ ਦੀ ਭਾਲ 'ਚ
ਆਪਣਾ ਆਲ੍ਹਣਾ
ਤਿਆਗ ਗਏ ਹਨ
ਰੁੱਖਾਂ ਦੇ ਜੰਗਲ ਤੋਂ
ਕੱਚ ਦੇ ਜੰਗਲ ਵੱਲ
ਉਡਾਰੀਆਂ ਮਾਰ ਗਏ ਹਨ
*

## ਅੰਗ ਦੇ ਵਜੂਦ

ਕਈ ਵਾਰ
ਰਾਤ ਨੂੰ ਸੁੱਤਾ ਸੁੱਤਾ
ਮੈਂ ਬਾਹਰ ਬਰਾਂਡੇ 'ਚ
ਟਹਿਲਣ ਨੂੰ ਨਿਕਲਦਾ ਹਾਂ
ਸੋਚਦਾ ਹਾਂ—
ਮੇਰੇ ਅੰਗ ਕਿਧਰ ਗਏ
ਜੋ ਮੇਰੇ ਨਾਲ ਸੌਂਦੇ ਸਨ
ਤੁਰਦੇ ਸਨ ਭੌਂਦੇ ਸਨ

ਮੈਂ ਸ਼ਾਇਦ
ਉਨ੍ਹਾਂ ਨੂੰ ਕਿਸੇ ਕੁਵਾਰੀ ਨਦੀ 'ਚ
ਪ੍ਰਵਾਹ ਆਇਆ ਹਾਂ
ਨਦੀ 'ਚ
ਆਪਣੇ ਅੰਗਾਂ ਦਾ ਸੂਰਜ
ਬਾਲ ਆਇਆ ਹਾਂ
ਉਬਲਦੀ ਨਦੀ ਦਾ
ਪਿੰਡਾ ਠਾਰ ਆਇਆ ਹਾਂ

ਜੋ ਨਦੀ ਬਿਸਤਰ 'ਚ
ਮੇਰੇ ਨਾਲ ਪਈ ਹੈ
ਹੜ੍ਹਾਂ 'ਚ ਮਰ ਰਹੀ ਹੈ
ਮੈਂ ਹੁਣ ਉਸ ਦਾ ਕੀ ਕਰਾਂਗਾ

ਜੇ ਉਹ ਕਿਨਾਰਿਆਂ ਤੋਂ
ਬਾਹਰ ਵਹਿ ਗਈ
ਜਾਂ ਕਿਸੇ ਦਰਿਆ ਦੇ ਪਾਣੀ ਨਾਲ ਰਲ ਗਈ
ਮੈਂ ਤਾਂ ਸਦਾ ਲਈ ਸੁੱਕ ਜਾਵਾਂਗਾ
ਆਪਣੇ ਆਪ 'ਚ ਹੀ ਮੁੱਕ ਜਾਵਾਂਗਾ

ਮੈਂ ਸ਼ਹਿਰ ਦੇ
ਹਰ ਬੂਹੇ 'ਚੋਂ ਝਾਕਦਾ ਹਾਂ
ਕਿ ਮੇਰੇ ਅੰਗ
ਮੇਰਾ ਜਿਸਮ ਪਹਿਚਾਣ ਲੈਣ
ਤੇ ਆਪਣੀ ਆਪਣੀ ਥਾਂ 'ਤੇ ਆ ਜੁੜਨ
ਹੈਰਾਨ ਹਾਂ
ਕਿ ਸ਼ਹਿਰ ਦੇ ਹਰ ਘਰ 'ਚ
ਧੜ ਹੀ ਧੜ ਪਏ ਹਨ
ਅੰਗ ਕੋਈ ਨਹੀਂ
ਮੈਂ ਸਭ ਦੇ ਸੰਗ ਹਾਂ
ਮੇਰੇ ਸੰਗ ਕੋਈ ਨਹੀਂ

ਹਰ ਘਰ 'ਚ ਹੜ੍ਹਾਂ ਦੀ ਮਾਰੀਂ
ਇਕ ਨਦੀ ਵਗਦੀ ਹੈ
ਨਾ ਝਰਨਿਆਂ—ਨਾ ਚਸ਼ਮਿਆਂ
ਨਾ ਦਰਿਆਵਾਂ—ਨਾ ਸਾਗਰਾਂ 'ਚ ਰੁਕਦੀ ਹੈ
ਘਰੋਂ ਦੂਰ ਨਿਕਲ ਜਾਂਦੀ ਹੈ
ਉਜਾੜਾਂ 'ਚ ਪਹੁੰਚਦੀ ਹੈ
ਆਲਾ ਦੁਆਲਾ ਵੇਖਦੀ ਵੇਖਦੀ ਹੈ
ਕਿ ਦੂਰ ਨੇੜੇ ਕੋਈ ਨਹੀਂ
ਆਪਣੇ ਪੱਲੂ 'ਚ ਬੱਝੇ ਸ਼ਹਿਰ ਨੂੰ ਖੋਲ੍ਹਦੀ ਹੈ
ਉਸ 'ਚ ਡੁੱਬ ਮਰਦੀ ਹੈ
ਸ਼ਹਿਰ 'ਚ ਅਜੇ ਵੀ
ਨਦੀ ਦੀ ਲਾਸ਼ ਤਰਦੀ ਹੈ

ਇਸ ਸ਼ਹਿਰ ਦਾ ਸਿਰਫ਼ ਧੜ ਹੈ
ਅੰਗ ਕੋਈ ਨਹੀਂ
ਸ਼ਹਿਰ ਦੀਆਂ ਨਦੀਆਂ ਦੇ ਅੰਗ ਹਨ
ਧੜ ਕੋਈ ਨਹੀਂ
ਸ਼ਹਿਰ 'ਚ ਕੁਝ ਵੀ ਸਾਲਮ ਨਹੀਂ
ਪੂਰਾ ਨਹੀਂ

ਸਭ ਪੱਥਰ ਹਨ
ਚੇਤਨਾ ਰਹਿਤ ਹਨ
ਇਕ ਮੈਂ ਹੀ ਹਾਂ
ਜੋ ਆਪਣੇ ਜਿਸਮ
ਆਪਣੇ ਅੰਗਾਂ ਪ੍ਰਤੀ ਚੇਤਨ ਹਾਂ
ਇਸ ਲਈ
ਇਸ ਘੁੱਗ ਵੱਸਦੇ ਸ਼ਹਿਰ 'ਚ
ਮੈਂ ਹੀ ਹਾਂ
ਜੋ ਜਾਗਦਾ ਹਾਂ ਸੌਂਦਾ ਨਹੀਂ

ਕਈ ਵਾਰ
ਰਾਤ ਨੂੰ ਮੈਂ ਸੁੱਤਾ ਸੁੱਤਾ
ਬਾਹਰ ਬਰਾਂਡੇ 'ਚ
ਟਹਿਲਣ ਨਿਕਲਦਾ ਹਾਂ
ਸੋਚਦਾ ਹਾਂ—
ਮੇਰੇ ਅੰਗ ਕਿਧਰ ਗਏ
ਜੋ ਮੇਰੇ ਨਾਲ ਸੌਂਦੇ ਸਨ
ਤੁਰਦੇ ਸਨ ਭੌਂਦੇ ਸਨ

ਪੈਰਾਂ 'ਚ ਅਰਥ ਸੀ
ਸ਼ਾਇਦ ਸ਼ਬਦ ਅਰਥ ਹੋਣ ਲਈ
ਪੈਰਾਂ 'ਚ ਉਤਰ ਆਇਆ ਹੈ

ਪੈਰਾਂ 'ਚ ਤੁਰੇਗਾ
ਤਾਂ ਸ਼ਬਦ ਅਰਥਾਂ 'ਚ ਬਦਲੇਗਾ
ਅਰਥਾਂ 'ਚ ਬਦਲੇਗਾ
ਤਾਂ ਆਪਣਾ ਸੰਕਲਪ ਪਹਿਚਾਣੇਗਾ
ਸੰਕਲਪ ਦੇ ਹੋਂਦ 'ਚ
ਆਉਣ ਤੋਂ ਪਹਿਲਾਂ ਦਾ ਸਫ਼ਰ ਤੈਅ ਕਰੇਗਾ
ਤਾਂ ਆਪਣੀ ਜੜ੍ਹ ਨੂੰ ਫੜੇਗਾ

ਸੰਕਲਪ ਦੇ ਵਜੂਦ ਤੋਂ
ਪਹਿਲਾਂ ਦੇ ਸਫ਼ਰ 'ਚ
ਤਾਂ ਕੁਝ ਨਹੀਂ
ਪੈਰਾਂ 'ਚ ਤੁਰਿਆ ਸ਼ਬਦ ਰੁਕੇਗਾ
ਫਿਰ ਪੈਰਾਂ ਤੋਂ ਸਿਰ ਵੱਲ ਮੁੜੇਗਾ
*

## ਜੀਵਨ

ਜ਼ਿੰਦਗੀ ਪੋਟਾ ਪੋਟਾ ਹੈ
ਪੋਟਿਆਂ 'ਚ ਮੈਂ ਜਿਉਂਦਾ ਹਾਂ
ਪੋਟਿਆਂ 'ਚ ਤੂੰ ਜਿਉਂਦੀ ਹੈਂ
ਪਲ ਪਲ ਇਕੱਠਾ ਕਰਦੇ ਹਾਂ
ਸਮਾਂ ਸਿਰਜਦੇ ਹਾਂ
ਘੁਰਾ ਘੁਰਾ ਅੰਬਰ ਬੁਣਦੇ ਹਾਂ
ਚੱਪਾ ਚੱਪਾ ਧਰਤ ਜੋੜਦੇ ਹਾਂ

ਫਿਰ ਪਹਿਚਾਣ ਦੇ ਲਾਇਕ
ਇਹ ਚਿਹਰਾ ਬਣਦਾ ਹੈ
ਪੋਟਾ ਪੋਟਾ ਕੱਚ ਜੋੜਦੇ ਹਾਂ
ਤਾਂ ਦਰਪਣ ਬਣਦਾ ਹੈ
ਕਦੀ ਚਿਹਰਾ
ਦਰਪਣ ਨੂੰ ਗ਼ੈਰ ਲੱਗਦਾ ਹੈ
ਕਦੀ ਦਰਪਣ
ਚਿਹਰੇ ਨੂੰ ਗ਼ੈਰ ਲੱਗਦਾ ਹੈ
ਕਦੀ ਦਰਪਣ ਤਿੜਕਦਾ ਹੈ
ਕਦੀ ਧਰਤੀ ਬਰਫ਼ ਵਾਂਗ ਜੰਮ ਜਾਂਦੀ ਹੈ
ਕਦੀ ਆਸਮਾਂ
ਅੱਗ ਵਾਂਗ ਪਿਘਲਦਾ ਹੈ
ਵਕਤ ਇਸੇ ਤਰ੍ਹਾਂ ਹੀ ਗੁਜ਼ਰ ਜਾਂਦਾ ਹੈ
ਗੁਜ਼ਰਦਾ ਹੈ

ਪਿੱਛੇ ਰਹਿ ਜਾਂਦੀਆਂ ਹਨ
ਘਰਾਂ ਦੀਆਂ ਉਦਾਸ ਕੰਧਾਂ
ਅੱਥਰੂ ਕੇਰਦੀਆਂ ਛੱਤਾਂ ਉੱਜੜੇ ਚੌਂਕੇ
ਪੱਤਝੜ ਜਿਉਂਦੇ ਵਿਹੜੇ ਤੇ ਬੂਹੇ ਦੀਆਂ
ਅੱਖਾਂ 'ਚ ਤਰਦਾ ਹੋਇਆ ਮੁਰਦਾ ਜਿਸਮ
ਤੇਰਾ ਤੇ ਮੇਰਾ

ਜੇ ਕੋਈ ਚਿੱਠੀ
ਸੁੱਖ ਸਾਂਦ ਦੀ ਆਉਂਦੀ ਹੈ
ਤਾਂ ਰਸੀਦ ਨਹੀਂ ਹੁੰਦੀ
ਘਰ ਦੀ ਚੁੱਪ ਤੇ ਵੀਰਾਨੀ ਬੋਲਦੀ ਹੈ
ਆਪਣਾ ਕੰਠ ਖੋਲ੍ਹਦੀ ਹੈ
ਡਾਕੀਏ ਨੂੰ ਦੱਸਦੀ ਹੈ
ਇਸ ਘਰ ਦੇ ਗੋਲੇ ਕਬੂਤਰ ਉੱਡ ਗਏ ਹਨ
ਉਨ੍ਹਾਂ ਹਨੇਰੀਆਂ ਤੂਫ਼ਾਨਾਂ ਤੇ ਝੱਖੜਾਂ ਦੇ ਪਿੱਛੇ
ਜੋ ਆਏ ਤੇ ਘਰ ਉਜਾੜ ਗਏ

ਜ਼ਿੰਦਗੀ ਪੋਟਾ ਪੋਟਾ ਹੈ
ਪੋਟਾ ਪੋਟਾ ਜੋੜ ਕੇ
ਕਦੀ ਅਸੀਂ ਜ਼ਿੰਦਗੀ ਸਿਰਜਦੇ ਹਾਂ
ਕਦੀ ਮੌਤ ਸਿਰਜਦੇ ਹਾਂ
ਸਾਡੀ ਤੇ ਸਮਰੱਥਾ
ਪੋਟਾ ਪੋਟਾ ਜੋੜਨ ਤਕ ਦੀ ਹੈ
ਪੋਟਾ ਪੋਟਾ ਵਜੂਦ ਦਾ ਰੂਪ ਧਾਰੇਗਾ
ਵਜੂਦ ਜੋ ਸਾਡੀ ਨਜ਼ਰ ਤੋਂ ਬਾਹਰ ਹੈ
ਸਾਨੂੰ ਜਿੰਨਾ ਨਜ਼ਰ ਆਉਂਦਾ ਹੈ
ਓਨਾ ਹੀ ਸੱਚ ਹੈ
ਓਨਾ ਹੀ ਸਾਡਾ ਵਜੂਦ ਹੈ

ਅਸੀਂ ਆਪਣੇ ਪੈਰਾਂ 'ਤੇ
ਕਿੰਨੀਆਂ ਵੀ ਅੱਖਾਂ ਲਾ ਕੇ ਤੁਰੀਏ
ਹਨੇਰੇ ਦਾ ਕੀ ਪਤਾ
ਪੈਰਾਂ 'ਚੋਂ ਨਿਕਲ ਕੇ
ਕਦੀ ਸਿਰ 'ਚ ਆ ਉਤਰੇ
ਕੀ ਭਰੋਸਾ ਹੈ
ਨੈਣਾਂ ਦੇ ਸੂਰਜ ਦਾ
ਕਿ ਨੈਣਾਂ 'ਚ ਚੜ੍ਹੇ
ਤੇ ਨਜ਼ਰ 'ਚ ਡੁੱਬ ਜਾਏ

ਅਸੀਂ ਤਾਂ ਬੂੰਦ ਬੂੰਦ ਨਾਲ
ਸਾਗਰ ਭਰਦੇ ਹਾਂ
ਸਾਗਰ ਸਹਿਰਾ 'ਚ ਬਦਲ ਜਾਏ
ਤਾਂ ਕੀ ਕਰੀਏ
ਅਸੀਂ ਪ੍ਰਾਣ ਪ੍ਰਾਣ
ਉਮਰ ਦਾ ਪੰਧ ਮੁਕਾਉਂਦੇ ਹਾਂ
ਉਮਰ ਪ੍ਰਾਣ 'ਚ ਹੀ ਢਲ ਜਾਏ
ਤਾਂ ਕੀ ਕਰੀਏ

ਸਾਡੀ ਬੂੰਦ ਬੂੰਦ
ਪ੍ਰਾਣ ਪ੍ਰਾਣ ਸਮਰੱਥਾ ਤੇ ਸ਼ਕਤੀ ਹੈ
ਨਾ ਬੂੰਦ ਦਾ ਕੋਈ ਸਾਗਰ ਹੈ
ਨਾ ਬੂੰਦ ਸਾਗਰ ਦੀ ਹਸਤੀ ਹੈ
ਨਾ ਪ੍ਰਾਣ ਦੀ ਦੇਹ
ਨਾ ਦੇਹ ਪ੍ਰਾਣ ਦੀ ਬਸਤੀ ਹੈ
ਪਲ ਦਾ ਭਰੋਸਾ ਨਹੀਂ
ਨਾ ਦੇਹ ਦਾ—ਨਾ ਪ੍ਰਾਣ ਦਾ
ਨਾ ਆਪਣੇ ਚਿਹਰੇ ਦਾ
ਨਾ ਆਪਣੇ ਦਰਪਣ ਦਾ
ਨਾ ਆਪਣੀ ਪਹਿਚਾਣ ਦਾ

ਜ਼ਿੰਦਗੀ ਪੋਟਾ ਪੋਟਾ ਹੈ
ਪੋਟਿਆਂ 'ਚ ਮੈਂ ਜਿਉਂਦਾ ਹਾਂ
ਪੋਟਿਆਂ 'ਚ ਤੂੰ ਜਿਉਂਦੀ ਹੈ
*

## ਮਮਤਾ ਦਾ ਮੋਹ

ਤੂੰ ਮੇਰੇ ਕੋਲੋਂ ਹਵਾ ਦੇ
ਬੁੱਲ੍ਹੇ ਵਾਂਗ ਗੁਜ਼ਰ ਗਿਆ
ਨਾ ਮੈਨੂੰ ਪਹਿਚਾਣਿਆ
ਨਾ ਮੇਰਾ ਹਾਲ ਹੀ ਪੁੱਛਿਆ
ਨਾ ਆਪਣਾ ਦਰਦ ਹੀ ਸੁਣਾਇਆ
ਨਾ ਮੇਰਾ ਦਰਦ ਹੀ ਸੁਣਿਆ

ਮੈਂ ਸਾਗਰ ਦੇ ਕਿਨਾਰੇ ਬੈਠਾ
ਤੈਨੂੰ ਲਹਿਰਾਂ 'ਚ ਭਾਲਦਾ ਰਿਹਾ
ਦਿਸਹੱਦਿਆਂ ਤਕ ਫੈਲਦਾ ਸਾਗਰ
ਆਪਣੀਆਂ ਨਜ਼ਰਾਂ 'ਚ ਉਤਾਰਦਾ ਰਿਹਾ
ਕਿ ਤੂੰ ਹੁਣੇ ਹੀ ਲਹਿਰਾਂ 'ਚੋਂ ਉੱਠ ਕੇ
ਮੇਰੇ 'ਚ ਉਤਰ ਜਾਵੇਂਗਾ
ਮੈਨੂੰ ਨਾਲ ਲੈ ਸਮੁੰਦਰ 'ਚ ਗਵਾਚੀ ਬੂੰਦ ਨਾਲ
ਗਵਾਚ ਜਾਵੇਂਗਾ

ਪਰ ਤੂੰ
ਕਿਤੇ ਵੀ ਨਹੀਂ ਸੈਂ
ਨਾ ਸਾਗਰ 'ਚ—ਨਾ ਜੰਗਲ 'ਚ
ਨਾ ਪਹਾੜਾਂ—ਨਾ ਧਰਤੀ
ਨਾ ਅੰਬਰ 'ਚ
ਨਾ ਮੌਸਮਾਂ—ਰੁੱਤਾਂ ਬਹਾਰਾਂ 'ਚੋਂ ਹੀ
ਤੇਰੀ ਮਹਿਕ ਆਉਂਦੀ ਸੀ
ਨਾ ਫੁੱਲਾਂ ਦੇ ਰੰਗਾਂ
ਨਾ ਕਲੀਆਂ ਦੇ ਜੋਬਨ 'ਚੋਂ ਹੀ
ਤੇਰੀ ਝਲਕ ਦਿਸਦੀ ਸੀ

ਪਤਾ ਨਹੀਂ
ਤੂੰ ਆਪਣੇ ਜਿਸਮ ਦੀ ਪਹਿਚਾਣ

ਆਕਾਸ਼ ਅਕਾਸ਼ 'ਚ—ਹਵਾ ਹਵਾ 'ਚ
ਅਗਨ ਅਗਨ 'ਚ—ਜਲ ਜਲ 'ਚ
ਧਰਤ ਧਰਤ 'ਚ ਉਤਾਰ ਦਿੱਤੀ ਸੀ
ਤੇਰਾ ਵਜੂਦ ਅਲੋਪ ਸੀ
ਮੈਂ ਤੇਰੇ ਸਰੀਰ ਦੇ ਪੰਜ ਤੱਤ
ਇਕੱਠੇ ਨਹੀਂ ਕਰ ਸਕਦਾ
ਤੇਰਾ ਵਜੂਦ ਸਿਰਜ ਨਹੀਂ ਸਕਦਾ
ਤੇਰੀ ਪਹਿਚਾਣ ਜਨਮ ਨਹੀਂ ਸਕਦਾ

ਪਰ ਤੂੰ ਜਿਥੇ ਵੀ ਹੈਂ
ਮੈਨੂੰ ਤਾਂ ਪਹਿਚਾਣ ਸਕਦਾ ਹੈਂ
ਮੈਂ ਤੇਰੇ ਸਾਏ ਦਾ ਜਿਸਮ ਹਾਂ
ਤੇਰੀ ਭਾਲ 'ਚ
ਆਪਣੇ ਆਪ 'ਚ ਗੁਆਚਾ ਹਾਂ
ਤੂੰ ਮੇਰੀ ਦੇਹ ਦਾ ਸੱਚ ਹੈਂ
ਮੈਂ ਤੇਰੇ ਬਿਨ ਅਧੂਰਾ ਹਾਂ
ਮੈਂ ਉਹ ਦੀਪਕ ਹਾਂ
ਜਿਸ ਦੀ ਲੋਅ ਨਹੀਂ
ਮੈਂ ਸਿਰਫ਼ ਕਬਰ ਦੀ ਢੇਰੀ ਹਾਂ
ਮੇਰੇ 'ਚ ਜੇ ਤੂੰ ਨਹੀਂ

ਮੈਂ ਤੇਰੇ ਨੰਨ੍ਹੇ ਨੰਨ੍ਹੇ
ਪੈਰਾਂ 'ਚ ਵਿਛਿਆ ਰਹਾਂਗਾ
ਜਿਸ ਦੀ ਉਂਗਲ ਫੜ
ਤੂੰ ਤੁਰਨਾ ਸਿੱਖਿਆ ਸੀ
ਮੈਂ ਉਹ ਰੁੱਖ ਹਾਂ
ਤੇਰੇ ਬਿਨਾ ਜੋ ਛਾਂ–ਵਿਹੂਣਾ ਹੈ
ਮੈਂ ਉਹ ਕੰਧ ਹਾਂ
ਜਿਸ ਦੇ ਆਸਰੇ
ਤੂੰ ਪਹਿਲਾ ਕਦਮ ਪੁੱਟਿਆ ਸੀ
ਮੈਂ ਉਹ ਵਿਹੜਾ ਹਾਂ

ਜਿਸ 'ਚ ਸਾਉਣ ਦੀ ਪਹਿਲੀ ਕਣੀ ਨੇ
ਤੇਰਾ ਮੁੱਖ ਚੁੰਮਿਆ ਸੀ
ਮੈਂ ਉਹ ਦਰ ਹਾਂ
ਜੋ ਤੇਰੇ ਜਾਣ ਪਿੱਛੋਂ
ਹੁਣ ਤਕ ਵੀ ਖੁੱਲ੍ਹਾ ਹੈ
ਮੈਂ ਉਹ ਛੱਤ ਹਾਂ
ਜੋ ਮੀਂਹ ਕਣੀ ਹਨੇਰੀਆਂ ਝੱਖੜਾਂ 'ਚ
ਤੈਨੂੰ ਢੱਕ ਲੈਂਦੀ ਸੀ

ਮੈਂ ਓਹੀ ਹਾਂ
ਜੋ ਆਪਣਾ ਆਪਾ
ਤੇਰੇ ਦੁਆਲੇ ਓੜ ਲੈਂਦਾ ਸਾਂ
ਤੇਰੇ ਵੱਲ ਆਉਂਦੀਆਂ
ਤੱਤੀਆਂ ਹਵਾਵਾਂ ਮੋੜ ਦਿੰਦਾ ਸਾਂ
ਅੱਜ ਮੈਂ
ਤੇਰੀ ਰੌਣਕ ਬਿਨਾ ਖੰਡਰ ਹਾਂ
ਤਿੜਕਿਆ ਬੁੱਤ ਹਾਂ
ਉਜੜਿਆ ਮੰਦਰ ਹਾਂ

ਤੂੰ ਮੇਰੀ ਆਗੋਸ਼
ਜੰਮਿਆ ਪਲਿਆ
ਜਵਾਨ ਹੋਇਆ
ਮੈਂ ਵੀਰਯ ਦੇ ਕਤਰੇ ਤੋਂ ਕੁੱਖ 'ਚ
ਤੇਰੇ ਵਜੂਦ ਤਕ ਦਾ ਸਫ਼ਰ ਹਾਂ
ਤੇਰੀ ਜ਼ੁਬਾਨ ਤੋਂ
ਪਹਿਲੀ ਵਾਰ ਨਿਕਲਿਆ
ਉਹ ਹਰਫ਼ ਹਾਂ
ਮੈਂ ਤੇਰੀ ਮਨਫ਼ੀ ਨਹੀਂ
ਤੇਰੀ ਜ਼ਰਬ ਹਾਂ
ਮੈਂ ਤੇਰੇ ਆਗਮਨ ਦੀ
ਧਰਤੀ ਤੋਂ ਅੰਬਰ ਤਕ

ਗੂੰਜਦੀ ਖ਼ਬਰ ਹਾਂ
ਜੋ ਤੇਰੇ ਜਨਮ 'ਤੇ
ਮੇਰੇ ਕੰਠ 'ਚੋਂ ਜਨਮੀ ਸੀ
ਜੋ ਅੱਲ੍ਹਾ ਦੀ ਰਹਿਮਤ ਸੀ
ਅੱਲ੍ਹਾ ਦੀ ਮਰਜ਼ੀ ਸੀ

ਇਹ ਮਮਤਾ ਦਾ ਮੋਹ ਹੈ
ਜੋ ਤੈਨੂੰ ਸਦਾ ਉਡੀਕਦਾ ਰਹੇਗਾ
ਮਰਨ ਤੋਂ ਪਿੱਛੋਂ ਵੀ
ਅੱਖਾਂ ਬੂਹੇ 'ਤੇ ਟੰਗ ਜਾਵੇਗਾ
ਅੱਖਾਂ ਨੂੰ ਸਦਾ ਲਈ
ਖੁੱਲ੍ਹੀਆਂ ਰਹਿਣ ਦਾ ਦੇ ਵਰ ਜਾਵੇਗਾ
*

## ਮੁਹੱਬਤ

ਤੂੰ
ਮੈਨੂੰ ਮਿਲਣਾ ਚਾਹੁੰਦੀ ਹੈਂ
ਤਾਂ ਮਿਲ
ਪਰ ਮਿਲਣ ਤੋਂ ਪਿੱਛੋਂ
ਤੇਰੇ ਕੋਲ ਕੁਝ ਨਾ ਰਹੇ
ਮਿਲ ਕੇ
ਤੇਰੇ ਵਿਚਾਲੇ ਕੁਝ ਨਾ ਰਹੇ
ਨਾ ਅਸਮਾਨ
ਨਾ ਹਵਾ ਅੱਗ ਜਲ
ਨਾ ਧਰਤ ਹੀ ਰਹੇ
ਜੋ ਕੁਝ ਵੀ ਰਹੇ
ਤੇਰੇ ਤੇ ਮੇਰੇ ਸਿਵਾ ਕੁਝ ਨਾ ਰਹੇ

ਤੂੰ
ਜੇ ਮੇਰੇ ਨਾਲ ਜਿਉਣਾ ਚਾਹੁੰਦੀ ਹੈਂ
ਤਾਂ ਜੀਅ ਸਿਰਫ਼ ਜੀਅ
ਜੀਅ ਕੇ ਮਰਨ ਦੀ ਇੱਛਾ ਨਾ ਰਹੇ
ਜੇ ਮੇਰੇ ਨਾਲ ਮਰਨਾ ਚਾਹੁੰਦੀ ਹੈਂ
ਤਾਂ ਮਰ ਸਿਰਫ਼ ਮਰ
ਕਿ ਮਰਨ ਤੋਂ ਪਿੱਛੋਂ ਜਿਉਣ ਦੀ
ਇੱਛਾ ਨਾ ਰਹੇ

ਮੈਨੂੰ
ਜੇ ਤੱਕਣਾ ਹੈ
ਤਾਂ ਤਕ ਸਿਰਫ਼ ਤਕ ਨਜ਼ਰਾਂ 'ਚੋਂ
ਦਿਲ 'ਚ ਉਤਾਰ ਲੈ
ਅੱਖਾਂ 'ਚ ਹੰਝੂਆਂ ਵਾਂਗ ਢਾਲ ਲੈ
ਤੱਕ—ਕਿ ਫਿਰ ਹੋਰ ਤੱਕਣ ਦੀ
ਇੱਛਾ ਨਾ ਰਹੇ

ਦਿਲ 'ਚ ਵਸ ਇਸ ਤਰ੍ਹਾਂ
ਕਿ ਦਿਲ 'ਚ ਕੋਈ ਜਗ੍ਹਾ ਨਾ ਰਹੇ

ਤੂੰ
ਜੇ ਮੈਨੂੰ ਕੁਝ ਕਹਿਣਾ ਹੈ
ਤਾਂ ਕਹਿ ਸਿਰਫ਼ ਕਹਿ
ਕਿ ਕਹਿਣ ਤੋਂ ਪਿੱਛੋਂ ਤੇਰੇ ਕੋਲ
ਕਹਿਣ ਲਈ ਕੁਝ ਨਾ ਰਹੇ

ਮੁਹੱਬਤ ਹੈ
ਤਾਂ ਮੁਹੱਬਤ ਕਰ
ਸਿਰਫ਼ ਮੁਹੱਬਤ
ਕਿ ਮੁਹੱਬਤ ਕਰਨ ਪਿੱਛੋਂ
ਤੇਰੇ ਕੋਲ ਕਰਨ ਲਈ ਕੁਝ ਨਾ ਰਹੇ

ਨਫ਼ਰਤ ਕਰਨੀ ਹੈ
ਤਾਂ ਨਫ਼ਰਤ ਕਰ—ਸਿਰਫ਼ ਨਫ਼ਰਤ
ਕਿ ਨਫ਼ਰਤ ਕਰਨ ਪਿੱਛੋਂ
ਤੇਰੇ 'ਚ ਨਫ਼ਰਤ ਦਾ ਜਜ਼ਬਾ ਨਾ ਰਹੇ

ਜੇ ਤੂੰ ਆਪਣੀ ਨਦੀ
ਮੇਰੇ ਸਾਗਰ 'ਚ ਨਦੀ 'ਚ ਉਤਾਰਨੀ ਹੈ
ਤਾਂ ਉਤਾਰ
ਨਦੀ ਸਾਗਰ 'ਚ ਉਤਾਰਨ ਪਿੱਛੋਂ
ਤੇਰੇ 'ਚ ਪਿਆਸ ਤੋਂ ਬਿਨਾ ਕੁਝ ਨਾ ਰਹੇ
ਮੈਂ ਜੇ ਆਪਣਾ ਸਾਗਰ
ਤੇਰੀ ਨਦੀ 'ਚ ਉਤਾਰਾਂ
ਤਾਂ ਮੇਰੇ ਕੋਲ
ਸਹਿਰਾ ਤੋਂ ਸਿਵਾ ਕੁਝ ਨਾ ਰਹੇ

ਆਪਣੀ ਪੂਰਨਤਾ
ਮੇਰੀ ਪੂਰਨਤਾ 'ਚ ਉਤਾਰ ਦੇ

ਤੇਰੇ ਕੋਲ ਕੁਝ ਵੀ ਤੇਰਾ ਨਾ ਰਹੇ
ਮੈਂ ਆਪਣੀ ਪੂਰਨਤਾ
ਤੇਰੀ ਪੂਰਨਤਾ 'ਚ ਧਰਾਂ
ਤਾਂ ਮੇਰੇ ਕੋਲ ਕੁਝ ਵੀ ਮੇਰਾ ਨਾ ਰਹੇ

ਮੁਹੱਬਤ ਆਪਣੀ ਆਪਣੀ
ਧਰਤੀ ਤਿਆਗ ਹੈ
ਇਕ ਦੂਜੇ ਦੀ ਧਰਤੀ 'ਚ ਉੱਗਣਾ ਹੈ
ਜਿਥੇ ਮੇਰੀ ਧਰਤੀ ਦਾ
ਮੈਨੂੰ ਤੇਰੀ ਧਰਤੀ ਦਾ
ਮੋਹ ਨਾ ਰਹੇ
ਅਹਿਸਾਸ ਨਾ ਰਹੇ
*

## ਦਰਪਣ ਦਾ ਚਿਹਰਾ

ਤੇਰੇ ਦਰਪਣ 'ਚੋਂ
ਜਦ ਮੈਂ ਆਪਣਾ ਚਿਹਰਾ ਤੱਕਿਆ
ਆਪਣੇ ਆਪ ਨੂੰ ਮਿਲਿਆ
ਸਾਲਮ ਸਾਂ—ਸਬੂਤਾ ਸਾਂ
ਤੇਰੇ ਦਰਪਣ ਤੋਂ ਟੁੱਟਿਆ
ਪੁਰਜ਼ਾ ਪੁਰਜ਼ਾ ਹੋ ਗਿਆ
ਕੰਕਰ ਕੰਕਰ ਹੋ ਗਿਆ

ਮੈਂ ਦਰਪਣ ਦੇ ਡਰ ਤੋਂ
ਆਪਣੇ ਆਪ ਸੰਗ ਜੁੜਿਆ ਰਿਹਾ
ਆਪਣੇ·ਅੰਗਾਂ ਤੇ ਨਕਸ਼ਾਂ ਨੂੰ
ਸੰਭਾਲਦਾ ਰਿਹਾ
ਆਪਣੇ ਅੰਗਾਂ ਤੇ ਨਕਸ਼ਾਂ ਨੂੰ
ਆਪਣੇ ਲਹੂ 'ਚ ਉਤਾਰਦਾ ਰਿਹਾ
ਆਪਣੇ ਸਾਹਾਂ 'ਚ ਘੋਲਦਾ ਰਿਹਾ
ਉਨ੍ਹਾਂ 'ਚ ਉਤਾਰਦਾ ਰਿਹਾ
ਆਪਣੇ 'ਚ ਉਤਾਰਦਾ ਰਿਹਾ
ਅਸਲ ਦਰਪਣ ਦੇ ਹਨ੍ਹੇਰੇ ਤੋਂ ਡਰ ਕੇ
ਮਸਤਕ ਦੀ ਜੋਤ ਬਾਲਦਾ ਰਿਹਾ
ਜੇ ਦਰਪਣ 'ਚ ਹਨੇਰਾ ਹੋ ਜਾਂਦਾ
ਤਾਂ ਮੈਂ
ਆਪਣੇ ਅੰਗਾਂ ਤੇ ਨਕਸ਼ਾਂ ਦਾ ਚਿਹਰਾ
ਪਹਿਚਾਣ ਨਾ ਸਕਦਾ
ਆਪਣਾ ਚਿਹਰਾ
ਆਪਣੀਆਂ ਨਜ਼ਰਾਂ 'ਚ ਉਤਾਰ ਨਾ ਸਕਦਾ

ਅੱਜ ਮੈਂ ਦਰਪਣ ਤੋਂ ਵਿਛੜ ਗਿਆ ਹਾਂ
ਪੁਰਜ਼ਾ ਪੁਰਜ਼ਾ
ਕੰਕਰ ਕੰਕਰ ਹੋ ਗਿਆ ਹਾਂ

ਡਗਰ ਡਗਰ ਬਿਖ਼ਰ ਗਿਆ ਹਾਂ
ਹਵਾਵਾਂ 'ਚ ਲਟਕ ਗਿਆ ਹਾਂ
ਆਪਣੇ ਅੰਗਾਂ ਤੇ ਨਕਸ਼ਾਂ 'ਚ
ਵੰਡਿਆ ਗਿਆ ਹਾਂ
ਆਪਣੇ ਹੱਥਾਂ ਦੀਆਂ ਉਂਗਲਾਂ 'ਚੋਂ
ਕਿਰ ਗਿਆ ਹਾਂ

ਦਰਪਣ ਦਾ ਮੇਲ ਹੀ
ਮੇਰੇ ਅੰਗਾਂ ਤੇ ਨਕਸ਼ਾਂ ਦੀ ਏਕਤਾ ਸੀ
ਮੇਰਾ ਸਾਲਮ ਚਿਹਰਾ ਸੀ
ਮੇਰੀ ਪਹਿਚਾਣ ਸੀ
ਮੇਰੀ ਹੋਂਦ 'ਚ
ਮੇਰੇ ਸਾਲਮ ਰਹਿਣ 'ਚ ਸੱਚ ਸੀ
ਹੁਣ ਖਿਲਰੇ ਅੰਗ ਨਕਸ਼ ਤਾਂ ਹਨ
ਪਰ ਸਾਲਮ ਚਿਹਰਾ ਨਹੀਂ
ਕਿਉਂਕਿ ਉਹ ਦਰਪਣ ਕੱਲ੍ਹ ਮੇਰਾ ਸੀ
ਅੱਜ ਮੇਰਾ ਨਹੀਂ

ਉਹ ਦਰਪਣ
ਮੈਨੂੰ ਹਮੇਸ਼ਾ ਸਾਲਮ ਤੇ
ਪੂਰਨ ਵੇਖਣਾ ਚਾਹੁੰਦਾ ਸੀ
ਕਿਉਂਕਿ ਉਸ 'ਚ ਮੇਰੀ ਪਹਿਚਾਣ ਸੀ
ਉਸ ਦਰਪਣ ਦੀਆਂ ਉਂਗਲਾਂ 'ਤੇ
ਮੇਰੀ ਸਿਆਣ ਸੀ
ਮੇਰੀ ਪੂਰਨਤਾ
ਉਸ ਦੀਆਂ ਨਜ਼ਰਾਂ ਦੀ
ਛੋਹ 'ਚ ਬੱਝੀ ਸੀ
ਉਸ ਦੇ ਮੱਥੇ 'ਚ ਕੱਜੀ ਸੀ

ਮੈਂ ਜਦ ਵੀ
ਉਸ ਦੇ ਰੂਬਰੂ ਹੁੰਦਾ ਹਾਂ

ਮੇਰੀ ਪੂਰਨਤਾ
ਉਸ ਦੇ ਮੱਥੇ 'ਚ ਜਗਦੀ ਹੈ
ਜੋ ਮੈਨੂੰ ਮੇਰੇ ਅੰਗ ਨਕਸ਼ 'ਤੇ ਚਿਹਰਾ ਲੱਗਦੀ ਹੈ
ਉਹ ਮੇਰੇ ਤੋਂ ਅਲੱਗ ਕੀ ਹੋਇਆ
ਮੇਰੀ ਸੰਪੂਰਨਤਾ—ਮੇਰੀ ਪਹਿਚਾਣ
ਆਪਣੇ ਨਾਲ ਲੈ ਗਿਆ
ਮੇਰੇ ਚਿਹਰੇ 'ਤੇ
ਮੇਰੇ ਅੰਗਾਂ ਤੇ ਨਕਸ਼ਾਂ ਦੇ ਖੰਡਰ ਧਰ ਗਿਆ
ਮੇਰੀ ਦੇਹ ਨੂੰ ਸ਼ਮਸ਼ਾਨ ਕਰ ਗਿਆ
*

## ਬੰਦ ਕਿਤਾਬ

ਉਹ ਚਿਹਰਾ
ਬੰਦ ਕਿਤਾਬ ਵਰਗਾ ਸੀ
ਜਿਸ ਨੂੰ ਕਿਸੇ
ਨਾ ਖੋਲ੍ਹਿਆ—ਨਾ ਪੜ੍ਹਿਆ
ਨਾ ਵਿਚਾਰਿਆ ਉਸ ਨੂੰ
ਕਿਸੇ ਨਾ ਆਪਣੀਆਂ ਨਜ਼ਰਾਂ 'ਚੋਂ
ਗੁਜ਼ਾਰਿਆ ਉਸ ਨੂੰ
ਨਾ ਦਿਲ 'ਚ ਹੀ ਉਤਾਰਿਆ ਉਸ ਨੂੰ

ਉਹ ਚਾਹੁੰਦਾ ਸੀ
ਉਸ ਦੀ ਦੇਹ 'ਤੇ ਜੰਮੀ ਧੂੜ ਨੂੰ ਕੋਈ ਉਤਾਰੇ
ਉਸ ਦੇ ਅੰਦਰ ਸੁੱਕਦੇ ਜਾ ਰਹੇ
ਚਸ਼ਮੇ ਤੇ ਝਰਨੇ ਨਿਹਾਰੇ
ਉਸ 'ਚ ਵਗਦੀ ਨਦੀ ਦੇ ਕਿਨਾਰੇ ਬਹਿ
ਆਪਣਾ ਚਿਹਰਾ ਸਵਾਰੇ
ਆਪਣੇ ਆਪ ਨੂੰ ਠਾਰੇ
ਉਸ ਦੇ ਨੈਣਾਂ 'ਚ ਝਾਕੇ
ਉਸ ਦੇ ਦਿਲ 'ਚ ਉਤਰੇ
ਉਸ ਦੇ ਸਾਹਾਂ 'ਚ
ਆਪਣੇ ਸਾਹਾਂ 'ਚ ਨਿੱਘ ਘੋਲੇ
ਉਸ ਦੇ ਸ਼ਬਦਾਂ ਦੇ ਅਰਥਾਂ ਦੀ ਚੁੱਪ ਸੰਗ ਬੋਲੇ

ਉਸ ਦਾ ਦਰ ਹਮੇਸ਼ਾ ਖੁੱਲ੍ਹਾ ਹੈ
ਉਸ ਦੀਆਂ ਅੱਖਾਂ ਸਰਦਲ 'ਤੇ ਲੱਗੀਆਂ ਹਨ
ਉਸ ਦੇ ਕੰਨ ਬੂਹੇ 'ਤੇ ਚਿਪਕੇ ਹਨ
ਕਿਸੇ ਦੇ ਪੈਰਾਂ ਦੀ ਆਹਟ ਸੁਣਨ ਲਈ
ਕਿਸੇ ਨੂੰ ਆਪਣੇ ਵੱਲ ਆਉਂਦਾ ਤੱਕਣ ਲਈ

ਉਹ ਬੰਦ ਕਿਤਾਬ ਵਰਗਾ ਚਿਹਰਾ
ਆਪਣੇ 'ਚ

ਚੰਨਾਂ ਸੂਰਜਾਂ ਤਾਰਿਆਂ ਦੇ
ਹਜੂਮ ਲੁਕਾਈ ਬੈਠਾ ਸੀ
ਆਪਣੇ ਨੈਣਾਂ ਦੇ ਦੀਵੇ
ਹਨ੍ਹੇਰੀਆਂ ਝੱਖੜਾਂ ਤੂਫ਼ਾਨਾਂ 'ਚ
ਜਗਾਈ ਬੈਠਾ ਸੀ
ਆਪਣਾ ਸੂਰਜ ਚੜ੍ਹਾਉਣ ਲਈ
ਆਪਣੇ ਚੰਨ ਤਾਰੇ ਤਰੌਂਕਣ ਲਈ
ਉਸ 'ਚ ਮੌਸਮ ਸਨ—ਬਹਾਰਾਂ ਸਨ—ਰੁੱਤਾਂ ਸਨ
ਪਰ ਉਹ ਧਰਤ ਵਿਹੂਣਾ ਸੀ
ਇਨ੍ਹਾਂ ਨੂੰ ਉਗਾਉਣ ਲਈ
ਅੰਬਰ ਰਹਿਤ ਸੀ
ਆਪਣਾ ਸੂਰਜ ਚੜ੍ਹਾਉਣ ਲਈ

ਉਸ 'ਚ ਗਿਆਨ ਦਾ ਸਮੁੰਦਰ ਸੀ
ਦਰਸ਼ਨ ਦੇ ਪਹਾੜੇ ਸਨ
ਰੌਸ਼ਨੀ ਦੇ ਜੰਗਲ ਸਨ
ਵਿਗਿਆਨ ਦਾ ਨੂਰ ਸੀ
ਅੱਥਰੂ ਸਨ—ਹਾਸੇ ਸਨ
ਸ਼ਬਦਾਂ ਦੇ ਪਿੰਡੇ ਸਨ
ਅਰਥਾਂ ਦੇ ਵਜੂਦ ਸਨ
ਪਰ ਉਸ ਕੋਲ ਜੀਭ ਨਹੀਂ ਸੀ
ਪੈਰ ਨਹੀਂ ਸਨ
ਅੱਥਰੂ ਸਨ—ਜਲ ਨਹੀਂ ਸੀ
ਹਾਸੇ ਸਨ—ਆਵਾਜ਼ ਨਹੀਂ ਸੀ
ਸ਼ਬਦ ਸਨ—ਅਰਥ ਸਨ
ਚੇਤਾ ਨਹੀਂ ਸੀ

ਉਹ ਚਿਹਰਾ
ਆਪਣਾ ਅੰਦਰ ਵਿਖਾਉਣ ਲਈ
ਅੰਬਰ ਨੂੰ ਧਰਤੀ ਨੂੰ

ਅੱਖਾਂ ਪੈਰਾਂ ਨੂੰ—ਜੀਭਾਂ ਨੂੰ
ਤੇ ਕਿਸੇ ਚੇਤਨ ਚਿਹਰੇ ਨੂੰ
ਆਪਣੇ ਅੰਦਰ ਉਤਾਰਨਾ ਚਾਹੁੰਦਾ ਸੀ
ਆਪਣੇ ਸ਼ਬਦਾਂ ਦੇ
ਸੁੰਘੜਦੇ ਜਾ ਰਹੇ
ਅਰਥ ਵਿਖਾਉਣਾ ਚਾਹੁੰਦਾ ਸੀ
ਕਿਸੇ ਚਿਹਰੇ 'ਚ
ਆਪਣਾ ਚਿਹਰਾ ਜਿਉਣਾ ਚਾਹੁੰਦਾ ਸੀ
ਆਪਣੀ ਚੁੱਪ ਤੇ ਇਕੱਲਤਾ ਤੋਂ
ਆਪਣੀ ਜਿਲਦ ਦੀ ਬੰਦਸ਼ ਤੋਂ
ਮੁਕਤੀ ਪਾਉਣਾ ਚਾਹੁੰਦਾ ਸੀ
*

## ਉਦਾਸ ਘਰ

ਇਹ ਘਰ ਚੁੱਪ ਦੀ ਆਵਾਜ਼ ਹੈ
ਇਸ ਦੇ ਬੂਹੇ ਨੂੰ ਦਸਤਕ ਦੀ ਤਲਾਸ਼ ਹੈ
ਇਸ ਦੀਆਂ ਕੰਧਾਂ
ਕਿਸੇ ਤਸਵੀਰ ਲਈ ਅੱਥਰੂ ਕੇਰਦੀਆਂ ਹਨ
ਇਸ ਦੀ ਛੱਤ ਆਪਣੇ ਹੇਠ ਸੁੱਤਾ
ਸੁਫ਼ਨਾ ਸਹਿਕਾਰਦਾ ਹੈ
ਇਸ ਦਾ ਚੌਂਕਾ
ਬਰਤਨਾਂ ਦੀ ਖੜ-ਖੜ ਲਈ ਤਰਸਦਾ ਹੈ
ਇਸ ਦਾ ਵਿਹੜਾ ਆਪਣੇ ਪਿੰਡੇ
ਧਰੇਕਾਂ ਦੀਆਂ ਛਾਵਾਂ ਉਤਾਰਦਾ ਹੈ

ਘਰ 'ਚ ਚੁੱਪ ਦਾ ਸ਼ੋਰ ਹੈ
ਇਕਾਂਤ ਦਾ ਬਸੇਰਾ ਹੈ
ਪਤਝੜਾਂ ਉਦਾਸੀਆਂ
ਬੇਰੌਣਕਾਂ ਦਾ ਡੇਰਾ ਹੈ
ਘਰ 'ਚ ਨਾ ਧੁੱਪ ਵੱਸਦੀ ਹੈ
ਨਾ ਛਾਂ ਵੱਸਦੀ ਹੈ
ਇਹ ਘਰ ਵੱਸਣ ਤੋਂ ਸੱਖਣਾ ਹੈ
ਇਸ ਦੀ ਦਹਿਲੀਜ਼ ਦੱਸਦੀ ਹੈ

ਇਸ ਘਰ ਸੰਗ
ਮੌਸਮ ਬਹਾਰਾਂ ਰੁੱਤਾਂ ਰੁੱਸੀਆਂ ਹਨ
ਘਰ 'ਚ ਪੌਣਾਂ ਬੁੱਸੀਆਂ ਹਨ
ਘਰ ਦੀਆਂ ਖ਼ੁਸ਼ੀਆਂ ਖੁੱਸੀਆਂ ਹਨ
ਘਰ ਨੂੰ ਖੰਡਰ ਦਾ ਸਰਾਪ ਹੈ
ਇਹ ਘਰ ਨੀਂਹਾਂ ਤੋਂ ਸਿਰ ਤਕ ਉਦਾਸ ਹੈ
ਘਰ ਦਾ ਅੰਬਰ ਮੈਲਾ ਹੈ
ਘਰ ਦੀ ਧਰਤੀ ਬਾਂਝ ਹੈ

ਇਹ ਘਰ ਚੁੱਪ ਦੀ ਆਵਾਜ਼ ਹੈ
ਇਸ ਘਰ ਦੇ ਬੂਹੇ ਨੂੰ ਦਸਤਕ ਦੀ ਤਲਾਸ਼ ਹੈ

ਇਹ ਦਿਨ ਰਾਤ
ਕਿਸੇ ਦੇ ਪੈਰਾਂ ਦੀ ਆਹਟ
ਸੁਣਨ ਲਈ ਗੁਜ਼ਾਰਦਾ ਹੈ
ਆਪਣੇ ਵਿਹੜੇ 'ਚ
ਚੰਨ ਸੂਰਜ ਤਾਰੇ ਉਤਾਰਦਾ ਹੈ
ਆਪਣੇ ਜਿਸਮ 'ਚ ਰੰਗ ਭਰਦਾ ਹੈ
ਆਪਣੇ ਸਾਹਾਂ 'ਚ ਖ਼ੁਸ਼ੀਆਂ ਬੀਜਦਾ ਹੈ
ਸੱਜਰੀਆਂ ਪੌਣਾਂ ਲਈ ਤਰਸਦਾ ਹੈ
ਧੁੱਪਾਂ ਤੇ ਛਾਵਾਂ ਉਡੀਕਦਾ ਹੈ
ਸੁੱਖਾਂ ਤੇ ਦੁੱਖਾਂ ਦੇ ਚਿਹਰੇ ਉਲੀਕਦਾ ਹੈ

ਆਪਣੇ ਘਰ ਦੀ ਔੜ ਲਈ
ਸਾਉਣ ਦੇ ਬੱਦਲਾਂ ਨੂੰ
ਮੁੱਠਾਂ 'ਚ ਫੜਦਾ ਹੈ
ਆਪਣੇ ਮੂੰਹ 'ਤੇ ਨਿਚੋੜਦਾ ਹੈ
ਹਨੇਰੇ ਦੀ ਬੁੱਕਲ 'ਚ ਜਿਊਂਦਾ ਹੈ
ਕਿਰਨਾਂ ਦੇ ਜਾਲ ਬੁਣਦਾ ਹੈ
ਨਾ ਸੜਦਾ ਹੈ—ਨਾ ਬਲਦਾ ਹੈ
ਬਸ ਧੁਖਦਾ ਹੀ ਧੁਖਦਾ ਹੈ
ਇਹ ਘਰ ਨੂੰ
ਫਿਰ ਵੀ ਸਵੇਰ ਦੀ ਆਸ ਹੈ
ਇਹ ਘਰ ਚੁੱਪਾਂ ਦੀ ਆਵਾਜ਼ ਹੈ
ਇਸ ਘਰ ਦੇ ਬੂਹੇ ਨੂੰ
ਦਸਤਕ ਦੀ ਤਲਾਸ਼ ਹੈ

ਇਹ ਘਰ
ਅੰਨ ਦੀ ਖ਼ੁਸ਼ਬੂ ਲਈ ਰੋਜ਼ ਮਰਦਾ ਹੈ
ਰੋਜ਼ ਜਿਊਂਦਾ ਹੈ

ਰੌਣਕਾਂ ਦਾ ਸਹਿਰਾ ਹੰਢਾਉਂਦਾ ਹੈ
ਤੇ ਤਰਦਾ ਹੈ
ਵਸੇਬੇ ਦੀ ਖ਼ੁਸ਼ਬੂ ਦਾ ਪਿਆਸਾ ਹੈ
ਇਹ ਮੌਤ ਦੇ ਅੱਥਰੂ ਕੇਰਦਾ ਹੈ
ਜ਼ਖ਼ਮੀ ਹਾਸਾ ਹੱਸਦਾ ਹੈ
ਸਾਰਾ ਦਿਨ ਆਪਣੀ ਬਦਕਿਸਮਤੀ ਦਾ
ਅਫ਼ਸੋਸ ਕਰਦਾ ਹੈ
ਸਾਰੀ ਰਾਤ
ਆਪਣੇ ਗਲ ਲੱਗ ਕੇ ਰੋਂਦਾ ਹੈ
ਇਸ 'ਚ ਕੋਈ ਨਹੀਂ ਵੱਸਦਾ
ਨਾ ਇਸ ਦੇ ਚੁੱਲ੍ਹੇ 'ਚ ਅੱਗ ਬਲਦੀ ਹੈ
ਨਾ ਇਸ ਘਰ 'ਚ
ਕੋਈ ਦੀਵਾ ਬੱਤੀ ਜਗਦੀ ਹੈ
ਇਸ ਘਰ ਦੇ ਅੰਦਰ ਹਨੇਰੇ ਦਾ ਵਾਸ ਹੈ
ਇਸ ਘਰ ਚੁੱਪ ਦੀ ਆਵਾਜ਼ ਹੈ
ਇਸ ਘਰ ਦੇ ਬੂਹੇ ਨੂੰ
ਦਸਤਕ ਦੀ ਤਲਾਸ਼ ਹੈ
*

## ਮੈਂ ਜਦੋਂ ਤੁਰਦਾ ਹਾਂ

ਮੈਂ ਜਦੋਂ ਤੁਰਦਾ ਹਾਂ
ਆਪਣੇ ਆਪ 'ਚ ਭੁਰਦਾ ਹਾਂ
ਤਿੜਕਦਾ ਤੇ ਧੁਖਦਾ ਹਾਂ
ਮੇਰੇ ਨਕਸ਼ ਮੇਰੇ ਅੰਗ
ਮੇਰਾ ਰੰਗ ਰੂਪ ਤੇ ਚਿਹਰਾ
ਮੇਰੇ ਦੁਆਲੇ ਉੱਗ ਆਉਂਦੇ ਹਨ

ਮੇਰੇ ਅੰਬਰ 'ਚ ਉਤਰਦੇ ਹਨ
ਪੈਰਾਂ 'ਚ ਤੁਰਦੇ ਹਨ
ਲਹੂ 'ਚ ਗਿੜਦੇ ਹਨ
ਪ੍ਰਾਣਾਂ 'ਚ ਘੁੰਮਦੇ ਹਨ
ਜੀਭਾਂ 'ਤੇ ਬੋਲਦੇ ਹਨ

ਪਰਤ–ਦਰ–ਪਰਤ
ਮੇਰਾ ਵਜੂਦ ਖੋਲ੍ਹਦੇ ਹਨ
ਮੇਰੇ 'ਚੋਂ ਜਗਦਾ ਅਰਥ ਤੱਕਦੇ ਹਨ

ਮੇਰੇ 'ਚ ਉਤਰਦੇ ਹਨ
ਮੈਨੂੰ ਆਪਣੇ 'ਚ ਉਤਾਰਦੇ ਹਨ
ਮੇਰੇ 'ਚੋਂ ਜੀਵਨ ਦਾ ਅੰਕੁਰ ਭਾਲਦੇ ਹਨ
ਜੋ ਬੁਝਿਆ ਹੈ
ਕਿ ਜਗਦਾ ਹੈ
ਮੇਰੇ ਅੰਗਾਂ—ਮੇਰੇ ਨਕਸ਼ਾਂ ਨੂੰ
ਜਿਉਂਦਾ ਲੱਗਦਾ ਹੈ
*

## ਅਜੋਕਾ ਮਨੁੱਖ

ਉਹ ਆਪਣੀ ਤਕਸੀਮੀਂ ਸ਼ਖ਼ਸੀਅਤ
ਇਕ ਪਲ 'ਚ ਹੀ ਜੀਅ ਲੈਂਦਾ ਹੈ
ਉਹ ਇਕ ਘੁੱਟ 'ਚ ਹੀ
ਸਾਗਰ ਪੀ ਲੈਂਦਾ ਹੈ

ਉਹ ਕਦੀ ਮੰਦਰ ਦਾ ਪੁਜਾਰੀ ਹੈ
ਕਦੀ ਮੌਨਧਾਰੀ ਹੈ
ਸਮਾਧੀ ਰੂਪ 'ਚ
ਕਦੀ ਉਹ ਆਪਣੇ ਅੰਦਰ ਉਤਰ ਜਾਂਦਾ ਹੈ
ਅਜੇ ਉਹ ਪੂਰੀ ਤਰ੍ਹਾਂ ਚੁੱਪ ਨਹੀਂ ਹੁੰਦਾ
ਕਿ ਉਸ ਦੀ ਧੁੱਪ 'ਚੋਂ
ਉੱਠ ਸ਼ੋਰ ਜਾਂਦਾ ਹੈ
ਸ਼ੋਰ ਜਿਉਂਦਾ
ਉਹ ਇਕੋ ਵੇਲੇ
ਆਪਣੇ ਅੱਗੇ ਤੇ ਪਿੱਠ 'ਤੇ ਉੱਗੇ
ਸੰਸਾਰ 'ਚ ਝਾਕਦਾ ਹੈ
ਕਦੀ ਸ਼ੋਰ 'ਚ ਚੁੱਪ
ਕਦੀ ਚੁੱਪ 'ਚ ਸ਼ੋਰ ਉਤਾਰਦਾ ਹੈ

ਕਦੀ ਉਹ ਭੀੜਾਂ ਦਾ ਰਾਹਨੁਮਾ ਹੈ
ਕਦੀ ਉਹ ਵਹਿਸ਼ੀਆਂ ਦਾ ਦਲਾਲ ਹੈ
ਕਦੀ ਉਹ ਦੁਨੀਆ ਦੀ ਮੰਡੀ ਦਾ ਸੱਚ ਹੈ
ਕਦੀ ਉਹ ਸੱਚ ਦੀ ਮੰਡੀ ਦਾ ਖ਼ਿਆਲ ਹੈ
ਉਹ ਭੀੜ ਦੀ ਰਾਹਨੁਮਾਈ ਵੀ ਕਰਦਾ ਹੈ
ਭੀੜ 'ਚ ਗੁਆਚ ਵੀ ਜਾਂਦਾ ਹੈ
ਆਪਣੇ ਆਪ ਨੂੰ ਭਾਲਦਾ ਭਾਲਦਾ ਵੇਖਦਾ ਹੈ
ਕਿ ਉਹ ਦਲਾਲ ਨਹੀਂ ਗਾਹਕ ਹੈ
ਵਹਿਸ਼ੀਆਂ ਦਾ ਜਿਸਮ
ਭੋਗਣ ਲਈ ਤਤਪਰ ਹੈ

ਕਦੀ ਉਹ
ਅਮਨ ਦਾ ਚਿੱਟਾ ਕਬੂਤਰ ਹੈ
ਯੁੱਧ ਦੇ ਮੈਦਾਨ 'ਚ
ਕਦੀ ਉਹ ਕੱਟਿਆ ਸਿਰ ਹੈ
ਉਹ ਵਿਜੈ ਵੀ ਹੈ—ਸ਼ਿਕਸਤ ਵੀ ਹੈ
ਉਹ ਅੱਧੀ ਔਰਤ ਹੈ—ਅੱਧਾ ਮਰਦ ਵੀ
ਉਹ ਸਮਾਂ ਹੈ—ਸ਼ਬਦ ਵੀ
ਸੰਕਲਪ ਵੀ—ਅਰਥ ਵੀ
ਦੁਨੀਆ ਦੀ ਕੁੱਖ ਵੀ
ਦੁਨੀਆ ਦਾ ਹਸ਼ਰ ਵੀ

ਉਹ ਕਦੀ ਸਮੁੰਦਰ 'ਤੇ ਤਰਦਾ ਹੈ
ਕਦੀ ਧਰਤੀ 'ਤੇ ਉਤਰਦਾ ਹੈ
ਕਦੀ ਪਹਾੜ 'ਤੇ ਵਿਚਰਦਾ ਹੈ
ਕਦੀ ਜੰਗਲ 'ਚੋਂ ਗੁਜ਼ਰਦਾ ਹੈ
ਉਹ ਕਦੀ ਸਹਿਰਾ ਹੈ
ਕਦੀ ਹਰਿਆਵਲ ਹੈ
ਉਸ ਨੂੰ ਸਮੇਂ ਨੇ
ਜਿੰਨੇ ਵੀ ਰੂਪਾਂ 'ਚ ਵੰਡਿਆ ਹੈ
ਉਹ ਇਕੋ ਪਲ ਸਾਰੇ ਰੂਪ ਜਿਉਂਦਾ ਹੈ
ਸਾਰੇ ਰੂਪ ਹੰਢਾਉਂਦਾ ਹੈ

ਉਹ ਕਦੀ
ਆਪਣੇ ਆਪ ਦਾ ਹੀ ਚੋਰ ਹੈ
ਕਦੀ ਉਹ ਆਪਣੇ ਆਪ ਦਾ ਹੀ ਸਾਧ ਹੈ
ਉਹ ਕਈ ਕਿਸਮਾਂ ਦੇ
ਪਿਉ ਪੁੱਤਰਾਂ ਪਤੀਆਂ
ਦੋਹਤਿਆਂ ਪੋਤਰਿਆਂ
ਦੁਸ਼ਮਣਾਂ ਮਿੱਤਰਾਂ 'ਚ ਵੰਡਿਆ ਪਿਆ ਹੈ
ਦਾਨੀ ਪੁਰਸ਼ ਹੈ ਕਸਾਈ ਵੀ ਹੈ

ਪਿਆਰ ਮੁਹੱਬਤ ਵਿਸ਼ਾਲ
ਹਿਜ਼ਰ ਤੇ ਜੁਦਾਈ ਵੀ ਹੈ

ਜਿਵੇਂ ਰੁੱਖ ਬੀਜ 'ਚੋਂ ਉੱਗਾ
ਹਰ ਪੱਤੇ 'ਚ ਵੰਡਿਆ ਪਿਆ ਹੈ
ਇਵੇਂ ਹੀ ਉਹ
ਜਿਸਮ 'ਚੋਂ ਜਨਮ ਤੇ ਮਰਨ ਤਕ
ਜੋ ਵੀ ਉੱਗਦਾ ਹੈ
ਚਾਹੇ ਉਹ ਦਿਸ ਹੈ—ਚਾਹੇ ਉਹ ਅਦਿੱਸ ਹੈ
ਉਹ ਉਸ ਸਭ 'ਚੋਂ ਨਜ਼ਰ ਆਉਂਦਾ ਹੈ

ਉਸ ਦੀ ਤਕਸੀਮ ਹੀ
ਉਸ ਦੀ ਜਮ੍ਹਾ ਹੈ
ਉਸ ਦੀ ਜਮ੍ਹਾ 'ਚ
ਉਸ ਦਾ ਕੁਝ ਨਹੀਂ
ਉਹ ਆਪਣੀ ਸਰਬਵਿਆਪਕਤਾ
'ਚ ਜਿਉਂਦਾ ਹੈ
ਆਪਣੀ ਇਕਾਈ 'ਚ ਉਸ ਦੀ ਕੋਈ ਹੋਂਦ ਨਹੀਂ

ਉਸ ਨੇ ਆਪਣੇ ਆਪ 'ਚ
ਇਕ ਪਲ ਵੀ ਨਹੀਂ ਜੀਵਿਆ
ਪਤਾ ਨਹੀਂ
ਉਸ ਨੂੰ ਵਰ ਹੈ ਕਿ ਸਰਾਪ ਹੈ
ਉਸ ਦਾ ਚਿਹਰਾ ਪੌਣਾਂ 'ਤੇ ਉਕਰਿਆ ਹੈ
ਬੂੰਦ ਬੂੰਦ 'ਚ
ਉਸ ਦਾ ਵਜੂਦ ਢਲਿਆ ਹੈ
ਉਹ ਹਨ੍ਹੇਰੀ ਹੈ
ਜਲਜ਼ਲਾ ਹੈ—ਤੂਫ਼ਾਨ ਹੈ
ਸਮੇਂ ਨੇ ਉਸ ਨੂੰ ਗਰਦਾਨਿਆ ਹੈ
ਉਹ ਅਜੋਕੇ ਯੁੱਗ ਦਾ ਇਨਸਾਨ ਹੈ
ਜੋ ਆਪਣੇ ਅਨੇਕਾਂ

ਤਕਸੀਮੇਂ ਰੂਪ ਜੀਅ ਰਿਹਾ ਹੈ
ਆਪਣੇ ਆਪ 'ਚ ਖ਼ਾਲੀ
ਪਿਆਸਾ ਸਮੁੰਦਰ ਹੈ
ਜਲ ਦੀ ਥਾਂ
ਆਪਣੀ ਹੀ ਪਿਆਸ ਪੀ ਰਿਹਾ ਹੈ
*

## ਸੱਚ

ਨਿੱਕੇ ਜਿਹੇ ਬੀਜ
ਕਿੰਨੀ ਉਮਰ ਗੁਜ਼ਾਰ ਦਿੱਤੀ
ਆਪਣੇ 'ਚੋਂ ਰੁੱਖ ਉਗਾਉਣ ਲਈ
ਰੁੱਖ ਨੂੰ
ਆਪਣਾ ਸੱਚ ਸਮਝਾਉਣ ਲਈ

ਬੀਜ ਨੇ
ਫ਼ਲ ਦੀ ਕੁੱਖ ਹੰਢਾਈ
ਜਲ ਰੂਪ ਤੋਂ ਲਹੂ ਮਾਸ ਦਾ ਰੂਪ ਧਾਰਿਆ
ਆਪਣੇ 'ਚ
ਰੁੱਖ ਦਾ ਸਾਇਆ ਉਤਾਰਿਆ
ਰੁੱਖ ਦੇ ਸਾਏ ਨੂੰ
ਰੁੱਖ ਦਾ ਸੱਚ ਵਿਖਾਲਿਆ

ਬੀਜ
ਜੋ ਰੁੱਖ ਦਾ ਸੱਚ ਸੀ
ਰੁੱਖ ਨੇ ਆਪਣੇ ਚਿਹਰੇ 'ਚ ਵਸਾ ਲਿਆ
ਬੀਜ 'ਚੋਂ
ਆਪਣਾ ਰੁੱਖ ਉਗਾ ਲਿਆ
ਰੁੱਖ ਬੀਜ ਦੇ ਆਂਗਣ 'ਚ ਰਿੜ੍ਹਦਾ ਤੁਰਦਾ
ਆਪਣਾ ਬਚਪਨ ਗੁਜ਼ਾਰਦਾ
ਪਰ ਆਪਣੇ ਆਪ ਨੂੰ
ਬੀਜ ਦੇ ਉਲਟ ਵਿਸਥਾਰਦਾ
ਬੀਜ 'ਚੋਂ ਜੜ੍ਹਾਂ ਫੁੱਟੀਆਂ
ਜ਼ਿਮੀਂ 'ਚ ਉਤਰ ਗਈਆਂ
ਰੁੱਖ ਫੁੱਟਿਆ
ਅਸਮਾਨ ਵੱਲ ਤੁਰ ਪਿਆ

ਰੁੱਖ ਜਵਾਨ ਹੋਇਆ
ਮੌਸਮ ਉਸ ਦੇ ਹਾਣੀ ਸਨ—ਬਹਾਰਾਂ ਸਨ

ਉਸ ਦੀਆਂ ਸਹੇਲੀਆਂ ਸਨ
ਰੁੱਖ ਦੇ ਮੂੰਹ 'ਤੇ ਲੂੰ ਫੁੱਟੀ
ਰੁੱਖ ਦੀਆਂ ਅੱਖਾਂ 'ਚ
ਬਹਾਰਾਂ ਤੇ ਰੁੱਤਾਂ ਦਾ ਨਿੱਘ ਜਾਗਿਆ
ਰੁੱਖ ਨੇ ਆਪਣੇ ਪੱਤਿਆਂ—ਟਹਿਣੀਆਂ 'ਚੋਂ
ਅੱਗ ਸਿਮਦੀ ਤੱਕੀ
ਸੂਰਜ 'ਚ ਖਿਲੀ ਧੁੱਪ
ਬਹਾਰਾਂ ਰੰਗ ਖ਼ੁਸ਼ਬੂਆਂ ਦੇ
ਹੁਸਨ 'ਚ ਗੁਆਚ ਗਿਆ

ਝੂੱਲਦਾ ਝੂੱਲਦਾ ਇੰਨਾ ਝੂੱਲਦਾ
ਕਿ ਆਪਣੇ ਗੁਆਂਢੀ ਰੁੱਖ ਦੇ
ਸਾਏ ਨੂੰ ਲਿਪਟਦਾ
ਕਦੇ ਸਾਇਆ ਆਪਣੇ 'ਚ ਉਤਾਰਦਾ
ਉਸ ਸਾਏ ਰਾਹੀਂ
ਗੁਆਂਢੀ ਰੁੱਖ ਦੀ ਦੇਹ 'ਚ ਉਤਰ ਜਾਂਦਾ
ਗੁਆਂਢੀ ਰੁੱਖ ਦੀਆਂ
ਨਜ਼ਰਾਂ 'ਚ ਉਤਰਦਾ
ਉਸ ਨਾਲ ਆਪਣੇ ਜਜ਼ਬਾਤ ਸਾਂਝੇ ਕਰਦਾ
ਰੁੱਖ ਤੋਂ ਰੁੱਖਾਂ ਦੇ ਕਾਫ਼ਲੇ
ਹੋਣ ਦਾ ਸੱਚ
ਉਸ ਦੇ ਮਸਤਕ 'ਚ ਤੈਰਦਾ

ਰੁੱਖ ਆਪਣੇ ਖ਼ਿਆਲਾਂ 'ਚ ਗਵਾਚਾ
ਗੁਆਂਢੀ ਰੁੱਖਾਂ ਦਾ ਚਿਹਰਾ
ਆਪਣੇ ਅੰਦਰ ਤੇ ਦੁਆਲੇ ਉਗਾਉਂਦਾ
ਸਾਰੀ ਸਾਰੀ ਰਾਤ—ਸਾਰਾ ਸਾਰਾ ਦਿਨ
ਉਸ ਨੂੰ ਤੱਕਦਾ ਰਹਿੰਦਾ
ਉਸ ਨੂੰ ਨਿਹਾਰਦਾ ਰਹਿੰਦਾ
ਉਸ ਤੋਂ ਆਪਣਾ ਆਪਾ ਵਾਰਦਾ ਰਹਿੰਦਾ
ਰੁੱਖ ਗੁਆਂਢੀ ਰੁੱਖ ਦੇ ਚਿਹਰੇ 'ਤੇ

ਏਨਾ ਭੁੱਲ ਗਿਆ
ਆਪਣੇ ਬੀਜ ਦਾ
ਤੇ ਆਪਣਾ ਸੱਚ ਭੁੱਲ ਗਿਆ

ਰੁੱਖ ਆਪਣੇ ਆਪ 'ਚ
ਆਪਣੀ ਜੜ੍ਹ 'ਚ ਉਤਰਿਆ
ਬੜਾ ਹੈਰਾਨ ਹੋਇਆ
ਉਸ 'ਚ ਬੀਜ ਨਹੀਂ ਸੀ—ਜੜ੍ਹਾਂ ਸਨ
ਜਾਂ ਉਹ ਆਪ ਸੀ
ਰੁੱਖ ਨੇ ਆਪਣੇ ਫਲਾਂ ਵੱਲ ਤੱਕਿਆ
ਫਲਾਂ 'ਚੋਂ ਬੀਜ ਬੋਲਿਆ—
ਤੂੰ ਜੋ ਰੁੱਖ ਤੋਂ ਕਾਫ਼ਲਾ
ਹੋਣ ਦਾ ਸੱਚ
ਬਾਹਰੋਂ ਭਾਲਦਾ ਫਿਰਦਾ ਹੈਂ
ਬੀਜ ਤੋਂ ਰੁੱਖ ਜਿੰਨੀ ਉਮਰ
ਰੁੱਖ ਨੂੰ ਕਾਫ਼ਲੇ 'ਚ ਬਦਲਣ
ਲਈ ਗੁਜ਼ਾਰਦਾ ਫਿਰਦਾ ਹੈਂ
ਉਹ ਕਾਫ਼ਲਿਆਂ ਦੇ ਜੰਗਲ
ਤੇਰੀਆਂ ਜੜ੍ਹਾਂ ਦਿਮਾਗ਼
ਤੇਰੇ ਸਿਰ ਲੱਗੇ ਫਲਾਂ 'ਚ ਉੱਗ ਆਏ ਹਨ

ਇਹ ਸੁਣ ਕੇ ਰੁੱਖ ਬੀਜ ਹੋ ਗਿਆ
ਆਪਣੇ ਫਲਾਂ 'ਚ ਉੱਗੇ ਬੀਜਾਂ ਦੇ
ਕਾਫ਼ਲਿਆਂ 'ਚ ਖੋਹ ਗਿਆ
ਰੁੱਖ ਤੋਂ ਰੁੱਖ
ਕਾਫ਼ਲਿਆਂ ਦਾ ਕਾਫ਼ਲਾ ਹੋ ਗਿਆ
*

## ਗੰਢਾਂ

ਅੱਜ ਤੇਰਿਆਂ ਸ਼ਬਦਾਂ
ਤੇ ਮੇਰਿਆਂ ਬੋਲਾਂ
ਜੋ ਆਪਣੇ ਆਪ ਵਿਚ ਗੰਢ ਪਾਈ ਹੈ
ਤੇਰੀ ਤੇ ਮੇਰੀ ਦੇਹ 'ਚ
ਅਰਥਾਂ ਦੀ ਨਦੀ ਵਗਾਈ ਹੈ
ਉਸ ਨੂੰ ਵਹਾਉਂਦਿਆਂ ਰੱਖੀਂ
ਸੁੱਕਣ ਨਾ ਦੇਵੀਂ
ਮੈਂ ਕਿਨਾਰਿਆਂ ਵਾਂਗ
ਤੇਰੇ ਨਾਲ ਨਾਲ ਤੁਰਦਾ ਰਹਾਂਗਾ
ਤੇਰੇ ਜਲ 'ਚ
ਆਪਣਾ ਪਿੰਡਾ ਖੋਰਦਾ ਰਹਾਂਗਾ
ਤੇਰੀ ਚੁੱਪ 'ਚੋਂ ਹਮੇਸ਼ਾ ਬੋਲਦਾ ਰਹਾਂਗਾ

ਇਸ ਗੰਢ ਦੇ ਵਜੂਦ ਨੇ
ਕਈ ਹਨ੍ਹੇਰੀਆਂ ਝੱਖੜ ਤੇ ਤੂਫ਼ਾਨ ਝੁੱਲਣੇ ਹਨ
ਕਦੀ ਇਸ ਗੰਢ ਦੇ ਪਿੰਡੇ 'ਚ
ਸਰਦ ਝੀਲਾਂ ਵਗਣੀਆਂ ਹਨ
ਕਦੀ ਇਸ ਗੰਢ ਨੇ ਅੱਗ ਦੇ ਦਰਿਆ ਤਰਨੇ ਹਨ
ਕਦੀ ਸਮੁੰਦਰ 'ਚ ਉਤਰਨਾ ਹੈ
ਕਦੀ ਪਹਾੜਾਂ 'ਤੇ ਚੜ੍ਹਨਾ ਹੈ
ਕਦੀ ਜ਼ਲਜ਼ਲਿਆਂ ਦੇ ਪਿੰਡੇ ਹੰਢਾਉਣੇ ਹਨ
ਕਦੀ ਸੂਰਜਾਂ 'ਚ ਉਤਰਨਾ ਹੈ
ਕਦੀ ਸੁੱਖਾਂ ਦੀ ਛਾਂ ਹੰਢਾਉਣੀ ਹੈ
ਕਦੀ ਦੁੱਖਾਂ ਦੀ ਆਗੋਸ਼ 'ਚ ਬੈਠ ਜਾਣਾ ਹੈ
*

## ਰੁੱਖ ਕਾਹਲਾ ਹੈ

ਬੀਜ 'ਚੋਂ
ਰੁੱਖ ਕਿੰਨਾ ਕਾਹਲਾ ਹੈ
ਉੱਗਣ ਲਈ
ਆਪਣੇ ਵਜੂਦ 'ਚ ਢਲਣ ਲਈ
ਕੁਝ ਕਰਕੇ ਮਰਨ ਲਈ

ਰੁੱਖ ਕਾਹਲਾ ਹੈ
ਫੁੱਲ ਫੁੱਲ ਛਾਂ
ਹਰਿਆਵਲ ਦੁਨੀਆ ਨੂੰ
ਅਰਪਣ ਕਰਨ ਲਈ
ਸੜਦੇ ਰਾਹੀਆਂ ਨੂੰ ਠਾਰਨ ਲਈ
ਜ਼ਿੰਦਗੀ 'ਚੋਂ ਮੌਤ ਚੂਸਣ ਲਈ
ਜ਼ਿੰਦਗੀ 'ਚ ਜੀਵਨ ਖਿਲਾਰਣ ਲਈ

ਰੁੱਖ ਕਾਹਲਾ ਹੈ
ਪੰਛੀਆਂ ਦੇ ਵਸੇਰ਼ੇ ਲਈ
ਆਪਣੀ ਛਤਰ-ਛਾਇਆ ਹੇਠ
ਪਸ਼ੂਆਂ ਦੇ ਡੇਰੇ ਲਈ
ਸੜਦੇ ਸੂਰਜ ਨੂੰ ਠਾਰਨ ਲਈ
ਆਪਣੀ ਮਹਿਕ
ਵਾਤਾਵਰਣ 'ਚ ਖਿਲਾਰਣ ਲਈ

ਰੁੱਖ ਕਾਹਲਾ ਹੈ
ਬੀਜ ਤੋਂ ਜੜ੍ਹ ਹੋਣ ਲਈ
ਟਹਿਣੀਆਂ ਦਾ ਰੂਪ ਹੋਣ ਲਈ
ਪੱਤਿਆਂ ਦਾ ਆਕਾਰ ਧਾਰਨ ਲਈ
ਛਿੱਲੜ ਓੜੇ ਤਣੇ ਦਾ ਆਧਾਰ ਹੋਣ ਲਈ
ਕਬਰਾਂ 'ਚ ਜ਼ਿੰਦਗੀ ਤੋਰਨ ਲਈ
ਜ਼ਿੰਦਗੀ ਦਾ ਸ਼ੋਰ ਹੋਣ ਲਈ

ਜੇਠ ਹਾੜ੍ਹ ਦੀਆਂ ਧੁੱਪਾਂ ਜਿਉਣ ਲਈ
ਸਾਵਣ 'ਚ ਨਹਾਉਣ ਲਈ

ਪਾਲੇ 'ਚ ਠਰ੍ਹਣ ਲਈ
ਗਰਮੀ 'ਚ ਤਪਣ ਲਈ
ਨਾ ਕੋਈ ਵੈਰੀ—ਨਾ ਹੀ ਬੇਗ਼ਾਨਾ ਦਾ
ਸੱਚ ਪਸਾਰਨ ਲਈ
ਏਕ ਨੂਰ ਤੇ ਸਭ ਜਗ ਉਪਜਿਓ ਦੇ
ਸੂਰਜ ਜਗਾਵਣ ਲਈ
ਸਰਬੱਤ ਦਾ ਭਲਾ ਮੰਗਣ ਲਈ
ਰੁੱਖ ਕਾਹਲਾ ਹੈ
ਸਿਰ 'ਤੇ ਸੜਦਾ ਸੂਰਜ
ਸਹਾਰਣ ਲਈ
ਦੁਨੀਆ 'ਚ ਠੰਡ ਵਰਤਾਵਣ ਲਈ

ਬੀਜ 'ਚੋਂ ਰੁੱਖ
ਕਿੰਨਾ ਕਾਹਲਾ ਹੈ ਉੱਗਣ ਲਈ
ਆਪਣੇ ਵਜੂਦ 'ਚ ਢਲਣ ਲਈ
ਕੁਝ ਕਰਕੇ ਮਰਨ ਲਈ
*

## ਜਿਸਮ ਤੇਰਾ ਮੇਰਾ

ਦੁਨੀਆ ਹੀ ਭਰਦੀ ਹੈ
ਦੁਨੀਆ ਹੀ ਨਿਚੋੜਦੀ ਹੈ
ਜਿਸਮ ਤੇਰਾ ਮੇਰਾ
ਦੁਨੀਆ ਹੀ ਵੇਚਦੀ ਹੈ
ਦੁਨੀਆ ਹੀ ਖ਼ਰੀਦਦੀ ਹੈ
ਜਿਸਮ ਤੇਰਾ ਮੇਰਾ

ਤੂੰ ਕਦੋਂ ਮੈਨੂੰ
ਆਪਣੇ ਆਪ ਨਾਲ ਭਰਿਆ ਹੈ
ਮੈਂ ਕਦੋਂ ਤੈਨੂੰ
ਆਪਣੇ 'ਚੋਂ ਨਿਚੋੜਿਆ ਹੈ
ਤੈਨੂੰ ਆਪਣੇ ਨਾਲ ਭਰਨ ਲਈ
ਆਪਣੇ ਜਿਹਾ
ਕੋਈ ਕਲਬੂਤ ਹੀ ਨਜ਼ਰ ਨਹੀਂ ਆਇਆ
ਇਸ ਲਈ ਤੂੰ ਜਨਮ ਤੋਂ ਮਰਨ ਤਕ
ਉੱਤਰ ਰਿਹਾ ਹੈਂ
ਮੈਂ ਜਨਮ ਤੋਂ ਮਰਨ ਤਕ
ਦੱਖਣ ਰਿਹਾ ਹਾਂ

ਇਕ ਦੂਜੇ ਨੂੰ ਪਿੱਠ ਦੇ ਕੇ
ਇਕ ਦੂਜੇ ਦੇ ਵਿਪਰੀਤ ਤੁਰਦੇ ਰਹੇ
ਇਕ ਜੰਗਲ 'ਚ
ਉੱਗੇ ਰੁੱਖਾਂ ਵਾਂਗ ਦੂਰ-ਦੂਰ ਖੜ੍ਹੇ ਰਹੇ

ਜਦ ਦੁਨੀਆ ਭਰਦੀ ਹੈ
ਤਾਂ ਤੇਰੇ ਜਾਣ ਲਈ
ਅਨੁਕੂਲ ਕਲਬੂਤ ਨਹੀਂ ਵੇਖਦੀ
ਜਦ ਦੁਨੀਆ ਨਿਚੋੜਦੀ ਹੈ
ਤਾਂ ਨੁੱਚੜੇ 'ਚੋਂ ਆਪਾ ਨਹੀਂ ਵੇਖਦੀ

ਭਰਨ ਲੱਗਿਆਂ ਸਿਰਫ਼ ਪੈਕਰ ਵੇਖਦੀ ਹੈ
ਜੋ ਮੰਡੀ 'ਚ ਵਿਕਦਾ ਹੈ ਨਿਚੋੜਣ ਲੱਗਿਆਂ
ਨੁੱਚੜੀ ਵਸਤੂ ਦਾ ਮੁੱਲ ਵੇਖਦੀ ਹੈ
ਵੇਚਣ ਲਈ—ਖ਼ਰੀਦਣ ਲਈ

ਦੁਨੀਆ ਵਿਪਰੀਤ ਤੁਰਦਿਆਂ
ਚਿਹਰਿਆਂ ਦੀ ਪਿੱਠ 'ਚੋਂ ਵੀ
ਚਿਹਰੇ ਉਗਾ ਲੈਂਦੀ ਹੈ
ਨਾ ਅਨੁਕੂਲ ਨੂੰ—ਅਨੁਕੂਲ
ਅਨੁਕੂਲ ਨੂੰ—ਨਾ ਅਨੁਕੂਲ ਬਣਾ ਲੈਂਦੀ ਹੈ
ਜੋ ਵਿਕਣਾ ਨਹੀਂ ਚਾਹੁੰਦਾ
ਉਸ ਨੂੰ ਖ਼ਰੀਦ ਲੈਂਦੀ ਹੈ
ਜੋ ਖ਼ਰੀਦਣਾ ਨਹੀਂ ਚਾਹੁੰਦਾ
ਉਸ ਨੂੰ ਵੇਚ ਲੈਂਦੀ ਹੈ

ਦੁਨੀਆ ਦੀ ਨਜ਼ਰ 'ਚ
ਤੇਰਾ ਸੱਚ ਕੀ ਹੈ
ਮੇਰਾ ਸੱਚ ਕੀ ਹੈ
ਦੁਨੀਆ ਨੂੰ ਕੋਈ ਮਤਲਬ ਨਹੀਂ ਹੈ
ਦੁਨੀਆ ਦੀ ਆਪਣੀ ਸੋਚ ਕੀ ਹੈ
ਇਸ ਦਾ ਅਰਥ ਹੈ
ਤੇਰੇ ਮੇਰੇ ਸੱਚ ਦਾ ਨਹੀਂ
ਦੁਨੀਆ ਦੀ ਮੰਡੀ 'ਚ
ਤੇਰੇ ਮੇਰੇ ਜਿਹੀਆਂ
ਵੇਚੀਆਂ ਖ਼ਰੀਦੀਆਂ ਜਾ ਰਹੀਆਂ
ਵਸਤੂਆਂ ਦਾ ਸੱਚ
ਦੁਨੀਆ ਦਾ ਸੱਚ ਹੈ

ਤੂੰ ਤੇ ਮੈਂ
ਆਪਣੀ-ਆਪਣੀ ਨਿਗ੍ਹਾ 'ਚ
ਮਨੁੱਖ ਹਾਂ—ਜੀਵ ਹਾਂ

ਦੁਨੀਆ ਦੀ ਨਿਗਾਹ 'ਚ
ਅਸੀਂ ਵਸਤੂਆਂ ਹਾਂ
ਇਹ ਸਿਰਫ਼
ਅੱਜ ਦੀ ਦੁਨੀਆ 'ਤੇ
ਮੰਡੀ ਦਾ ਹੀ ਸੱਚ ਨਹੀਂ
ਤਿਰੇਤਾ ਯੁੱਗ ਦਾ ਸੱਚ ਹੈ
ਕ੍ਰਿਸ਼ਨਾ ਯੁੱਗ ਦਾ ਸੱਚ ਹੈ
ਜਦ ਸਾਡੇ ਪੁਰਖਿਆਂ ਨੇ ਦਰੋਪਤੀ ਨੂੰ
ਇਕ ਵਸਤੂ ਜਾਣ ਕੇ
ਹਸਤਨਾਪੁਰ ਦੀ ਮੰਡੀ 'ਚ
ਦਾਅ 'ਤੇ ਲਾਇਆ ਸੀ
ਮਨੁੱਖੀ ਸੱਚ ਨੂੰ ਮਨੁੱਖ ਤੋਂ
ਵਸਤੂ ਬਣਾਇਆ ਸੀ

ਦੁਨੀਆ ਹੀ ਭਰਦੀ ਹੈ
ਦੁਨੀਆ ਨਿਚੋੜਦੀ ਹੈ
ਜਿਸਮ ਤੇਰਾ ਮੇਰਾ
ਦੁਨੀਆ ਹੀ ਵੇਚਦੀ ਹੈ
ਦੁਨੀਆ ਹੀ ਖ਼ਰੀਦਦੀ ਹੈ
ਜਿਸਮ ਤੇਰਾ ਮੇਰਾ
*

# ਪ੍ਰਕਰਮਾਂ

•
ਸਵਰਗਵਾਸੀ ਮਿੱਤਰ ਪਿਆਰੇ
**ਸ਼ੌਕੀਨ ਸਿੰਘ**
ਦੇ ਨਾਂ
•

## ਕੈਸੀ ਝੜੀ ਹੈ

ਭਿੱਜਿਆ ਹੈ ਬਦਨ
ਨਾ ਬੱਦਲ ਹੈ—ਨਾ ਸਾਵਣ ਹੈ
ਕੈਸਾ ਹੈ ਮੌਸਮ
ਇਹ ਕੈਸੀ ਝੜੀ ਹੈ
ਵਿਹੜੇ 'ਚ ਪਏ ਪੱਥਰ 'ਤੇ ਵਰ੍ਹਨ ਪਿੱਛੋਂ
ਨੁੱਚੜੀ ਬਦਲੀ ਕੋਈ ਬੂਹੇ 'ਤੇ ਖੜ੍ਹੀ ਹੈ

ਤੂੰ ਕੀ ਤੱਕਿਆ
ਅਸੀਂ ਆਪਣੀ ਸ਼ਨਾਖ਼ਤ ਗੁਆ ਬੈਠੇ
ਕੀ ਕਰਨੀ ਹੈ ਕਿਸੇ ਲੰਬੀ ਉਮਰ
ਜ਼ਿੰਦਗੀ ਜਿਉਣ ਲਈ
ਉਮਰ ਤਾਂ
ਤੇਰੀ ਪਲਕ ਝਪਕਣ ਜਿੱਡੀ ਹੀ ਬੜੀ ਹੈ

ਜ਼ਿੰਦਗੀ ਦਾ ਕੀ ਹਾਸਲ ਹੈ
ਕੀ ਮਨਫ਼ੀ ਹੈ
ਜ਼ਿੰਦਗੀ ਤਾਂ ਜਮ੍ਹਾ ਘਟਾਉ 'ਚ
ਤਕਸੀਮੀ ਗਈ ਹੈ
ਕੁਝ ਨਾ ਹੁੰਦਾ
ਤਾਂ ਕੁਝ ਹੋਣ ਤੋਂ ਬਿਹਤਰ ਸੀ
ਜ਼ਿੰਦਗੀ ਹਕੀਕਤ 'ਚ
ਕੁਝ ਇਸ ਤਰ੍ਹਾਂ ਕੱਟੀ ਹੈ
*

## ਤੇਰਾ ਜਾਣਾ

ਜੋ ਹਵਾ
ਤੇਰੇ ਦਾਮਨ ਨੂੰ ਛੋਹ ਕੇ ਆਏ
ਖ਼ੁਸ਼ਬੂ ਦੀ ਤਰ੍ਹਾਂ ਮਹਿਕੇ
ਜਿਧਰ ਵੀ ਜਾਏ
ਜੀਵੇ ਕੋਈ ਮੌਤ ਤੋਂ ਪਹਿਲਾਂ ਵੀ
ਤੇ ਪਿੱਛੋਂ ਵੀ ਮਰ ਕੇ
ਜ਼ਿੰਦਗੀ ਜਿਉਣ ਦਾ ਅਹਿਸਾਸ ਹੋ ਜਾਏ

ਇਹ ਤੇਰਾ
ਬਣ ਠਣ ਕੇ ਨਿਕਲਣਾ
ਸਹਿਰਾ 'ਚ ਬੱਦਲ
ਵੀਰਾਨੇ 'ਚ ਬਾਹਰ ਆ ਜਾਏ
ਤੇਰਾ ਆਉਣਾ ਹੈ
ਸੂਰਜ ਦਾ ਉਦੈ ਹੋਣਾ
ਤੇਰਾ ਜਾਣਾ ਤਲੀ 'ਤੇ ਮੌਤ ਧਰ ਜਾਏ

ਤੇਰੀ ਪਿਆਸ ਦੀ
ਕੋਈ ਪਿਆਸ ਕੀ ਜਾਣੇ
ਡੀਕ ਜਾਏ ਸਾਗਰ
ਪਲਾਂ 'ਚ ਸਹਿਰਾ ਨਿਕਲ ਜਾਏ
ਤੇਰੇ ਤੋਂ ਮੋੜੀਆਂ
ਜਿਸ ਸ਼ਖ਼ਸ ਨੇ ਨਜ਼ਰਾਂ
ਜੀਵੇ ਜੂਨ ਕਬਰਾਂ ਦੀ
ਜਿਉਂਦੇ ਜੀਅ ਹੀ ਮਰ ਜਾਏ
*

## ਉਦਾਸੀ

ਪੁੱਛਿਆ ਗਲੀ ਦੇ ਮੋੜ ਤੋਂ
ਤੇਰਾ ਹਾਲ ਕਈ ਵਾਰੀ
ਦੱਸਿਆ—
ਘਰ ਉਦਾਸ ਨੇ
ਗਲੀਆਂ ਵਿਹੜੇ ਉਦਾਸ ਨੇ
ਕੰਧਾਂ ਤੇ ਛੱਤਾਂ ਉਦਾਸ ਨੇ
ਉਦਾਸ ਚਿਹਰੇ ਇਸ ਸ਼ਹਿਰ ਦੇ ਪਾਸ ਨੇ
ਸ਼ਹਿਰ ਉਦਾਸ ਚਿਹਰਿਆਂ ਦਾ ਲਿਬਾਸ ਹੈ
ਨਾ ਸ਼ਹਿਰ ਦਾ
ਚਿਹਰਿਆਂ ਕੋਲ ਪਤਾ ਹੈ
ਨਾ ਚਿਹਰਿਆਂ ਦਾ ਪਤਾ
ਸ਼ਹਿਰ ਪਾਸ ਹੈ

ਸ਼ਹਿਰ ਦੀ ਹਵਾ ਅਗਨ
ਜਲ ਉਦਾਸ ਹੈ
ਸ਼ਹਿਰ ਦੀ ਧਰਤੀ
ਆਕਾਸ਼ ਉਦਾਸ ਹੈ
ਸ਼ਹਿਰ ਦੀਆਂ ਅੱਖਾਂ 'ਚ
ਉਦਾਸੀ ਤੋਂ ਬਿਨਾ ਕੁਝ ਨਹੀਂ
ਪੁੱਛੇ ਕੋਈ ਸ਼ਹਿਰ ਤੋਂ ਰੰਗ ਲਹੂ ਦਾ
ਬੋਲਾਂ ਤੋਂ ਅਰਥਾਂ ਤਕ ਦੇ
ਪਿੰਡੇ ਉਦਾਸ ਨੇ
*

## ਮੈਂ ਪੱਥਰ

ਕੌਣ ਕਿਸੇ ਦੇ ਕਰੀਬ ਹੈ
ਆਪਣਾ ਆਪਣਾ ਨਸੀਬ ਹੈ
ਕੁੱਲੀ 'ਚ ਵੀ ਕੋਈ ਬਾਦਸ਼ਾਹ
ਤਖ਼ਤ 'ਤੇ ਬੈਠਾ ਵੀ ਕੋਈ ਗ਼ਰੀਬ ਹੈ

ਜ਼ਿੰਦਗੀ ਛੱਡ ਗਈ ਦਾਮਨ ਮੇਰਾ
ਤੇਰੀ ਤਰ੍ਹਾਂ
ਜ਼ਿੰਦਗੀ ਤੇਰੇ ਮੌਤ ਮੇਰੇ ਕਰੀਬ ਹੈ
ਬੇਵਫ਼ਾ ਹੀ ਸਹੀ
ਬਾਵਫ਼ਾ ਜੋ ਨਹੀਂ
ਤੇਰੇ ਮੇਰੇ ਪਿਆਰ ਦਾ
ਰਿਸ਼ਤਾ ਅਜੀਬ ਹੈ

ਤੂੰ ਫੁੱਲ ਹੈਂ
ਮੈਂ ਪੱਥਰ ਦਾ ਪੱਥਰ ਹੀ ਰਿਹਾ
ਸ਼ੀਸ਼ੇ ਦੇ ਘਰਾਂ ਨੂੰ
ਪੱਥਰ ਨਸੀਬ ਹੈ
ਵਫ਼ਾ ਦੇ ਬੀਜ ਬੀਜੇ ਸਨ
ਜ਼ਫ਼ਾ ਦੇ ਫੁੱਲ ਉੱਗ ਆਏ
ਤੇਰੀ ਦੁਨੀਆ ਅਵੱਲੀ ਹੈ
ਤੇਰੀ ਧਰਤੀ ਅਜੀਬ ਹੈ

ਮਰ ਗਈ ਸੋਹਣੀ
ਝਨਾਂ 'ਚ ਡੁੱਬ ਕੇ
ਲਾਸ਼ ਵੀ ਨਾ ਮਿਲੀ
ਕੀ ਲਿਖੀ ਤਕਦੀਰ ਹੈ
ਕਿੰਜ ਖਿੜਣਗੇ ਫੁੱਲ ਵਫ਼ਾ ਦੇ
ਸਾਏ ਦੀ ਜ਼ਮੀਂ 'ਤੇ
ਦੇਹ ਦਾ ਸਾਇਆ ਹੀ
ਆਪਣਾ ਰਕੀਬ ਹੈ

ਜੋ ਹਨੇਰਾ ਹੀ ਕਾਰਨ ਹੈ
ਦੀਵੇ ਦੇ ਬਲਣ ਦਾ
ਤਾਂ ਦੀਵੇ ਦਾ ਚਾਨਣ
ਦੀਵੇ ਲਈ ਸਲੀਬ ਹੈ
ਕਹਿੰਦਾ ਹੈ ਦਿਲ
ਲੋਅ ਦੀਵੇ ਦੀ ਹੈ ਸਫ਼ਰ ਸੂਰਜ ਦਾ
ਕਹਿੰਦੀ ਹੈ ਤਰਕ
ਦੀਵੇ ਹੇਠਲਾ ਹਨੇਰਾ ਹੀ
ਦੀਵੇ ਦਾ ਨਸੀਬ ਹੈ
*

## ਅੱਗ ਦੀ ਖੇਡ

ਤੇਰੇ ਬਲਦੇ ਨੈਣੀਂ ਉਤਰਿਆ
ਤੇਰੇ ਅੰਗਾਂ ਤੇ ਨਕਸ਼ਾਂ ਦੇ
ਦਾਵਾਨਲ ਨੂੰ ਪੀਤਾ
ਮੇਰੀ ਦੇਹ ਤੰਦੂਰ ਵਾਂਗ ਤਪ ਗਈ
ਦੋਹਾਂ ਨੇ ਚਿੱਟਾ ਲਹੂ ਕੱਤਿਆ
ਤੇਰੇ ਬਦਨ ਤੇਰੀ ਕੁੱਖ 'ਚੋਂ
ਮੇਰੀ ਹੋਂਦ ਉੱਗ ਪਈ

ਮੇਰੇ ਚਿੱਟੇ ਲਹੂ ਦੇ ਹਰ ਕਤਰੇ 'ਚੋਂ
ਮੇਰਾ ਚਿਹਰਾ ਉੱਗ ਪਿਆ
ਚਿਹਰਿਆਂ ਦਾ ਜੰਗਲ
ਤੇਰੇ ਪਿੰਡੇ ਦੀ ਧਰਤੀ 'ਤੇ ਫੈਲਿਆ
ਮੈਂ ਇਸ ਅਗਨ ਚਿਹਰਿਆਂ ਦੇ ਜੰਗਲ 'ਚੋਂ
ਤੇਰੇ ਪਿੰਡ ਦੀ ਧਰਤੀ ਲੱਭਦਾ
ਉਤਪਤੀ ਦੀ ਵਗਦੀ ਨਦੀ ਦਾ
ਚਿਹਰਾ ਤਲਾਸ਼ਦਾ
ਅੱਗ ਦਾ ਸਾਗਰ ਤਰਦਾ ਰਿਹਾ
ਆਪਣੇ ਆਪ ਤੋਂ ਤੁਰ ਕੇ
ਆਪਣੇ ਆਪ 'ਚ ਹਰ ਵਾਰ
ਖ਼ਾਲੀ ਪਰਤਦਾ ਰਿਹਾ

ਤੇਰੇ ਬਦਨ ਦੀ ਧਰਤੀ
ਮੇਰੇ ਹੀ ਸੇਕ 'ਚ ਪਿਘਲ ਗਈ
ਮੇਰਾ ਚਿਹਰਾ—ਮੇਰਾ ਵਜੂਦ ਹੋ ਗਈ
ਤੇਰੇ ਅੰਗਾਂ ਤੇ ਨਕਸ਼ਾਂ ਦੀ
ਨੁਹਾਰ ਮਿਟ ਗਈ
ਮੇਰੀ ਪਹਿਚਾਣ ਹੋ ਗਈ
ਮੇਰਾ ਹਸ਼ਰ ਹੋ ਗਈ

ਤੇਰੇ ਬਲਦੇ ਜੋਬਨ ਦੀ ਅੱਗ
ਮੇਰੇ ਤੱਤੇ ਲਹੂ ਦਾ ਸਫ਼ਰ ਹੋ ਗਈ

ਮੈਨੂੰ ਤੇਰੇ ਚਿਹਰੇ 'ਚੋਂ
ਆਪਣਾ ਚਿਹਰਾ ਹੀ ਨਜ਼ਰ ਆਉਂਦਾ ਰਿਹਾ
ਮੈਂ ਆਪਣੇ ਅੰਗਾਂ ਤੇ ਨਕਸ਼ਾਂ 'ਚ ਉਤਾਰਦਾ ਰਿਹਾ
ਆਪਣੇ ਆਪ 'ਤੇ ਮੋਹਿਤ ਹੋ ਜਾਂਦਾ ਰਿਹਾ
ਤੇਰੀ ਵਾਸ਼ਨਾ—ਤੇਰਾ ਵਜੂਦ
ਮੇਰੀ ਅੱਗ 'ਚ ਢਲ ਜਾਂਦਾ ਰਿਹਾ
ਮੈਨੂੰ ਕਰਕੇ ਮੇਰੇ 'ਚੋਂ ਮਨਫ਼ੀ
ਮੇਰੇ ਕਲਬੂਤ 'ਚ ਉਤਰ ਜਾਂਦਾ ਰਿਹਾ

ਤੂੰ ਅੱਗ ਦੀ ਖੇਡ
ਬਲਣ ਲਈ ਖੇਡੀ
ਮੈਂ ਅੱਗ ਦੀ ਖੇਡ ਠਰ੍ਹਨ ਲਈ ਖੇਡੀ
ਤੂੰ ਆਪਣੀ ਅੱਗ
ਮੇਰੀ ਅੱਗ 'ਚ ਉਤਾਰ ਕੇ
ਮੈਨੂੰ ਸਦਾ ਲਈ ਠਾਰ ਗਈ
ਤੇ ਅੱਗ ਦੀਆਂ ਲਪਟਾਂ ਦੀਆਂ ਕੰਧਾਂ
ਧਰਤ ਤੋਂ ਅਸਮਾਨ ਤਕ
ਮੇਰੀ ਠਰ੍ਹ ਗਈ ਦੇਹ ਦੇ
ਦੁਆਲੇ ਉਸਾਰ ਗਈ

ਤੇਰੇ ਜਿਸਮ ਵਿਚਲੀ ਅੱਗ ਦਾ
ਮੇਰੀ ਹਵਸ ਨੂੰ ਅਹਿਸਾਸ ਨਹੀਂ ਸੀ
ਇਸ ਲਈ ਮੈਂ ਆਪਣੀ ਅੱਗ 'ਚ
ਤੈਨੂੰ ਬਾਲਦਾ ਬਾਲਦਾ
ਆਪ ਹੀ ਠਰ ਗਿਆ
ਤੇਰੀ ਵਾਸ਼ਨਾ ਦੀ ਤਲੀ 'ਤੇ
ਬੁਝਿਆ ਇਕ ਸੂਰਜ ਧਰ ਗਿਆ

ਸੋਚਦਾ ਹਾਂ—
ਤੂੰ ਮੇਰੀ ਹਵਸ ਨਿਗਲੀ
ਜਾਂ ਮੈਂ ਤੇਰੀ ਅੱਗ ਪੀਤੀ
ਸੱਚ ਤਾਂ ਇਹ ਹੈ
ਅੱਗ ਸੰਗ ਅੱਗ ਦਾ ਮੇਲ ਸੀ
ਅੱਗ ਦਾ ਕੀ ਬਲਣਾ ਸੀ
ਅੱਗ ਦਾ ਕੀ ਸੜਨਾ ਸੀ
ਅੱਗ ਨੇ ਅੱਗ 'ਚ ਕੀ ਧਰਨਾ ਸੀ
ਇਹ ਅੱਗ ਦਾ ਸਫ਼ਰ ਸੀ
ਇਕ ਦਾ ਰਾਖ਼ ਤੋਂ
ਸੂਰਜੀ ਚਿਹਰਾ ਤੱਕਦਾ ਸੀ
*

## ਮੌਤ ਦੀ ਹੋਂਦ

ਮੌਤ ਦੀ ਹੋਂਦ ਬਿਨਾ
ਜ਼ਿੰਦਗੀ ਦਾ ਕੋਈ ਮਤਲਬ ਨਹੀਂ
ਜ਼ਹਿਰ ਨਹੀਂ ਤਾਂ
ਅੰਮ੍ਰਿਤ ਵੀ ਨਹੀਂ
ਸ਼ਮਸ਼ਾਨ ਹੈ ਤਾਂ ਜ਼ਿੰਦਗੀ ਦਾ ਵਸੇਰਾ ਹੈ
ਹਨੇਰਾ ਹੈ ਤਾਂ ਚਾਨਣ ਹੈ
ਪੱਤਝੜਾਂ 'ਚੋਂ ਬਹਾਰਾਂ
ਦਮ ਭਰਦੀਆਂ ਹਨ
ਉਜਾੜਾਂ 'ਚ ਹੀ ਰੌਣਕਾਂ ਦੀ ਕੁੱਖ ਹੈ
ਰੌਣਕਾਂ ਦਾ ਡੇਰਾ ਹੈ

ਕਲੀਆਂ ਦੀ ਮਹਿਕ ਹੈ
ਫੁੱਲਾਂ ਦੇ ਰੰਗ ਹਨ
ਮੌਸਮ ਦੀ ਜਵਾਨੀ ਹੈ
ਬਹਾਰਾਂ ਦਾ ਜੋਬਨ ਹੈ
ਪ੍ਰਕਿਰਤੀ ਦੀ ਖ਼ੁਸ਼ਬੂ ਹੈ
ਰੁੱਤਾਂ ਦਾ ਖੇੜਾ ਹੈ
ਹਰ ਪੱਤੇ ਦੀ ਅੱਖ 'ਚ
ਸ਼ਬਨਮ ਦਾ ਅੱਥਰੂ ਹੈ
ਸੂਰਜ ਦਾ ਉਦੈ ਹੋਣਾ
ਸ਼ਬਨਮ ਦਾ ਹਨੇਰਾ ਹੈ
*

## ਮਨੁੱਖ ਤੇ ਥਲ

ਮੈਂ ਆਪਣੇ ਜਲ 'ਤੇ ਤੁਰਦਾ ਹਾਂ
ਜਲ ਦੇ ਥਲ ਤੋਂ ਡਰਦਾ ਹਾਂ
ਕਿਉਂਕਿ ਮੈਂ ਜੀਵਨ ਥਲ ਦਾ ਆਦੀ ਨਹੀਂ
ਜਲ ਦਾ ਜੀਵ ਹਾਂ
ਥਲ ਦੀ ਆਬਾਦੀ ਨਹੀਂ

ਜਲ ਵਿਚਲਾ ਥਲ
ਮਨੁੱਖੀ ਜੀਵਨ ਤੋਂ ਬਾਅਦ
ਮਹਿਸੂਸ ਹੁੰਦਾ ਹੈ
ਆਦਮੀ ਜਦ ਮੌਤ ਦਾ ਥਲ ਤਰਦਾ ਹੈ
ਜੀਵਨ 'ਚ
ਮੌਤ ਦੇ ਥਲ ਤੋਂ ਅਣਜਾਣ ਹੈ
ਜੀਵਨ ਥਲ ਦੀ
ਕਬਰ 'ਚ ਸੁੱਤੀ ਜ਼ਿੰਦਗੀ ਜਿਸਦੀ ਪਹਿਚਾਣ ਹੈ

ਥਲ ਦੀ ਆਪਣੀ ਦੁਨੀਆ ਹੈ
ਆਪਣੀ ਪ੍ਰਕਿਰਤੀ ਸ੍ਰਿਸ਼ਟੀ 'ਤੇ ਦ੍ਰਿਸ਼ਟੀ ਹੈ
ਥਲ 'ਚ ਜੀਵਨ ਹੈ
ਥਲ 'ਚ ਆਪਣਾ ਸ਼ਬਦ ਹੈ
ਆਪਣਾ ਅਰਥ ਹੈ
ਥਲ 'ਚ ਜਲ ਦਾ ਸੱਚ ਹੈ
ਥਲ ਹਰਿਆਵਲ ਦਾ ਸਾਗਰ ਨਹੀਂ
ਨਿੱਘ ਸੇਕ ਤੇ ਤਪਸ਼ ਦੀ ਨਗਰੀ ਹੈ
ਜੀਵ ਜੰਤੂਆਂ ਦਾ ਵਸੇਰਾ ਹੈ
ਪਸ਼ੂ ਪੰਛੀ ਹਨ
ਜੋ ਥਲ 'ਚ ਰਹਿਣ ਦੇ ਆਦੀ ਹਨ
ਥਲ ਦੀ ਆਬਾਦੀ ਹਨ

ਮਨੁੱਖ ਉਮਰ ਦਾ ਜਲ ਜਿਉਂਦਾ ਹੈ
ਹਰਿਆਵਲ ਸੰਕਲਪਦਾ ਹੈ

ਛਾਵਾਂ ਹੰਢਾਉਂਦਾ ਹੈ
ਨਦੀਆਂ ਤੇ ਦਰਿਆਵਾਂ ਨੂੰ ਤਰਦਾ ਹੈ
ਆਕਾਸ਼ ਤੇ ਉੱਡਦਾ ਹੈ
ਸਮੁੰਦਰ 'ਚ ਠਹਿਰਦਾ ਹੈ
ਜਲ ਦਾ ਸੱਚ ਥਲ
ਮਨੁੱਖ ਭੁੱਲ ਜਾਂਦਾ ਹੈ
ਜੀਵਨ ਦਾ ਸੱਚ ਮੌਤ ਵਿਸਾਰ ਦਿੰਦਾ ਹੈ
ਮਨੁੱਖ ਆਪਣੇ ਆਪ ਨੂੰ
ਜ਼ਿੰਦਗੀ ਦੀ ਰਫ਼ਤਾਰ ਨਾਲ ਤੋਰਦਾ ਹੈ
ਜੀਵਨ ਦੌੜ 'ਚ ਗੁੰਮ ਜਾਂਦਾ ਹੈ
ਆਪਣਾ ਸੱਚ ਭੁੱਲ ਜਾਂਦਾ ਹੈ

ਜਲ
ਨਾ ਜੀਵਨ ਦਾ ਨਾ ਮਨੁੱਖ ਦਾ ਸੱਚ ਹੈ
ਮਨੁੱਖ ਦਾ ਸੱਚ ਵਰਤਮਾਨ ਨਹੀਂ
ਆਉਣ ਵਾਲਾ ਕੱਲ੍ਹ ਹੈ
ਜਿਸ 'ਚ ਮਨੁੱਖੀ ਜੀਵਨ ਦੀ ਕਬਰ ਹੈ
ਜਲ ਦਾ ਸੱਚ ਹੈ

ਥਲ ਵੀ ਮਨੁੱਖੀ ਜਲ ਦੇ ਵਿਚਕਾਰ ਹੈ
ਜੇ ਮਨੁੱਖ ਜੀਵਨ ਜਿਉਂਦਾ
ਜਲ ਜਿਉਂਦਾ
ਥਲ ਜਿਉਣ ਤੇ
ਜਿਉਂਦਿਆਂ ਮਰਨ ਦਾ
ਅਹਿਸਾਸ ਕਰ ਲਵੇ
ਥਲ ਦਾ ਮਾਹੌਲ
ਜੀਵਨ 'ਚ ਉਤਾਰ ਲਏ
ਤਾਂ ਆਪਣਾ ਆਪ
ਥਲ ਤੇ ਕਬਰ ਅਨੁਸਾਰ ਢਾਲ ਸਕਦਾ ਹੈ
ਮਾਨਸਿਕ ਤੌਰ 'ਤੇ ਥਲ
ਸਰੀਰਕ ਤੌਰ 'ਤੇ ਜਲ ਜਿਉਂਦਾ

ਮਨੁੱਖ ਜੀਵਨ ਜਲ ਦਾ ਪਿੰਡਾ
ਹੋਰ ਵੀ ਸੁਆਰ ਸਕਦਾ ਹੈ
ਜੀਵਨ 'ਚ ਸੂਰਜ ਬੀਜ ਸਕਦਾ ਹੈ
ਕਿਰਨਾਂ ਉਤਾਰ ਸਕਦਾ ਹੈ

ਥਲ ਹਰਿਆਉਲੀ ਧਰਤ ਦਾ ਸੱਚ ਹੈ
ਥਲ ਦੀ ਤਪਸ਼ ਛਾਵਾਂ ਦੀ ਕੁੱਖ ਹੈ
ਥਲ ਦਾ ਸੇਕ ਹੀ ਠੰਡਕ ਦੀ ਜੜ੍ਹ ਹੈ
ਥਲ ਦਾ ਸੋਕਾ—ਜਲ ਦਾ ਰਸ ਹੈ
ਜਲ ਦਾ ਆਦਿ ਵੀ ਥਲ ਹੈ
ਅੰਤ ਵੀ ਥਲ ਹੈ

ਮਨੁੱਖ ਉਮਰੇ ਜਲ ਦਾ
ਵਰਤਮਾਨ ਜਿਉਂਦਾ ਹੈ
ਵਰਤਮਾਨ ਨੂੰ ਆਪਣਾ ਸੱਚ ਸਮਝਦਾ ਹੈ
ਨਾ ਆਪਣੇ ਆਪ 'ਚ ਉਤਰਦਾ ਹੈ
ਨਾ ਆਪਣੇ ਆਪ ਨਾਲ ਬਹਿੰਦਾ ਹੈ
ਆਪਣਾ ਸੱਚ ਜਾਣਦਾ ਵੀ
ਨਾ ਆਪਣੀ ਜੜ੍ਹ 'ਚ ਵਿਚਰਦਾ ਹੈ
ਨਾ ਆਪਣਾ ਅੰਤ ਹੀ ਸਵੀਕਾਰਦਾ ਹੈ

ਪਤਾ ਹੈ
ਜੋ ਜਨਮਦਾ ਹੈ ਬਿਨਸਦਾ ਹੈ
ਬਿਨਸਣਾ ਹੀ ਜੀਵਨ ਦਾ ਸੱਚ ਹੈ
ਸੁਤੰਤਰਤਾ ਹੈ
ਜਿਸ ਦਾ ਅਹਿਸਾਸ
ਮਨੁੱਖ ਜਿਉਂਦੇ ਜੀਅ ਕਰ ਸਕਦਾ ਹੈ
ਮਰਜੀਵੜਾ ਹੋ ਕੇ
ਬਿਨਸਨ ਦਾ ਅਹਿਸਾਸ ਹੰਢਾ ਸਕਦਾ ਹੈ
ਆਪਣੀ ਮਾਨਸਿਕਤਾ 'ਚ ਜੀਅ ਸਕਦਾ ਹੈ
ਆਪਣੀ ਦੇਹ 'ਚ ਉਤਾਰ ਸਕਦਾ ਹੈ

ਜੀਵਨ
ਬੰਦਸ਼ ਹੈ—ਆਜ਼ਾਦੀ ਨਹੀਂ
ਮਨੁੱਖ ਬੰਦਸ਼ ਨੂੰ ਹੀ
ਆਜ਼ਾਦੀ ਸਮਝ ਬੈਠਾ ਹੈ
ਦੇਹ ਦੇ ਸੱਚ ਤੋਂ ਅਣਜਾਣ ਹੈ
ਪਰਛਾਵਿਆਂ ਦਾ ਭਰਮ ਜੀਅ ਰਿਹਾ ਹੈ
ਉਮਰ ਨਾਲੋਂ ਮਨੁੱਖ ਦੀ
ਜਿਉਣ ਦੀ ਆਸ ਲੰਮੇਰੀ ਹੈ
ਉਮਰ ਬੇਸ਼ਕ ਸੁਆਸ ਦੋ ਸੁਆਸ ਹੈ
ਯੁਗਾਂ ਜਿੱਡੀ ਲੰਮੇਰੀ
ਮਨੁੱਖ ਦੀ ਉਮਰ ਦੀ ਆਸ ਹੈ
ਲੰਮੇਰਾਪਣ ਉਮਰ ਦਾ ਸੰਕਲਪ ਹੈ
ਉਮਰ ਤਾਂ
ਮੌਤ ਦੇ ਪਲ ਦਾ ਅਹਿਸਾਸ ਹੈ
ਉਮਰ ਦਾ ਕੀ ਜੋ ਕੱਲ੍ਹ ਨਹੀਂ
ਅੱਜ ਪਾਸ ਹੈ

ਜਲ ਦਾ ਸੱਚ ਜਾਣਨ ਲਈ
ਮਨੁੱਖ ਨੂੰ ਜਲ ਵਿਚਲਾ ਥਲ ਜਿਉਣਾ ਪਏਗਾ
ਮਰਜੀਵੜਾ ਹੋਣਾ ਪਏਗਾ
ਜਲ ਜਿਉਂਦੇ ਵੀ
ਪਲ ਪਲ ਮਰਨਾ ਪਏਗਾ
ਜੀਵਨ ਦੇ ਹਰ ਪਲ 'ਚ
ਮੌਤ ਨੂੰ ਯਾਦ ਕਰਨਾ ਪਏਗਾ
ਤਾਂ ਹੀ ਜਲ ਜਿਉਂਦਾ
ਜਲ ਦਾ ਸੱਚ ਹੰਢਾ ਸਕਦਾ ਹੈ
ਆਦਮੀ ਆਪਣੇ ਸੱਚ ਨੂੰ ਪਾ
ਸਕਦਾ ਹੈ ਆਦਮੀ
*

## ਜ਼ਿੰਦਗੀ ਤੇ ਸਲੀਬ

ਜ਼ਿੰਦਗੀ ਲੈ ਤੁਰੀ
ਮੇਰਿਆਂ ਕਦਮਾਂ ਨੂੰ
ਆਪਣਿਆਂ ਰਾਹਾਂ 'ਤੇ
ਮੇਰੇ ਵਸੇਬੇ ਲਈ ਮੰਜ਼ਿਲਾਂ ਅਜੀਬ ਸਨ
ਰਾਹਾਂ ਅਜੀਬ ਸਨ
ਜ਼ਿੰਦਗੀਆਂ ਦੀਆਂ ਛਾਵਾਂ
ਮੇਰੇ ਲਈ ਸਲੀਬ ਸਨ

ਮੈਂ ਰੂਹ ਤੋਂ
ਜਿਸਮ ਦੇ ਬਸਤਰ ਉਤਾਰ ਗਿਆ
ਸਮੇਂ ਦੇ ਪਿੰਜਰੇ 'ਚੋਂ ਉਡਾਰੀ ਮਾਰ ਗਿਆ
ਬੀਤੇ ਸਮੇਂ ਦੇ ਅੰਗਾਂ ਤੇ ਨਕਸ਼ਾਂ ਦਾ ਚੋਗਾ
ਜ਼ਿੰਦਗੀ ਦੇ ਵਿਹੜੇ ਖਿਲਾਰ ਗਿਆ

ਜ਼ਿੰਦਗੀ ਨੇ
ਮੌਤ ਨੂੰ ਆਪਣੇ ਅੰਦਰ ਉਤਾਰਿਆ
ਤਾਰਿਆਂ ਵਾਂਗੂੰ ਆਪਣਾ ਆਪਾ
ਅੰਬਰ 'ਤੇ ਖਿਲਾਰਿਆ
ਸਾਗਰ ਦਾ ਪਿੰਡਾ ਸਹਿਰਾ 'ਚ ਉਤਾਰਿਆ
ਮੌਤ ਉਤਾਰ ਕੇ ਆਪਣੇ ਅੰਦਰ
ਜ਼ਿੰਦਗੀ ਮੌਤ ਦਾ ਚਿਹਰਾ ਸੁਆਰ ਗਈ
ਬੀਤੇ ਸਮੇਂ ਦੇ ਪਿੰਡੇ 'ਚੋਂ
ਸੂਰਜਾਂ ਦੇ ਕਾਫ਼ਲੇ ਉਤਾਰ ਗਈ
*

## ਪਿੱਠ

ਭੂਤ ਨੂੰ ਵਰਤਮਾਨ 'ਚ ਬੀਜਣ
ਤੇ ਭਵਿੱਖ 'ਚ ਉਗਾਉਣ ਦਾ ਯਤਨ ਬੜਾ ਕੀਤਾ
ਭੂਤ ਦਾ ਵਜੂਦ ਤਿੜਕਿਆ
ਸੱਚ ਪਿਘਲਿਆ
ਤੇ ਨਿਰੰਤਰ ਹੋ ਗਿਆ
ਵਰਤਮਾਨ ਤੇ ਭਵਿੱਖ ਦੀ ਦੇਹ 'ਚੋਂ ਗੁਜ਼ਰ ਗਿਆ

ਬੜਾ ਚਾਹਿਆ ਸੀ ਸੂਰਜ ਬਣ ਕੇ ਚੜ੍ਹਾਂ
ਆਉਣ ਵਾਲੇ ਸਮੇਂ ਪੈਰਾਂ 'ਚ ਜਗਾਂ
ਪਰ ਉੱਗਣ ਤੋਂ ਪਹਿਲਾਂ
ਮੇਰਾ ਬੀਜ ਗਲ ਗਿਆ
ਇਹ ਕੌਣ ਮੇਰੇ ਜਿਸਮ 'ਚ
ਬਰਫ਼ ਦਾ ਪਹਾੜ ਧਰ ਗਿਆ
ਇਹ ਕਣ ਮੇਰੇ ਭਵਿੱਖ ਦਾ ਨਿੱਘ ਕਤਲ ਕਰ ਗਿਆ
ਇਹ ਕੌਣ ਮੇਰੇ ਫਲਾਂ 'ਚੋਂ
ਜੜ੍ਹ ਬਣ ਕੇ ਉੱਗ ਪਿਆ
ਇਹ ਕੌਣ ਮੇਰੇ ਸਿਰ 'ਚ ਹੈ ਪੈਰ ਧਰ ਗਿਆ

ਇਹ ਭੂਤ ਸੀ
ਜੋ ਭਵਿੱਖ ਨੂੰ ਆਪਣੇ 'ਚੋਂ
ਉਗਾਉਣ ਦੀ ਥਾਂ
ਭਵਿੱਖ 'ਚੋਂ ਹੀ ਉੱਗ ਪਿਆ
ਮੇਰੀਆਂ ਨਜ਼ਰਾਂ ਦੇ ਦਿਸਹੱਦਿਆਂ ਤੋਂ ਬੋਲ ਪਿਆ
ਮੈਂ ਤੇਰੇ ਪਿੱਛੇ ਵੀ ਹਾਂ ਅੱਗੇ ਵੀ ਹਾਂ
ਮੈਂ ਤੇਰੇ ਵਿਚਕਾਰ ਹਾਂ
ਸੱਜੇ ਵੀ ਹਾਂ ਖੱਬੇ ਵੀ ਹਾਂ

ਬੜਾ ਚਾਹਿਆ
ਕਿ ਆਪਣੀ ਪਿੱਠ 'ਤੇ ਵਗਦੀ ਨਦੀ ਨੂੰ

ਨਦੀ ਨੂੰ ਆਪਣੇ ਚਿਹਰੇ 'ਚ ਢਾਲਾਂ
ਆਪਣੇ ਮਸਤਕ 'ਚ ਉਤਾਰ 'ਲਾਂ
ਵਰਤਮਾਨ ਦਾ ਤਪਦਾ ਪਿੰਡਾ
ਨਦੀ ਦੇ ਜਲ 'ਚ ਠਾਰ 'ਲਾਂ
ਆਉਣ ਵਾਲਾ ਸਮਾਂ
ਨਦੀ ਦੀ ਦੇਹ 'ਚ ਬੀਜ 'ਲਾਂ
ਨਦੀ ਦੀ ਕੁੱਖ 'ਚੋਂ ਭਵਿੱਖ ਦਾ
ਇਕ ਬੁੱਤ ਉਸਾਰ 'ਲਾਂ
ਪਰ ਹਰ ਵਾਰ ਹੀ ਉਹ ਨਦੀ
ਮੇਰੇ ਅੰਗਾਂ ਤੇ ਨਕਸ਼ਾਂ ਨੂੰ ਆਪਣੇ 'ਚ ਉਤਾਰਦੀ
ਤੇ ਮੇਰੀ ਪਿੱਠ 'ਚੋਂ
ਮੇਰਾ ਚਿਹਰਾ ਉਸਾਰਦੀ
ਕਿ ਮੈਂ ਆਪਣੇ ਚਿਹਰੇ 'ਚੋਂ ਵੀ
ਪਿੱਠ ਹੀ ਨਜ਼ਰ ਆਵਾਂ
ਕਦੀ ਨਾ ਆਪਣੀ ਪਿੱਠ 'ਚੋਂ ਨਿਕਲਾਂ
ਮੈਂ ਆਪਣੇ ਆਦਿ 'ਚੋਂ ਜਨਮਿਆ
ਆਦਿ 'ਚ ਹੀ ਮਰ ਜਾਵਾਂ

ਬੜੀ ਵਾਰੀ
ਭੂਤ ਦੀ ਧਰਤੀ 'ਚੋਂ ਸ਼ਬਦ ਚੁੱਕੇ
ਵਰਤਮਾਨ 'ਚ ਬੀਜੇ
ਅਰਥ ਆਦਿ 'ਚੋਂ ਚੁੱਕੇ
ਆਉਣ ਵਾਲੇ ਸਮੇਂ ਦੇ
ਮਸਤਕ 'ਚ ਧਰ ਦਿੱਤੇ
ਸ਼ਬਦ ਜਦ ਵੀ ਉੱਗੇ
ਭਵਿੱਖ 'ਚ ਭੂਤ ਦੀ ਧਰਤੀ ਉਗਾ ਗਏ
ਅਰਥ ਜਦ ਵੀ ਫੁੱਟੇ
ਆਦਿ ਦੀ ਪਹਿਚਾਣ
ਆਉਂਦੇ ਸਮੇਂ 'ਚ ਧਰ ਗਏ
ਭਵਿੱਖ ਦਾ ਭਵਿੱਖ ਨਿਗਲ ਗਏ

ਭੂਤ ਦਾ ਚਿਹਰਾ
ਭਵਿੱਖ ਦੀ ਗਰਦਨ 'ਤੇ ਧਰ ਗਏ

ਮੈਂ ਕਦੀ ਵੀ
ਭੂਤ ਤੋਂ ਆਪਣਾ ਪਿੱਛਾ ਛੁਡਾਇਆ ਨਹੀਂ
ਸਮਾਂ ਹੋ ਕੇ ਵੀ
ਭਵਿੱਖ 'ਚ ਵਿਚਰ ਕੇ ਵੀ
ਭੂਤ ਨੂੰ ਭੁਲਾਇਆ ਨਹੀਂ

ਮੇਰੀ ਪਿੱਠ 'ਚੋਂ ਉੱਗਿਆ
ਮੇਰਾ ਵਜੂਦ
ਅੱਖਾਂ ਕੰਨ ਨੱਕ ਜੀਭ
ਭੂਤ ਨੂੰ ਵੇਖਣ ਸੁਣਨ ਸੁੰਘਣ ਤੇ ਬੋਲਣ
ਜਿਸਮ ਵਰਤਮਾਨ ਭਵਿੱਖ
ਭੂਤ ਲਈ ਦਰ ਖੋਲ੍ਹੇ
ਵਰਤਮਾਨ ਭਵਿੱਖ ਨੂੰ ਸੰਬੋਧਨ
ਜੀਭਾ ਪਈ ਬੋਲੇ
ਵਰਤਮਾਨ ਤੇ ਭਵਿੱਖ ਦਾ
ਸੱਚ ਵੀ ਭੂਤ ਹੈ
ਵਜੂਦ ਵੀ ਭੂਤ ਹੈ
ਆਦਿ ਅੰਤ ਤੇ ਰੂਹ ਵੀ ਭੂਤ ਹੈ
*

## ਮੈਂ ਕਤਰਾ ਹਾਂ

ਮੈਂ ਆਕਾਸ਼ ਸੂਰਜ ਚੰਨ ਤਾਰੇ
ਸਗਲਾ ਸਗਲਾ ਦਾ ਥਾਲ ਸਿਰਜਿਆ ਹੈ
ਧਰਤੀ ਸਮੁੰਦਰ ਜੰਗਲ ਪਹਾੜ
ਮੌਸਮ ਬਹਾਰਾਂ ਰੁੱਤਾਂ ਖ਼ੁਸ਼ਬੂਆਂ ਦਾ
ਗੁਲਜ਼ਾਰ ਸਿਰਜਿਆ ਹੈ

ਹਵਾ ਅੱਗ
ਪ੍ਰਕਿਰਤੀ ਅਨੇਕਾਂ ਜੀਵ ਜੰਤੂ
ਰੰਗ ਬਰੰਗੇ ਪਸ਼ੂ ਪੰਛੀ
ਨ੍ਰਿਤ ਸਾਕਾ ਤਾਲ ਰਾਗ
ਸੰਗੀਤ ਵੱਖ-ਵੱਖ ਸਰਗਮਾਂ
ਬੋਲੀਆਂ ਸਿਰਜੀਆਂ ਹਨ

ਮਨੁੱਖ
ਸੱਚ ਸੁੰਦਰਤਾ ਕਲਿਆਣ
ਕਾਮ ਕ੍ਰੋਧ ਲੋਭ ਮੋਹ ਹੰਕਾਰ
ਪਿਆਰ ਨਫ਼ਰਤ ਮੰਜ਼ਿਲਾਂ ਦਿਸ਼ਾਵਾਂ
ਦਿਸ-ਅਦਿਸ ਜੋ ਵੀ ਬ੍ਰਹਿਮੰਡ ਹੈ
ਮੈਂ ਸਭ ਦਾ ਸਿਰਜਣਹਾਰ ਹਾਂ

ਮੈਂ ਆਪਣੀ ਪ੍ਰਕਿਰਤੀ ਦਾ
ਇਹ ਭੇਦ ਖੋਲ੍ਹਦਾ ਹਾਂ
ਜਿਸ 'ਚ ਮੇਰਾ ਵਸੇਰਾ ਹੈ
ਜਿਸ 'ਚੋਂ ਮੈਂ ਬੋਲਦਾ ਹਾਂ
ਜਿਸ ਨੂੰ ਮੈਂ ਸਿਰਜਦਾ ਹਾਂ
ਸਿਮਰਦਾ ਹਾਂ ਧਿਆਉਂਦਾ ਹਾਂ

ਜਿਸ ਤਰ੍ਹਾਂ ਮੇਰੇ ਆਕਾਰ 'ਚ
ਸਭ ਬ੍ਰਹਿਮੰਡਾਂ ਧਰਤੀਆਂ ਪਤਾਲਾਂ
ਅਕਾਸ਼ਾਂ ਦਾ ਵਜੂਦ ਹੈ

ਇਸ ਤਰ੍ਹਾਂ ਕੁਲ ਬ੍ਰਹਿਮੰਡ ਦੀ
ਦਿੱਸ-ਅਦਿੱਸ ਸਾਮੱਗਰੀ 'ਚ
ਮੇਰੀ ਇਸ ਸਿਰਜਣਾ ਦਾ ਵਜੂਦ ਹੈ
ਜਿਸ ਦਾ ਨਾਂ ਨਾਰੀ ਹੈ
ਜਿਸ ਦਾ ਰੂਪ ਕਰਤਾਰੀ ਹੈ
ਜਿਸ 'ਚ ਵਸਦਾ ਹਾਂ ਮੈਂ
ਵਸਦੀ ਮੇਰੀ ਪ੍ਰਕਿਰਤੀ ਸਾਰੀ ਹੈ

ਨਾਰੀ ਦੀ ਪ੍ਰਕਿਰਤੀ ਉਤਪਤੀ ਹੈ
ਸਿਰਜਣਾ ਹੈ ਵਿਸਥਾਰ ਹੈ
ਜਿਸ ਦਾ ਆਕਾਰ ਆਕਾਰ ਰਹਿਤ ਹੈ
ਜਿਸ ਦੀ ਵਿਸ਼ਾਲਤਾ
ਅਨੰਦਤਾ ਦੀ ਕੋਈ ਹੱਦ ਨਹੀਂ
ਮੇਰੀ ਸਾਰੀ ਦੀ ਸਾਰੀ ਸਿਰਜਣਾ
ਜੋ ਅੰਤ ਰਹਿਤ ਹੈ
ਨਾਰੀ ਦੇ ਵਜੂਦ 'ਚ ਮੌਜੂਦ ਹੈ
ਮੇਰੀ ਤੇ ਮੇਰੀ ਪ੍ਰਕਿਰਤੀ ਦਾ
ਧਰਤ ਤੇ ਨਾਰੀ ਵਜੂਦ ਹੈ

ਨਾਰੀ ਮੇਰਾ ਸੰਕਲਪ ਨਹੀਂ
ਮੇਰਾ ਯਥਾਰਥ ਹੈ
ਮੇਰਾ ਰਹਿਣ ਸਹਿਣ ਹੈ
ਮੇਰੀ ਪੂਜਾ ਹੈ—ਮੇਰਾ ਸਿਮਰਨ ਹੈ
ਮੇਰੀ ਇਬਾਦਤ ਹੈ
ਨਾਰੀ ਹਵਨ ਯੱਗ ਸ਼ਬਦ
ਮੰਦਰ ਮੇਰਾ ਇਸ਼ਟ ਹੈ
ਮੇਰੀ ਹੋਂਦ ਮੇਰਾ ਸੱਚ
ਮੇਰੀ ਸਿਰਜਣਾ ਦਾ ਸਾਖਸ਼ਾਤ ਰੂਪ ਹੈ
ਧਰਤ 'ਤੇ ਤੁਰਦੀ ਫਿਰਦੀ
ਜਿਉਂਦੀ ਜਾਗਦੀ ਨਾਰੀ ਦਾ ਵਜੂਦ ਹੈ
ਇਹ ਮੇਰੀ ਹੋਂਦ ਦਾ ਅੰਕੁਰ ਹੈ

ਮੇਰੇ ਗਿਆਨ ਦਾ ਸੱਚ ਹੈ
ਮੇਰੇ ਭੇਦ ਦਾ ਪ੍ਰਗਟਾ ਹੈ
ਮੇਰੀ ਸਰਬ ਵਿਆਪਕਦਾ ਹੈ
ਅਨੰਦਤਾ ਹੈ—ਪਾਰਬ੍ਰਹਮਤਾ ਹੈ

ਜੋ ਮੇਰਾ ਦੀਦਾਰ ਚਾਹੁੰਦੇ ਹਨ
ਉਹ ਨਾਰੀ ਦੇ ਦੁਆਰ ਦਾ
ਦਰ ਖੋਲ੍ਹਣ—ਅੰਦਰ ਉਤਰਨ
ਮੈਂ ਨਾਰੀ ਦੀ ਹੋਂਦ 'ਚ
ਸਭ ਨੂੰ ਨਜ਼ਰ ਆਉਂਦਾ ਹਾਂ
ਨਾਰੀ ਦੀ ਹੋਂਦ ਸਦਕਾ ਹੀ
ਜਗਤ ਦਾ ਸੱਚ ਕਹਾਉਂਦਾ ਹਾਂ

ਮੈਂ ਕਿਸੇ ਲਈ ਕਿਤੇ ਵੀ ਨਹੀਂ
ਨਾ ਅਸਮਾਨ 'ਚ—ਨਾ ਜੰਗਲਾਂ
ਪਹਾੜਾਂ 'ਚ ਨਾ ਪਤਾਲਾਂ 'ਚ
ਮੈਂ ਕਿਸੇ ਲਈ ਹਰ ਥਾਂ 'ਤੇ ਹਾਂ
ਪਰ ਸਦਾ ਹੀ ਨਾਰੀ ਸਿਰਜਣ ਸ਼ਕਤੀ 'ਚ ਹਾਂ
ਨਾਰੀ ਦੀ ਪੂਜਾ ਨਾਰੀ ਦੀ ਭਗਤੀ 'ਚ ਹਾਂ

ਮੈਂ ਜੇ ਜਗਤ ਦਾ ਪਿਤਾ ਹਾਂ
ਤਾਂ ਮੇਰੀ ਸਿਰਜਣਾ ਨਾਰੀ
ਜਗਤ ਜਣਨੀ ਹੈ ਜਗਤ ਮਾਤਾ ਹੈ
ਮੇਰੀ ਵਿਦਾਤਾ ਹੈ
ਮੇਰਾ ਅੰਸ਼ ਹੈ—ਮੇਰਾ ਅੰਕੁਰ ਹੈ
ਮੇਰਾ ਆਕਾਰ ਹੈ
ਤੁਸੀਂ ਜੇ ਨਾਰੀ ਨੂੰ ਪੜ੍ਹੋਗੇ
ਮੇਰੀ ਸਿਰਜਣਾ ਦਾ ਸੱਚ ਤਰੋਗੇ
ਨਾਰੀ ਮੇਰੀ ਰੂਹ ਹੈ
ਮੈਂ ਜਿਸ ਹਾਂ ਇਸ ਦਾ
ਇਹ ਮੇਰਾ ਨੂਰ ਹੈ

ਮੇਰੀ ਕੁਲ ਸਿਰਜਣਾ ਦਾ ਵਜੂਦ
ਨਾਰੀ 'ਚੋਂ ਸਾਹ ਲੈਂਦਾ ਹੈ
ਨਾਰੀ 'ਚੋਂ ਵੇਖਦਾ ਬੋਲਦਾ ਹੈ
ਨਾਰੀ 'ਚੋਂ ਜਿਉਂਦਾ ਜਾਗਦਾ ਹੈ—ਸਿਮਟਦਾ ਹੈ
ਨਾਰੀ ਸੱਚ ਸੁੰਦਰਤਾ ਕਲਿਆਣ
ਤੇ ਪੁੰਜ ਨਿਰਮਾਤਾ ਦਾ ਹੈ
ਨਾਰੀ ਉਹ ਸੂਰਜ ਹੈ
ਜਿਸ ਦੀਆਂ ਕਿਰਨਾਂ
ਬ੍ਰਹਿਮੰਡ ਸੁੰਦਰਤਾ ਕਰੂਪਤਾ
ਸੁਗੰਧ ਤੇ ਗੰਧ ਤੇ ਬਰਾਬਰ ਪੈਂਦੀਆਂ ਹਨ
ਪਰ ਮੈਲੀਆਂ ਨਹੀਂ ਹੁੰਦੀਆਂ
ਸੁੱਚੀਆਂ ਸ਼ੁੱਧ ਪਵਿੱਤਰ ਤੇ
ਨਿਰਮਲ ਰਹਿੰਦੀਆਂ ਹਨ

ਜੇ ਮੇਰੀ ਕੁਲ ਬ੍ਰਹਿਮੰਡਕ ਸਿਰਜਣਾ 'ਚ
ਕਿਸੇ 'ਤੇ ਫ਼ਖ਼ਰ ਹੈ ਮੈਨੂੰ
ਤਾਂ ਉਹ ਨਾਰੀ ਦਾ ਵਜੂਦ ਹੈ
ਜੋ ਮੇਰੇ ਜਿਸਮ 'ਚ
ਜੀਵਨ ਤੇ ਪ੍ਰਾਣਾਂ ਵਾਂਗ ਮੌਜੂਦ ਹੈ
*

## ਦੋ ਨੈਣ

ਉਹ ਜੋਗੀ
ਜੰਗਲ 'ਚੋਂ ਸ਼ਹਿਰ 'ਚ
ਭਿਖਸ਼ਾ ਮੰਗਣ ਆਇਆ
ਭਿਖਸ਼ਾ ਮੰਗਦਾ ਮੰਗਦਾ ਜੋਗੀ
ਭੀੜਾਂ ਭਰੇ ਬਾਜ਼ਾਰੀਂ ਉੱਤਰ ਆਇਆ

ਉਸ ਨੂੰ
ਸੁੰਦਰ ਸਰੀਰਾਂ ਦੀ ਮਹਿਕ ਆਈ
ਜੋ ਜੋਗੀ ਦੇ ਸਾਹਾਂ 'ਚ ਸਮਾਈ
ਸੂਰਜੀ ਨਜ਼ਰਾਂ ਦੀਆਂ ਕਿਰਨਾਂ
ਉਸ ਦੇ ਪਿੰਡੇ 'ਚੋਂ ਗੁਜ਼ਰੀਆਂ
ਮਾਨ ਸਰੋਵਰ ਦੇ ਕਿਨਾਰੇ
ਜਿਵੇਂ ਡਾਰਾਂ ਪਰੀਆਂ ਦੀਆਂ ਉਤਰੀਆਂ
ਮੋਮੀ ਬੁੱਤਾਂ ਦੇ ਅੰਗ ਤੇ ਨਕਸ਼
ਜੋਗੀ ਦੇ ਮੱਥੇ 'ਚ ਠਣਕੇ
ਸੁੰਨ ਹੋਇਆ ਜੋਗੀ
ਤੇ ਸਵਾਸ ਗਏ ਅਟਕੇ

ਭੀੜਾਂ 'ਚ ਕੂਕਦੀਆਂ ਕੋਇਲਾਂ ਦੀ ਸੁਰ
ਉਸ ਦੇ ਕੰਨਾਂ ਦੀ ਰਸਨਾ ਬਣੀ
ਜੋਗੀ ਨੂੰ ਕਾਂਬਾ ਛਿੜਿਆ ਤੇ ਰੂਹ ਠਰ੍ਹੀ
ਗਿੱਠ ਗਿੱਠ ਲੰਬੀਆਂ ਧੌਣਾਂ 'ਚੋਂ
ਜੋਗੀ ਨੂੰ ਪਾਣੀ ਦੀ ਗਤੀ ਨਜ਼ਰ ਆਈ
ਜੋਗੀ ਨੂੰ ਮਨ 'ਚ ਜਗਦੀ
ਪ੍ਰੇਮ ਜੋਤੀ ਦੀ ਰੌਸ਼ਨੀ ਨਜ਼ਰ ਆਈ

ਉਹ ਕਈ ਵਾਰ ਤਿਲਕਣਾ ਚਾਹੁੰਦਾ
ਪਰ ਉਸ ਦੀ ਪਿੱਠ ਪਿੱਛੇ ਉੱਗੇ
ਸੰਨਿਆਸੀ ਜੰਗਲ ਦੀਆਂ ਅੱਖਾਂ

ਉਸ ਨੂੰ ਸੰਭਾਲਿਆ
ਹਨ੍ਹੇਰਿਆਂ 'ਚ ਤੁਰਦੇ ਜੋਗੀ
ਚਿਰਾਗ਼ ਮਸਤਕ ਦਾ ਬਾਲਿਆ
ਮੋਹ ਮਾਇਆ ਦੀ ਨਗਰੀ 'ਚੋਂ ਗੁਜ਼ਰਦਿਆਂ
ਉਸ ਦੇ ਅੰਦਰ ਨਿਰਲੇਪ ਕੰਵਲ
ਬਣ ਕੇ ਰਹਿਣ ਦਾ ਅਨੁਭਵ ਜਾਗਿਆ
ਜੋਗੀ ਕਦੀ ਕੰਵਲ ਸੰਕਲਪਦਾ
ਕਈ ਸੁੰਦਰ ਝੀਲਾਂ ਦੇ ਪਾਣੀਆਂ 'ਚ ਤਰਦਾ
ਆਪਣੇ ਸੰਨਿਆਸ ਦੇ ਸਹਾਰੇ
ਮੋਹ ਦੇ ਦਰਿਆ 'ਚੋਂ ਗੁਜ਼ਰਦਾ

ਜੋਗੀ ਜਦ ਬਾਜ਼ਾਰ ਦੇ ਅੱਧ 'ਚ ਗਿਆ
ਘੁੰਗਰੂਆਂ ਦੇ ਅਲਾਹੀ ਸੁਰਾਂ ਦਾ ਅਲਾਪ
ਉਸ ਦੇ ਕੰਨੀਂ ਪਿਆ
ਉਸ ਨੇ ਨਜ਼ਰਾਂ ਉਠਾ ਕੇ ਵੇਖਿਆ
ਜਿਧਰੋਂ ਸੁਰ ਦੀ ਮਹਿਕ
ਤੇ ਆਵਾਜ਼ ਆਉਂਦੀ ਸੀ
ਉਸ ਨੂੰ ਲੱਗਾ—
ਜਿਵੇਂ ਕੋਈ ਸੱਜਰੀ ਸਵੇਰ
ਕਿਰਨਾਂ 'ਚ ਨਹਾਉਂਦੀ ਸੀ
ਸ਼ਬਦ ਦਾ ਵਾਕ ਲੈਂਦੀ ਸੀ
ਆਰਤੀ ਸੂਰਜਾਂ ਦੀ ਗਾਉਂਦੀ ਸੀ

ਜੋਗੀ ਨੂੰ ਬੜੀ ਹੀ
ਦਿਲਕਸ਼ ਕਿਸਮ ਦੀ ਮਹਿਕ ਆਈ
ਜਿਵੇਂ ਚੰਦਨ ਦੀ ਦੇਹ ਕਿਸੇ ਨਾਗਨ ਧੁਖਾਈ
ਆਉਂਦੀ ਮਹਿਕ ਵੱਲ
ਜੋਗੀ ਨੇ ਨਜ਼ਰ ਘੁਮਾਈ
ਚੁਬਾਰੇ ਦੀ ਖੁੱਲ੍ਹੀ ਬਾਰੀ 'ਚੋਂ
ਉਸ ਨੂੰ ਚੰਨ ਦਾ ਟੁਕੜਾ ਨਜ਼ਰ ਆਇਆ
ਜਿਥੇ ਬਲੌਰੀ ਨੈਣਾਂ ਨੇ

ਨਿਮੰਤਰਣ ਦਾ ਦੀਪ
ਜੋਗੀ ਦੇ ਮੱਥੇ 'ਚ ਜਗਾਇਆ
ਜੋਗੀ ਦੇ ਨੈਣ ਥੱਲੇ
ਰੁੱਗ ਕਲੇਜੇ ਦਾ ਭਰਿਆ ਗਿਆ
ਇਕ ਅੱਗ ਦਾ ਦਰਿਆ
ਜੋਗੀ ਨੂੰ ਤਰਨ ਦਾ ਇਸ਼ਾਰਾ ਕਰ ਗਿਆ
ਦੋ ਨੈਣ ਜੋਗੀ ਦਾ ਜਿਸਮ ਚੀਰ
ਜੋਗੀ ਦੀ ਰੂਹ 'ਚ ਉਤਰ ਗਏ
ਜੋਗੀ ਦੇ ਪੈਰ ਅਗਲਾ ਕਦਮ
ਪੁੱਟਣਾ ਭੁੱਲ ਗਏ
ਜੋਗੀ ਮੁੜਿਆ
ਤੇ ਨੈਣਾਂ ਦੇ ਰਾਹ 'ਤੇ ਤੁਰ ਪਿਆ
ਪੱਥਰ ਦਾ ਬੁੱਤ ਕੋਈ
ਨੈਣਾਂ ਦੀ ਗਰਮੀ 'ਚ ਪਿਘਲ ਗਿਆ

ਚੁਬਾਰੇ ਦੀਆਂ ਪੌੜੀਆਂ ਚੜ੍ਹਦਾ
ਜੋਗੀ ਜਦ ਆਖ਼ਰੀ ਪੌੜੀ 'ਤੇ ਪੁੱਜਾ
ਤਾਂ ਉਸ ਦੀ ਪਿੱਠ 'ਤੇ ਉੱਗੇ
ਸੰਨਿਆਸੀ ਜੰਗਲ ਨੇ ਪੁਕਾਰਿਆ—
ਰੁਕ ਜਾ
ਕਿਉਂ ਆਪਣੇ ਸੱਚ ਦੀ ਆਹੂਤੀ
ਝੂਠੀ ਦੁਨੀਆ ਦੇ
ਰੰਗ ਰੂਪ ਲਈ ਹੈਂ ਚਾੜ੍ਹਦਾ
ਕਿਉਂ ਆਪਣੇ ਸਵਰਗ 'ਚ
ਹੈਂ ਨਰਕ ਉਤਾਰਦਾ
ਕਿਉਂ ਹਵਸ ਦੀ ਅੱਗ 'ਚ
ਆਪਣੀ ਕੁੰਦਨ ਦੇਹ ਹੈਂ ਸਾੜਦਾ
ਕਿਉਂ ਆਪਣਾ ਜੋਗੀਆ ਹੈਂ ਦਾਗ਼ਦਾ

ਜੋਗੀ ਪੌੜੀਆਂ
ਹੇਠਾਂ ਉਤਰ ਗਿਆ

ਪਰ ਮਨ ਦੀ ਲਗਨ ਤੇ
ਰੂਹ ਦੀ ਆਵਾਜ਼ ਨੇ
ਜੋਗੀ ਦਾ ਪਿੱਛਾ ਨਾ ਛੱਡਿਆ
ਉਹ ਕਈ ਵਾਰ ਪੌੜੀਆਂ
ਚੜ੍ਹਿਆ ਤੇ ਉਤਰਿਆ
ਸੁੰਦਰਤਾ ਦੇ ਆਸਮਾਂ ਤੇ
ਸੰਨਿਆਸ ਦੇ ਜੰਗਲ 'ਚ
ਜੋਗੀ ਸੀ ਲਟਕਿਆ

ਜੋਗੀ ਨੂੰ ਲੱਗਿਆ
ਹੁਣ ਵਾਪਸ ਆਸ਼ਰਮ 'ਚ ਜਾਣਾ
ਹੈ ਰੱਬ ਦੇ ਦੁਆਰ ਤੋਂ ਮੁੜਨਾ
ਤੇ ਹੈ ਫਿਰ ਸਾਰੀ ਉਮਰ ਦਾ ਝੂਰਨਾ
ਦੋ ਨੈਣ
ਜੋ ਜੋਗੀ ਦੀ ਰੂਹ 'ਚ ਉਤਰੇ ਸਨ
ਉਨ੍ਹਾਂ ਜੋਗੀ ਦੀ ਰੂਹ 'ਚ
ਲੱਖਾਂ ਸੂਰਜਾਂ ਦਾ ਚਾਨਣ ਧਰ ਦਿੱਤਾ
ਜੋਗੀ ਦੀ ਰੂਹ 'ਚ
ਉਹ ਨੈਣ ਕੀ ਉਤਰੇ
ਜੋਗੀ ਦੇ ਜਿਸਮ 'ਚ
ਰੱਬੀ ਨੂਰ ਦਾ ਚਾਨਣ ਕਰ ਦਿੱਤਾ
ਜੋਗੀ ਨੂੰ ਲੱਗਿਆ
ਇਨ੍ਹਾਂ ਨੈਣਾਂ 'ਚ ਰੱਬੀ ਨੂਰ ਹੈ
ਰੱਬ ਨਹੀਂ ਦੂਰ
ਜੋਗੀ ਹੀ ਹੁਣ ਰੱਬ ਤੋਂ ਦੂਰ ਹੈ

ਜੋਗੀ ਪਰਤਿਆ
ਤੇ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਿਆ
ਜੋਗੀ ਚੰਨ ਦੇ ਟੁਕੜੇ ਲਈ
ਰੱਬੀ ਨੂਰ ਦੇ ਦਰ 'ਤੇ ਆ ਗਿਆ

ਜੋ ਕੋਠਾ ਵੇਸ਼ਯਾ ਦਾ ਚੱਕਲਾ ਕਹਾਉਂਦਾ ਸੀ
ਜੋਗੀ ਨੇ ਚਕਲੇ ਨੂੰ ਹੀ ਆਪਣਾ
ਮੰਦਰ ਬਣਾ ਲਿਆ
ਤੇ ਉਸ ਸੰਗਮਰਮਰੀ ਟੁਕੜੇ 'ਚੋਂ
ਆਪਣਾ ਰੱਬ ਪਾ ਲਿਆ

ਇਨਸਾਨੀਅਤ ਦੀ ਦੁਨੀਆ 'ਚ
ਅੱਜ ਉਹ ਚਕਲਾ
ਨੈਣ ਸਰ ਤੀਰਥ ਕਹਾਉਂਦਾ ਹੈ
ਜੋ ਵੀ ਉਸ ਦੇ ਦਰਸ਼ਨ ਨੂੰ ਜਾਂਦਾ ਹੈ
ਜਿਉਂਦੇ ਜੀਅ ਹੀ ਮੁਕਤੀ ਕਹਾਉਂਦਾ ਹੈ
*

## ਅਜਨਬੀ ਕੁੜੀ

ਮੇਰੇ 'ਚ
ਇਕ ਅਜਨਬੀ ਕੁੜੀ ਵੱਸਦੀ ਹੈ
ਕਦੀ ਮੇਰੇ ਚਿਹਰੇ 'ਚੋਂ ਆਪਣਾ ਚਿਹਰਾ
ਕਦੀ ਆਪਣੇ ਚਿਹਰੇ 'ਚੋਂ
ਮੇਰਾ ਚਿਹਰਾ ਤੱਕਦੀ ਹੈ
ਮੇਰੇ ਅੰਦਰ ਹੱਸਦੀ ਖੇਡਦੀ
ਮੇਰੇ ਸਾਹਾਂ 'ਚ ਮਘਦੀ ਹੈ
ਮੇਰੀ ਨਸ ਨਸ 'ਚ ਵੱਸ ਕੇ ਵੀ
ਮੈਨੂੰ ਅਜਨਬੀ ਲੱਗਦੀ ਹੈ

ਕਦੀ ਮੇਰੇ ਖ਼ਾਬਾਂ ਨੂੰ ਬੁਣਦੀ ਹੈ
ਕਦੀ ਮੇਰੀ ਚੁੱਪ ਸੁਣਦੀ ਹੈ
ਕਦੀ ਮੇਰੀਆਂ ਅੱਖਾਂ 'ਚੋਂ ਸਾਗਰ ਭਾਲੇ
ਕਦੀ ਮੇਰੇ ਗ਼ਮਾਂ 'ਚ
ਆਪਣੇ ਹਾਸੇ ਬਾਲੇ
ਕਦੀ ਮੇਰੇ ਦਿਲ ਵਿਚ ਤੁਰਦੀ ਹੈ
ਕਦੇ ਮੇਰੀਆਂ ਰਾਹਾਂ 'ਚ ਖੜ੍ਹਦੀ ਹੈ
ਮੇਰੇ 'ਚ ਇਕ ਅਜਨਬੀ ਕੁੜੀ ਵਸਦੀ ਹੈ

ਮੇਰੇ ਲਹੂ 'ਚ ਘੁਲੀ ਹੈ ਉਹ
ਮੇਰੇ ਕਦਮਾਂ ਸੰਗ ਤੁਰੀ ਹੈ ਉਹ
ਮੇਰੀਆਂ ਖ਼ੁਸ਼ੀਆਂ 'ਚ ਵਸਦੀ
ਮੇਰਿਆਂ ਹੰਝੂਆਂ 'ਚ ਝੁਰੀ ਹੈ ਉਹ
ਸਾਵਣ ਦੀ ਝੜੀ ਵਾਂਗਰਾਂ
ਮੇਰੇ 'ਤੇ ਹੀ ਵਰ੍ਹੀ ਹੈ ਉਹ
ਮੇਰੇ ਹੀ ਵਿਚ ਡੁੱਬੀ ਹੈ
ਮੇਰੇ 'ਚੋਂ ਹੀ ਚੜ੍ਹੀ ਹੈ ਉਹ

ਮੇਰੇ ਹੋ ਕੇ ਵੀ ਉਹ
ਮੇਰੇ ਲਈ ਪਰਾਈ ਹੈ

ਇਹ ਪਰੀ ਹੁਸਨਾਂ ਦੀ ਮੇਰੇ ਦਿਲ 'ਚ
ਪਤਾ ਨਹੀਂ ਕਿੱਥੋਂ ਉਤਰ ਆਈ ਹੈ
ਮੈਂ ਇਹਦੇ ਪੈਰਾਂ 'ਚ
ਰਾਹਾਂ ਵਾਂਗ ਵਿਛਿਆ ਹਾਂ
ਇਸ ਦੁਆਲੇ ਪੌਣਾਂ ਵਾਂਗ ਘਿਰਿਆ ਹਾਂ
ਮੈਂ ਇਸ ਨੂੰ ਜਦ ਵੀ ਮਿਲਿਆ ਹਾਂ
ਸਰਘੀ ਵਾਂਗ ਮਿਲਿਆ ਹਾਂ

ਮੇਰੀ ਦੇਹ 'ਚ ਖ਼ੁਸ਼ਬੂ ਵਾਂਗ ਢਲੀ ਹੈ
ਮੇਰੇ ਦਿਲ ਦੇ ਹਨ੍ਹੇਰਿਆਂ 'ਚ
ਚਾਨਣ ਬਣ ਕੇ ਵਗੀ ਹੈ
ਮੇਰੇ ਦਿਸਹੱਦਿਆਂ 'ਤੇ ਸੂਰਜਾਂ ਵਾਂਗ ਬਲੀ ਹੈ
ਮੇਰੀਆਂ ਸਾਹਾਂ 'ਚ ਵਸਦੀ ਵੀ ਪਰਾਈ ਹੈ
ਮੇਰੀਆਂ ਨਜ਼ਰਾਂ 'ਚ ਜਗਦੀ ਜੁਦਾਈ ਹੈ
ਮੈਂ ਆਖਿਆ ਉਸਨੂੰ
ਤੂੰ ਆਪਣਾ ਅਜਨਬੀਪਣ
ਤੇ ਦੁਆਲੇ ਉਸਾਰੀਆਂ ਕੰਧਾਂ ਢਾਅ ਦੇ
ਖੁੱਲ੍ਹਾ ਵਿਹੜਾ ਹੋ ਜਾ
ਮੇਰੇ ਘਰ 'ਚ ਉਤਰ ਆ
ਆਪਣਾ ਤੇ ਮੇਰਾ ਫ਼ਰਕ ਮਿਟਾ

ਬੋਲੀ
ਜੇ ਤੇਰੇ ਮੇਰੇ ਵਿਚਲਾ ਅਜਨਬੀਪਣ ਰਹੇਗਾ
ਮੇਰੀ ਇੰਤਜ਼ਾਰ 'ਚ
ਤੇਰਾ ਦਿਲ ਧੜਕਦਾ ਰਹੇਗਾ
ਮੇਰਿਆਂ ਨੈਣਾਂ 'ਚ
ਤੇਰਾ ਕੇਸਰੀ ਮੁਖੜਾ ਤੈਰਦਾ ਰਹੇਗਾ
ਤੇਰੇ ਤੇ ਮੇਰੇ 'ਚੋਂ ਕਸ਼ਿਸ਼ ਦੀ
ਖ਼ੁਸ਼ਬੂ ਆਉਂਦੀ ਰਹੇਗੀ
ਤੇਰੇ ਦਿਲ 'ਚ ਮੇਰੀ ਸੂਰਤ ਵਸਦੀ ਰਹੇਗੀ

ਮੈਂ ਨਹੀਂ ਚਾਹੁੰਦੀ
ਆਪਣਾ ਅਜਨਬੀਪਣ ਮਿਟ ਜਾਏ
ਮੇਰੇ ਲਈ ਤੇਰਾ ਦਿਲ ਨਾ ਧੜਕੇ
ਤੇਰੇ ਇਸ਼ਕ ਲਈ ਮੇਰੇ ਹੁਸਨ ਦੀ ਪਿਆਸ ਬੁਝ ਜਾਏ
ਇਹ ਅਜਨਬੀਪਣ ਹੀ
ਤੇਰੀ ਤ਼ੇ ਮੇਰੀ ਸਾਂਝ ਹੈ
ਇਸ ਅਜਨਬੀਪਣ 'ਚ
ਤੇਰੀ ਤੇ ਮੇਰੀ ਦੁਨੀਆ ਆਬਾਦ ਹੈ
ਇਹ ਅਜਨਬੀਪਣ
ਮੈਨੂੰ ਤੇਰੇ ਤੋਂ ਵੀ ਅਜ਼ੀਜ਼ ਹੈ
ਇਹ ਤੇਰੀ ਤੇ ਮੇਰੀ
ਜ਼ਮੀਰ ਹੈ—ਤਾਸੀਰ ਹੈ
*

## ਕੈਦ

ਉਸ ਆਪਣਾ ਸਿਰ
ਕੈਦ ਦੀਆਂ ਕੰਧਾਂ 'ਚ ਮਾਰਿਆ
ਆਪਣਾ ਆਪਾ ਮਿਟਾ ਲਿਆ
ਤੇ ਆਪਣੀ ਦੇਹ ਦੀ ਕੈਦ ਤੋਂ
ਛੁਟਕਾਰਾ ਪਾ ਲਿਆ

ਉਸ ਦੀ ਕੈਦ 'ਚ
ਉਸ ਦਾ ਆਪਣਾ ਹੀ ਚਿਹਰਾ
ਹਰ ਦੀਵਾਰ 'ਤੇ ਲਟਕਿਆ ਸੀ
ਉਸ ਦੀਆਂ ਆਪਣੀਆਂ ਅੱਖਾਂ ਹੀ
ਉਸ ਨੂੰ ਝਾਕਦੀਆਂ ਸਨ
ਉਸ ਦੇ ਆਪਣੇ ਹੀ ਸਾਹ
ਉਸ ਦਾ ਪਿੰਡਾ ਜੀਅ ਰਹੇ ਸਨ
ਉਸ ਦੇ ਆਪਣੇ ਹੀ ਕੰਨ
ਉਸ ਦੇ ਦਿਲ ਦੀ ਧੜਕਣ
ਸੁਣ ਰਹੇ ਸਨ
ਉਹ ਆਪਣੀ ਕੈਦ 'ਚ
ਆਪਣੇ ਤੋਂ ਆਪਣੇ ਤਕ ਫੈਲਿਆ ਸੀ
ਆਪਣੇ ਤੋਂ ਆਪਣੇ ਤਕ ਸੁੰਗੜਿਆ ਸੀ
ਉਸ ਦਾ ਆਪਣਾ ਚਿਹਰਾ
ਉਸ ਦੇ ਆਪਣੇ ਹੀ ਦਰਪਣ 'ਚ ਨਜ਼ਰਬੰਦ ਸੀ

ਉਹ ਜਦ
ਆਪਣੀ ਕੈਦ 'ਚੋਂ ਬਾਹਰ ਨਿਕਲਿਆ
ਉਸ ਨੇ ਵੇਖਿਆ—
ਅਸਮਾਨ 'ਚ ਸੂਰਜ ਚੰਨ ਤਾਰੇ
ਲਟਕ ਰਹੇ ਸਨ
ਧਰਤੀ ਤੇ ਸਮੁੰਦਰ ਪਹਾੜ ਤੇ ਜੰਗਲ ਫੈਲੇ ਹਨ
ਬਾਹਰ ਦੀ ਹਵਾ ਆਜ਼ਾਦ ਹੈ

ਸਮਾਂ ਟੁਕੜਿਆਂ 'ਚ ਵੰਡਿਆ ਨਹੀਂ ਹੈ
ਸ਼ੋਰ ਦੀ ਬੰਦਸ਼ ਚੁੱਪ ਨਹੀਂ ਹੈ
ਖ਼ੁਸ਼ਬੂਆਂ ਰੰਗ ਪਿੰਜਰੇ ਤੋਂ ਆਜ਼ਾਦ ਹਨ
ਕੁਝ ਵੀ ਕੈਦ ਨਹੀਂ
ਸਭ ਆਪਣੇ ਆਪ 'ਚ ਆਬਾਦ ਹੈ

ਕੈਦ 'ਚ ਬਲਦਾ ਦੀਵਾ ਸੁਰੱਖਿਅਤ ਹੈ
ਉਸ ਨੂੰ ਹਨੇਰੀਆਂ ਤੂਫ਼ਾਨਾਂ ਝੱਖੜਾਂ 'ਚ
ਬੁਝਣ ਦਾ ਡਰ ਨਹੀਂ
ਕੈਦ ਵਿਚ ਰੁੱਖ ਨੂੰ
ਉਖੜਣ ਦਾ ਭੈਅ ਨਹੀਂ
ਕੈਦ 'ਚ ਨਦੀਆਂ ਦਰਿਆਵਾਂ ਨੂੰ
ਹੜ੍ਹਾਂ ਦਾ ਡਰ ਨਹੀਂ
ਕੈਦ 'ਚ ਕਬੂਤਰ ਨੂੰ ਬਿੱਲੀ ਦਾ ਭੈਅ ਨਹੀਂ
ਕੈਦ 'ਚ ਕਿਸੇ ਵੀ ਚੀਜ਼ ਨੂੰ ਭੁਰਨ
ਖੁਰਨ ਦਾ ਡਰ ਨਹੀਂ
ਕੈਦ 'ਚ ਸਭ ਕੁਝ
ਕੈਦ ਦੀ ਸੁਰੱਖਿਆ 'ਚ ਸੁਰੱਖਿਅਤ ਹੈ

ਕੈਦ 'ਚ ਜੀਵਨ
ਸੰਤੁਲਨ ਹੈ—ਸੁਰੱਖਿਅਤ ਹੈ
ਕੈਦ 'ਚ ਆਪ ਮੁਹਾਰਤਾ ਅਨੁਸ਼ਾਸਨ 'ਚ ਹੈ
ਕੈਦ 'ਚ ਜੰਗਲੀ ਰਾਕਾ ਨਹੀਂ
ਕੈਦ 'ਚ ਬਿਜਲੀ ਦੀ ਰੌਸ਼ਨੀ ਤਾਂ ਹੈ
ਪਰ ਅੱਖਾਂ ਨੂੰ ਚੁੰਧਿਆਉਂਦੀ ਨਹੀਂ
ਕੈਦ 'ਚ ਬਿੰਦੂ ਬਿੰਦੂ ਹੀ ਰਹਿੰਦਾ ਹੈ
ਦਾਇਰਿਆਂ 'ਚ ਬਦਲਦਾ ਨਹੀਂ
ਜਲ ਦੀ ਬੂੰਦ ਬੂੰਦ ਰਹਿੰਦੀ ਹੈ
ਸਾਗਰ 'ਚ ਢਲਦੀ ਨਹੀਂ
ਕਿਰਨਾਂ ਦਾ ਸਿਰਫ਼
ਕਿਰਨ ਵਜੂਦ ਹੈ ਸੂਰਜ ਲਈ

ਕੈਦ 'ਚ ਸਿਮਟਣਾ ਹੈ ਫੈਲਣਾ ਨਹੀਂ
ਕੈਦ 'ਚ ਸਥਿਰਤਾ ਹੈ ਭਟਕਣ ਨਹੀਂ
ਮੰਜ਼ਿਲ ਹੈ—ਸਫ਼ਰ ਨਹੀਂ

ਉਹ ਜਦ
ਆਪਣੀ ਕੈਦ 'ਚੋਂ ਬਾਹਰ ਨਿਕਲਿਆ
ਤਾਂ ਉਸ ਨੇ ਮਹਿਸੂਸ ਕੀਤਾ
ਉਹ ਵਿਕਸਿਤ ਨਹੀਂ—ਬੌਣਾ ਹੈ
ਸਰੀਰਕ ਤੌਰ 'ਤੇ ਵੀ—ਮਾਨਸਿਕ ਤੌਰ 'ਤੇ ਵੀ
ਉਸ ਦਾ ਆਕਾਸ਼
ਸਿਰਫ਼ ਸਿਰ ਦਾ ਆਕਾਰ ਹੈ
ਧਰਤੀ ਸਿਰਫ਼ ਪੈਰਾਂ ਦਾ ਰਕਬਾ ਹੈ
ਨਜ਼ਰ ਕੰਧ ਤੋਂ ਪਾਰ ਨਹੀਂ
ਝਾਕਦੀ—
ਦਿਲ ਕੰਨਾਂ ਦੀ ਹਦੂਦ ਤੋਂ
ਬਾਹਰ ਨਹੀਂ ਧੜਕਦਾ
ਬੋਲ ਪੈਂਤੀ ਅੱਖਰ ਦੀ ਵਿਸ਼ਾਲਤਾ ਨਹੀਂ
ਇਕ ਅੱਖਰ ਦਾ ਆਕਾਰ ਹਨ
ਕੈਦ 'ਚ ਪਰਵਾਜ਼ ਤਾਂ ਹੈ
ਪਰ ਖੰਭ ਨਹੀਂ
ਉੱਡਣ ਲਈ ਆਕਾਸ਼ ਨਹੀਂ

ਉਸ ਨੂੰ ਲੱਗਿਆ—
ਉਹ ਆਪਣੀ ਕੈਦ 'ਚ ਸੁਰੱਖਿਅਤ ਵੀ ਨਹੀਂ ਸੀ
ਕਿਉਂਕਿ ਕੈਦ 'ਚ ਖ਼ਤਰਿਆਂ ਦਾ
ਗਿਆਨ ਨਹੀਂ—ਅਨੁਭਵ ਨਹੀਂ
ਕੈਦ ਸਿਰਫ਼ ਆਪਣੇ ਬਿੰਦੂ ਦੀ ਪਰਿਕਰਮਾ ਹੈ
ਦਾਇਰੇ ਦਾ ਆਕਾਰ ਨਹੀਂ

ਕੈਦ ਗ਼ੁਲਾਮੀ ਹੈ
ਆਜ਼ਾਦ ਬਹਾਰਾਂ ਮੌਸਮ

ਰੁੱਤਾਂ ਰੰਗਾਂ ਖ਼ੁਸ਼ਬੂਆਂ ਦਾ ਗੁਲਜ਼ਾਰ ਨਹੀਂ
ਉਸ ਨੇ ਸੋਚਿਆ—
ਉਸ ਨੇ ਜਿੰਨਾ ਜੀਵਨ
ਦੇਹ ਦੀ ਕੈਦ 'ਚ ਗੁਜ਼ਾਰਿਆ ਹੈ
ਜੀਵਨ ਦਾ ਭਰਮ ਪਾਲਿਆ ਹੈ
ਜੀਵਨ ਦਾ ਸੱਚ ਤੇ ਯਥਾਰਥ
ਕੈਦ 'ਚ ਨਹੀਂ—ਆਜ਼ਾਦੀ 'ਚ ਹੈ

ਉਹ ਹਵਾਵਾਂ 'ਤੇ ਕਾਠੀ ਪਾ
ਅਸਮਾਨਾਂ 'ਚ ਉੱਡਣਾ ਚਾਹੁੰਦਾ ਸੀ
ਸਮੁੰਦਰ 'ਤੇ ਤੈਰਨਾ
ਪਹਾੜਾਂ 'ਚ ਫ਼ਤਹਿ ਕਰਨਾ ਚਾਹੁੰਦਾ ਸੀ
ਜੰਗਲ 'ਚ ਵਿਚਰਨਾ
ਧਰਤੀ ਨੂੰ ਕੱਛਣਾ ਚਾਹੁੰਦਾ ਸੀ
ਉਹ ਆਪਣੀ ਕੈਦ ਨੂੰ ਦੱਸਣਾ ਚਾਹੁੰਦਾ ਸੀ
ਕਿ ਤੂੰ ਬਿੰਦੂ ਹੈਂ
ਹਮੇਸ਼ਾ ਦਾਇਰਿਆਂ ਨੂੰ
ਬਿੰਦੂਆਂ 'ਚ ਢਾਲਦੀ ਹੈਂ
ਧਰਤੀ ਨੂੰ ਕਿਣਕੇ 'ਚ
ਪਹਾੜ ਨੂੰ ਜ਼ੱਰੇ 'ਚ
ਸਮੁੰਦਰ ਨੂੰ ਬੂੰਦ 'ਚ ਉਤਾਰਦੀ ਹੈਂ
ਇਨਸਾਨਾਂ ਨੂੰ ਬੌਣਾ ਕਰਦੀ ਹੈਂ
ਸੂਰਜਾਂ ਦੀ ਥਾਂ ਦੀਵੇ ਧਰਦੀ ਹੈਂ
*

## ਚਰਨ ਛੋਹ

ਮੇਰੀ ਮਸਤਕ ਨੂੰ
ਜੇ ਤੇਰੀ ਚਰਨ ਛੋਹ ਮਿਲ ਜਾਏ
ਮੈਂ ਕਤਰਾ ਬੂੰਦ ਹਾਂ
ਸਾਗਰ ਹੋ ਜਾਵਾਂ
ਮੈਂ ਬਣ ਹਰਿਆਵਲ ਸਹਿਰਾਂ 'ਚ ਫੈਲ ਜਾਵਾਂ
ਤੇਰੇ ਰਾਹਾਂ 'ਚ ਬੀਜਾਂ
ਬਹਾਰਾਂ ਰੁੱਤਾਂ ਤੇ ਮਕਿਾਂ
ਤੇਰੇ ਮੱਥੇ 'ਚ ਚੰਨ ਸੂਰਜ ਤਾਰੇ ਸਜਾਵਾਂ
ਮੈਂ ਬਿੰਦੂ ਤੋਂ
ਦਾਇਰਿਆਂ 'ਚ ਉਤਰ ਜਾਵਾਂ
ਤੇਰੀ ਇਕ ਛੋਹ ਸਦਕਾ
ਮੈਂ ਬੰਦਾ ਬੰਦੇ ਤੋਂ ਬੰਦਾ ਹੋ ਜਾਵਾਂ

ਤੇਰੇ ਦਰ 'ਤੇ ਧਰ ਦੇਵਾਂ
ਦੁਨੀਆ ਦੀਆਂ ਸਭ ਰਹਿਮਤਾਂ ਤੇ ਨੇਹਮਤਾਂ
ਤੇਰੇ 'ਚ ਸਿਰ ਤੋਂ ਪੈਰਾਂ ਤੀਕ ਉਤਰ ਜਾਵਾਂ
ਮੈਂ ਤੇਰੇ ਹਵਾਲੇ
ਕਰ ਦਿਆਂ ਸਭ ਕੁਝ ਹੀ ਆਪਣਾ
ਮੈਂ ਤੇਰਾ ਹੋ ਕੇ ਆਪਣਾ ਭੁੱਲ ਜਾਵਾਂ
ਤੇਰੀ ਹੋਂਦ ਦਾ ਮੈਂ ਸੱਚ ਕਹਾਵਾਂ
ਨਾ ਮੈਨੂੰ
ਜ਼ਿੰਦਗੀ ਨਾ ਮੌਤ
ਨਾ ਕਬਰਾਂ ਦੀ ਮਿੱਟੀ ਪਹਿਚਾਣੇ
ਮੈਂ ਸਿਰਫ਼ ਤੇਰੇ ਚਿਹਰੇ 'ਚੋਂ ਨਜ਼ਰ ਆਵਾਂ
ਤੇਰਾ ਲਹੂ ਤੇਰਾ ਰੰਗ ਤੇਰੇ ਪ੍ਰਾਣ ਕਹਾਵਾਂ
ਮੇਰੇ ਮਸਤਕ ਨੂੰ
ਜੋ ਤੇਰੀ ਚਰਨ-ਛੋਹ ਮਿਲ ਜਾਵੇ
ਮੈਂ ਕਤਰਾ ਬੂੰਦ ਦਾ ਸਾਗਰ ਹੋ ਜਾਵਾਂ
*

## ਅੱਖਾਂ ਤੇ ਮੂੰਹ

ਅਜੋਕੇ ਮਨੁੱਖ ਦੇ ਢਿੱਡ 'ਤੇ
ਜਿਥੇ ਮੂੰਹ ਲੱਗਾ ਸੀ
ਹੁਣ ਉਸ ਦੀਆਂ ਅੱਖਾਂ 'ਤੇ ਵੀ ਮੂੰਹ ਲੱਗਾ ਹੈ

ਉਹ ਜੋ ਕੁਝ ਵੀ ਵੇਖਦਾ ਹੈ
ਆਪਣੀਆਂ ਨਜ਼ਰਾਂ ਰਾਹੀਂ
ਆਪਣੇ ਢਿੱਡ 'ਚ ਉਤਰਦਾ ਹੈ
ਪਹਿਲਾਂ ਮਨੁੱਖ ਦੇ ਢਿੱਡ 'ਤੇ ਮੂੰਹ ਸੀ
ਹੁਣ ਅੱਖਾਂ 'ਤੇ ਵੀ ਹੈ
ਮਨੁੱਖ ਢਿੱਡ ਦੇ ਏਨਾ ਨੇੜਾ ਹੋ ਗਿਆ ਹੈ
ਕਿ ਪੇਟ ਬਣ ਕੇ ਰਹਿ ਗਿਆ ਹੈ

ਨਜ਼ਰਾਂ ਨਾਲ ਸਾਗਰ ਪੀ ਰਿਹਾ ਹੈ
ਸਾਰੀ ਪ੍ਰਕਿਰਤੀ ਨਿਗਲ ਰਿਹਾ ਹੈ
ਜੰਗਲ ਪਹਾੜ ਦਰਿਆ ਨਦੀਆਂ
ਆਪਣੇ ਪੇਟ 'ਚ ਉਤਾਰ ਰਿਹਾ ਹੈ
ਮਨੁੱਖ 'ਚੋਂ ਰਿਸ਼ਤੇ ਪਿਆਰ
ਇਮਾਨਦਾਰੀ
ਸੱਚ ਸੁੰਦਰਤਾ ਕਲਿਆਣ ਨੁੱਚੜ ਗਏ ਹਨ
ਮਨੁੱਖ ਪੇਟ ਤੋਂ ਸਿਵਾ ਕੁਝ ਵੀ ਨਹੀਂ
ਮਨੁੱਖ ਦਾ ਤੁਆਰਫ਼ ਪੇਟ ਹੈ
ਮਨੁੱਖ ਦਾ ਸੱਚ ਪੇਟ ਹੈ
ਮਨੁੱਖ ਦਾ ਜੀਵਨ ਪੇਟ ਹੈ
ਮਨੁੱਖ ਦੀ ਆਖ਼ਰੀ ਹਸਰਤ ਪੇਟ ਹੈ

ਪੇਟ ਦੇ ਲਾਲਚ 'ਚ
ਮਨੁੱਖ ਆਪਣੇ ਧੀਆਂ ਪੁੱਤਰ ਪਤਨੀ
ਭੈਣ ਭਰਾ ਤੇ ਮਾਂ ਪਿਉ ਦੇ ਵਜੂਦ ਨੂੰ
ਆਪਣੇ ਪੇਟ 'ਚ ਉਤਾਰਦਾ ਜਾ ਰਿਹਾ ਹੈ

ਮਨੁੱਖ ਮਨੁੱਖਤਾ
ਅੰਬਰ ਧਰਤ ਤੇ ਕੰਧਾਂ
ਵਿੱਥਾਂ ਉਸਾਰਦਾ ਜਾ ਰਿਹਾ ਹੈ
ਆਪਣੇ ਪੇਟ ਦੀ ਖ਼ਾਤਰ ਵਿਚਰ ਰਿਹਾ ਹੈ
ਪੇਟ ਦੀ ਖ਼ਾਤਰ ਜੀਅ ਰਿਹਾ ਹੈ
ਪੇਟ ਦੀ ਖ਼ਾਤਰ ਮਰ ਰਿਹਾ ਹੈ
ਪੇਟ ਤਾਂ ਭਰ ਜਾਂਦਾ ਹੈ
ਪਰ ਮਨੁੱਖ ਨੇ
ਜੋ ਨੀਅਤ ਆਪਣੇ ਪੇਟ 'ਚ ਉਗਾਈ ਹੈ
ਉਹ ਨਹੀਂ ਭਰਦੀ

ਆਪਣੇ ਪੇਟ ਖ਼ਾਤਰ
ਧਰਤ ਦਾ ਅਨਾਜ ਤੇ ਖੇਤ ਸਾੜਦਾ ਹੈ
ਪੇਟ ਖ਼ਾਤਰ ਧਰਤੀ ਦੇ ਯੁੱਧ ਬੀਜਦਾ ਹੈ
ਮਜ਼ਲੂਮਾਂ ਤੇ ਬੇਦੋਸ਼ੇ ਲੋਕਾਂ ਦਾ
ਖ਼ੂਨ ਵਹਾਉਂਦਾ ਹੈ
ਇਹ ਕੰਮ ਪਹਿਲਾਂ
ਮਨੁੱਖ ਦਾ ਮੂੰਹ ਕਰਦਾ ਸੀ
ਹੁਣ ਮਨੁੱਖ ਦੀਆਂ ਨਜ਼ਰਾਂ ਕਰਦੀਆਂ ਹਨ

ਹੱਸਦੇ-ਵੱਸਦੇ ਘਰਾਂ ਨੂੰ ਥੇਹ ਕਰਦਾ ਹੈ
ਬਾਰੂਦ ਉਗਾਉਂਦਾ ਹੈ
ਜਿਥੇ ਵੀ ਨਜ਼ਰ ਧਰਦਾ ਹੈ
ਜੋ ਮਨੁੱਖ ਦੀ ਨਿਗ੍ਹਾ 'ਚ ਉਤਰਦਾ ਹੈ
ਖੰਡਰ ਹੋ ਜਾਂਦਾ ਹੈ
ਮਨੁੱਖ ਦਾ ਨਾ ਆਪਣੇ ਆਪ ਨਾਲ
ਸਗੋਂ ਪੇਟ ਨਾਲ ਰਿਸ਼ਤਾ ਹੈ
ਇਸ ਰਿਸ਼ਤੇ ਦੀ ਖ਼ਾਤਰ
ਕੁਝ ਵੀ ਕਰ ਸਕਦਾ ਹੈ
ਪ੍ਰਕਿਰਤੀ ਸਾੜ ਸਕਦਾ ਹੈ
ਸਾਗਰ ਉਬਾਲ ਸਕਦਾ ਹੈ

ਜ਼ਿੰਦਗੀ ਦੀ ਨਦੀ
ਮਨੁੱਖੀ ਲਹੂ ਨਾਲ ਭਰ ਸਕਦਾ ਹੈ

ਇਸ ਨੂੰ ਨਾ ਮੌਤ ਦਾ ਡਰ ਹੈ
ਨਾ ਰੱਬ ਦਾ ਭੈਅ ਹੈ
ਅਜੋਕੇ ਮਨੁੱਖ ਨੂੰ ਤਾਂ
ਆਪਣੇ ਪੇਟ ਦਾ ਡਰ ਹੈ
ਚਾਹੇ ਮਨੁੱਖ ਦਾ ਹੈ,
ਚਾਹੇ ਜਾਨਵਰ ਦਾ ਮਾਸ ਹੈ
ਅੱਖਾਂ ਰਾਹੀਂ ਆਪਣੇ ਪੇਟ 'ਚ ਪਾਈ ਜਾ ਰਿਹਾ ਹੈ
ਕਬਰਾਂ ਬੀਜਦਾ ਜਾ ਰਿਹਾ ਹੈ
ਮੌਤ ਉਗ਼ਾਈ ਜਾ ਰਿਹਾ ਹੈ
ਪੇਟ ਦੇ ਲਾਲਚ 'ਚ ਏਨਾ ਖੁਭ ਗਿਆ ਹੈ
ਕਿ ਆਦਮੀ
ਆਦਮੀ ਦਾ ਸੱਚ ਭੁੱਲ ਗਿਆ ਹੈ
*

## ਬਨਵਾਸ

ਮੇਰੇ ਅੰਦਰ ਨੂੰ ਬਾਹਰ ਦਾ
ਤੇ ਬਾਹਰ ਨੂੰ ਅੰਦਰ ਦਾ ਬਨਵਾਸ ਹੈ
ਬਾਹਰ ਲਈ ਅੰਦਰ ਚੁੱਪ ਹੈ
ਅੰਦਰ ਲਈ ਬਾਹਰ ਉਜਾੜ ਹੈ

ਬਾਹਰ ਜਦ
ਅੰਦਰਲੇ ਬਨਵਾਸ ਲਈ ਉਤਰਿਆ
ਤਾਂ ਆਪਣੇ ਨਾਲ
ਸ਼ੀਸ਼ੇ ਦੇ ਸ਼ਹਿਰ ਦੀਆਂ ਰੌਣਕਾਂ
ਚੰਨਾਂ ਸੂਰਜਾਂ ਤਾਰਿਆਂ ਸੰਗ
ਭਰਿਆ ਆਕਾਸ਼ ਲੈ ਗਿਆ
ਜੰਗਲਾਂ ਪਹਾੜਾਂ ਦਰਿਆਵਾਂ
ਨਦੀਆਂ ਸਾਗਰਾਂ ਨਾਲ ਲੱਦੀ ਧਰਤ ਲੈ ਗਿਆ

ਅੰਦਰਲਾ
ਜਦ ਬਾਹਰ ਬਨਵਾਸ ਲਈ ਆਇਆ
ਤਾਂ ਆਪਣੇ ਨਾਲ ਅੰਦਰ ਦੀ
ਚੁੱਪ ਉਜਾੜ ਉਦਾਸੀ ਇਕੱਲਤਾ
ਤੇ ਪੱਤਝੜਾਂ
ਬਾਹਰ ਦੇ ਵਿਹੜੇ ਲੈ ਆਇਆ
ਪੱਥਰ ਖੰਡਰ ਥੇਹ ਔੜਾਂ ਤੇ ਸਹਿਰਾ
ਬਾਹਰਲੇ ਦੇ ਘਰ 'ਚ ਰੱਖ ਦਿੱਤਾ
ਬਾਹਰਲਾ ਆਪਣਾ ਬਨਵਾਸ ਕੱਟ ਕੇ
ਅੰਦਰੋਂ ਜਦ ਬਾਹਰ ਆਇਆ
ਤਾਂ ਘਰ ਦੀ ਰੌਣਕ ਦੀ ਥਾਂ
ਘਰ 'ਚ ਉਸ ਨੇ
ਉਦਾਸੀ ਇਕੱਲਤਾ ਤੇ ਪੱਤਝੜ ਨੂੰ ਪਾਇਆ
ਜਿਸ ਦਾ ਉਹ ਆਦੀ ਨਹੀਂ ਸੀ
ਜਿਸ 'ਚ ਰਹਿਣ ਦੀ ਉਸ ਨੂੰ ਵਾਦੀ ਨਹੀਂ ਸੀ

ਅੰਦਰਲਾ
ਜਦ ਆਪਣਾ ਬਨਵਾਸ ਕੱਟ ਕੇ
ਬਾਹਰੋਂ ਅੰਦਰ ਗਿਆ
ਆਪਣੇ ਘਰ ਦੀ ਥਾਂ
ਬਾਹਰਲੇ ਦੀਆਂ ਰੌਣਕਾਂ
ਰੌਸ਼ਨੀਆਂ ਰੰਗੀਨੀਆਂ ਤੇ ਖ਼ੁਸ਼ੀਆਂ ਨੂੰ ਪਾਇਆ
ਅੰਦਰਲੇ ਦਾ ਮਨ ਬੜਾ ਉਕਤਾਇਆ
ਕਿਉਂਕਿ ਇਨ੍ਹਾਂ 'ਚ ਭਿੱਜਣ ਦਾ
ਉਹ ਆਦੀ ਨਹੀਂ ਸੀ
ਇਨ੍ਹਾਂ 'ਚ ਜਿਉਣ ਦੀ
ਉਸ ਦੀ ਵਾਦੀ ਨਹੀਂ ਸੀ

ਮੇਰਾ ਅੰਦਰਲਾ ਰੌਣਕਾਂ 'ਚ ਉਦਾਸ ਸੀ
ਮੇਰਾ ਬਾਹਰਲਾ ਉਜਾੜਾਂ 'ਚ ਉਪਰਾਮ ਸੀ
ਰੌਣਕਾਂ ਨੂੰ ਉਜਾੜ ਦਾ
ਉਜਾੜਾਂ ਨੂੰ ਰੌਣਕਾਂ ਦਾ ਸਰਾਪ ਸੀ

ਮੈਂ ਆਪਣੇ ਅੰਦਰਲੇ
ਤੇ ਬਾਹਰਲੇ ਦੇ ਵਿਚਕਾਰ ਲਟਕਦਾ
ਨਾ ਉਜਾੜਾਂ ਦੇ ਪਾਸ ਸੀ
ਨਾ ਰੌਣਕਾਂ ਦੇ ਪਾਸ ਸੀ
ਮੈਂ ਆਪਣੇ ਆਪ 'ਚ ਰਹਿੰਦਾ ਹੋਇਆ ਵੀ
ਆਪਣੇ ਆਪ 'ਚ ਬਨਵਾਸ ਸੀ
*

## ਗੁੰਬਦ

ਚੁੱਲ੍ਹਿਆਂ 'ਚ ਜਦੋਂ
ਬੁਝਦੀ ਹੈ ਅਗਨ
ਮਹਿਲਾ ਦਿਆਂ ਗੁੰਬਦਾਂ ਨੂੰ
ਲੱਗਦੀ ਹੈ ਅਗਨ

ਧੂੰਆਂ ਹਵਾ 'ਚ ਘੁਲਦਾ ਹੈ
ਜਿਉਂ ਲਾਲ ਕਿਲ੍ਹਾ ਪਿਆ ਧੁਖਦਾ ਹੈ
ਪਿੰਡਾਂ ਤੋਂ ਸ਼ਹਿਰੀ ਵਗਦੀ ਹੈ ਅਗਨ
ਇਕ ਗੀਤ ਜੋ ਗੁੰਮਿਆ ਹੈ
ਤੂਤਾਂ ਦੀ ਛਾਂ ਹੇਠ
ਗੀਤ ਨੂੰ ਲੱਭਦੀ ਧੁੱਪਾਂ ਨੂੰ ਪੁਣਦੀ ਹੈ ਅਗਨ

ਇਕ ਬੂੰਦ ਜੋ ਹੋ ਗਈ ਕੋਇਲੇ
ਸਾਗਰ ਨੂੰ ਪੁੱਛਦੀ ਫਿਰਦੀ ਹੈ ਅਗਨ
ਕੌਣ ਦਏ ਦਿਲਾਸਾ ਰੁੱਖਾਂ ਨੂੰ
ਪੌਣਾਂ 'ਤੇ ਸਿਰਨਾਵਾਂ ਜੰਗਲ ਦਾ
ਪੁੱਛਦੀ ਹੈ ਅਗਨ

ਜੋ ਪਸਰੀ ਹੈ ਤੇਰੇ ਮੇਰੇ ਦੁਆਲੇ
ਹੈ ਸਭ ਦੀ ਜਾਂ ਕੁਝ ਦੀ ਹੈ ਅਗਨ
ਇਹ ਸੂਰਜ ਤੇਰਾ ਮੇਰਾ ਹੈ
ਕਾਲਖ਼ਾਂ 'ਚ ਸਵੇਰੇ ਗੁੰਨ੍ਹਦੀ ਹੈ ਅਗਨ
ਤੂੰ ਸਿਰ ਤੇ ਲਹੂ ਦੀ ਛਾਂ ਕਰ ਲੈ
ਯੁਗਾਂ ਨੇ ਹੰਢਾਈ ਹੈ ਹੁਣ ਦੀ ਅਗਨ

*

# ਦੀਵੇ ਜਗਦੇ ਨੈਣ

•

ਸਵਰਗਵਾਸੀ
ਸਿਰਮੌਰ ਸ਼ਾਇਰ **ਅਮਿਤੋਜ**
ਦੇ ਨਾਂ

•

## ਪਿੱਪਲੀ ਦੀਆਂ ਛਾਵਾਂ

ਪਿੱਪਲੀ ਦੀਆਂ ਛਾਵਾਂ
ਮੈਂ ਤੱਕਦੀ ਤੇਰੀਆਂ ਰਾਹਾਂ
ਜਦ ਖੜ ਖੜ ਹੋਵੇ ਪੱਤਿਆਂ ਦੀ
ਮੈਂ ਭੱਜ ਬੂਹੇ ਵੱਲ ਜਾਵਾਂ

ਹੁਣ ਬੀਤ ਗਿਆ ਹੈ ਸਾਵਣ
ਤੇਰਾ ਹੋਇਆ ਨਾ ਅਜੇ ਆਵਣ
ਮੈਂ ਜਿਸਮ 'ਚ ਉੱਠਦੀਆਂ ਚਿਣਗਾਂ ਨੂੰ
ਤੇਰਾ ਲੈ ਲੈ ਨਾਂ ਬੁਝਾਵਾਂ

ਦਰ ਖੁੱਲ੍ਹਾ ਰੱਖਾਂ ਵਿਹੜੇ ਦਾ
ਮੈਨੂੰ ਝਾਉਲਾ ਚਿਹਰੇ ਤੇਰੇ ਦਾ
ਕਦੀ ਸ਼ੀਸ਼ੇ ਅੱਗੇ ਬਹਿੰਦੀ ਹਾਂ
ਕਦੀ ਸ਼ੀਸ਼ਾ ਸਾਹਵੇਂ ਡਾਹਵਾਂ

ਇਥੇ ਫਿਰਦੇ ਭੌਰ ਲੁਟੇਰੇ ਵੇ
ਮੇਰੇ ਰੂਪ ਦੇ ਚਾਰ ਚੁਫ਼ੇਰੇ ਵੇ
ਮੈਂ ਡੁੱਲ੍ਹ ਡੁੱਲ੍ਹ ਪੈਂਦੇ ਜੋਬਨ ਨੂੰ
ਕਿਵੇਂ ਬੁੱਕਲ ਵਿਚ ਲੁਕਾਵਾਂ

ਨਾ ਤੂੰ ਆਇਓਂ ਨਾ ਖ਼ਤ ਆਇਆ
ਅਸਾਂ ਬ੍ਰਿਹਾ ਤੇਰਾ ਗਲ ਲਾਇਆ
ਤੇਰੀ ਦੀਦ ਨੂੰ ਤਰਸਣ ਅੱਖੀਆਂ
ਜ਼ੁਲਫ਼ਾਂ ਦੀਆਂ ਧੁਖਦੀਆਂ ਛਾਵਾਂ

ਤੂੰ ਕਿਹੜੇ ਅੰਬਰੀਂ ਜਾ ਵੱਸਿਆ
ਨਾ ਪਤਾ ਨਾ ਆਪਣਾ ਘਰ ਦੱਸਿਆ
ਪੌਣਾਂ 'ਚੋਂ ਲੱਭਦੀ ਫਿਰਦੀ ਮੈਂ
ਸੱਜਣਾ ਤੇਰਾ ਸਿਰਨਾਵਾਂ

*

## ਮਿਲ ਗਿਆ

ਮਿਲ ਗਿਆ ਮੈਨੂੰ
ਸੀ ਜੋ ਮੇਰੇ ਨਸੀਬ ਦਾ
ਚੰਨ ਬੱਦਲੀਂ ਛੁਪ ਗਿਆ
ਵੇਖ ਕੇ ਚਿਹਰਾ ਗ਼ਰੀਬ ਦਾ

ਵੇਖਿਆ ਸੀ ਜਿਸ ਨੂੰ ਮੈਂ
ਆਪਣੇ ਲਹੂ 'ਚ ਤੁਰਦਿਆਂ
ਨਿਕਲਿਆ ਚਿਹਰਾ ਤੇ ਉਹ
ਮੇਰੇ ਰਕੀਬ ਦਾ

ਕਿਉਂ ਕੋਈ ਦਰਦ ਬਣ
ਅੱਖੀਆਂ 'ਚੋਂ ਡੁੱਲ੍ਹਦੈ
ਦਿਲ ਨੂੰ ਅਹਿਸਾਸ ਹੀ ਨਹੀਂ
ਰਿਸ਼ਤੇ ਕਰੀਬ ਦਾ

ਸੋਚ ਵੀ ਹੋਇਆ ਤੇ
ਨਾ ਭੁੱਲਿਆ ਹੀ ਉਹ
ਨੀਂਦ 'ਚ ਆਇਆ ਸੀ ਜੋ
ਚਿਹਰਾ ਹਬੀਬ ਦਾ

ਪੁੱਛਦੇ ਨੇ ਹਾਲ ਲੋਕੀਂ
ਕਿੰਜ ਬੀਤੀ ਦੋਸਤਾ
ਉਤਰਿਆ ਨਸ਼ਾ ਕਿ ਨਹੀਂ
ਇਸ਼ਕੇ ਅਜੀਬ ਦਾ

ਸੁਫ਼ਨਿਆਂ ਵਿਚ
ਆਸ਼ਕੀ ਸੀ ਸੂਲ ਸੀ
ਅੱਖ ਖੁੱਲ੍ਹੀ ਸੱਚ ਹੁੰਦਾ ਵੇਖਿਆ
ਸੁਫ਼ਨਾ ਸਲੀਬ ਦਾ
*

## ਇੱਕ ਖ਼ੁਸ਼ੀ

ਇੱਕ ਖ਼ੁਸ਼ੀ ਮਿਲਣ ਦੀ
ਸੌ ਗ਼ਮ ਤੇਰੇ ਤੁਰ ਜਾਣ ਦਾ
ਕੀ ਕਰੇ ਕੋਈ ਦੋਸਤਾਂ
ਇਸ ਦਿਲ ਦੇ ਖ਼ੂਨ ਦਾਂ

ਚੜ੍ਹ ਗਿਆਂ ਸੂਲੀ ਕੋਈ
ਤੇ ਨੈਣ ਬੋਲੇ ਵੇਖਦੇ
ਮਿਲਿਆਂ ਏ ਤੈਨੂੰ ਦੱਸ ਕੀ
ਇਸ਼ਕੇ ਜੋਨੂੰਨ ਦਾਂ

ਨੈਣ ਉਸ ਦੇ ਉਸ ਨੂੰ
ਸੂਲੀ ਤੱਕ ਲੈ ਗਏ
ਮਿਲ ਗਿਆਂ ਸਿਲਾਂ
ਨੈਣਾਂ ਦੇ ਕਸੂਰ ਦਾਂ

ਖੇਡ ਇਸ਼ਕ ਦੀ 'ਚ
ਸਭ ਕੁਝ ਹੀ ਹਰ ਗਿਆਂ
ਚੌਸਰ ਦੀ ਖੇਡ ਖੇਡਦੇ
ਉਸ ਅਫ਼ਲਾਂਤੂਨ ਦਾ

ਕੋਈ ਦੀਵੇ ਬਾਲ ਕੇ
ਨੈਣਾਂ ਦੇ ਧਰ ਗਿਆ
ਲਾਂ ਕੇ ਮਲਬਾਂ ਹਿੱਕ ਨਾਲ
ਬੁਝੇ ਫਨੂਸ ਦਾ

ਕਹਿ ਗਿਆ ਦਿਲ 'ਚ
ਦਿਲ ਦੀ ਦਿਲ ਨੂੰ ਕੋਈ
ਲੱਭੇ ਕੋਈ ਪਤਾ ਕਿਵੇਂ
ਦਿਲ ਦੇ ਜਾਸੂਸ ਦਾ

ਫੇਰ ਕੇ ਨਜ਼ਰਾਂ ਮੇਰੇ ਤੋਂ
ਗ਼ੈਰ 'ਚ ਰੁੱਝਿਆ ਰਿਹਾ
ਕਰਾਂ ਕੀ ਮੈਂ ਜ਼ਿਕਰ
ਸੱਜਣਾਂ ਦੇ ਖ਼ਾਲੂਸ ਦਾ
*
ਸ਼ੋਰ ਦੇ ਵਿਚ
ਚੁੱਪ ਦਾ ਸੱਚ ਗੁੰਮ ਗਿਆ
ਅੰਤ ਹੋਇਆ ਕਿਸ ਤਰ੍ਹਾਂ
ਦਿਲ ਦੇ ਸੂਰਜ ਦਾ

ਸੇਜ ਫੁੱਲਾਂ ਦੀ ਤੇ
ਕੰਡੇ ਵਿਛਾ ਗਿਆ
ਗਿਲਾ ਕਰਾਂ ਜਾਂ ਸ਼ੁਕਰੀਆ
ਉਸ ਦੇ ਵਜੂਦ ਦਾ
*

## ਫਲਕ ਦਾ ਪ੍ਰਵਾਹ

ਫਲਕ ਦਾ ਪ੍ਰਵਾਹ ਹੈ
ਖੰਭਾਂ ਦੇ ਜੋਸ਼ 'ਚ
ਸਾਗਰ ਦਾ ਸ਼ੋਰ ਹੈ
ਦਿਲ ਖ਼ਾਮੋਸ਼ ਹੈ

ਖ਼ੁਸ਼ਬੂ ਵਰਗਾ ਯਾਰ ਹੈ
ਬੁੱਕਲ 'ਚ ਮੇਰੀ
ਕਿੰਝ ਰਹਾਂ ਫਿਰ ਮੈਂ
ਆਪਣੇ ਹੀ ਹੋਸ਼ 'ਚ

ਸਾਗਰ 'ਚੋਂ ਬੱਦਲ ਉੱਠੇ
ਸਹਿਰਾ 'ਤੇ ਵਰ੍ਹ ਗਏ
ਸਾਗਰ ਦੇ ਕੰਢੇ ਨੱਚੀਆਂ
ਲਹਿਰਾਂ ਜੋਸ਼ 'ਚ

ਚੁੱਪ ਛੱਡ ਕੇ ਜੰਗਲ
ਅੰਬਰ 'ਤੇ ਛਾ ਗਈ
ਆਇਆ ਜਦੋਂ ਜੰਗਲ ਦਾ
ਇਕ ਰੁੱਖ ਹੋਸ਼ 'ਚ

ਬੁਝ ਗਿਆ ਮੰਦਰ ਦਾ ਦੀਵਾ
ਦੇਖਦੇ ਹੀ ਦੇਖਦੇ
ਸੂਲੀ 'ਤੇ ਚੜ੍ਹਿਆ ਬੇਗੁਨਾਹ
ਕਤਲ ਦੇ ਦੋਸ਼ 'ਚ

ਜ਼ੁਲਫ਼ਾਂ ਦੀ ਛਾਂ ਹੇਠਾਂ
ਨੈਣਾਂ 'ਚ ਡੁੱਬਿਆ ਰਿਹਾ
ਪੀਂਦਾ ਰਿਹਾ ਨਿੱਘ ਯਾਰ ਦਾ
ਬੈਠਾ ਆਗੋਸ਼ 'ਚ

ਫੈਲਿਆ ਧਰਤ 'ਤੇ
ਅੰਬਰ 'ਤੇ ਛਾ ਗਿਆ
ਸ਼ੋਰ ਕਿੰਨਾ ਸੀ
ਪੱਥਰ ਦੇ ਦਿਲ ਖ਼ਾਮੋਸ਼ 'ਚ
*

## ਲਹੂ ਤੋਂ ਸੁਰਖ਼

ਨੈਣ ਤੇਰੇ ਦਗਦੇ
ਅੰਗਿਆਰ ਨੇ
ਲਹੂ ਤੋਂ ਸੁਰਖ਼
ਤੇਰੇ ਰੁਖ਼ਸਾਰ ਨੇ

ਚਿਹਰਾ ਹੈ ਤੇਰਾ
ਨੀਲੀ ਚਾਂਦਨੀ
ਗੇਸੂ ਤੇਰੇ
ਮੌਸਮ ਬਹਾਰ ਨੇ

ਬੁੱਲ੍ਹ ਤੇਰੇ
ਕਾਤਰਾਂ ਨੇ ਚੰਨ ਦੀਆਂ
ਨਕਸ਼ ਤੇਰੇ ਲਿਸ਼ਕਦੀ
ਨੰਗੀ ਤਲਵਾਰ ਨੇ

ਮੁੱਖ ਹੈ ਤੇਰਾ
ਸੂਰਜਾਂ ਦਾ ਕਾਫ਼ਲਾ
ਤੇਰੀਆਂ ਪਲਕਾਂ
ਨੂਰੀ ਆਬਸ਼ਾਰ ਨੇ

ਜੁੰਬਸ਼ ਹੈ ਤੇਰੀ
ਮਹਿਕ ਧਰਤ ਦੀ
ਮੁਸਕਾਨ ਤੇਰੀ
ਚਮਨ ਦੇ ਕਾਰੋਬਾਰ ਨੇ

ਰੰਗ ਹੈ
ਨੀਲੀਆਂ ਝੀਲਾਂ ਦਾ ਦਰਪਣ
ਰੁੱਖ ਤੇ ਨਖ਼ਰਾ
ਕੁਦਰਤ ਦੀ ਨੁਹਾਰ ਨੇ

ਹਾਸਾ ਹੈ ਤੇਰਾ
ਸਾਗਰੀ ਲਹਿਰਾਂ ਦਾ ਰੂਪ
ਨੈਣ ਤੇਰੇ
ਖੁੱਲ੍ਹਦੇ ਰੱਬੀ ਦੁਆਰ ਨੇ

ਫੁੱਲ ਕਲੀਆਂ
ਭੌਰ ਮਹਿਕਾਂ ਤਿਤਲੀਆਂ
ਸਭ ਤੇਰੇ
ਹੁਸਨ ਦੇ ਬਿਮਾਰ ਨੇ

ਮਹਿਕ ਤੇਰੀ
ਪੌਣਾਂ 'ਚੋਂ ਹੈ ਸਿੰਮਦੀ
ਰੱਬੀ ਕੰਠ ਦੀ ਆਵਾਜ਼ ਨੇ
*

## ਗਲੀਆਂ 'ਚ ਤੇਰੀਆਂ

ਬਚਪਨ ਜੁਆਨੀ ਖੋਹ ਗਿਆ
ਗਲੀਆਂ 'ਚ ਤੇਰੀਆਂ
ਜਿਉਂਦੇ ਜੀਅ ਕਬਰਾਂ ਹੋ ਗਿਆ
ਗਲੀਆਂ 'ਚ ਤੇਰੀਆਂ

ਲਾਸ਼ ਚੁੱਕ ਕੇ ਮੋਢਿਆਂ 'ਤੇ
ਦਰ-ਬਦਰ ਫਿਰਿਆ ਸੀ ਉਹ
ਅਜਨਬੀ ਕਹਿ ਕੇ
ਸ਼ਹਿਰ ਨੇ ਅੱਖਾਂ ਸੀ ਫੇਰੀਆਂ

ਬੁਲਾਇਆ ਉਸ ਨੂੰ ਮੌਤ ਨੇ
ਉਹ ਕੁਝ ਨਾ ਬੋਲਿਆ
ਕਰ ਨਾ ਸਕਿਆ ਅੱਖੀਓਂ ਓਹਲੇ
ਸੂਰਤਾਂ ਉਹ ਤੇਰੀਆਂ

ਤੇਰੀ ਜ਼ਫ਼ਾ 'ਚ ਮਰਨਾ ਵੀ
ਕਬੂਲ ਸੀ ਉਸ ਨੂੰ
ਡੁੱਬ ਗਿਆ ਸੂਰਜ ਉਹ
ਵਿਚ ਰਾਤਾਂ ਹਨ੍ਹੇਰੀਆਂ

ਆਏ ਉਹ ਤੇ
ਕਬਰ 'ਚੋਂ ਕੋਈ ਬੋਲਿਆ
ਜ਼ਿੰਦਗੀ ਨੇ ਆਉਣ ਨੂੰ
ਲਾਈਆਂ ਕਿਉਂ ਦੇਰੀਆਂ

ਯਾਦ ਰੱਖੀਂ ਦੋਸਤਾ
ਜ਼ਫ਼ਾ ਕਮਾਉਣ ਵਾਲਿਆ
ਤੇਰੀ ਕਬਰ 'ਤੇ ਬਲਣਗੇ
ਦੀਵੇ ਜ਼ਫਾਵਾਂ ਤੇਰੀਆਂ

ਨਿਕਲ ਆਇਆ
ਪਾੜ ਪਿੰਡਾ ਕਬਰ ਦਾ
ਪੁਕਾਰਿਆ ਉਸ ਨੂੰ
ਜਦ ਵੀ ਨੈਣਾਂ ਨੇ ਤੇਰਿਆਂ
*

## ਚਮਨ ਹਾਂ

ਚਮਨ ਹਾਂ
ਮੇਰੀ ਬਹਾਰ ਕੋਈ ਨਹੀਂ
ਵੀਰਾਨ ਹਾਂ
ਮੇਰੀ ਗੁਲਜ਼ਾਰ ਕੋਈ ਨਹੀਂ

ਸ਼ਹਿਰ ਸਾਂ ਜਾਗਦਾ ਸਾਂ
ਚਿਰਾਗ਼ਾਂ ਦੀ ਤਰ੍ਹਾਂ
ਖੰਡਰ ਹਾਂ ਆਪਣੇ ਆਪ 'ਚ
ਮੇਰੀ ਨੁਹਾਰ ਕੋਈ ਨਹੀਂ

ਬਹੁਤ ਪਿੱਛੇ ਰਹਿ ਗਿਆ ਹੈ
ਰੌਣਕਾਂ ਦਾ ਪਰਤਣਾ
ਸਿਰਨਾਵੇਂ ਬਿਨਾ ਉਹ ਘਰ ਹਾਂ
ਜਿਸ ਦਾ ਪਤਾ ਕੋਈ ਨਹੀਂ

ਰਹਿਮਤਾਂ ਤੇ ਨਿਹਮਤਾਂ ਦੀ
ਕੁੱਖ ਸਾਂ ਕਦੀ
ਉਦਾਸ ਮੇਰੀ ਚੁੱਪ ਨੂੰ
ਸ਼ੋਰ ਮੇਰੇ ਦੀ ਖ਼ਬਰ ਕੋਈ ਨਹੀਂ

ਛੁਪਾ ਲਏ ਸਭ ਜ਼ਖ਼ਮ
ਦਿਲ ਨੇ ਆਪਣੇ ਗ਼ਮ 'ਚ
ਦਿਲ ਦੇ ਗ਼ਮ ਨੂੰ ਦੁਨੀਆ
ਦਿਲ ਨਾਲ ਲਾਇਆ ਕੋਈ ਨਹੀਂ

ਗ਼ੈਰ ਨਹੀਂ ਕੋਈ ਵੀ
ਦੁਨੀਆ 'ਚ ਸਭ ਨੇ ਆਪਣੇ
ਸਾਰਾ ਜਹਾਂ ਹੈ ਆਪਣਾ
ਪਰ ਆਪਣਾ ਕੋਈ ਨਹੀਂ

ਕਬਰਾਂ 'ਚ ਜਾ ਕੇ
ਵਸ ਗਏ ਨੇ ਲੋਕ ਉਹ
ਜ਼ਿੰਦਗੀ ਦੇ ਢਾਰੇ ਹੇਠ
ਜਿਨ੍ਹਾਂ ਦਾ ਗੁਜ਼ਾਰਾ ਕੋਈ ਨਹੀਂ

ਜ਼ਿੰਦਗੀ ਹੈ ਕਾਫ਼ਲਾ
ਇਕ ਸੂਰਜਾਂ ਦੀ ਅੱਗ ਦਾ
ਸੂਰਜਾਂ ਦੀ ਅੱਗ ਦੇ
ਹਨ੍ਹੇਰੇ ਦਾ ਕਿਨਾਰਾ ਕੋਈ ਨਹੀਂ

ਹੋ ਕੇ ਇਸ ਦੁਨੀਆ ਦਾ
ਕੀ ਖੱਟਿਆ ਤੂੰ ਦੋਸਤਾ
ਦੁਨੀਆ 'ਚ ਤੇ ਆਪਣਾ
ਸਾਇਆ ਵੀ ਆਪਣਾ ਕੋਈ ਨਹੀਂ
*

## ਅਹਿਸਾਸ ਮੇਰਾ

ਦੋਸਤਾ ਅਹਿਸਾਸ ਮੇਰਾ
ਜ਼ਖ਼ਮੀ ਕਰ ਗਿਉਂ
ਇਸ਼ਕ ਦਾ ਬਲਦਾ ਦੀਵਾ
ਤਲੀ 'ਤੇ ਧਰ ਗਿਉਂ

ਬੀਜਦਾ ਮੈਂ ਰੌਣਕਾਂ
ਫੁੱਲਾਂ ਦੀਆਂ ਹਰ ਪੈੜ 'ਤੇ
ਖਿੜਨ ਦੀ ਰੁੱਤੇ
ਕਿਉਂ ਪੱਥਰ ਹੋ ਗਿਉਂ

ਪੰਛੀ ਸੀ ਅਜੇ ਕੋਈ
ਖੰਭਾਂ ਨੂੰ ਤੋਲਦਾ
ਉੱਡਣ ਲਈ ਪਰਵਾਜ਼
ਅੰਬਰ ਦਾ ਖੰਭੀਂ ਧਰ ਗਿਉਂ

ਚੁੱਪਾਂ ਉਦਾਸੀਆਂ ਦੇ
ਉਗਾ ਕੇ ਸਿਲਸਿਲੇ
ਕਿਹੜੀਆਂ ਰੁੱਤਾਂ ਦੇ
ਸਿੰਗੀਂ ਚੜ੍ਹ ਗਿਉਂ

ਹੂਕ ਉੱਠੀ ਜਿਗਰ 'ਚੋਂ
ਕਬਰਾਂ 'ਤੇ ਦੀਵੇ ਬਾਲ ਕੇ
ਤਿੜਕੀਆਂ ਕਬਰਾਂ
ਤੇ ਮੁਰਦੇ ਜਿਉਂਦੇ ਕਰ ਗਿਉਂ

ਵਰਦੀ ਹੈ ਮੌਤ ਜ਼ਿੰਦਗੀ
ਜਾਂ ਜ਼ਿੰਦਗੀ ਮੌਤ ਨੂੰ
ਸੜ ਕੇ ਸ਼ਮ੍ਹਾ ਬੁਝਾ ਗਿਉਂ
ਜ਼ਿੰਦਗੀ ਨੂੰ ਵਰ ਗਿਉਂ

ਸਾਡਾ ਨਸੀਬ ਸ਼ੀ
ਹੰਝੂਆਂ 'ਚ ਡੁੱਬ ਗਏ
ਤੂੰ ਹੰਝੂਆਂ ਦਾ ਸਾਗਰ
ਡੁੱਬ ਕੇ ਵੀ ਤਰ ਗਿਉਂ
*

## ਗਲੀਆਂ ਉਦਾਸ ਨੇ

ਗਲੀਆਂ ਉਦਾਸ ਨੇ
ਰਾਹਾਂ ਉਦਾਸ ਨੇ
ਸੱਜਣਾ ਬਿਨਾ
ਗੋਰੀਆਂ ਬਾਹਾਂ ਉਦਾਸ ਨੇ

ਧਰਤ ਦਾ ਅੱਥਰੂ
ਅੰਬਰ ਦੀ ਅੱਖ 'ਚੋਂ ਡਿੱਗਾ
ਸੋਗ ਦੇ ਵਿਚ ਭਿੱਜੀਆਂ
ਹਵਾਵਾਂ ਉਦਾਸ ਨੇ

ਵਰ੍ਹ ਗਏ ਹੰਝੂਆਂ ਦੇ
ਬੱਦਲ ਜ਼ਿਮੀਂ 'ਤੇ
ਰੁੱਖਾਂ ਦੇ ਗਲ ਲੱਗੀਆਂ
ਛਾਵਾਂ ਉਦਾਸ ਨੇ

ਛੱਡ ਗਿਆ ਕੋਈ
ਜ਼ਿੰਦਗੀ ਦਾ ਆਲ੍ਹਣਾ
ਦਿਨ ਕਟੀ ਲਈ
ਲੋਕ ਮੌਤ ਦੇ ਮੁਥਾਜ਼ ਨੇ

ਹੈ ਸਕੂਨ ਲਬਾਲਬ
ਜ਼ਿੰਦਗੀ ਦਾ ਸਾਗਰ
ਜ਼ਿੰਦਗੀ ਹਨ ਜੀਅ ਰਹੇ
ਜੋ ਤੇਰੇ ਪਾਸ ਨੇ

ਕਿੱਥੇ ਕੋਈ ਕਲੀ
ਖਿੜੇਗੀ ਫੁੱਲ ਬਣਨ ਲਈ
ਧਰਤ ਤੋਂ ਅੰਬਰ ਤਕ
ਥਾਵਾਂ ਉਦਾਸ ਨੇ

ਕਈ ਰੰਗ ਰੂਪ
ਤੇ ਸੂਰਤਾਂ ਨੇ ਤੇਰੀਆਂ
ਇਕ ਸੱਚ ਹੈ ਤੇਰਾ
ਕਈ ਤੇਰੇ ਲਿਬਾਸ ਨੇ
*

## ਬੁਝ ਗਿਆ ਦੀਵਾ

ਬੁਝ ਗਿਆ ਦੀਵਾ
ਮੇਰੀ ਪ੍ਰੀਤ ਦਾ
ਡੁੱਬ ਗਿਆ ਸੂਰਜ
ਤੇਰੀ ਦੀਦ ਦਾ

ਘਿਰ ਗਈ ਜ਼ਿੰਦਗੀ ਦੀ
ਕਿਸ਼ਤੀ ਤੂਫ਼ਾਨਾਂ 'ਚ
ਆਉਂਦਾ ਨਹੀਂ ਨਜ਼ਰ ਕੋਈ
ਕਿਨਾਰਾ ਉਮੀਦ ਦਾ

ਸਿਵੇ ਦੇ ਚਾਨਣ 'ਚ
ਸ਼ਮਸ਼ਾਨ ਰੌਸ਼ਨ ਹੋ ਗਿਆ
ਬਲਿਆ ਹੈ ਸੂਰਜਾਂ ਵਾਂਗ
ਦਿਲ ਆਸ਼ਕ ਗ਼ਰੀਬ ਦਾ

ਸੁੰਨ ਨੇ ਗਲੀਆਂ
ਉਦਾਸ ਨੇ ਘਰ ਤੇ ਵਿਹੜੇ
ਉੱਠਿਆ ਜਨਾਜ਼ਾ
ਉਡੀਕਦੀ ਕਿਸੇ ਦਹਿਲੀਜ਼ ਦਾ

ਹਨੇਰਿਆਂ ਸੰਗ
ਸ਼ਾਹ ਰਾਤਾਂ ਵੀ ਜਾਗੀਆਂ
ਸੂਰਜ ਦੇ ਮੂੰਹ 'ਤੇ ਡੁੱਲ੍ਹਿਆ
ਲਹੂ ਕਿਸੇ ਅਦੀਬ ਦਾ

ਕਿਵੇਂ ਜਾਗਣਗੇ
ਜੰਗਲ ਦੇ ਇਹ ਰੁੱਖ ਸੁੱਤੜੇ
ਮੋਇਆ ਹੈ ਕੰਠ 'ਚ ਪਰਵਾਜ਼
ਪੌਣਾਂ ਦੇ ਗੀਤ ਦਾ

ਕਦ ਕਰੇਗਾ ਠੰਡਿਆਂ
ਸੜਦਾ ਸੂਰਜ ਤੇ ਆਸਮਾਂ
ਬੁੱਲ੍ਹਾ ਹੁਣੇ ਹੀ ਧਰਤ 'ਚੋਂ
ਜਨਮਿਆ ਹਵਾ ਸੀਤ ਦਾ
*

## ਮੈਂ ਤੇਰੇ ਕਦਮਾਂ 'ਤੇ

ਮੈਂ ਤੇਰੇ ਕਦਮਾਂ 'ਤੇ
ਦੀਵੇ ਜਗਾਉਂਦਾ ਰਿਹਾ
ਤੂੰ ਹਰ ਕਦਮ 'ਤੇ
ਦੀਵੇ ਬੁਝਾਉਂਦਾ ਰਿਹਾ

ਬੁਝਿਆ ਨਹੀਂ ਸੀ
ਸਿਵਾ ਅਜੇ ਮੇਰਾ
ਮੌਤ ਮੇਰੀ ਦਾ ਜਸ਼ਨ
ਤੂੰ ਗ਼ੈਰਾਂ 'ਚ ਮਨਾਉਂਦਾ ਰਿਹਾ

ਧੋਖਾ ਨਿਰਾ ਸੀ
ਤੇਰਿਆਂ ਨੈਣਾਂ ਦਾ ਆਸ਼ੀਆਂ
ਅੰਬਰ ਦੇ ਤਾਰੇ
ਤੇਰੀਆਂ ਜ਼ੁਲਫ਼ਾਂ 'ਚ ਸਜਾਉਂਦਾ ਰਿਹਾ

ਤੂੰ ਤੇ ਪੱਥਰ ਦਾ ਬੁੱਤ
ਨਿਕਲਿਓਂ ਯਾਰਾ
ਮੈਂ ਤੈਨੂੰ ਰੱਬ ਵਾਂਗ
ਪੂਜਦਾ ਧਿਆਉਂਦਾ ਰਿਹਾ

ਹਰ ਕਦਮ ਹਰ ਮੋੜ 'ਤੇ
ਤੂੰ ਫੇਰੀਆਂ ਅੱਖਾਂ
ਮੈਂ ਤੱਕਿਆ ਜਿਧਰ ਵੀ
ਤੂੰ ਹੀ ਨਜ਼ਰ ਆਉਂਦਾ ਰਿਹਾ

ਨਾ ਧੁੱਪਾਂ ਨੇ ਸਾੜਿਆ
ਨਾ ਅੱਗਾਂ ਨੇ ਸਾੜਿਆ
ਤੇਰੀਆਂ ਜ਼ੁਲਫ਼ਾਂ ਦੀ ਛਾਂ ਹੇਠਾਂ
ਪਿਘਲ ਜਾਂਦਾ ਰਿਹਾ

ਕ਼ਬਰਾਂ ਦੀ ਭੀੜ ਸੀ
ਸੀ ਮੁਰਦਿਆਂ ਦਾ ਹਜੂਮ
ਹਰ ਮੁਰਦੇ ਦੀ ਅੱਖ 'ਚੋਂ
ਤੂੰ ਹੀ ਨਜ਼ਰ ਆਉਂਦਾ ਰਿਹਾ

ਸੀ ਨਿਰਾ ਫ਼ਰੇਬ
ਤੇਰੀ ਵਫ਼ਾ ਤੇਰੀ ਦੋਸਤੀ
ਕ਼ਬਰਾਂ 'ਚੋਂ ਉੱਠਿਆ ਸ਼ੋਰ
ਪੌਣ 'ਚ ਰਲ ਜਾਂਦਾ ਰਿਹਾ

ਫਿਰ ਵੀ ਪਤਾ ਨਹੀਂ
ਕਿਉਂ ਦਿਲ ਤੇਰਾ ਹੋ ਗਿਆ
ਦਿਲ ਨੂੰ ਤੇਰੇ 'ਚੋਂ ਕੀ
ਆਪਣਾ ਨਜ਼ਰ ਆਉਂਦਾ ਰਿਹਾ
*

## ਪੌਣ ਸਾਗਰ ਨੂੰ

ਪੌਣ ਸਾਗਰ ਨੂੰ
ਕੋਈ ਚੁੰਮਦੀ ਹੈ ਜਾ ਰਹੀ
ਮਹਿਕ ਤੇਰੀ ਦੋਸਤਾ
ਇਸ ਤਰ੍ਹਾਂ ਹੈ ਆ ਰਹੀ

ਕੌਣ ਮੌਸਮ ਜ਼ਖ਼ਮੀ
ਕਰਕੇ ਸੁੱਟ ਗਿਆ
ਲਹੂ ਦੀ ਗੰਧ ਹੈ
ਚਮਨ 'ਚੋਂ ਆ ਰਹੀ

ਕਿਸ ਦਾ ਲਹੂ
ਡੁੱਲ੍ਹਿਆ ਹੈ ਸਲੀਬ 'ਤੇ
ਨੱਚ ਰਹੀ ਹੈ ਜ਼ਿੰਦਗੀ
ਤੇ ਮੌਤ ਮੁਸਕਰਾ ਰਹੀ

ਕਰ ਲਿਆ ਹਾਸਲ
ਹੈ ਕੀ ਮਨੁੱਖ ਨੇ
ਜ਼ਿੰਦਗੀ ਕਬਰਾਂ ਦਾ
ਸ਼ਮਸ਼ਾਨ ਹੁੰਦੀ ਜਾ ਰਹੀ

ਡਾਰ ਪੰਛੀਆਂ ਦੀ
ਜੰਗਲ ਛੱਡ ਗਈ
ਹਰਿਆਵਲ ਹੈ ਅੱਗ
ਬਣਦੀ ਜਾ ਰਹੀ

ਫੈਲ ਗਈ ਰੁੱਖਾਂ 'ਚ
ਭੁੱਲ ਇਹ ਕੈਸੀ
ਛਾਂ ਹੀ ਰੁੱਖਾਂ ਦੀ
ਰੁੱਖਾਂ ਨੂੰ ਖਾਂਦੀ ਜਾ ਰਹੀ

ਸਭ ਤਰਫ਼ ਹੈ
ਪਤਝੜ ਵੀਰਾਨੀ ਉਜਾੜ
ਕੋਇਲ ਹੈ ਕਿਹੜੀ
ਬਹਾਰ ਦਾ ਤਰਾਨਾ ਗਾ ਰਹੀ

ਭਰਮ ਸੀ ਜ਼ਿੰਦਗੀ
ਜ਼ਿੰਦਗੀ ਦਾ ਸਫ਼ਰ ਹੈ
ਸੱਚ ਹੈ ਜ਼ਿੰਦਗੀ
ਮੌਤ ਦੇ ਵੱਲ ਜਾ ਰਹੀ

ਜ਼ਿੰਦਗੀ ਸਫ਼ਰ ਤੋਂ ਪਹਿਲਾਂ
ਮੌਤ ਦਾ ਸੱਚ ਸਮਝਦੀ
ਮਿਲਦੀ ਗਲੇ ਜ਼ਿੰਦਗੀ
ਮੌਤ ਨੂੰ ਮੁਸਕਰਾ ਰਹੀ
*

## ਕੋਈ ਬੋਲਦਾ ਨਹੀਂ

ਚੁੱਪ ਹੀ ਚੁੱਪ ਹੈ
ਕੋਈ ਚੁੱਪ ਤੋੜਦਾ ਨਹੀਂ
ਘਰਾਂ 'ਚ ਵਸਦੇ ਲੋਕ ਨੇ
ਕੋਈ ਬੋਲਦਾ ਨਹੀਂ

ਖ਼ੂਬ ਹੋਇਆ ਧੁੱਪ ਦਾ
ਗਲੀ ਦੇ ਮੋੜ 'ਤੇ
ਵੇਖਿਆ ਹੈ ਸ਼ਹਿਰ ਨੇ
ਕੋਈ ਬੋਲਦਾ ਨਹੀਂ

ਜਨਮ ਤੋਂ ਪਹਿਲਾਂ
ਜ਼ਿੰਦਗੀ ਕਬਰਾਂ ਦੇ ਰਾਹ
ਤੱਕਦਾ ਹੈ ਬੁਢਾਪਾ ਸ਼ਹਿਰ ਦਾ
ਕੋਈ ਬੋਲਦਾ ਨਹੀਂ

ਬੇਗੁਨਾਹ ਸੂਲੀ 'ਤੇ ਹੈ
ਹਵਾ ਦਾ ਬੁੱਲਾ
ਲਹੂ ਦੇ ਛਿੱਟੇ ਸ਼ਹਿਰ 'ਤੇ
ਕੋਈ ਬੋਲਦਾ ਨਹੀਂ

ਖ਼ੂਨ ਦੇ ਵਿਚ ਤੈਰਿਆ ਹੈ
ਬਦਨ ਸ਼ਹਿਰ ਦਾ
ਹੈ ਭੀੜ ਲੋਕਾਂ ਦੀ ਜੁੜੀ
ਕੋਈ ਬੋਲਦਾ ਨਹੀਂ

ਕੱਟਿਆ ਸਿਰਾਂ ਦੀਆਂ
ਫ਼ਸਲਾਂ ਨੇ ਚੌਂਕ 'ਚ
ਸੜਕਾਂ 'ਤੇ ਅੱਖਾਂ ਉੱਗੀਆਂ
ਕੋਈ ਬੋਲਦਾ ਨਹੀਂ

ਸੜਿਆ ਹੈ ਬਰਸਾਤ 'ਚ
ਜੰਗਲ ਰੁੱਖਾਂ ਦਾ
ਇਲਜ਼ਾਮ ਹੈ ਸਿਰ ਅਗਨ ਦੇ
ਕੋਈ ਬੋਲਦਾ ਨਹੀਂ

ਹੈ ਹਨੇਰੀ ਝੱਖੜ
ਜਾਂ ਕੋਈ ਤੂਫ਼ਾਨ ਹੈ
ਫਟਿਆ ਹੈ ਸੀਨਾ ਧਰਤ ਦਾ
ਕੋਈ ਬੋਲਦਾ ਨਹੀਂ

ਸੂਰਜ ਚੰਨ ਤਾਰੇ
ਬਨਵਾਸੀ ਹੋ ਗਏ.
ਅੰਬਰ ਦੁਹੱਥੜੇ ਮਾਰਦਾ
ਕੋਈ ਬੋਲਦਾ ਨਹੀਂ
*

## ਰੁੱਖਾਂ ਦੀਆਂ ਛਾਵਾਂ

ਰੁੱਖਾਂ ਦੀਆਂ ਛਾਵਾਂ
ਪੌਣਾਂ ਦੇ ਸਰਮਾਏ
ਛੱਡਿਆ ਵਿਚਾਲੇ
ਨੇ ਉਮਰਾਂ ਦੇ ਘਾਟੇ

ਬਾਲਾਂ ਦੀਵੇਂ ਬਨੇਰੀਂ
ਮੁੱਕ ਜਾਣ ਹਨੇਰੇ
ਤੇਰੀਆਂ ਨੇ ਉਡੀਕਾਂ
ਦਿਲ ਤੇਰੀ ਹੈ ਵਾਟ

ਕਿਤੇ ਚੰਨ ਕਿਤੇ ਤਾਰੇ
ਨੇ ਹਿਜਰਾਂ ਦੇ ਮਾਰੇ
ਦਿਨ ਵਸਲਾਂ ਦੇ ਹੰਝੂ
ਗ਼ਮ ਬੁੱਕਲਾਂ ਦੀ ਰਾਤੇ

ਨਹੀਂ ਘਰ 'ਚ ਗੁਜ਼ਾਰਾ
ਜੱਗ ਵੈਰੀ ਹੈ ਸਾਰਾ
ਦਿਲ ਸੂਲੀ 'ਤੇ ਟੰਗਿਆ
ਹੈ ਤੇਰੀ ਹੀ ਝਾਤੇ

ਕਿਤੇ ਮੌਸਮ ਬਹਾਰਾਂ
ਕਿਤੇ ਪੱਤਝੜ ਉਜਾੜਾਂ
ਨਾ ਧੁੱਪਾਂ ਨਾ ਛਾਵਾਂ
ਨੇ ਸੂਲਾਂ ਤੇਰੀ ਰਾਹ 'ਤੇ

ਲਾਈ ਲੋਕਾਂ ਨਿਲਾਮੀ
ਲਿਖ ਚਿਹਰੇ 'ਤੇ ਗੁਲਾਮੀ
ਕਣੀ ਹੀਰਿਆਂ ਦੀ ਵਿਕੀ
ਕੌਡੀਆਂ ਦੇ ਭਾਅ 'ਤੇ

ਸੱਜੀ ਦੁਲਹਨ ਦੇ ਵਾਂਗੂੰ
ਸਾਂਗ ਪਰੀਆਂ ਦਾ ਕਰਕੇ
ਜੰਵ ਗ਼ਮਾਂ ਦੀ ਚੜ੍ਹੀ
ਸਾਡੀ ਬਰਾਤੇ
*

## ਚਿਰਾਗ਼ ਮੇਰੀ ਵਫ਼ਾ ਦੇ

ਚਿਰਾਗ਼ ਮੇਰੀ ਵਫ਼ਾ ਦੇ
ਜਗ ਜਗ ਕੇ ਬੁਝ ਗਏ
ਹਨੇਰਿਆਂ 'ਚ ਬਲਣ ਲਈ
ਫਿਰ ਨੇ ਰੁੱਝ ਗਏ

ਬੜਾ ਹੀ ਰੋਇਆ
ਇਹ ਦਿਲ ਤੇਰੀ ਯਾਦ 'ਚ
ਤੇਰੀਆਂ ਰਾਹਾਂ 'ਚ ਬਲ ਬਲ
ਦੀਵੇ ਨੈਣਾਂ ਦੇ ਬੁਝ ਗਏ

ਨਿਕਲੇ ਕੁਝ ਲੋਕ
ਮੰਜ਼ਿਲ ਦੀ ਤਲਾਸ਼ 'ਚ
ਰੁੱਖਾਂ ਦੀ ਛਾਵੇਂ ਸਾਹ ਲਿਆ
ਬੈਠੇ ਹੀ ਮੁੱਕ ਗਏ

ਚੰਨ ਵੀ ਅੰਬਰ 'ਤੇ ਹੈ
ਤਾਰੇ ਵੀ ਅੰਬਰ 'ਤੇ
ਇਸ਼ਕ ਦੇ ਸੂਰਜ
ਚੜ੍ਹਨ ਤੋਂ ਪਹਿਲਾਂ ਹੀ ਡੁੱਬ ਗਏ

ਜ਼ਿੰਦਗੀ ਤੁਰੇ ਅਸੀਂ
ਰਾਹ ਦੀ ਤਲਾਸ਼ 'ਚ
ਤੱਕਿਆ ਰਾਹ ਸਭ
ਘਰਾਂ ਨੂੰ ਹੀ ਪਰਤਦੇ

ਅੰਬਰ ਨਾ ਅੰਬਰ ਦੇ ਰਹੇ
ਨਾ ਧਰਤੀਆਂ ਦੇ ਹੋਏ
ਧਰਤੀਆਂ ਦੀ ਮਰਜ਼ੀ ਬਿਨਾ
ਅੰਬਰ ਜੋ ਝੁਕ ਗਏ

ਰੁੱਤਾਂ ਬਹਾਰਾਂ ਮੌਸਮ
ਗੁਲਸ਼ਨ ਦੇ ਦਰ ਆਏ
ਗੁਲਸ਼ਨ ਤੇ ਤਾਲਾ ਵੇਖ ਕੇ
ਰਾਹਾਂ 'ਚੋਂ ਹੀ ਮੁੜ ਗਏ
*

## ਪੰਛੀ ਘਰਾਂ ਨੂੰ

ਪੰਛੀ ਘਰਾਂ ਨੂੰ
ਮੌਸਮ ਗੁਲਜ਼ਾਰੀਂ ਆਏ
ਤੂੰ ਨਾ ਆਇਓਂ
ਨਾ ਤੇਰੇ ਖ਼ਤ ਹੀ ਆਏ

ਠਰ ਗਏ ਸਾਗਰ
ਕਈ ਅੱਗ ਸਾਡੀ 'ਚ
ਦਿਲ ਦੀ ਅੱਗ
ਤੇਰੇ ਬਿਨ ਕੌਣ ਬੁਝਾਵੇ

ਬਰਸਾਤਾਂ ਦੀ ਬੁੱਕਲੇ
ਦੇਹ ਦਾ ਰੁੱਖ ਹੈ ਸੜਿਆ
ਨਾ ਪੈਂਡੇ ਹਿਜ਼ਰਾਂ ਦੇ ਮੁੱਕੇ
ਨਾ ਪਲ ਵਸਲਾਂ ਦੇ ਆਏ

ਕਲੀਆਂ ਫੁੱਲਾਂ ਪੌਣਾਂ
ਖ਼ੁਸ਼ਬੂਆਂ ਵੰਡੀਆਂ
ਸਾਡੇ ਜੋਬਨ ਦਾ ਚੰਬਾ
ਬਹਾਰ ਸਾੜਦੀ ਜਾਏ

ਚੰਨ ਚੜ੍ਹਿਆ ਅਸਮਾਨੀਂ
ਸਾਡੇ ਅੰਬਰ ਹਨੇਰਾ
ਦੀਵੇ ਜਗਦੇ ਨੈਣ ਰਾਤ ਦੇ
ਬੁਝਣ 'ਤੇ ਆਏ

ਸੋਚਿਆ ਸੀ ਭਿੱਜੇਗੀ
ਰੂਹ ਸਾਉਣ ਮਹੀਨੇ
ਝੜੀ ਸਾਉਣ ਦੀ
ਅੱਗਾਂ ਨੂੰ ਅੱਗ ਲਾਉਂਦੀ ਜਾਏ

ਨਾ ਸਾਗਰ ਨਾ ਬੱਦਲ
ਅੱਗ ਦੀ ਦੇਹ ਬੁਝਾਵਣ
ਤੇਰੀ ਫ਼ਸਲ ਦੀਆਂ ਬੂੰਦਾਂ
ਤਨ ਮਨ ਸੁੱਕਣੇ ਪਾਵੇ
*

## ਨੈਣਾਂ ਦੇ ਦੋ ਭਰੇ ਕਟੋਰੇ

ਨੈਣਾਂ ਦੇ ਦੋ ਭਰੇ ਕਟੋਰੇ
ਮੈਂ ਕਿੱਥੇ ਲੈ ਜਾਵਾਂ
ਰੁੱਸਿਆ ਰੁੱਸਿਆ ਮੇਰਾ ਆਪਾ
ਕਿਸ ਨੂੰ ਅਰਘ ਚੜ੍ਹਾਵਾਂ

ਸਾਵਣ ਆਇਆ ਕੋਇਲ ਬੋਲੇ
ਤੂੰ ਵੀ ਜੇਕਰ ਆਵੇਂ
ਥੱਕ ਗਈ ਆਪੇ ਵਿਚ ਤੁਰਦੀ
ਪਲ ਤੇਰੀ ਛਾਵੇਂ ਬਹਿ ਜਾਵਾਂ

ਸੁਰਮੇ ਵਾਲੀ ਅੱਖ ਵੇ ਮੇਰੀ
ਭਾਲੇ ਤੇਰਾ ਚਿਹਰਾ
ਆ ਜਾਵੇਂ ਜੇ ਤੂੰ ਸੱਜਣਾ
ਸੁਰਮੇ ਦੀ ਥਾਂ ਪਾਵਾਂ

ਬੁੱਲ੍ਹਾਂ ਦਾ ਦੰਦਾਸਾ ਮੇਰਾ
ਧੁਖਦਾ ਭਖਦਾ ਰਹਿੰਦਾ
ਆ ਜਾਵੇਂ ਜੇ ਕਦੀ ਕਦਾਈਂ
ਦੰਦਾਸਾ ਸੇਕਣ ਲਾਵਾਂ

ਖੁੱਲ੍ਹ-ਖੁੱਲ੍ਹ ਜ਼ੁਲਫ਼ਾਂ ਬਣੀਆਂ
ਬੱਦਲਾਂ ਦੀਆਂ ਘਟਾਵਾਂ
ਚੜ੍ਹ ਆਵੇ ਜੇ ਚੰਨ ਅੰਬਰੀਂ
ਜ਼ੁਲਫ਼ਾਂ ਹੇਠ ਬਿਠਾਵਾਂ

ਰੱਖਾਂ ਖੋਲ੍ਹ ਦਿਲ ਦਰਵਾਜ਼ਾ
ਅੱਖਾਂ ਬੂਹੇ ਉੱਤੇ
ਪੈਰ ਧਰੇ ਜਦ ਸਰਦਲ 'ਤੇ
ਤੇਰਾ ਮੁੱਖ ਚੁੰਮਾਂ ਮਰ ਜਾਵਾਂ

ਭਰਿਆ ਜੁੱਸਾ ਖ਼ੁਸ਼ਬੂਆਂ ਸੰਗ
ਕਿਸ ਦੀ ਭੇਂਟ ਚੜ੍ਹਾਵਾਂ
ਆਉਂਦਾ ਤੱਕਾਂ ਜਦ ਮੈਂ ਤੈਨੂੰ
ਰਾਹ ਵਿਚ ਛਿੜਕ ਮੁਕਾਵਾਂ
*

## ਮੈਂ ਇਕੱਲਾ ਸਾਂ

ਮੈਂ ਇਕੱਲਾ ਸਾਂ
ਇਕੱਲਾ ਰਹਿ ਗਿਆ
ਦਰਦ ਤੇਰੇ ਜਾਣ ਦਾ
ਝੋਲੀ 'ਚ ਮੇਰੀ ਪੈ ਗਿਆ

ਲੋਕ ਲੰਘੇ ਗਲੀ 'ਚੋਂ
ਪਹਿਚਾਣ ਕੇ ਚਿਹਰਾ ਤੇਰਾ
ਮੈਂ ਤੇਰੀ ਪਹਿਚਾਣ ਦੇ ਵਿਚ
ਗੁੰਮ ਹੋ ਕੇ ਰਹਿ ਗਿਆ

ਢੂੰਡਦਾ ਰਿਹਾ ਤੈਨੂੰ
ਜ਼ਿੰਦਗੀ ਦੇ ਹਰ ਮੋੜ 'ਤੇ
ਮਿਲਿਆ ਨਾ ਤੂੰ ਜਦੋਂ
ਕਬਰਾਂ ਦਾ ਹੋ ਕੇ ਬਹਿ ਗਿਆ

ਦੂਰ ਕਿਤੇ ਨਿਕਲ ਗਏ
ਮੇਰੇ ਤੋਂ ਉਹ
ਰਾਹ ਦਾ ਬਣ ਕੇ ਮੀਲ ਪੱਥਰ
ਮੈਂ ਰਹਿ ਗਿਆ

ਉੱਜੜ ਗਈਆਂ ਰੌਣਕਾਂ
ਭੁੱਲੇ ਰਾਹ ਬਹਾਰ ਨੂੰ
ਦਿਲ ਦੇ ਵਿਹੜੇ ਸੋਗ
ਗੁਲਸ਼ਨ ਦੇ ਪੈ ਗਿਆ

ਹੰਢਾਇਆ ਐ ਜ਼ਿੰਦਗੀ
ਜੋ ਨਰਕ ਮੁੱਕਦੇ ਨੇ
ਮਰਨ ਤੋਂ ਪਹਿਲਾਂ
ਹੰਢਾਉਣਾ ਜਿਉਂਦਿਆਂ ਨੂੰ ਕਹਿ ਗਿਆ
*

## ਰਾਤਾਂ ਨੂੰ ਦੀਵੇ

ਰਾਤਾਂ ਨੂੰ ਦੀਵੇ ਬਾਲ ਕੇ
ਧਰਦਾ ਰਿਹਾ
ਸੂਰਜ ਦੀ ਬੁੱਕਲ ਮਾਰ ਕੇ
ਠਰਦਾ ਰਿਹਾ

ਆਇਆ ਨਾ ਤੂੰ
ਰੰਗੀਨ ਸੀ ਮੌਸਮ ਜਦੋਂ
ਰੁੱਤਾਂ ਦੀ ਕਬਰ 'ਤੇ
ਦੀਵਾ ਬਣ ਕੇ ਜਗਦਾ ਰਿਹਾ

ਚੱਲੀ ਹਵਾ ਐਸੀ
ਆਲ੍ਹਣਾ ਬਿਖ਼ਰ ਗਿਆ
ਮਰ ਗਿਆ ਪੰਛੀ
ਇਕੱਠੇ ਕੱਖ ਜੋ ਕਰਦਾ ਰਿਹਾ

ਲੰਘਿਆ ਗਲੀ 'ਚੋਂ ਉਹ
ਅਜਨਬੀ ਦੀ ਤਰ੍ਹਾਂ
ਨੈਣਾਂ ਦੇ ਦੀਵੇ ਬਾਲ
ਬਨੇਰੀਂ ਕੋਈ ਧਰਦਾ ਰਿਹਾ

ਕੱਟ ਦਿੱਤੀ ਉਮਰ ਉਸ
ਯਾਰ ਦੀ ਉਡੀਕ 'ਚ
ਸਦੀਆਂ ਤੋਂ ਦਿਨਾਂ ਪਲਾਂ 'ਚ
ਪਿਘਲਦਾ ਰਿਹਾ

ਇਸ਼ਕ ਦੀ ਰਾਹ 'ਚ
ਭਟਕਿਆ ਕਈ ਵਾਰ ਉਹ
ਸਿਦਕ ਦੀ ਰੌਸ਼ਨੀ ਸੀ
ਹਰ ਵਾਰ ਸੰਭਲਦਾ ਰਿਹਾ
*

## ਜੰਗਲ ਦੇ ਗਲ

ਜੰਗਲ ਦੇ ਗਲ ਲੱਗੀਆਂ
ਰੁੱਤਾਂ ਉਦਾਸ ਨੇ
ਚਾਨਣੀ ਹੈ ਰਾਤ
ਪਰ ਤਾਰੇ ਨਿਰਾਸ਼ ਨੇ

ਦਿਲ ਦੇ ਜ਼ਖ਼ਮਾਂ ਦੇ
ਨੇ ਅੱਜ ਫੁੱਲ ਖਿਲੇ
ਪੀੜਾਂ ਦੇ ਨੈਣੀਂ
ਖ਼ੁਸ਼ੀਆਂ ਦੇ ਉਬਾਲ ਨੇ

ਹਨ੍ਹੇਰਿਆਂ 'ਚ ਹੈ
ਜਗ ਰਿਹਾ ਕੋਈ ਚਿਰਾਗ਼
ਹਨ੍ਹੇਰੀਆਂ ਬੁੱਕਲਾਂ
ਚਿਰਾਗ਼ ਦੀ ਸੰਭਾਲ ਨੇ

ਸਾਰੇ ਦਾ ਸਾਰਾ ਅੰਬਰ
ਸਮੁੰਦਰ 'ਚ ਉਤਰਿਆ
ਸੂਰਜਾਂ ਦੇ ਉੱਠਦੇ
ਸਮੁੰਦਰ 'ਚੋਂ ਉਛਾਲ ਨੇ

ਗੁਲਸ਼ਨ 'ਚੋਂ ਪੱਤਝੜਾਂ
ਬੰਨ੍ਹਿਆ ਹੈ ਬਿਸਤਰਾ
ਰੁੱਖਾਂ ਦੇ ਚਿਹਰੇ
ਮੌਸਮ ਬਹਾਰ ਨੇ

ਕੱਟਿਆ ਪਿਆ ਹੈ
ਸਿਰ ਕਿਸੇ ਦਾ ਤਲੀ 'ਤੇ
ਨਜ਼ਰ ਹੈ ਕਾਤਲ
ਜਾਂ ਤਲਵਾਰਾਂ ਦੇ ਵਾਰ ਨੇ
*

## ਮੈਂ ਤੇਰੇ ਕੌਲ

ਮੈਂ ਤੇਰੇ ਕੌਲ
ਤਲੀਆਂ 'ਤੇ ਉਠਾਈ ਫਿਰਦਾ ਹਾਂ
ਮੈਂ ਤੇਰੇ ਰਾਹ
ਪਲਕਾਂ 'ਤੇ ਬਿਠਾਈ ਫਿਰਦਾ ਹਾਂ

ਕਦ ਮੁੜਨਗੇ ਪੰਛੀ
ਜੋ ਖ਼ਲਾਅ 'ਚ ਗੁਆਚ ਗਏ
ਮੈਂ ਉੱਜੜੇ ਆਲ੍ਹਣੇ
ਚਿਹਰੇ 'ਤੇ ਸਜਾਈ ਫਿਰਦਾ ਹਾਂ

ਤੇਰੀ ਆਮਦ ਤੋਂ ਪਹਿਲਾਂ
ਨਾ ਨਿਕਲ ਜਾਏ ਦਮ
ਮੈਂ ਦਮ ਲੈਣੇ ਹੀ
ਭੁਲਾਈ ਫਿਰਦਾ ਹਾਂ

ਤੇਰੇ ਬੋਲਾਂ ਉਗਾਏ ਜ਼ਖ਼ਮ
ਹਰ ਮੌਸਮ ਹਰ ਰੁੱਤੇ
ਮੈਂ ਪੱਤਰ ਟਹਿਣੀਉਂ ਟੁੱਟਾ
ਰੁੱਖ ਵਸਾਈ ਫਿਰਦਾ ਹਾਂ

ਮਿਲੇਗੀ ਮੰਜ਼ਿਲ ਇਕ ਦਿਨ
ਘਟੇਗਾ ਭਾਰ ਰਾਹਾਂ ਦਾ
ਨਜ਼ਰ 'ਚ ਆਸਮਾਂ
ਕੁੱਛੜ ਜ਼ਮੀਂ ਉਠਾਈ ਫਿਰਦਾ ਹਾਂ
*

## ਉੱਠ ਗਿਆ

ਉੱਠ ਗਿਆ
ਮਹਿਫ਼ਲ ਤੇਰੀ 'ਚੋਂ ਇਸ ਤਰ੍ਹਾਂ
ਉੱਠ ਜਾਂਦੇ ਨੇ
ਲੋਕੀ ਜਹਾਨੋਂ ਜਿਸ ਤਰ੍ਹਾਂ

ਫਿਰ ਕੋਈ ਪੰਛੀ
ਇਕੱਠੇ ਕਿੰਜ ਕਰੇ
ਆਲ੍ਹਣੇ ਦੇ ਬਿਖ਼ਰੇ ਤੀਲ੍ਹੇ
ਤੂਫ਼ਾਨ 'ਚ ਇਸ ਤਰ੍ਹਾਂ

ਕਿੰਜ ਰਹੇਗਾ
ਜਿਉਂਦਾ ਤੇਰੇ ਬਿਨਾ
ਸ਼ਮਸ਼ਾਨ ਕਬਰਾਂ ਦਾ
ਜਹਾਨ ਹੈ ਇਸ ਤਰ੍ਹਾਂ

ਧਰਤ ਦਾ ਹੋਇਆ
ਨਾ ਅੰਬਰ ਦਾ ਰਿਹਾ
ਰਾਤ ਦਾ ਤਾਰਾ ਟੁੱਟਾ
ਕੋਈ ਅੰਬਰੋਂ ਇਸ ਤਰ੍ਹਾਂ

ਉੱਗ ਪਿਆ ਖੰਭਾਂ 'ਚੋਂ
ਪਰਵਾਜ਼ ਅੰਬਰ ਦਾ
ਸਿਲਸਿਲਾ ਉੱਡਣ ਦਾ
ਪੰਛੀ ਦਾ ਹੋਇਆ ਇਸ ਤਰ੍ਹਾਂ

ਹੁਣ ਨਾ ਉਸ ਦੀ ਉਡੀਕ 'ਚ
ਅੱਥਰੂ ਬਹਾ
ਕਬਰੀਂ ਗਿਆ
ਕੋਈ ਪਰਤਿਆ ਹੈ ਕਿਸ ਤਰ੍ਹਾਂ

ਮਹਿਫ਼ਲ ਹਮਦਰਦ ਦੀ
ਵਿਚ ਉਹ ਗ਼ੈਰ ਸੀ
ਤੂਫ਼ਾਨਾਂ ਦੇ ਕਾਫ਼ਲੇ 'ਚ
ਚਿਰਾਗ਼ ਬਲਦੈ ਜਿਸ ਤਰ੍ਹਾਂ

ਤੋੜ ਕੇ ਮੋਹ ਜ਼ਿੰਦਗੀ
ਪਰਵਾਨਾ ਸ਼ਮ੍ਹਾ 'ਤੇ ਸੜ ਗਿਆ
ਬਲਿਆ ਹਨੇਰਾ ਤੱਕ ਕੇ
ਸ਼ਮ੍ਹਾ ਜਲਾਇਆ ਇਸ ਤਰ੍ਹਾਂ

ਮਰ ਕੇ ਵੀ
ਕਬਰਾਂ 'ਚ ਜਿਉਂਦਾ ਹੈ ਉਹ
ਜ਼ਿੰਦਗੀ ਨੇ ਮੌਤ ਵਾਂਗੂੰ
ਉਸ ਨੇ ਹੰਢਾਇਆ ਇਸ ਤਰ੍ਹਾਂ
*

# ਤੁਪਕਾ ਤੁਪਕਾ ਸੂਰਜ

•

ਵਿਸ਼ਵ ਸ਼ਾਂਤੀ
ਦੇ ਨਾਂ

•

## ਸਮਾਂ ਤੇ ਮੈਂ

ਬੀਤੇ ਵਕਤ ਤੋਂ ਮੈਂ ਜਾਣੂ ਹਾਂ
ਜਿਸ 'ਚ ਮੇਰੇ ਬਚਪਨ ਤੇ ਜੁਆਨੀ ਦਾ ਇਤਿਹਾਸ ਸੀ
ਆਉਂਦੇ ਸਮੇਂ ਦੇ ਚਿਹਰੇ ਤੋਂ
ਮੈਂ ਵਾਕਿਫ਼ ਹੋ ਗਿਆ
ਜਿਸ 'ਚ ਮੇਰਾ ਬੁਢਾਪਾ ਸੀ
ਬੁਢਾਪੇ ਦਾ ਸੱਚ ਸੀ ਅਹਿਸਾਸ ਸੀ

ਮੇਰੇ ਚਿਹਰੇ 'ਤੇ ਚਿੱਟੇ ਕਪਾਹ ਦੇ
ਫੁੱਲ ਉੱਗ ਆਏ
ਮੇਰੇ ਬੁਢਾਪੇ 'ਚੋਂ
ਬਚਪਨ ਤੇ ਜੁਆਨੀ ਦੇ ਅੰਗ ਤੇ ਨਕਸ਼ ਨੁੱਚੜ ਗਏ
ਸਮਾਂ ਵੀ ਮੇਰਾ ਹੀ ਰੂਪ ਹੈ
ਮੇਰੇ ਬੁਢਾਪੇ ਦਾ ਸਰੂਪ ਹੈ

ਸਮਾਂ
ਮੇਰਾ ਹੀ ਦਰਪਣ ਸੀ
ਮੇਰਾ ਹੀ ਚਿਹਰਾ ਸੀ
ਮੇਰੇ ਹੀ ਵਾਂਗ ਭੂਤ ਤੋਂ ਭਵਿੱਖ ਵੱਲ ਟੁਰਿਆ ਸੀ
ਜੀਵਨ ਦੀਆਂ ਪਰਤਾਂ 'ਚੋਂ ਗੁਜ਼ਰਿਆ ਸੀ
ਪਲ-ਪਲ 'ਚੋਂ ਉਦੈ ਹੋਇਆ
ਪਲ-ਪਲ 'ਚ ਢਲਿਆ ਸੀ
ਮੇਰੇ ਚੜ੍ਹਨ ਤੇ ਡੁੱਬਣ ਵਿਚਾਲੇ
ਫ਼ਾਸਲਾ ਉਮਰ ਦਾ ਸੀ

ਮੈਨੂੰ ਤੇ ਸਮੇਂ ਨੂੰ
ਇਕੋ ਦਾਈ ਦੀ ਗੁੜ੍ਹਤੀ ਸੀ
ਸਮੁੰਦਰ ਰਿੜਕਣ ਦਾ ਸਰਾਪ ਸੀ
ਸਫ਼ਰ ਸੰਘਰਸ਼ ਤੇ ਕਸ਼ਮਕਸ਼ ਦਾ
ਪੈਰਾਂ ਤੇ ਮਸਤਕ 'ਚ ਹਿਸਾਬ ਸੀ

ਵਿਜੈ ਦੀ ਦੁਨੀਆ
ਨੈਣਾਂ 'ਚ ਪਾਈ ਅਸਾਂ
ਤਿੜਕਿਆ ਚਿਹਰਾ ਸਮਾਜ ਦਾ
ਧੁੰਦਲੀ ਤਸਵੀਰ ਮਨੁੱਖਤਾ ਦੀ
ਮੱਥੇ 'ਚ ਸਜਾਈ ਅਸਾਂ
ਸੰਸਕ੍ਰਿਤੀ ਗਿਆਨ ਵਿਗਿਆਨ
ਦਰਸ਼ਨ ਧਰਮ
ਆਪਣੀਆਂ ਤਲੀਆਂ 'ਤੇ ਉਠਾਇਆ ਅਸਾਂ
ਗੀਤ ਸੰਗੀਤ ਸੁਰ ਰਾਗ ਰੰਗ ਤੇ ਅਲਾਪ
ਆਪਣੇ ਕੰਠ 'ਚ ਬਿਠਾਇਆ ਅਸਾਂ
ਕਾਦਰ ਕੁਦਰਤ ਬ੍ਰਹਿਮੰਡ ਦਾ ਭੇਦ
ਆਪਣੀ ਦੇਹ 'ਚ ਵਸਾਇਆ ਅਸਾਂ

ਅਸੀਂ ਦੋ ਜੁੜਵਾਂ ਬੱਚੇ ਇਕ ਮਾਂ ਦੇ ਜਾਏ ਸਾਂ
ਸਾਡੇ 'ਚ ਇਕ ਜੋਤ ਦਾ ਬਸੇਰਾ ਸੀ
ਵਜੂਦ ਦੇ ਚਿਹਰੇ ਤੋਂ ਪਰਾਏ ਸਾਂ
ਸਮਾਂ ਮੇਰੇ ਸੰਗ ਆਦਿ ਤੋਂ ਪਹਿਲਾਂ ਵੀ ਸੀ
ਅੰਤ ਤੋਂ ਪਿੱਛੋਂ ਵੀ ਸੀ
ਸਮੇਂ ਦੀ ਚਾਲ 'ਚ ਨਦੀਆਂ ਦਰਿਆਵਾਂ ਦਾ ਵੇਗ ਸੀ
ਸਮੇਂ ਦੀ ਗੋਦ 'ਚ ਮੌਸਮਾਂ ਬਹਾਰਾਂ ਪੱਤਝੜਾਂ
ਰੁੱਤਾਂ ਦਾ ਬਸੇਰਾ ਸੀ
ਸਮੇਂ ਦੇ ਆਕਾਰ 'ਚ ਪੁਲਾੜਾਂ ਦੀ ਗਤੀ ਸੀ
ਬ੍ਰਹਿਮੰਡਾਂ ਦਾ ਡੇਰਾ ਸੀ
ਮਨੁੱਖ ਤੇ ਮਨੁੱਖਤਾ ਦਾ ਵਜੂਦ ਸਦਕਾ ਹੈ
ਸਮਾਂ ਸਮਰੱਥ ਹੈ ਨਾ ਤੇਰਾ ਹੈ ਨਾ ਮੇਰਾ ਹੈ

ਬਾਹਰਲਾ ਕੁਲ ਬ੍ਰਹਿਮੰਡ
ਮੇਰੀ ਦੇਹ ਦੇ ਅੰਦਰ ਹੈ
ਮੇਰੀ ਦੇਹ ਦੇ ਬਿੰਦੂ ਦੁਆਲੇ
ਸਮੇਂ ਦਾ ਦਾਇਰਾ ਹੈ
ਸਮੇਂ ਦੇ ਦਾਇਰੇ ਸਾਗਰ ਹੈ—ਸਹਿਰਾ ਹੈ

ਸਮਾਂ ਭੂਤ ਭਵਿੱਖ ਤੇ ਵਰਤਮਾਨ ਦੇ ਦਾਇਰੇ ਤੋਂ ਬਾਹਰ ਹੈ
ਜਿਉਂ ਮੇਰੀ ਹੋਂਦ ਦਾ ਸੱਚ
ਜਨਮ ਮਰਨ ਤੋਂ ਰਹਿਤ ਹੈ
ਅਪਰੰਪਾਰ ਹੈ
ਮੇਰੀ ਹੋਂਦ ਜਿੱਡਾ ਹੀ ਸਮੇਂ ਦਾ ਆਕਾਰ ਹੈ

ਸਮਾਂ ਸ਼ਬਦ ਤੋਂ ਪਹਿਲਾਂ ਭਾਸ਼ਾ ਤੋਂ ਪਹਿਲਾਂ
ਅਰਥ ਦਾ ਸੰਕਲਪ ਹੈ
ਹੋਂਦ ਦਾ ਸੱਚ ਦੇਹ ਤੋਂ ਪਹਿਲਾਂ ਵੀ ਹੈ, ਪਿੱਛੋਂ ਵੀ ਹੈ
ਪ੍ਰਕਿਰਤੀ ਦੇ ਆਦਿ ਅੰਤ ਤੋਂ ਪਹਿਲਾਂ ਵੀ ਸੀ
ਮਗਰੋਂ ਵੀ ਹੈ
ਸਮੇਂ ਦੀ ਹੋਂਦ ਦਾ ਅਹਿਸਾਸ
ਦੇਹ ਵਿਚਲੇ ਪ੍ਰਾਣਾਂ 'ਚ ਹੈ
ਦੇਹ ਵਿਚਲੇ ਜੀਵਨ 'ਚ ਹੈ
ਦੇਹ ਦੀ ਧਰਤੀ 'ਚ ਹੈ—ਦੇਹ ਦੇ ਅਸਮਾਨਾਂ 'ਚ ਹੈ

ਮੇਰਾ ਬਚਪਨ ਸਮਾਂ ਸੀ
ਮੇਰੀ ਜੁਆਨੀ ਸਮਾਂ ਸੀ
ਜਿਸ ਦੇ ਬੀਤ ਜਾਣ ਦਾ
ਮੇਰੇ ਬੁਢਾਪੇ ਨੂੰ ਅਹਿਸਾਸ ਹੈ
ਮੈਨੂੰ ਸਮੇਂ ਦੇ ਚਿਹਰੇ ਦੀ ਪਹਿਚਾਣ ਹੈ
ਸਮੇਂ ਨੂੰ ਮੇਰੇ ਨਕਸ਼ਾਂ ਦੀ ਸਿਆਣ ਹੈ

ਮੇਰੀ ਦੇਹ 'ਚ ਸਮੇਂ ਦਾ ਅੰਕੁਰ ਬੀਜਿਆ ਗਿਆ ਹੈ
ਮੇਰੀ ਦੇਹ 'ਚ ਸਮੇਂ ਦਾ ਰੁੱਖ ਉੱਗਿਆ ਤੇ ਫੈਲਿਆ
ਆਪਣੀ ਦੇਹ ਤੋਂ ਸਮੇਂ ਨੇ ਭੂਤ ਦੇ ਬਸਤਰ ਉਤਾਰੇ
ਤੇ ਵਰਤਮਾਨ ਓੜ੍ਹਿਆ
ਵਰਤਮਾਨ ਨੂੰ ਉਤਾਰਿਆ
ਭਵਿੱਖ ਨੂੰ ਪਹਿਨਿਆ
ਸਮੇਂ ਨੇ ਆਪਣੀ ਦੇਹ ਤੋਂ ਤ੍ਰੈਕਾਲੀ ਮੁਖੀ ਕੁੰਜ ਉਤਾਰੀ
ਤੇ ਨਿਰੰਤਰ ਹੋ ਗਿਆ

ਆਪਣੇ ਆਦਿ ਤੋਂ ਪਹਿਲਾਂ ਤੇ ਅੰਤ ਤੋਂ ਪਿੱਛੋਂ ਦਾ
ਅੰਤਰ ਹੋ ਗਿਆ

ਮੇਰੀ ਦੇਹ 'ਚ ਬਚਪਨ ਦਾ ਭੂਤ ਸੀ
ਜਵਾਨੀ ਦਾ ਵਰਤਮਾਨ ਸੀ
ਬੁਢਾਪੇ ਦਾ ਭਵਿੱਖ ਸੀ
ਜੋ ਮੇਰੀ ਉਮਰ ਨੇ ਪਹਿਨਿਆ
ਮੇਰੇ ਜਿਸਮ ਨੇ ਹੰਢਾਇਆ
ਮੇਰੀ ਹੋਂਦ ਦੇ ਸੱਚ ਨੇ ਉਤਾਰਿਆ
ਹੁਣ ਹੋਂਦ ਮੇਰੀ ਜਿਸਮ ਦੀ ਬਣਤਰ ਉਤਾਰ ਕੇ
ਕਬਰ 'ਚ ਆਪਣੀ ਕੁੰਜ ਉਤਾਰ ਕੇ
ਮੌਤ ਤੋਂ ਪਿਛਲੇਰਾ ਜੀਵਨ ਜੀਅ ਰਹੀ ਹੈ
ਸਮੇਂ ਵਾਂਗ ਭੂਤ ਵਰਤਮਾਨ ਤੇ ਭਵਿੱਖ ਤੋਂ ਮੁਕਤ ਹੋ ਗਈ ਹੈ
ਜੀਵਨ ਦੀਆਂ ਸਭ ਬੰਦਸ਼ਾਂ ਤੋੜ ਕੇ
ਆਪਣੀ ਸੁਤੰਤਰ ਹੋਂਦ 'ਚ ਖੋਹ ਗਈ ਹੈ

ਸਮਾਂ ਤ੍ਰੈਕਾਲ ਮੁਖੀ ਕੁੰਜ ਉਤਾਰ ਕੇ
ਮੇਰੀ ਹੋਂਦ ਦੀ ਸੁਤ਼ੰਤਰਤਾ ਦਾ ਹਾਣੀ ਹੋ ਗਿਆ ਹੈ
ਮੈਂ ਸਮੇਂ 'ਚ ਖੋਹ ਗਿਆ ਹਾਂ—ਸਮਾਂ ਮੇਰੇ 'ਚ ਗੁੰਮ ਗਿਆ ਹੈ
ਮੈਂ ਸਮੇਂ ਦਾ ਚਿਹਰਾ ਹੋ ਗਿਆ ਹਾਂ
ਸਮਾਂ ਮੇਰਾ ਵਜੂਦ ਹੋ ਗਿਆ ਹੈ
*

## ਨੂਰੀ ਲੋਕ

ਇਹ ਪਹਾੜ ਜੋ ਮੇਰਿਆਂ ਸੁਫ਼ਨਿਆਂ 'ਚ ਟੁਰਦਾ ਹੈ
ਖੁਰਦਾ ਹੈ—ਭੁਰਦਾ ਹੈ
ਆਕਾਰ 'ਚ ਮੇਰੀ ਦ੍ਰਿਸ਼ਟੀ ਤੋਂ ਬਾਹਰ ਹੈ
ਉਮਰ ਦੀ ਲੰਬਾਈ ਤੋਂ ਉਚੇਰਾ ਹੈ
ਸਿਮਟੇ ਪਾਣੀਆਂ ਦਾ ਇਸ ਦੀ ਦੇਹ 'ਚ ਡੇਰਾ ਹੈ
ਇਹ ਪਹਾੜ ਯੁਗਾਂ-ਯੁਗਾਂਤਰਾਂ ਦਾ ਹਾਣੀ ਹੈ
ਧਰਤੀ ਜਿੱਡੀ ਪੁਰਾਣੀ ਇਸ ਦੀ ਕਹਾਣੀ ਹੈ
ਇਸ 'ਚੋਂ ਉੱਗੀਆਂ ਘਾਹ ਦੀਆਂ ਤਿੜਾਂ
ਜੇ ਕੋਈ ਫੜਦਾ ਹੈ
ਪਹਾੜ ਦੀ ਗਾਰਾ ਦੇਹ ਤਿੜਾਂ ਤਿਆਗ ਦੇਂਦੀ ਹੈ
ਪੈਰ ਇਸ ਦੀ ਦੇਹ 'ਤੇ ਨਹੀਂ ਲੱਗਦਾ
ਸਿਖ਼ਰ 'ਤੇ ਪਹੁੰਚੇ ਕਦਮਾਂ ਨੂੰ ਜ਼ਿਮੀਂ 'ਤੇ ਪਟਕਾਰ ਦਿੰਦੀ ਹੈ

ਇਸ ਪਹਾੜ ਨੂੰ ਸਰ ਕਰਨ ਲਈ
ਮੈਂ ਕਈ ਵਾਰ ਜਨਮਿਆ ਹਾਂ
ਕਈ ਵਾਰ ਮਰਿਆ ਹਾਂ
ਜੀਵਨ ਦਾ ਹਰ ਇਕ ਸਾਹ
ਇਸ ਨੂੰ ਸਰ ਕਰਨ ਦੇ ਸੁਫ਼ਨੇ 'ਚ ਗੁਜ਼ਾਰਿਆ ਹੈ
ਮੈਂ ਆਪਣੇ ਆਪ ਨੂੰ
ਇਸ ਦੀ ਉਚਾਈ ਦੀ ਨਜ਼ਰ 'ਚ ਉਤਾਰਿਆ ਹੈ
ਮੈਂ ਆਪਣਾ ਆਪ ਇਸ ਨੂੰ ਭੇਂਟ ਕੀਤਾ ਹੈ
ਆਪਣਾ ਸੀਸ ਇਸ ਦੇ ਕਦਮਾਂ 'ਚ ਧਰਿਆ ਹੈ
ਕੀ ਇਸ ਜਨਮ 'ਚ
ਇਸ ਨੂੰ ਫਤਹਿ ਕਰ ਸਕਾਂ
ਇਸ ਦੇ ਦੂਸਰੇ ਪਾਸੇ ਵਸਦੀ
ਦੁਨੀਆਂ 'ਚ ਕਦਮ ਧਰ ਸਕਾਂ

ਦੂਸਰੇ ਪਾਸੇ ਵਸਦੀ ਦੁਨੀਆ ਦਾ ਸੱਚ
ਮੇਰੇ ਰੋਮ ਰੋਮ 'ਚ ਵਸਿਆ ਹੈ

ਮੇਰੇ ਲਹੂ 'ਚ ਸਮਾਇਆ ਹੈ
ਮੇਰੇ ਮੱਥੇ 'ਚ ਉਤਰ ਆਇਆ ਹੈ
ਮੇਰੀ ਦੇਹ 'ਚ ਜਿਉਂਦਾ ਹੈ
ਮੇਰੀ ਦੇਹ 'ਚ ਭਰ ਆਇਆ ਹੈ

ਇਸ ਸੱਚ ਦੀ ਝਲਕ ਵੇਖਣ ਲਈ
ਮਨ ਉਦਾਸ ਬੜਾ ਹੈ
ਇਸ ਦੁਨੀਆ ਦੇ ਸੱਚ ਦਾ ਵਜੂਦ ਦੂਰ ਹੈ
ਪਰ ਰੂਹ ਨੂੰ ਇਸ ਸੱਚ ਦਾ ਅਹਿਸਾਸ ਬੜਾ ਹੈ
ਇਹ ਸੱਚ ਦੇਹ ਦੀ ਪਕੜ ਤੋਂ ਦੂਰ ਹੈ ਭਾਵੇਂ
ਮੇਰੇ ਅਨੁਭਵ 'ਚ ਜਿਉਂਦਾ ਹੈ
ਬੁੱਧੀ ਦੀ ਮ੍ਰਿਗ ਤ੍ਰਿਸ਼ਨਾ ਹੈ
ਦਿਸਹੱਦੇ 'ਤੇ ਜ਼ਮੀਨ ਤੇ ਅਸਮਾਨ 'ਤੇ
ਮਿਲਣ ਦਾ ਭਰਮ ਹੈ
ਦਿਲ ਦਾ ਸੱਚ ਹੈ ਨਜ਼ਰ 'ਚ ਰਹਿੰਦਾ ਹੈ
ਮੇਰੇ ਲਹੂ 'ਚ ਗਿੜਦਾ ਹੈ—ਮੇਰੇ ਲਹੂ 'ਚ ਵਹਿੰਦਾ ਹੈ

ਮੈਂ ਬੁੱਧੀ ਤੋਂ ਭਰਮ ਨਚੋੜ
ਇਸ ਸੱਚ ਤਕ ਅੱਪੜਨਾ ਹੈ
ਜਿਸ ਦੇ ਅੰਕੁਰ ਮੇਰੇ ਸੁਪਨਿਆਂ 'ਚ ਬੀਜੇ ਗਏ ਹਨ
ਮੈਂ ਉਸ ਦੀ ਹਕੀਕਤ ਤੇ ਯਥਾਰਥ 'ਚੋਂ ਗੁਜ਼ਰਨਾ ਹੈ

ਮੈਂ ਆਪਣੇ ਹੱਥਾਂ ਦੀਆਂ ਉਂਗਲਾਂ ਦੀ
ਲੰਬਾਈ ਵਧਾ ਲਈ
ਪੈਰਾਂ ਦੀਆਂ ਉਂਗਲਾਂ ਅੱਗੇ ਹੋਰ ਉਂਗਲਾਂ ਉਗਾ ਲਈਆਂ
ਮੈਂ ਅੱਖਾਂ ਆਪਣੇ ਸਾਰੇ ਜਿਸਮ 'ਤੇ ਲਾ ਲਈਆਂ
ਹੌਸਲਾ ਵਿਸ਼ਵਾਸ
ਦ੍ਰਿੜ੍ਹਤਾ ਤੇ ਫਤਹਿ ਦੀਆਂ ਜੋਤਾਂ
ਨੈਣਾਂ 'ਚ ਜਗਾ ਲਈਆਂ

ਮੈਂ ਹੱਥਾਂ ਤੇ ਪੈਰਾਂ ਦੀਆਂ ਉਂਗਲਾਂ
ਪਹਾੜ ਦੇ ਪਿੰਡੇ 'ਚ ਉਤਾਰਦਾ ਗਿਆ

ਕਦਮ ਪੁੱਟਦਾ ਗਿਆ
ਪਹਾੜ ਲਿਤਾੜਦਾ ਗਿਆ
ਮੈਂ ਪਲ ਪਲ ਆਪਣੀ ਫਤਹਿ ਨਿਹਾਰਦਾ ਗਿਆ
ਮੈਂ ਆਪਣੀ ਆਤਮਾ—ਆਪਣੀ ਦੇਹ
ਪਹਾੜ ਦੀ ਉਚਾਈ 'ਚ ਉਤਾਰਦਾ ਗਿਆ
ਜਿਵੇਂ ਪਲਾਂ 'ਚੋਂ ਸਦੀਆਂ ਜਨਮਦੀਆਂ ਹਨ
ਮੇਰੇ ਇਕ ਇਕ ਕਦਮ 'ਚ
ਮੀਲੋ-ਮੀਲ ਪਹਾੜ ਦੀ ਉਚਾਈ ਸਿਮਟਦੀ ਗਈ
ਮੈਂ ਪਹਾੜ ਦੇ ਸਿਖ਼ਰ 'ਤੇ ਆ ਗਿਆ
ਮੇਰੇ ਨੰਨ੍ਹੇ-ਨੰਨ੍ਹੇ ਪੈਰਾਂ ਦੇ ਆਕਾਰ 'ਚ
ਉਮਰ ਤੋਂ ਲੰਮੇਰਾ ਪਹਾੜ ਸਮਾ ਗਿਆ

ਪਹਾੜ ਦੇ ਦੂਸਰੇ ਪਾਸੇ ਵਗਦੀ ਨਦੀ ਸੀ
ਨਦੀ ਕਿਨਾਰੇ ਕੱਚੇ ਘਰਾਂ 'ਚ
ਨੂਰੀ ਲੋਕਾਂ ਦਾ ਵਸੇਰਾ ਸੀ
ਨਦੀ ਦੇ ਦੁਆਲੇ ਪਰਮ ਹੰਸਾਂ ਦਾ ਡੇਰਾ ਸੀ
ਚਿੱਟੇ ਦੁੱਧ ਚਾਨਣ ਦਾ
ਲੋਕਾਂ ਦੇ ਘਰਾਂ ਤੇ ਨਦੀ ਦੇ ਜਲ 'ਚ ਵਸੇਰਾ ਸੀ
ਫੁੱਲਾਂ ਫਲਾਂ ਨਾਲ ਲੱਦੇ ਰੁੱਖ ਨਦੀ ਕਿਨਾਰੇ ਸਨ
ਨਦੀ ਦੇ ਆਂਚਲ 'ਚ ਚੰਨ ਸੂਰਜ ਸਿਤਾਰੇ ਸਨ
ਰੰਗ-ਬਰੰਗੇ ਪੰਛੀਆਂ ਦੀਆਂ ਡਾਰਾਂ ਦੀਆਂ ਡਾਰਾਂ
ਇਕ ਰੁੱਖ ਤੋਂ ਉੱਠ ਕੇ
ਦੂਜੇ ਤੇ ਬਹਿੰਦੀਆਂ ਸਨ
ਤੂੰ ਦੀ ਸੁਰ
ਉਨ੍ਹਾਂ ਦੇ ਕੰਠ 'ਚੋਂ ਉੱਠਦੀ ਸੀ
ਤੂੰ ਹੀ ਤੂੰ ਤੋਂ ਬਿਨਾ
ਨਾ ਕੁਝ ਹੋਰ ਕਹਿੰਦੀਆਂ ਸਨ

ਮੋਮੀ ਲੋਕਾਂ ਦੀ ਦੇਹ 'ਚ
ਚਾਨਣੀ ਰਾਤ ਦੇ ਚਾਨਣ ਦਾ ਵਸੇਰਾ ਸੀ
ਜਿਸਮ 'ਚ ਖ਼ੁਸ਼ਬੂ ਧਰਤੀ ਦੀ

ਨੈਣਾਂ 'ਚ ਅੰਬਰ ਦਾ ਡੇਰਾ ਸੀ
ਮੱਥੇ 'ਚ ਕਾਫ਼ਲੇ ਸੂਰਜਾਂ ਦੇ ਉਨ੍ਹਾਂ ਉਤਾਰੇ ਸਨ
ਪਿਆਰ ਨਿਮਰਤਾ ਸੰਤੋਖ ਤੇ ਤਿਆਗ
ਉਨ੍ਹਾਂ ਦੇ ਜੀਵਨ ਸਹਾਰੇ ਸਨ

ਉਹ ਸ਼ਬਦ ਜਪਦੇ
ਆਪਣੀ ਪਰਿਕਰਮਾ ਆਪ ਕਰਦੇ
ਉਹ ਪੂਜਾ ਵੀ ਸਨ—ਸਮੱਗਰੀ ਵੀ ਸਨ
ਪੁਜਾਰੀ ਵੀ ਸਨ
ਪੂਜਨ ਵੀ ਸਨ—ਮੰਦਰ ਵੀ ਸਨ
ਉਹ ਬੂੰਦ ਵੀ ਸਨ—ਸਮੁੰਦਰ ਵੀ ਸਨ
ਉਹ ਸੱਚ ਸੁੰਦਰ ਤੇ ਦਿਆਲੂ ਵੀ ਸਨ
ਉਹ ਪ੍ਰਮਾਤਮਾ 'ਚ ਆਤਮਾ ਦਾ ਰੂਪ ਸਨ
ਉਹ ਆਤਮਾ 'ਚ ਪ੍ਰਮਾਤਮਾ ਦਾ ਸਰੂਪ ਸਨ

ਪ੍ਰਾਣਾਂ ਤੋਂ ਬਿਨਾ
ਉਹ ਕੁਝ ਹੋਰ ਖਾਂਦੇ ਨਾ ਪੀਂਦੇ ਸਨ
ਉਹ ਨੂਰ ਦੇ ਪੁਤਲੇ ਨੂਰ ਜਨਮਦੇ
ਨੂਰ ਜਿਉਂਦੇ ਸਨ
ਉਨ੍ਹਾਂ ਦੀ ਸੁੰਦਰ ਦੇਹ 'ਚ
ਸੱਚ ਦਾ ਵਸੇਰਾ ਸੀ
ਨਾ ਸੀ ਕੁਝ ਵੀ ਆਪਣਾ
ਜੋ ਕੁਝ ਸੀ—ਤੇਰਾ ਹੀ ਤੇਰਾ ਸੀ

ਪਾਰਦਰਸ਼ੀ ਦੇਹ 'ਚੋਂ
ਪ੍ਰਾਣਾਂ ਦਾ ਆਉਣਾ ਜਾਣਾ ਦ੍ਰਿਸ਼ਟਮਾਨ ਸੀ
ਸੁੰਦਰਤਾ ਦੀ ਧਰਤ ਸੀ
ਉਨ੍ਹਾਂ ਦੇ ਪੈਰਾਂ 'ਚ
ਸੱਚ ਦਾ ਫੈਲਿਆ ਸਿਰ 'ਤੇ ਅਸਮਾਨ ਸੀ
ਸੱਚ ਤੇ ਸੁੰਦਰਤਾ ਉਨ੍ਹਾਂ ਦੀ ਜ਼ਬਾਨ ਸੀ
ਸੱਚ ਸੁੰਦਰਤਾ ਤੇ ਕਲਿਆਣ ਦਾ ਸੰਕਲਪ

ਬ੍ਰਹਮ ਰੂਪ ਸਨ ਉਹ ਲੋਕ
ਉਪਾਧੀ ਰਹਿਤ ਆਤਮਾ
ਬ੍ਰਹਮ ਸਰੂਪ ਸਨ ਉਹ ਲੋਕ

ਉਨ੍ਹਾਂ ਦੀ ਚਾਲ 'ਚ ਪੌਣਾਂ ਦੀ ਗਤੀ ਸੀ
ਉਨ੍ਹਾਂ ਦੇ ਸ਼ਬਦ 'ਚ
ਅਰਥਾਂ ਦਾ ਅਰਥ ਛਾਇਆ ਸੀ
ਉਨ੍ਹਾਂ ਦੀ ਦੇਹ 'ਚ ਬ੍ਰਹਿਮੰਡ ਉਤਰ ਆਇਆ ਸੀ
ਉਹ ਤੱਕਦੇ ਸਨ
ਤਾਂ ਕਿਰਨਾਂ ਦੀ ਬਰਸਾਤ ਹੁੰਦੀ ਸੀ
ਉਹ ਅੱਖਾਂ ਮੀਚਦੇ ਤਾਂ ਰਾਤ ਹੁੰਦੀ ਸੀ
ਉਹ ਅੱਖਾਂ ਖੋਲ੍ਹਦੇ ਪ੍ਰਭਾਤ ਹੁੰਦੀ ਸੀ

ਉਨ੍ਹਾਂ ਦੇ ਸ਼ਬਦ 'ਚੋਂ ਕਾਇਨਾਤ ਜਨਮੀ
ਬ੍ਰਹਿਮੰਡ ਤਾਰਿਕਾ ਮੰਡਲ ਪ੍ਰਕਿਰਤੀਆਂ
ਧਰਤੀਆਂ ਆਕਾਸ਼ ਜਨਮੇ
ਉਹ ਘੱਟ ਤੇ ਮਿੱਠਾ ਬੋਲਦੇ
ਖਿੜਦੇ ਫੁੱਲ ਤੇ ਮਹਿਕ ਦੀਆਂ ਕਲੀਆਂ
ਜਦੋਂ ਉਹ ਬੁੱਲ੍ਹ ਖੋਲ੍ਹਦੇ
ਉਨ੍ਹਾਂ ਦੀ ਦੇਹ 'ਚ ਅਗਨ ਦਾ ਤੇਜ਼
ਨੈਣਾਂ ਦੇ ਸਾਹਾਂ 'ਚ ਮਹਿਕ ਧਰਤੀ ਦੀ
ਉਨ੍ਹਾਂ ਦੀ ਸੋਚ 'ਚ ਪਰਵਾਜ਼ ਅੰਬਰ ਦੀ
ਉਨ੍ਹਾਂ ਦੀ ਰੂਹ 'ਚ ਸਿਖ਼ਰ ਤੇ ਆਗਾਜ਼ ਅੰਬਰ ਦਾ

ਉਨ੍ਹਾਂ ਦੇ ਇਕ ਇਸ਼ਾਰੇ 'ਤੇ
ਜ਼ਿੰਦਗੀ ਨੇ ਪਹਿਲੀ ਵਾਰ ਧਰਤੀ 'ਤੇ ਕਦਮ ਧਰਿਆ
ਉਨ੍ਹਾਂ ਦੇ ਇਸ਼ਾਰੇ 'ਤੇ
ਆਦਿ ਧੰਧੂਕਾਰਾ ਦੀ ਕੁੱਖ 'ਚੋਂ
ਸਮੇਂ ਦਾ ਸੂਰਜ ਚੜ੍ਹਿਆ
ਚੰਨਾਂ ਸੂਰਜਾਂ ਤਾਰਿਆਂ 'ਚ ਰੌਸ਼ਨੀ ਹੋਈ
ਪ੍ਰਕਿਰਤੀ ਧਰਤੀ ਦੀ ਕੁੱਖ 'ਚੋਂ ਜਨਮੀ

ਫੁੱਲਾਂ 'ਚੋਂ ਰੰਗ ਬਹਾਰਾਂ ਮੌਸਮਾਂ 'ਚੋਂ ਖ਼ੁਸ਼ਬੂ ਜਨਮੀ
ਲਹੂ ਮਾਸ ਦੇ ਪੁਤਲੇ ਤੋਂ ਪਹਿਲਾਂ
ਜਿਉਂਦੀ ਜਾਗਦੀ ਪੁਤਲੇ 'ਚ ਰੂਹ ਜਨਮੀ

ਉਹ ਆਪਣੇ ਘਰਾਂ 'ਚ
ਆਤਮ ਚਾਨਣ ਵਾਂਗ ਰਹਿੰਦੇ ਸਨ
ਨਦੀ ਨੂੰ ਤੂਰਦੇ
ਇਕ ਕਿਨਾਰੇ ਤੋਂ ਉੱਡ ਕੇ
ਦੂਜੇ 'ਤੇ ਜਾ ਬਹਿੰਦੇ ਸਨ
ਉਨ੍ਹਾਂ ਦੇ ਅੰਦਰ ਦਾ ਸੱਚ
ਪਾਰਦਰਸ਼ੀ ਜਿਸਮਾਂ 'ਚੋਂ ਦਿਸਦਾ ਸੀ
ਉਨ੍ਹਾਂ ਦੇ ਚਿਹਰਿਆਂ ਤੋਂ ਨੂਰ ਸਿੰਮਦਾ ਸੀ
ਨਾ ਗ਼ਮੀ—ਨਾ ਖ਼ੁਸ਼ੀ
ਨਾ ਦੁੱਖ ਨਾ ਸੁਖ ਦਾ ਅਹਿਸਾਸ ਉਨ੍ਹਾਂ ਨੂੰ
ਆਪਣੇ ਆਪ ਦਾ ਬਸ ਪਾਸ ਉਨ੍ਹਾਂ ਨੂੰ
ਆਪਣੀ ਰੂਹ ਆਪਣੇ ਸ਼ਬਦਾਂ ਦਾ ਹੁਲਾਸ ਉਨ੍ਹਾਂ ਨੂੰ

ਉਹ ਨੰਗ ਧੜੰਗੇ ਟੁਰਦੇ ਫਿਰਦੇ
ਸੂਰਜਾਂ ਦੇ ਕਾਫ਼ਲੇ ਨਦੀ ਕਿਨਾਰੇ 'ਤੇ
ਨਦੀ 'ਚੋਂ ਉੱਠਦੀਆਂ ਛੱਲਾਂ
ਉਨ੍ਹਾਂ ਦੇ ਇਸ਼ਾਰੇ 'ਤੇ
ਉਹ ਆਪ ਵਸਦੇ ਧਰਤੀ 'ਤੇ
ਆਪਣਾ ਸਵਰਗ ਉਤਾਰੇ 'ਤੇ
ਉਹ ਦਰਪਣ ਜ਼ਿੰਦਗੀ ਦਾ ਚਿਹਰਾ ਸੰਵਾਰਨ ਦੇ
ਜ਼ਿੰਦਗੀ ਦੇ ਵਿਹੜੇ 'ਚੋਂ ਚਾਨਣ ਖਿਲਾਰਣ ਦੇ
ਜ਼ਿੰਦਗੀ ਦੀ ਪ੍ਰਾਪਤੀ ਲਈ ਕੁਝ ਕਰ ਗੁਜ਼ਰਨ ਦੇ
ਜ਼ਿੰਦਗੀ ਨੂੰ ਚਾਰ ਚੰਨ ਲਾਉਣ ਲਈ
ਸਿਰ ਤਲੀ 'ਤੇ ਧਰ ਗੁਜ਼ਰਨ ਦੇ

ਇਹ ਪਹਾੜ ਵੀ ਮੇਰੇ ਹੀ ਅੰਦਰ ਸੀ
ਇਹ ਸਵਰਗ ਵੀ ਮੇਰੇ ਹੀ ਅੰਦਰ ਸੀ

ਇਹ ਲੋਕ ਵੀ ਮੇਰੇ 'ਚ ਹੀ ਵੱਸਦੇ ਸਨ
ਮੇਰੀ ਹਓਮੈ ਤੇ ਹੰਕਾਰ ਦੇ ਸਦਕਾ
ਮੈਨੂੰ ਅਜਨਬੀ ਪਰਾਏ ਤੇ
ਆਪਣੇ ਤੋਂ ਦੂਰ ਲੱਗਦੇ ਸਨ

ਕਈ ਜਨਮ
ਮੈਂ ਆਪਣੇ ਨਰਕ ਦੇ ਜਾਲ 'ਚੋਂ ਨਿਕਲ ਨਾ ਸਕਿਆ
ਪੱਥਰ ਬਣਿਆ ਰਿਹਾ
ਚਸ਼ਮੇ ਵਾਂਗ ਫੁੱਟ ਨਾ ਸਕਿਆ
ਪਿਘਲ ਨਾ ਸਕਿਆ—ਵਗ ਨਾ ਸਕਿਆ
ਆਪਣੇ ਹਨੇਰੇ 'ਚ ਗੁਆਚਾ ਰਿਹਾ
ਮੱਥੇ ਦੀ ਜੋਤ ਬਣ ਕੇ ਜਗ ਨਾ ਸਕਿਆ

ਮੈਂ ਆਪਣਾ ਨਰਕ ਤਿਆਗ
ਦੇਹ ਦੇ ਪਹਾੜ ਨੂੰ ਫਤਹਿ ਕੀਤਾ
ਆਪਣਾ ਚਾਨਣ ਪਾ ਲਿਆ
ਆਪਣੇ ਲੋਕਾਂ 'ਚ ਵਸ ਗਿਆ
ਆਪਣੇ ਆਪ ਨੂੰ ਲੋਕਾਂ 'ਚ ਵਸਾ ਲਿਆ
ਮੈਂ ਉਨ੍ਹਾਂ ਲੋਕਾਂ ਦੀ ਝਲਕ ਵੇਖੀ
ਤਾਂ ਨੂਰ ਹੋ ਗਿਆ
ਲੋਭ ਮੋਹ ਕਾਮ ਕ੍ਰੋਧ ਹੰਕਾਰ
ਤਮਾਂ ਦੇ ਲਾਲਚ 'ਚੋਂ ਨਿਕਲਿਆ
ਮੈਂ ਆਪਣੇ ਚਾਨਣ ਦੇ ਹਜ਼ੂਰ ਹੋ ਗਿਆ
ਮੈਂ ਆਪਣੀ ਆਤਮਾ ਦਾ ਨੂਰ ਹੋ ਗਿਆ
ਮੇਰੇ ਚਿਹਰੇ ਤੇ ਨਕਸ਼ਾਂ ਦੀ ਪਹਿਚਾਣ ਮਿਟ ਗਈ
ਮੇਰੀ ਮੈਂ ਤੇਰੀ ਤੂੰ 'ਚ ਗੁੰਮ ਗਈ
ਮੇਰੀ ਪਹਿਚਾਣ ਨਾ ਰਹੀ
ਤੇਰੀ ਪਹਿਚਾਣ ਮੇਰੀ ਪਹਿਚਾਣ ਹੋ ਗਈ
*

## ਜ਼ਿੰਦਗੀ ਤੇ ਸੂਰਜ

ਜ਼ਿੰਦਗੀ
ਜ਼ਿੰਦਗੀ ਅਰਥ ਵਿਹੂਣੀ ਹੈ
ਮੌਤ ਦੀ ਹੋਂਦ ਤੋਂ ਬਿਨਾ
ਜ਼ਿੰਦਗੀ ਦੇ ਸਾਗਰ 'ਚ ਸੰਤੁਲਨ ਨਹੀਂ
ਜੇ ਇਸ 'ਚ ਵਿਸ਼ ਤੇ ਅੰਮ੍ਰਿਤ ਨਹੀਂ

ਜ਼ਿੰਦਗੀ
ਮਨੁੱਖ ਲਈ ਉਹ ਅੰਮ੍ਰਿਤ ਦਾ ਚਸ਼ਮਾ ਹੈ
ਜੋ ਮਨੁੱਖ ਲਈ ਸ਼ਹਿਦ ਲੱਗਦਾ ਹੈ
ਇਸ ਮਿਠਾਸ ਦਾ ਮਨੁੱਖ ਆਦੀ ਹੋ ਗਿਆ ਹੈ
ਜ਼ਿੰਦਗੀ ਦੀ ਰੌਣਕ ਜਾਂ ਖ਼ੁਸ਼ਹਾਲੀ ਨਹੀਂ
ਬਲਕਿ ਆਬਾਦੀ ਹੋ ਗਿਆ ਹੈ

ਮਨੁੱਖ ਆਪਣੇ ਲਹੂ 'ਚ ਵਸਾ ਲੈਂਦਾ ਹੈ ਜ਼ਿੰਦਗੀ
ਆਪਣੇ ਸਾਹਾਂ 'ਚ ਬਿਠਾ ਲੈਂਦਾ ਹੈ ਜ਼ਿੰਦਗੀ
ਆਪਣੇ ਸੀਨੇ ਦੇ ਦਿਲ ਦੀ ਧੜਕਣ ਬਣਾ ਲੈਂਦਾ ਹੈ ਜ਼ਿੰਦਗੀ
ਆਪਣੇ ਨੈਣਾਂ 'ਚ ਸੂਰਜਾਂ ਵਾਂਗੂੰ ਪਾ ਲੈਂਦਾ ਹੈ ਜ਼ਿੰਦਗੀ
ਆਪਣੇ ਸਿਰ 'ਤੇ
ਆਪਣੇ ਭਾਰ ਤੋਂ ਭਾਰੀ ਉਠਾ ਲੈਂਦਾ ਹੈ ਜ਼ਿੰਦਗੀ
ਜ਼ਿੰਦਗੀ ਤੇ ਆਪਣੀਆਂ ਅੱਯਾਸ਼ੀਆਂ 'ਚ
ਏਨਾ ਮਸਰੂਫ਼ ਹੈ
ਦੁੱਖਾਂ ਤੂਫ਼ਾਨਾਂ ਤੇ ਹਨੇਰੀਆਂ 'ਚ
ਹੌਸਲਾ ਤੇ ਆਸਰਾ ਬਣਾ ਲੈਂਦਾ ਹੈ ਜ਼ਿੰਦਗੀ
ਐਸਾ ਸ਼ੁਦਾਈ ਹੋ ਗਿਆ ਹੈ
ਜ਼ਿੰਦਗੀ ਦਾ ਮਨੁੱਖ
ਆਪਣੇ ਵਿਸ਼ਵਾਸ 'ਤੇ
ਪੱਥਰ 'ਚੋਂ ਪਾ ਲੈਂਦਾ ਹੈ ਜ਼ਿੰਦਗੀ
ਇਹ ਆਦਮੀ ਦੇ ਵਿਸ਼ਵਾਸ ਦੀ ਸਿਖ਼ਰ ਹੈ
ਕਬਰਾਂ ਦੀ ਗਹਿਰੀ ਨੀਂਦ 'ਚੋਂ ਉਠਾ ਲੈਂਦਾ ਹੈ ਜ਼ਿੰਦਗੀ

ਭਿੱਜਣ ਨਹੀਂ ਦਿੰਦਾ
ਜ਼ਿੰਦਗੀ ਦੇ ਪੈਰ ਦੀ ਉਂਗਲ
ਹੈ ਤਰਦਾ ਮੌਤ ਦਾ ਸਾਗਰ
ਸਿਰ 'ਤੇ ਉਠਾ ਲੈਂਦਾ ਹੈ ਜ਼ਿੰਦਗੀ

ਜ਼ਿੰਦਗੀ 'ਚ
ਏਨਾ ਘੁਲ ਗਿਆ ਹੈ ਆਦਮੀ
ਕਿ ਮਰਨਾ ਭੁੱਲ ਗਿਆ ਹੈ ਆਦਮੀ
ਜ਼ਿੰਦਗੀ ਦੀ ਪਹਿਚਾਣ ਬਣ ਕੇ ਰਹਿ ਗਿਆ ਹੈ
ਆਪਣੀ ਪਹਿਚਾਣ ਭੁੱਲ ਗਿਆ ਹੈ ਆਦਮੀ
ਜ਼ਿੰਦਗੀ ਦਾ ਵਰਤਮਾਨ ਹੀ
ਮਨੁੱਖ ਦਾ ਭੂਤ ਹੈ—ਭਵਿੱਖ ਹੈ
ਵਰਤਮਾਨ ਜਿਉਂਦਾ ਜਿਉਂਦਾ
ਭੂਤ ਤੇ ਭਵਿੱਖ ਵਿਸਾਰ ਦਿੰਦਾ ਹੈ ਆਦਮੀ
ਸਮੇਂ ਦਾ ਆਦਿ ਤੇ ਅੰਤ
ਆਪਣੀ ਦੇਹ ਤੋਂ ਉਤਾਰ ਦਿੰਦਾ ਹੈ ਆਦਮੀ

ਜਨਮ ਤੋਂ ਮਰਨ ਤਕ ਖ਼ੁਸ਼ਗੁਆਰ ਜ਼ਿੰਦਗੀ
ਜਿਉਣਾ ਹੀ ਜ਼ਿੰਦਗੀ ਨਹੀਂ
ਆਪਣਾ ਮੂੰਹ ਪੇਟ 'ਤੇ ਲਾਉਣਾ ਹੀ ਜ਼ਿੰਦਗੀ ਨਹੀਂ
ਜ਼ਿੰਦਗੀ ਨੂੰ
ਆਪਣੀਆਂ ਖ਼ੁਸ਼ੀਆਂ 'ਚ ਢਾਲਣਾ ਹੀ ਜ਼ਿੰਦਗੀ ਨਹੀਂ
ਆਪਣੀ ਪੂਜਾ ਤੇ ਆਪਣੇ ਬਿੰਦੂ ਦੀ ਪਰਿਕਰਮਾ ਹੀ ਜ਼ਿੰਦਗੀ ਨਹੀਂ

ਜ਼ਿੰਦਗੀ ਹੈ—
ਆਪਣੇ ਬਿੰਦੂ ਨੂੰ ਦਾਇਰੇ 'ਚ ਉਤਾਰਨਾ
ਕਿਸੇ ਦੀ ਧੁੱਪ ਨੂੰ ਆਪਣੇ ਸਿਰ 'ਤੇ ਜਰਨਾ
ਆਪਣੀ ਛਾਂ 'ਚ ਕਿਸੇ ਨੂੰ ਠਾਰਨਾ
ਕਿਸੇ ਦੀ ਭੁੱਖ ਨੂੰ ਆਪਣੇ ਢਿੱਡ 'ਚ ਪਾਲਣਾ
ਕਿਸੇ ਦੀ ਪਿਆਸ 'ਚ ਆਪਣਾ ਜਲ ਉਤਾਰਨਾ
ਆਪਣੇ ਲਈ ਜਿਉਣਾ ਕਾਹਦੀ ਜ਼ਿੰਦਗੀ ਹੈ

ਜ਼ਿੰਦਗੀ ਹੈ—
ਗ਼ੈਰ 'ਚੋਂ ਆਪਾ ਉਸਾਰਨਾ
ਜ਼ਿੰਦਗੀ ਦੇ ਲਕਸ਼ ਦੀ ਪ੍ਰਾਪਤੀ ਲਈ
ਜਿਉਣਾ ਜ਼ਿੰਦਗੀ ਹੈ
ਜ਼ਿੰਦਗੀ ਦੇ ਕੋਹੜ 'ਚ ਸੁੰਦਰਤਾ ਧਰਨਾ ਜ਼ਿੰਦਗੀ ਹੈ
ਜ਼ਿੰਦਗੀ ਦਾ ਖਾਲੀਪਣ ਭਰਨਾ ਜ਼ਿੰਦਗੀ ਹੈ
ਜ਼ਿੰਦਗੀ 'ਚ ਹਰਿਆਵਲ ਧਰਨਾ ਜ਼ਿੰਦਗੀ ਹੈ
ਕਿਸੇ ਦੀ ਆਈ ਤੇ ਆਪ ਮਰਨਾ ਜ਼ਿੰਦਗੀ ਹੈ

ਜ਼ਿੰਦਗੀ—
ਜੋ ਕੋਠਿਆਂ 'ਤੇ ਪਲਦੀ ਹੈ
ਬਾਜ਼ਾਰਾਂ 'ਚ ਵਿਕਦੀ ਹੈ
ਲਹੂ ਮਾਸ ਦੀ ਮੰਡੀ 'ਚ ਸੱਜਦੀ ਹੈ
ਤੇ ਤੁਲਦੀ ਹੈ
ਜਾਨਵਰਾਂ ਦੇ ਮਾਸ ਤੋਂ ਵੀ ਸਸਤੀ ਵਿਕਦੀ ਹੈ
ਜ਼ਿੰਦਗੀ—
ਜਿਸ ਦਾ ਦਰਵਾਜ਼ਾ ਬਾਹਰ ਵੱਲ ਨੂੰ ਖੁੱਲ੍ਹਦਾ ਹੈ
ਜ਼ਿੰਦਗੀ
ਜੋ ਆਪਣੇ ਅੰਦਰ ਵੱਲ ਮੁੜਦੀ ਹੈ
ਆਪਣੇ ਹਨੇਰੇ ਅਸਮਾਨ ਤੋਂ
ਚੰਨਾਂ ਸੂਰਜਾਂ ਤਾਰਿਆਂ ਦੇ ਜਾਲ ਬੁਣਦੀ ਹੈ
ਆਪਣੀ ਕੰਜਕ ਦੇਹ ਨੂੰ
ਮਨੁੱਖੀ ਵਾਸ਼ਨਾ 'ਚ ਭੁੰਨਦੀ ਹੈ
ਆਪਾ ਤੜਕਦੀ ਹੈ
ਤੇ ਸਵਾਦਿਸ਼ਟ ਭੋਜਨ ਦੇ ਰੂਪ 'ਚ
ਆਪਣੇ ਆਪ ਨੂੰ ਮਰਦ ਦੇ ਅੱਗੇ ਰੱਖਦੀ ਹੈ

ਆਪਣੇ ਜਿਸਮ ਦਾ ਅੰਗ ਅੰਗ ਖੋਲ੍ਹਦੀ ਹੈ
ਆਪਣੀ ਸੀਰਤ ਤੇ ਸੂਰਤ ਮਰਦ ਦੇ ਅੱਗੇ ਵਿਛਾਉਂਦੀ ਹੈ
ਮਰਦ ਦੀ ਵਾਸ਼ਨਾ 'ਚ
ਸਿਰ ਤੋਂ ਪੈਰਾਂ ਤਕ ਡੁੱਬ ਜਾਂਦੀ ਹੈ

ਜ਼ਿੰਦਗੀ ਦੀ ਸ਼ਰਮੋ ਹਯਾ ਲਾਜ ਤੇ ਖ਼ੁਸ਼ਬੂ
ਜ਼ਿੰਦਗੀ 'ਚੋਂ ਨੁੱਚੜ ਜਾਂਦੀ ਹੈ

ਖਾਧੇ ਪਾਨ ਦੇ ਵਾਂਗ
ਮਰਦ ਜਿਸ ਨੂੰ ਜ਼ਿਮੀਂ 'ਤੇ ਥੁੱਕਦਾ ਹੈ
ਕੋਈ ਸ਼ਿਕਵਾ ਕੋਈ ਗਿਲਾ ਇਤਰਾਜ਼
ਜ਼ਿੰਦਗੀ ਦੀ ਜ਼ੁਬਾਨ 'ਤੇ ਨਹੀਂ ਆਉਂਦਾ
ਮਮਤਾ ਦੀ ਮੂਰਤੀ
ਮਨੁੱਖ ਦੀ ਜਨਮਦਾਤੀ ਜ਼ਿੰਦਗੀ
ਆਪਣੀ ਕੁੱਖ ਦਾ ਅਪਮਾਨ ਸਹਿੰਦੀ ਹੈ
ਕੁਝ ਨਹੀਂ ਕਹਿੰਦੀ ਤੇ ਚੁੱਪ ਰਹਿੰਦੀ ਹੈ
ਨਾ ਇਸ ਦੀ ਚੁੱਪ ਟੁੱਟਣੀ ਹੈ
ਨਾ ਮਰਦ ਦੀ ਹਵਸ ਮੁੱਕਣੀ ਹੈ
ਜਦ ਤਕ ਜ਼ਿੰਦਗੀ
ਜ਼ਿੰਦਗੀ ਦੇ ਲਕਸ਼ ਵੱਲ ਨਹੀਂ ਟੁਰਦੀ
ਬਿੰਦੂਆਂ ਤੋਂ ਦਾਇਰਿਆਂ ਵੱਲ ਨਹੀਂ ਮੁੜਦੀ

ਬੱਦਲ 'ਚ ਜੇ ਬਿਜਲੀ ਚਮਕ ਸਕਦੀ ਹੈ
ਸਾਗਰ 'ਚੋਂ ਜੇ ਲਾਵਾ ਫੁੱਟ ਸਕਦਾ ਹੈ
ਹਵਾ ਦਾ ਇਕ ਰੂਪ ਜੇ ਪ੍ਰਾਣ ਹੋ ਸਕਦਾ ਹੈ
ਪੱਥਰ ਜੇ ਭਗਵਾਨ ਹੋ ਸਕਦਾ ਹੈ
ਆਕਾਸ਼ ਦਾ ਆਕਾਸ਼ ਜੇ ਧਰਤੀ ਹੋ ਸਕਦਾ ਹੈ
ਧਰਤ 'ਚੋਂ ਉੱਠਿਆ ਬੱਦਲ
ਜੇ ਅੰਬਰ 'ਤੇ ਛਾਅ ਸਕਦਾ ਹੈ
ਫਿਰ ਚੱਕਲਾ ਕਿਉਂ ਮੰਦਰ ਹੋ ਨਹੀਂ ਸਕਦਾ
ਕਿਉਂ ਤਵਾਇਫ਼ ਪੂਜੀ ਜਾ ਨਹੀਂ ਸਕਦੀ
ਕਿਉਂ ਵੈਸ਼ਯਾ ਦੀ ਮੂਰਤੀ ਮੰਦਰਾਂ ਮਸੀਤਾਂ 'ਚ
ਸਜਾਈ ਜਾ ਨਹੀਂ ਸਕਦੀ

ਕਿਉਂ ਲਹੂ ਮਾਸ ਦੀ ਮੰਡੀ 'ਚ
ਵਿਕਦੀ ਹੈ ਜ਼ਿੰਦਗੀ

ਮਨੁੱਖ ਦੇ ਸਿਰ ਦੀ ਕਲਗੀ 'ਚ
ਕਿਉਂ ਲਗਾਈ ਜਾ ਨਹੀਂ ਸਕਦੀ
ਮਰਦ ਦੀ ਚੁੱਪ ਇਕੱਲਤਾ ਤੇ ਉਦਾਸੀ 'ਚ
ਉਤਰ ਜਾਂਦੀ ਹੈ ਜ਼ਿੰਦਗੀ
ਡੁੱਬ ਗਏ ਪੱਥਰਾਂ ਨੂੰ ਤਾਰਦੀ ਹੈ ਜ਼ਿੰਦਗੀ
ਸਕੂਨ ਦਾ ਸਾਗਰ
ਮਰਦ ਦੀ ਹਿੱਕ 'ਚ ਉਤਾਰਦੀ ਹੈ ਜ਼ਿੰਦਗੀ
ਆਪ ਪਲ ਪਲ ਮਰਦੀ
ਦੂਜੇ ਲਈ ਜਿਉਂਦੀ ਹੈ
ਇਹ ਮਮਤਾ ਦੀ ਮੂਰਤੀ
ਕਦੀ ਤਵਾਇਫ਼—ਕਦੀ ਵੇਸ਼ਯਾ ਕਹਾਉਂਦੀ ਹੈ

ਜੇ ਮਨੁੱਖ ਦੀ ਹਵਸ ਪੂਰਤੀ
ਜ਼ਿੰਦਗੀ ਦਾ ਸੁਖ ਹੈ
ਤਾਂ ਹਵਸ ਪੂਰਤੀ ਹੋ ਰਹੀ ਜ਼ਿੰਦਗੀ
ਕਿਉਂ ਕਲੰਕ ਹੈ ਮੱਥੇ ਦਾ ਦਾਗ਼ ਹੈ
ਮਨੁੱਖ ਦੀ ਹਵਸ ਪੂਰਤੀ ਦਾ ਸ਼ਿਕਾਰ
ਮਾਂ ਧੀ ਭੈਣ ਪਤਨੀ ਨੂੰਹ ਕਈ ਸਰੂਪ ਹਨ
ਪਰ ਇਕ ਔਰਤ ਦਾ ਰੂਪ ਹਨ

ਜੋ ਵੀ ਹੈ ਅੰਨਪੂਰਨਾ ਹੈ
ਮਨੁੱਖ ਤੋਂ ਮਨੁੱਖ ਹੈ
ਮਨੁੱਖ ਆਪਣੀ ਹਵਸ ਪੂਰਤੀ 'ਚ ਨਰਕ ਦਾ ਕੀੜਾ ਹੈ
ਮਨੁੱਖ ਦੇ ਪੈਰਾਂ ਦੀ ਹੈ ਜੋ ਜੁੱਤੀ
ਰੱਬ ਦੀ ਦਰਗਾਹ 'ਚ
ਸਵਰਗ ਤੋਂ ਉੱਚਾ ਉਸ ਦਾ ਸਥਾਨ ਹੈ

ਤੇ ਸੂਰਜ—
ਜੇ ਮਨੁੱਖ ਜੀਵਨ ਪ੍ਰਯੋਜਨ ਤੇ
ਜੀਵਨ ਦੇ ਲਕਸ਼ ਨੂੰ ਸਮਝੇ
ਆਪਣੀ ਜਨਮਦਾਤੀ ਜ਼ਿੰਦਗੀ ਦੀ ਕੁੱਖ ਨੂੰ ਸਮਝੇ

ਆਪਣੀ ਹਵਸ ਆਪਣੀ ਭੁੱਖ ਨੂੰ ਸਮਝੇ
ਤਾਂ ਆਪਣੇ ਲੋਭ ਮੋਹ ਹੰਕਾਰ ਨੂੰ ਤਿਆਗ ਸਕਦਾ ਹੈ
ਆਪਣੇ ਦੁਆਲੇ ਸੱਚ ਸੁੰਦਰਤਾ ਤੇ ਕਲਿਆਣ ਦੇ
ਸੁਮੇਲ ਦੀ ਦੁਨੀਆ ਉਸਾਰ ਸਕਦਾ ਹੈ
ਜ਼ਿੰਦਗੀ ਦੇ ਅੰਗ ਨਕਸ਼ ਰੂਪ ਸੁਆਰ ਸਕਦਾ ਹੈ
ਮਮਤਾ ਦੀ ਮੂਰਤੀ ਦੀ ਪਾਕੀਜ਼ਗੀ ਸ਼ੁੱਧਤਾ
ਸਿਰਜਣ ਸ਼ਕਤੀ ਨੂੰ ਜਾਣੇ
ਜ਼ਿੰਦਗੀ ਤੇ ਵਿਸ਼ਵ ਦੀ ਹੋਂਦ ਪਹਿਚਾਣੇ
ਆਪਣੇ ਜਿਸਮਾਂ ਦੀ ਅਧ–ਰਾਂਗਲੀ ਦੇ ਸੱਚ ਨੂੰ ਸਮਝੇ
ਤਾਂ ਤਵਾਇਫ਼ ਤੇ ਵੇਸ਼ਯਾ ਦੇ ਜਿਸਮ ਦੀ ਹੋਂਦ ਦਾ
ਸੱਚ ਜਾਣ ਸਕਦਾ ਹੈ
ਚਕਲੇ ਦੀ ਪਵਿੱਤਰਤਾ ਤੋਂ
ਧਰਤ ਦੀ ਸੁਗੰਧ ਮਾਣ ਸਕਦਾ ਹੈ
ਇਹ ਸੁਗੰਧ ਆਪਣੇ ਅੰਦਰ ਤੇ ਬਾਹਰ ਖਿਲਾਰ ਸਕਦਾ ਹੈ
ਮਰਦ ਤੇ ਔਰਤ ਦਾ
ਸਾਂਝਾ ਸਵਰਗ ਧਰਤ 'ਤੇ ਉਤਾਰ ਸਕਦਾ ਹੈ

ਜ਼ਿੰਦਗੀ ਦੇ ਕੋਹਜ 'ਚੋਂ ਹੀ
ਜ਼ਿੰਦਗੀ ਦੀ ਸੁੰਦਰਤਾ ਜਨਮਦੀ ਹੈ
ਜ਼ਿੰਦਗੀ ਦੇ ਹਨ੍ਹੇਰ ਚੋਂ ਸੂਰਜ ਉਦੈ ਹੁੰਦੇ ਹਨ
ਜ਼ਿੰਦਗੀ ਦੀ ਇਕੱਲਤਾ ਉਦਾਸੀ
ਰੌਣਕਾਂ ਖ਼ੁਸ਼ੀਆਂ ਜਨਮਦੀ ਹੈ
ਜ਼ਿੰਦਗੀ ਦੀ ਅਗਤੀ 'ਚ ਹੀ
ਜ਼ਿੰਦਗੀ ਦੀ ਗਤੀ ਹੈ
ਜ਼ਿੰਦਗੀ ਦੀ ਚਾਲ 'ਚ ਪੌਣਾਂ ਦਾ ਵੇਗ ਹੈ
ਜ਼ਿੰਦਗੀ ਦੇ ਜਿਸਮ 'ਚ ਅਗਨ ਦਾ ਤੇਜ ਹੈ
ਜ਼ਿੰਦਗੀ ਦੀ ਨਜ਼ਰ 'ਚ ਆਕਾਸ਼ ਦੀ ਪਰਵਾਜ਼ ਹੈ
ਜ਼ਿੰਦਗੀ ਦੇ ਹੰਝੂਆਂ 'ਚ ਸਾਗਰ ਦਾ ਵਾਸ ਹੈ
ਜ਼ਿੰਦਗੀ ਦੇ ਸਾਹਾਂ 'ਚ ਹੈ ਖ਼ੁਸ਼ਬੂ ਧਰਤ ਦੀ
ਜ਼ਿੰਦਗੀ ਦੇ ਸ਼ਬਦ 'ਚ ਅਰਥਾਂ ਦਾ ਅਰਥ ਹੈ

ਜ਼ਿੰਦਗੀ ਵਿਸ਼ ਵੀ ਹੈ—ਅੰਮ੍ਰਿਤ ਵੀ
ਮੌਤ ਦੀ ਭਿਆਨਕਤਾ ਵੀ ਹੈ
ਸੱਚ ਤੇ ਸੁੰਦਰਤਾ ਦਾ ਸੁਮੇਲ ਵੀ ਹੈ
ਰਾਗ ਰੰਗ ਸੁਰ ਤਾਲ ਤਬਲਾ
ਝਾਂਜਰ ਵੀ ਹੈ—ਰਖੇਲ ਵੀ ਹੈ
ਜ਼ਿੰਦਗੀ ਧਰਤ ਦੀ ਧਰਤ ਹੈ—ਅੰਬਰ ਦਾ ਅੰਬਰ ਹੈ
ਧਰਤ ਤੇ ਅੰਬਰ ਦਾ ਦਿਸਹੱਦੇ 'ਤੇ ਮੇਲ ਵੀ ਹੈ
ਜ਼ਿੰਦਗੀ ਦੁਸ਼ਮਣ ਵੀ ਹੈ—ਸੁਹੇਲ ਵੀ ਹੈ
ਕਾਇਰ ਵੀ ਹੈ—ਦਲੇਰ ਵੀ ਹੈ

ਜ਼ਿੰਦਗੀ ਦਾ ਅਰਥ
ਜ਼ਿੰਦਗੀ ਦੇ ਲਕਸ਼ ਦੀ ਪ੍ਰਾਪਤੀ 'ਚ ਹੈ
ਇਹ ਲਕਸ਼ ਦੀ ਪ੍ਰਾਪਤੀ ਮਨੁੱਖ ਦੇ ਵਸ 'ਚ ਹੈ
ਜ਼ਿੰਦਗੀ ਦੀ ਬੂੰਦ ਬੂੰਦ ਪ੍ਰਾਪਤੀ
ਜ਼ਿੰਦਗੀ ਦੇ ਲਖਸ਼ ਦਾ ਸਾਗਰ ਭਰ ਸਕਦੀ ਹੈ
ਮੌਤ ਤੋਂ ਪਹਿਲਾਂ ਮੌਤ ਤੋਂ ਪਿੱਛੋਂ
ਜ਼ਿੰਦਗੀ ਮਨੁੱਖ ਲਈ ਚਾਨਣ ਕਰ ਸਕਦੀ ਹੈ
ਮਨੁੱਖ ਦੀਆਂ ਨਜ਼ਰਾਂ 'ਚ ਮੰਜ਼ਿਲਾਂ ਬੀਜ ਸਕਦੀ ਹੈ
ਮਨੁੱਖ ਦੇ ਪੈਰਾਂ 'ਚ ਰਾਹ
ਮਸਤਕ 'ਚ ਸੂਰਜ ਧਰ ਸਕਦੀ ਹੈ

ਜ਼ਿੰਦਗੀ 'ਚ
ਜ਼ਿੰਦਗੀ ਦਾ ਹਰ ਰੂਪ ਹੈ—ਰੰਗ ਹੈ
ਜ਼ਿੰਦਗੀ ਸ਼ਾਮ ਵੀ ਹੈ—ਸਵੇਰ ਵੀ ਹੈ
ਸੂਰਜ ਵੀ ਹੈ ਤੇ ਹਨ੍ਹੇਰ ਵੀ ਹੈ
ਇਹ ਮਨੁੱਖ 'ਤੇ ਨਿਰਭਰ ਹੈ
ਮਨੁੱਖ ਨੇ ਜ਼ਿੰਦਗੀ ਨੂੰ ਕਿਹੜਾ ਰੂਪ ਦੇਣਾ ਹੈ
ਕਿਹੜਾ ਰੰਗ ਕਿਹੜਾ ਸਰੂਪ ਦੇਣਾ ਹੈ
ਜ਼ਿੰਦਗੀ ਦਾ ਹਨ੍ਹੇਰ ਧੋਣਾ ਹੈ
ਚਾਨਣ ਖਲੇਰਣਾ ਹੈ
ਜਾਂ ਜ਼ਿੰਦਗੀ 'ਚ ਪੱਤਝੜਾਂ ਉਜਾੜਾਂ ਉਗਾਉਣੀਆਂ ਹਨ

ਜਾਂ ਜ਼ਿੰਦਗੀ ਦੀ ਕੁੱਖ 'ਚ ਅੰਗਿਆਰ ਧਰਨੇ ਹਨ
ਚਕਲੇ ਕੋਠੇ ਬੀਜਣੇ ਹਨ
ਜਾਂ ਜ਼ਿੰਦਗੀ ਦੇ ਹੁਸਨ ਵਿਕਣ ਲਈ ਬਾਜ਼ਾਰ ਧਰਨੇ ਹਨ

ਕਿਉਂਕਿ
ਮਨੁੱਖ ਜ਼ਿੰਦਗੀ ਦਾ ਜਨਮਦਾਤਾ ਹੈ
ਜ਼ਿੰਦਗੀ ਨੂੰ ਧੋ ਸਕਦਾ ਹੈ—ਮਾਂਜ ਸਕਦਾ ਹੈ
ਸੱਚ ਸੁੰਦਰਤਾ ਤੇ ਕਲਿਆਣ
ਜ਼ਿੰਦਗੀ ਦੇ ਪਿੰਡੇ 'ਚ ਉਤਾਰ ਸਕਦਾ ਹੈ
ਜ਼ਿੰਦਗੀ ਸ੍ਵੈ-ਉਤਪਤੀ ਦੀ ਕੁੱਖ ਹੈ
ਬੀਜ ਕੁੱਖ 'ਚ ਮਨੁੱਖ ਨੇ ਧਰਨਾ ਹੈ

ਜੇ ਮਨੁੱਖ ਜ਼ਿੰਦਗੀ ਦੀ ਕੁੱਖ 'ਚ ਸੂਰਜ ਧਰੇਗਾ
ਜ਼ਿੰਦਗੀ ਸੂਰਜ ਜਨਮਦੀ ਹੀ ਚਲੀ ਜਾਏਗੀ
ਹਨ੍ਹੇਰਿਆਂ ਨੂੰ ਵਰਦੀ ਚਲੀ ਜਾਏਗੀ
ਜੇ ਚੰਨ ਤਾਰੇ ਕਿਰਨਾਂ ਬਹਾਰਾਂ ਮੌਸਮ
ਜ਼ਿੰਦਗੀ 'ਚ ਬੀਜੇਗਾ
ਤਾਂ ਜ਼ਿੰਦਗੀ ਅੰਬਰ ਦਾ ਰੂਪ ਆਪਣੇ 'ਚ ਉਤਾਰੇਗੀ
ਮੌਸਮ ਬਹਾਰਾਂ ਉਗਾਏਗੀ—ਖ਼ੁਸ਼ਬੂਆਂ ਖਿਲਾਰੇਗੀ
ਮਨੁੱਖ ਸੂਰਜ ਬਣੇਗਾ
ਆਪਣੇ ਹਨ੍ਹੇਰੇ ਤਰੇਗਾ
ਚਾਨਣ ਹੋਇਆ ਮਨੁੱਖ
ਜਦ ਜ਼ਿੰਦਗੀ 'ਚ ਵਿਚਰੇਗਾ
ਜ਼ਿੰਦਗੀ ਸੱਚ ਸੁੰਦਰਤਾ ਦਾ ਰੂਪ ਕਹਾਏਗੀ
ਮਨੁੱਖ ਦੀ ਜਨਣੀ
ਵਿਸ਼ਵ ਦੀ ਜਨਮਦਾਤੀ ਸਦਾਏਗੀ
ਮਨੁੱਖ ਜੇ ਜ਼ਿੰਦਗੀ ਨੂੰ ਪੂਜੇਗਾ
ਜ਼ਿੰਦਗੀ ਮਨੁੱਖ ਦੇ ਸਾਹਾਂ 'ਚ ਉਤਰ ਜਾਏਗੀ
ਮਨੁੱਖ ਦੇ ਸਿਰ 'ਤੇ ਛਾਵਾਂ ਕਰੇਗੀ
ਮਨੁੱਖ ਦੀਆਂ ਧੁੱਪਾਂ ਹੰਢਾਏਗੀ

ਇਹ ਸੂਰਜ ਦਾ ਕੰਮ ਹੈ
ਧਰਤੀ 'ਤੇ ਕਿਰਨਾਂ ਬੀਜਣਾ
ਧਰਤੀ ਦੇ ਅੰਗਾਂ 'ਚ ਉਜਾਲਾ ਕਰਨਾ
ਤੇ ਹਨ੍ਹੇਰਾ ਹੂੰਝਣਾ
ਮਨੁੱਖ ਵੀ ਜ਼ਿੰਦਗੀ ਦਾ ਸੂਰਜ ਹੈ
ਆਪਣੇ ਲਹੂ ਦੀ ਲੋਅ
ਜ਼ਿੰਦਗੀ 'ਚ ਕਰ ਸਕਦਾ ਹੈ
ਕਿਰਨਾਂ ਬੀਜ ਸਕਦਾ ਹੈ
ਜ਼ਿੰਦਗੀ ਦੇ ਬਨੇਰੀਂ ਸੂਰਜ ਧਰ ਸਕਦਾ ਹੈ
*

## ਚੁੱਪ ਤੇ ਸ਼ੋਰ

ਮੇਰੀ ਜਦ ਚੁੱਪ ਟੁੱਟੀ
ਕਵਾੜ ਖੁੱਲ੍ਹ ਗਏ ਵੇਦਾਂ ਸ਼ਾਸਤਰਾਂ ਗ੍ਰੰਥਾਂ ਦੇ
ਗੂੰਜਿਆ ਸ਼ਬਦ ਅੱਲ੍ਹਾ ਦਾ
ਪਿੰਡੇ ਤਿੜਕ ਗਏ ਮੰਦਰਾਂ ਮਸੀਤਾਂ ਦੇ
ਮੇਰੀ ਚੁੱਪ 'ਚ ਸਿਮਟਿਆ ਇਕ ਬੋਲ ਐਸਾ ਸੀ
ਮੇਰੇ ਦੁਆਲੇ ਵਸਦੀ ਪ੍ਰਕਿਰਤੀ ਦੇ ਸੱਚ ਜੈਸਾ ਸੀ

ਚੁੱਪ ਟੁੱਟੀ ਸਮੁੰਦਰ ਉਛਲਿਆ
ਕਿਨਾਰਿਆਂ ਤੋਂ ਬਾਹਰ ਆ ਗਿਆ
ਚੰਨ ਸੂਰਜ ਆਕਾਸ਼ ਤਾਰੇ
ਮੇਰੇ ਕਦਮਾਂ 'ਚ ਢਹਿ ਪਏ
ਸਿਮਟੀਆਂ ਧਰਤੀਆਂ
ਮੇਰੇ ਪੈਰਾਂ ਦੇ ਆਕਾਰ 'ਚ
ਬ੍ਰਹਿਮੰਡਾਂ ਦੇ ਬ੍ਰਹਿਮੰਡ ਮੇਰੀ ਦੇਹ 'ਚ ਸਮਾ ਗਏ

ਉੱਠਿਆ ਜੰਗਲ 'ਚੋਂ ਸ਼ੋਰ
ਪੰਛੀਆਂ ਪੱਤਿਆਂ ਹਵਾਵਾਂ ਦਾ
ਚੇਤਾ ਆ ਗਿਆ ਭੁੱਲੀਆਂ ਵਿਸਰੀਆਂ ਥਾਵਾਂ ਦਾ
ਜਿਥੋਂ ਚੁੱਪ ਮੇਰੇ ਸ਼ੋਰ ਦੇ ਰਾਹ 'ਚੋਂ ਗੁਜ਼ਰਦੀ ਸੀ
ਆਪਣਾ ਬੋਲ ਸੁਣਨ ਲਈ
ਆਪਣੀ ਚੁੱਪ ਤੇ ਉਦਾਸੀ 'ਚ ਉਬਲਦੀ ਸੀ

ਚੁੱਪ ਟੁੱਟੀ ਘੁੱਗੀ ਦੇ ਆਂਡਿਆਂ 'ਚੋਂ
ਤੂੰ ਦੀ ਆਵਾਜ਼ ਆਈ
ਮੇਰੀ ਉਦਾਸੀ 'ਚੋਂ ਪੁੰਗਰੀ ਰੌਣਕ
ਮੇਰੇ ਵੀਰਾਨੇ 'ਚ ਬਹਾਰ ਆਈ
ਮੈਂ ਆਪਣੀ ਚੁੱਪ ਦੀ ਗਾਥਾ
ਜਦ ਚੁੱਪ ਨੂੰ ਸੁਣਾਈ
ਸ਼ੋਰ ਦੀ ਅੱਖ ਭਰ ਆਈ

ਸ਼ੋਰ ਦੇ ਹੰਝੂਆਂ 'ਚ ਚੁੱਪ ਦੀ ਲਾਸ਼ ਤਰ ਆਈ
ਸ਼ੋਰ ਦੇ ਬੋਲਾਂ 'ਚ ਚੁੱਪ ਭਰ ਆਈ
ਸ਼ੋਰ ਦੇ ਬੋਲਾਂ 'ਚ ਚੁੱਪ ਦੀ ਰੂਹ ਉਤਰ ਆਈ
ਸ਼ੋਰ 'ਚ ਜਦ ਵੀ ਚੁੱਪ ਬੋਲਦੀ ਹੈ
ਸ਼ੋਰ ਦੀ ਦੇਹ ਪਰਤ ਦਰ ਪਰਤ ਖੋਲ੍ਹਦੀ ਹੈ
ਸ਼ੋਰ ਦੀ ਦੇਹ 'ਚੋਂ ਚੁੱਪ ਹੀ ਚੁੱਪ ਸੁਣਦੀ ਹੈ
ਚੁੱਪ ਹੀ ਚੁੱਪ ਬੋਲਦੀ ਹੈ

ਮੈਂ ਹੀ ਸ਼ੋਰ ਸਾਂ
ਮੇਰੇ 'ਚੋਂ ਹੀ ਚੁੱਪ ਜਨਮੀ ਸੀ
ਮੇਰੀ ਚੁੱਪ ਹੀ ਮੇਰੇ ਸ਼ੋਰ ਦਾ ਤਾਅ ਸੀ
ਜਿਸ ਦੇ ਸੇਕ 'ਚ ਮੇਰਾ ਸ਼ੋਰ ਠਰ੍ਹਿਆ ਸੀ
ਤੇ ਬਲਹੀਣ ਹੋ ਗਿਆ
ਚੁੱਪ ਦੇ ਸਰਨਾਟੇ 'ਚ ਖੋਹ ਗਿਆ
ਮੈਂ ਜੋ ਜਿਉਂਦਾ ਜਾਗਦਾ ਸ਼ੋਰ ਸਾਂ
ਚੁੱਪ ਦੇ ਸਿੰਗੀ ਚੜ੍ਹ ਗਿਆ
ਚੁੱਪ ਦੀ ਚੁੱਪ ਹੋ ਗਿਆ
ਜ਼ਿੰਦਗੀ ਦੀ ਕਬਰ ਦੇ ਵਿਚ ਢਲ ਗਿਆ
ਮੈਂ ਰੁੱਖ ਆਪਣੀ ਛਾਂ 'ਚ ਹੀ ਬਲ ਗਿਆ
ਜੰਗਲ ਤੋਂ ਵੱਖਰਾ ਹੋ ਗਿਆ
ਰੌਣਕਾਂ ਤੋਂ ਵਿਛੜ ਗਿਆ
ਇਕੱਲਤਾ ਤੇ ਚੁੱਪ 'ਚ ਸਿਮਟ ਗਿਆ

ਜਦ ਚੁੱਪ ਟੁੱਟਦੀ ਹੈ
ਤਾਂ ਰਾਸ਼ਟਰ ਬਦਲਦਾ ਹੈ
ਆਪਣੇ ਪੈਰਾਂ 'ਚੋਂ ਗੁਲਾਮੀ ਦੀਆਂ ਜ਼ੰਜੀਰਾਂ ਖੋਲ੍ਹਦਾ ਹੈ
ਆਪਣਾ ਸੁਤੰਤਰ ਰਾਸ਼ਟਰ ਉਸਾਰਦਾ ਹੈ
ਰਾਸ਼ਟਰ ਦਾ ਲਹੂ
ਜੇਲ੍ਹਾਂ ਬੰਦੀਖ਼ਾਨਿਆਂ ਦਾ ਸਫ਼ਰ ਕਰਦਾ ਹੈ
ਆਪਣੀ ਜ਼ੁਬਾਨ 'ਤੇ ਸੱਚ ਤੇ ਆਜ਼ਾਦ ਬੋਲ ਧਰਦਾ ਹੈ
ਬਾਜ਼ਾਰਾਂ 'ਚ ਸੜਕਾਂ 'ਤੇ ਗਲੀਆਂ ਤੇ ਚੌਂਕਾਂ 'ਚ

ਲੋਕਾਂ ਦੇ ਹਜ਼ੂਮ ਦਾ ਸ਼ੋਰ ਉੱਠਦਾ ਹੈ
ਆਜ਼ਾਦ ਮੌਸਮ ਆਜ਼ਾਦ ਬਹਾਰਾਂ
ਆਜ਼ਾਦ ਹਵਾਵਾਂ ਦਾ ਆਗਾਜ਼ ਹੁੰਦਾ ਹੈ
ਪੈਰਾਂ ਦੀ ਧਰਤ ਸਿਰ ਦਾ ਅਸਮਾਨ ਬਦਲਦਾ ਹੈ
ਆਕਾਸ਼ ਤੇ ਪਤਾਲਾਂ ਦੀ ਉਚਾਈ ਤੇ ਗਹਿਰਾਈ
ਮਨੁੱਖ ਦਾ ਪਰਵਾਜ਼ ਕੱਢਦਾ ਹੈ
ਨਵਾਂ ਲਹੂ ਰਾਸ਼ਟਰ ਦੀਆਂ ਰਗ਼ਾਂ 'ਚ ਦੌੜਦਾ ਹੈ
ਰਾਸ਼ਟਰ ਦੇ ਦਰਪਣ 'ਚ
ਰਾਸ਼ਟਰ ਦਾ ਚਿਹਰਾ ਸੱਤਾ ਪਰਜਾ ਤੇ ਤਾਜ ਹੁੰਦਾ ਹੈ
ਇਨਸਾਫ਼ ਰਾਸ਼ਟਰ ਦੀ ਤੱਕੜੀ 'ਚ ਤੁਲਦਾ ਹੈ
ਰਾਸ਼ਟਰ ਦੀ ਸੁਰ ਸਾਜ਼ ਤੇ ਆਵਾਜ਼ ਹੁੰਦਾ ਹੈ

ਜਦ ਚੁੱਪ ਟੁੱਟਦੀ ਹੈ
ਤਾਂ ਹਸਤਨਾਪੁਰ 'ਚੋਂ ਕੁਰੂਕਸ਼ੇਤਰ ਜਨਮਦਾ ਹੈ
ਸੱਚ ਸਾਹਮਣੇ ਆਉਂਦਾ ਹੈ
ਜੋ ਝੂਠ ਦੇ ਭਰਮ ਦਾ ਹੈ
ਮਨੁੱਖੀ ਰੁੱਖ ਫੁੱਲਾਂ ਦੇ ਨਾਲ ਲੱਦਿਆ ਜਾਂਦਾ ਹੈ
ਜੋ ਫ਼ਲ ਉਸ ਦੇ ਕਰਮ ਦਾ ਹੈ
ਸੈਨਿਕ ਹਾਥੀ ਘੋੜ ਸਵਾਰ
ਤੇ ਰੱਥਾਂ ਦੇ ਪਹੀਆਂ ਦਾ ਸ਼ੋਰ ਖਲਾਅ 'ਚ ਫੈਲਦਾ ਹੈ
ਲਹੂ ਦੇ ਬੱਦਲ ਅਸਮਾਨ 'ਤੇ ਛਾ ਜਾਂਦੇ ਹਨ
ਸਾਕ ਸੰਬੰਧੀ ਰਿਸ਼ਤੇਦਾਰੀਆਂ
ਮੋਹ ਮਾਇਆ ਜਨਮ ਤੇ ਜਿਊਣ ਦਾ ਲਾਲਚ
ਯੁੱਧ ਦਾ ਮੈਦਾਨ ਸੂਲੀ 'ਤੇ ਟੰਗਦਾ ਹੈ
ਧਰਤੀ ਤੇ ਅੰਬਰ ਲਹੂ ਨਾਲ ਰੰਗਦਾ ਹੈ

ਚੁੱਪ ਦੀ ਫ਼ਤਹਿ ਜਦ ਸ਼ੋਰ ਦਾ ਰੂਪ ਧਾਰਦੀ ਹੈ
ਤੇ ਹਸਤਨਾਪੁਰ ਦੇ ਖੰਡਰ ਸੁਆਰਦੀ ਹੈ
ਖੰਡਰਾਂ ਦਾ ਇਕ ਇਕ ਅੰਗ ਇਕ ਇਕ ਨਖ਼ਸ਼
ਆਪਣੇ ਲਹੂ ਨਾਲ ਧੋਂਦੀ ਹੈ
ਖੰਡਰਾਂ ਦੇ ਬੇਡੋਲ ਜੁੱਸੇ 'ਚ ਸੱਚ ਤੇ ਸੁੰਦਰਤਾ ਉਤਾਰਦੀ ਹੈ

ਖੰਡਰਾਂ ਦੀ ਤਪਸ਼ ਆਪਣੇ ਲਹੂ 'ਚ ਠਾਰਦੀ ਹੈ
ਖੰਡਰਾਂ ਦੀ ਦੇਹ 'ਚੋਂ ਜਿਉਂਦਾ ਜਾਗਦਾ
ਸੱਚਾ ਸੁੱਚਾ ਤੇ ਰੌਸ਼ਨ ਹਸਤਨਾਪੁਰ ਉਸਾਰਦੀ ਹੈ

ਜੋ ਧਰਿਤਰਾਸ਼ਟਰ ਦੇ
ਪੁੱਤਰ ਮੋਹ ਦਾ ਮੁਥਾਜ਼ ਨਹੀਂ
ਜੋ ਗੰਧਾਰੀ ਤੋਂ ਅੱਖਾਂ ਦੀ ਰੌਸ਼ਨੀ ਨਹੀਂ ਖੋਂਹਦਾ
ਜੋ ਦਰੋਪਤੀ ਦੇ ਚੀਰ ਹਰਨ ਦਾ ਹਾਮੀ ਨਹੀਂ
ਜਿਸ ਦਾ ਦੁਰਯੋਧਨ ਦਾਸ ਹੈ—ਸਵਾਮੀ ਨਹੀਂ
ਜਿਸ ਦੀ ਨਜ਼ਰ 'ਚ ਕੋਈ ਭੀਸ਼ਮ ਪਿਤਾਮਾ
ਤੀਰਾਂ ਦੀ ਸੇਜ 'ਤੇ ਨਹੀਂ
ਕੋਈ ਕਰਨ ਪਾਂਡਵਾਂ ਦੇ ਲਹੂ ਤੋਂ ਵੱਖਰਾ ਨਹੀਂ
ਜਿਥੇ ਗੰਧਾਰੀ ਦਾ ਸਰਾਪ
ਕ੍ਰਿਸ਼ਨ ਵੰਸ਼ ਤਕ ਅੱਪੜਦਾ ਅੱਪੜਦਾ ਵਰ ਹੋ ਜਾਂਦਾ ਹੈ
ਹਸਤਨਾਪੁਰ ਦਾ ਖੰਡਰ ਹੀ
ਹਸਤਨਾਪੁਰ ਦਾ ਤਾਜ ਤਖ਼ਤ ਤੇ ਘਰ ਹੋ ਜਾਂਦਾ ਹੈ

ਜਦ ਚੁੱਪ ਟੁੱਟਦੀ ਹੈ
ਤਾਂ ਮਾਨਵ ਦੀਆਂ ਕਦਰਾਂ-ਕੀਮਤਾਂ
ਮੂਲ ਸਭਿਆਚਾਰ ਤੇ ਇਤਿਹਾਸ ਬਦਲਦਾ ਹੈ
ਜੀਵਨ ਬਦਲਦਾ ਹੈ
ਜੀਵਨ ਦਾ ਅਹਿਸਾਸ ਬਦਲਦਾ ਹੈ
ਮਨੁੱਖ ਦਾ ਵਿਚਰਨ ਧਰਾਤਲ
ਅੰਦਰ ਤੇ ਬਾਹਰ ਬਦਲਦਾ ਹੈ
ਮਨੁੱਖ ਦੇ ਪਰਾਂ 'ਚ ਸ਼ਕਤੀ ਪ੍ਰਵੇਸ਼ ਕਰਦੀ ਹੈ
ਮਨੁੱਖੀ ਸੱਚ ਦਾ ਪਰਵਾਜ਼ ਬਦਲਦਾ ਹੈ
ਮਨੁੱਖ ਦਾ ਅੰਤ ਤੇ ਆਗਾਜ਼ ਬਦਲਦਾ ਹੈ

ਚੁੱਪ ਤੋਂ ਪਿਛਲੇਰਾ ਸ਼ੋਰ
ਮਨੁੱਖਾ ਰੂਹ ਦੀ ਸੁਰ ਬਦਲਦਾ ਹੈ
ਮਨੁੱਖਾ ਦੇਹ ਦੀ ਕਾਰਜ ਪ੍ਰਣਾਲੀ ਬਦਲਦਾ ਹੈ

ਮਨੁੱਖਾ ਦੇਹ ਦਾ ਸਾਜ਼ ਬਦਲਦਾ ਹੈ
ਨਵੀਆਂ ਸਰਗਮਾਂ ਨਵੀਆਂ ਸੁਰਾਂ
ਨਵੇਂ ਸੰਗੀਤ ਦਾ ਜ਼ਿੰਦਗੀ 'ਚ ਆਗਾਜ਼ ਹੁੰਦਾ ਹੈ
ਜ਼ਿੰਦਗੀ ਦੀ ਤੋਰ ਵੱਖਰੀ
ਤੇ ਨਵਾਂ ਅੰਦਾਜ਼ ਹੁੰਦਾ ਹੈ
ਜੋ ਨਾਦ ਗੂੰਜਦਾ ਹੈ ਕੁਦਰਤ ਦੇ ਸਾਹਾਂ 'ਚ
ਉਹ ਮਨੁੱਖ ਦੀ ਵਾਣੀ·ਮਨੁੱਖ ਦੀ ਆਵਾਜ਼ ਹੁੰਦਾ ਹੈ

ਚੁੱਪ ਤੋਂ ਪਿਛਲੇਰਾ ਸ਼ੋਰ ਸ਼ਬਦ ਹੁੰਦਾ ਹੈ
ਅਰਥ ਹੁੰਦਾ ਹੈ
ਧਰਤੀ ਹੁੰਦੀ ਹੈ—ਆਕਾਸ਼ ਹੁੰਦਾ ਹੈ
ਬ੍ਰਹਿਮੰਡ ਤੇ ਪ੍ਰਕਿਰਤੀ ਦਾ ਸਿਰਜਣਹਾਰ ਹੁੰਦਾ ਹੈ
ਚੁੱਪ ਤੋਂ ਪਿਛਲੇਰਾ ਸ਼ੋਰ
ਕਾਦਰ ਵੱਲ ਖੁੱਲ੍ਹਦਾ ਦੁਆਰ ਹੁੰਦਾ ਹੈ

ਚੁੱਪ ਤੋਂ ਸ਼ੋਰ ਜਨਮਦਾ ਹੈ
ਚੁੱਪ ਦੇ ਬੀਜ 'ਚ ਹੀ ਸ਼ੋਰ ਵਿਸਥਾਰ ਹੁੰਦਾ ਹੈ
ਸ਼ੋਰ 'ਚ ਚੁੱਪ ਦੀ ਜੜ੍ਹ ਹੁੰਦੀ ਹੈ
ਸ਼ੋਰ 'ਚ ਚੁੱਪ ਦੇ ਰੁੱਖ ਦਾ ਆਕਾਰ ਹੁੰਦਾ ਹੈ
ਰੁੱਖਾਂ ਦੀ ਛਾਂ ਹੁੰਦੀ ਹੈ—ਧੁੱਪ ਹੁੰਦੀ ਹੈ
ਰੁੱਖ ਦਾ ਸ਼ੋਰ ਹੁੰਦਾ ਹੈ—ਰੁੱਖ ਦੀ ਚੁੱਪ ਹੁੰਦੀ ਹੈ
*

## ਇਕਾਂਤ

ਦੂਰ ਦੂਰ ਤਕ ਪੈਰਾਂ 'ਚ ਫੈਲੀ ਧਰਤ ਹੈ
ਦੂਰ ਤਕ ਸਿਰ 'ਤੇ ਸ਼ਾਮਿਆਨਾ ਅੰਬਰ ਦਾ ਹੈ
ਵਗਦੀਆਂ ਪੌਣਾਂ ਜਿਸਮ ਮਹਿਸੂਸ ਕਰਦਾ ਹੈ
ਥਲਾਂ 'ਚ ਟੁਰਦਾ ਹੈ ਸਾਗਰ 'ਚ ਤੁਰਦਾ ਹੈ
ਜੰਗਲ ਦੀ ਹਰਿਆਵਲ ਨੈਣਾਂ 'ਚ ਪਾਉਂਦਾ ਹੈ
ਆਪਣੇ ਆਪ 'ਚ ਉਤਰ ਜਾਂਦਾ ਹੈ
ਜਿਥੇ ਇਕਾਂਤ ਹੈ
ਇਕੱਲਤਾ ਨਹੀਂ ਸੁਰ ਹੈ ਸ਼ੋਰ ਨਹੀਂ
ਮਨ 'ਚ ਸ਼ਾਂਤੀ ਦੀ ਨਦੀ ਵਗਦੀ ਹੈ
ਸਾਗਰ ਦੀਆਂ ਅੱਥਰੀਆਂ ਲਹਿਰਾਂ ਨਹੀਂ
ਦਰਿਆਵਾਂ ਦੇ ਅੱਥਰੇ ਚਿਹਰੇ ਨਹੀਂ
ਖ਼ੁਸ਼ਬੂਆਂ ਦੀ ਮਹਿਕ ਪੌਣਾਂ 'ਚ ਰਲਦੀ ਹੈ
ਸਕੂਨ ਦੀ ਦੁਨੀਆ ਦਿਲ 'ਚ ਵਸਦੀ ਹੈ

ਫੁੱਲਾਂ ਦੇ ਖਿੜਨ ਦਾ ਤਰਾਨਾ ਹੈ
ਕਲੀਆਂ ਦੀ ਕੁੱਖ 'ਚ ਮਹਿਕ ਦਾ ਜ਼ਮਾਨਾ ਹੈ
ਬਹਾਰਾਂ ਦੇ ਪਾਸ
ਮੌਸਮਾਂ ਨੂੰ ਮਿਲਣ ਦਾ ਬਹਾਨਾ ਹੈ
ਪੰਛੀਆਂ ਦਾ ਘਰਾਂ ਨੂੰ ਪਰਤਣ ਦਾ ਵੇਲਾ ਹੈ
ਸ਼ਾਂਤ ਸੂਰਜ ਆਪਣੀਆਂ ਕਿਰਨਾਂ ਸਮੇਟਦਾ ਹੈ
ਅਸਮਾਨ ਚੰਨਾਂ ਤਾਰਿਆਂ ਦੀ ਲੋਈ
ਆਪਣੇ ਦੁਆਲੇ ਲਪੇਟਦਾ ਹੈ
ਰਾਤ ਛਾਅ ਗਈ ਕੁਦਰਤ ਦੇ ਚਿਹਰੇ 'ਤੇ
ਰਾਤ 'ਚ ਚਾਨਣੀ ਦੀ ਇਕਾਂਤ ਹੈ ਇਕੱਲਤਾ ਨਹੀਂ
ਜੋਸ਼ ਹੈ ਹੋਸ਼ ਹੈ—ਨਿਰਬਲਤਾ ਨਹੀਂ

ਸੁਬ੍ਹਾ ਹੈ—ਮੰਦਰ ਹੈ
ਇਕ ਪੱਥਰ ਦਾ ਬੁੱਤ ਮੰਦਰ ਦੇ ਅੰਦਰ ਹੈ
ਪੌਣਾਂ ਦਾ ਗੀਤ ਹੈ

ਕੁਦਰਤ ਦਾ ਨਾਦ ਹੈ
ਚੁੱਪ ਨਹੀਂ—ਚੁੱਪ ਦੀ ਕੁੱਖ ਦੀ ਆਵਾਜ਼ ਹੈ
ਜੋ ਮੰਦਰ ਤੇ ਬੁੱਤ ਦੀ ਰੂਹ ਦਾ ਰਾਜ ਹੈ
ਪੱਥਰ ਦਾ ਬੁੱਤ—ਪੱਥਰ ਦਾ ਸ਼ਹਿਰ
ਪੱਥਰ ਦੀ ਸੁਰ—ਪੱਥਰ ਦਾ ਸਾਜ਼
ਪੱਥਰ ਹੀ ਪੱਥਰ ਦੀ ਆਵਾਜ਼
ਇਕਾਂਤ ਹੈ—ਇਕੱਲਤਾ ਨਹੀਂ
ਇਕਾਂਤ ਦੀ ਤਾਸੀਰ ਦਾ ਵਾਤਾਵਰਣ 'ਚ ਪਾਸਾਰ ਹੈ
ਰੂਹ ਦੀ ਸੁਰ ਹੈ
ਆਤਮਾ ਦਾ ਬੋਲ ਇਕਾਂਤ ਦੀ ਚੁੱਪ ਕੋਲ ਹੈ

ਇਕੱਲਤਾ ਨਹੀਂ ਉਦਾਸੀ ਨਹੀਂ
ਉਪਰਾਮਤਾ ਨਹੀਂ
ਰੂਹ ਦੀ ਖ਼ੁਸ਼ੀ ਹੈ—ਇਕਾਂਤ ਦੇ ਵਜੂਦ 'ਚ
ਕਾਦਰ ਕੁਦਰਤ ਤੇ ਮਨੁੱਖ ਦੀ ਇਕਾਈ ਹੈ
ਇਕਾਂਤ ਦੇ ਬੋਲ 'ਚ

ਸਹਿਰਾ ਹੈ—ਪੱਥਰ ਹੈ
ਸੁੱਕੇ ਜਲ ਦਾ ਸਮੁੰਦਰ ਹੈ—ਪਹਾੜ ਹੈ
ਤਪਸ਼ ਸੂਰਜ ਦੀ
ਜੰਗਲ ਦੇ ਸਿਰ ਤੇ ਜੜ੍ਹ ਵਿਚਕਾਰ ਹੈ
ਕੁਦਰਤ ਦੇ ਸਿਰ 'ਤੇ ਲਟਕਦੀ
ਅੱਗ ਦੀ ਤਲਵਾਰ ਹੈ
ਪੱਤਝੜ ਦਾ ਵਸੇਰਾ ਹੈ
ਪਿਆਸੇ ਦਰਿਆਵਾਂ ਨਦੀਆਂ ਦੀ ਭਰਮਾਰ ਹੈ
ਬੂੰਦ ਬੂੰਦ ਲਈ ਪਿਆਸੇ ਬੱਦਲਾਂ ਦਾ
ਅੰਬਰ ਤੇ ਵਿਸਥਾਰ ਹੈ
ਕੁਦਰਤ ਦੀ ਕਾਰਜ਼ ਪ੍ਰਣਾਲੀ ਇਕਾਂਤ ਹੈ
ਇਕੱਲਤਾ ਨਹੀਂ
ਸ਼ੋਰ ਸ਼ਰਾਬਾ ਚੀਕ ਚਿਹਾੜਾ ਨਹੀਂ
ਕੁਦਰਤ 'ਚ ਕੁਦਰਤ ਸੁਰ ਹੈ

ਇਕਾਂਤ ਜੀਵਨ ਦਾ ਸੁੱਖ ਹੈ
ਸਹਿਜ ਹੈ—ਆਧਾਰ ਹੈ
ਧਰਤੀ ਦੀ ਗਤੀ ਹੈ
ਅੰਬਰ ਦਾ ਪ੍ਰਸਾਰ ਹੈ
ਸ਼ਾਂਤ ਸਾਗਰਾਂ ਦੀ ਟੋਰ ਹੈ
ਇਕਾਂਤ ਦੇ ਵਿਹੜੇ 'ਚ
ਨੱਚਦਾ ਸ਼ਾਂਤੀ ਦਾ ਮੋਰ ਹੈ
ਬੀਜ ਤੋਂ ਰੁੱਖ ਦੇ ਸਫ਼ਰ ਤਕ
ਇਕਾਂਤ ਦਾ ਵਿਸਥਾਰ ਹੈ
ਰੁੱਖ 'ਚ ਜੰਗਲ ਹੈ—ਜੰਗਲ ਰੁੱਖਾਂ ਵਿਚਕਾਰ ਹੈ

ਪੌਣ ਇਕਾਂਤ ਹੈ
ਭੈਅ ਹੇਠ ਵਗਦੀ ਹੈ
ਜੰਗਲ ਦੇ ਫੇਫੜਿਆਂ 'ਚ ਪ੍ਰਾਣ ਧਰਦੀ ਹੈ
ਰੁੱਖ 'ਚੋਂ ਬੀਜ
ਬੀਜ 'ਚੋਂ ਰੁੱਖ ਉੱਗਦੇ ਹਨ
ਇਕਾਂਤ ਦੀ ਦੇਹ 'ਚ ਸ਼ਾਂਤੀ ਦੇ ਸਾਹ ਧੜਕਦੇ ਹਨ
ਇਕਾਂਤ ਦੇ ਨੈਣਾਂ 'ਚ
ਚੰਨ ਸੂਰਜ ਤਾਰੇ ਡਲਕਦੇ ਹਨ
ਇਕਾਂਤ ਦੇ ਮੁਖੜੇ 'ਚੋਂ
ਸੱਚ ਤੇ ਸੁੰਦਰਤਾ ਝਲਕਦੇ ਹਨ
ਇਕਾਂਤ 'ਚ ਮਨੁੱਖ ਦੀ ਜੜ੍ਹ ਹੈ
ਇਕਾਂਤ ਅੰਦਰ ਸ਼ਾਂਤੀ ਦੀ ਝੜੀ ਲੱਗਦੀ ਹੈ

ਮਨੁੱਖ ਨੂੰ ਆਪਣੀ ਪਹਿਚਾਣ ਹੁੰਦੀ ਹੈ
ਜ਼ਿੰਦਗੀ ਆਪਣਾ ਰਾਹ ਸਿਰਜਦੀ ਹੈ
ਜ਼ਿੰਦਗੀ ਲਈ
ਜ਼ਿੰਦਗੀ ਕੁਰਬਾਨ ਹੁੰਦੀ ਹੈ
ਬਿੰਦੂਆਂ ਤੋਂ ਦਾਇਰਿਆਂ 'ਚ ਬਦਲਦੀ ਹੈ
ਜ਼ਿੰਦਗੀ
ਜ਼ਿੰਦਗੀ ਦੇ ਵਿਹੜੇ ਸੂਰਜਾਂ ਦੇ ਕਾਫ਼ਲੇ ਧਰਦੀ ਹੈ

ਇਕਾਂਤ ਦੇ ਸਿਰ ਹੇਠ
ਸ਼ਾਂਤੀ ਦਾ ਧੜ ਹੁੰਦਾ ਹੈ
ਇਕਾਂਤ ਸ਼ਾਂਤੀ ਦਾ ਰੂਪ ਹੁੰਦੀ ਹੈ
ਜਿਸ ਵਿਚ ਜ਼ਿੰਦਗੀ ਦਾ ਰਿਜ਼ਕ ਹੈ
ਮਨੁੱਖਤਾ ਦਾ ਵਸੇਰਾ ਹੈ
ਮਨੁੱਖ ਲਈ ਸਬਰ ਸੰਤੋਖ ਤੇ ਸਿਦਕ ਹੁੰਦਾ ਹੈ
ਪਿਆਸ ਲਈ ਜਲ ਹੁੰਦਾ ਹੈ
ਤ੍ਰਿਸ਼ਨਾ ਲਈ ਤ੍ਰਿਪਤੀ
ਭੁੱਖ ਲਈ ਅੰਨ ਹੁੰਦਾ ਹੈ
ਮਨੁੱਖ ਆਪਣੀ ਸ਼ੋਭਾ ਹੰਢਾਉਂਦਾ ਹੈ
ਘਰ ਦੇ ਮੱਥੇ ਤੇ ਚੜ੍ਹਿਆ ਚੰਨ ਹੁੰਦਾ ਹੈ
ਇਕਾਂਤ ਜਿਸ ਦਾ ਦਰ ਹੁੰਦਾ ਹੈ
ਉਸ ਘਰ ਨੂੰ ਸ਼ਾਂਤੀ ਦਾ ਵਰ ਹੁੰਦਾ ਹੈ

ਪੈਰ ਸਿਰ ਤਕ ਟੁਰੇ
ਸਿਰ ਪੈਰਾਂ 'ਚ ਉਤਰਿਆ
ਪੈਰਾਂ ਦੇ ਸਿਰ ਦਾ ਸਫ਼ਰ ਜਿਥੇ ਵੀ ਅੱਪੜਿਆ
ਉਥੇ ਇਕਾਂਤ ਸੀ—ਇਕੱਲਤਾ ਨਹੀਂ
ਇਕੱਲਤਾ ਹੈ ਜਿਥੇ—ਉਥੇ ਰੌਣਕ ਨਹੀਂ
ਜ਼ਿੰਦਗੀ ਦੀ ਖੜੋਤ ਹੈ
ਨਾ ਕੋਈ ਪੁਨੂੰ ਨਾ ਸੱਸੀ ਨਾ ਸਹਿਰਾ ਨਾ ਹੋਤ ਹੈ
ਨਾ ਜਿਸਮ ਹੈ—ਨਾ ਪ੍ਰਾਣ ਹੈ
ਇਕੱਲਤਾ 'ਚ ਇਕੱਲਤਾ ਦਾ ਸ਼ਮਸ਼ਾਨ ਹੈ
ਨਾ ਸਹਿਜ ਹੈ—ਨਾ ਕੋਈ ਤੂਫ਼ਾਨ ਹੈ
ਇਕੱਲਤਾ 'ਚ ਕਬਰਾਂ ਦੀ ਮਿੱਟੀ ਜੁਆਨ ਹੈ
ਨਾ ਭੂਤ ਨਾ ਵਰਤਮਾਨ ਨਾ ਭਵਿੱਖ ਹੈ
ਇਕੱਲਤਾ ਸਮੇਂ ਦੀ ਲਾਸ਼ ਹੈ
ਨਾ ਚੀਕ ਹੈ ਨਾ ਸੁਰ ਹੈ ਨਾ ਕੋਈ ਆਵਾਜ਼ ਹੈ
ਇਕੱਲਤਾ
ਚੁੱਪ ਤੇ ਸਰਨਾਟੇ ਦਾ ਸਾਜ਼ ਹੈ

ਇਕਾਂਤ 'ਚ ਭਟਕਣ ਨਹੀਂ
ਸਥਿਰਤਾ ਦਾ ਅਹਿਸਾਸ ਹੈ
ਇਕਾਂਤ ਦੇ ਕੰਠ 'ਚ ਚੁੱਪ ਦੀ ਆਵਾਜ਼ ਹੈ
ਇਕਾਂਤ 'ਚ ਸੱਚ ਸੁੰਦਰਤਾ ਜੀਵਨ ਦਾ ਸਾਜ਼ ਹੈ
ਇਕਾਂਤ 'ਚੋਂ ਉੱਠੀ
ਆਪਣੇ ਆਪ ਨੂੰ ਮਾਰੀ ਆਵਾਜ਼ ਹੈ
ਆਪਣੇ ਜਿਸਮ ਤੋਂ
ਰੂਹ 'ਚ ਉਤਾਰੀ ਆਵਾਜ਼ ਹੈ
ਆਪਣਾ ਭੇਦ ਜਾਣਨ ਦਾ ਰਾਜ਼ ਹੈ
ਮਾਨਵ ਦੇਹ ਦੀ ਸੁਤੰਤਰਤਾ ਹੈ
ਮਾਨਵ ਦਾ ਮੂਲ ਹੈ
ਸ੍ਵੈ ਦਾ ਭੇਦ ਵੀ ਮਾਨਵ ਦੇਹ ਦੇ ਪਾਸ ਹੈ
ਦੇਹ ਤੋਂ ਸ੍ਵੈ ਤਕ ਦੇ ਸਫ਼ਰ 'ਚ
ਇਕਾਂਤ ਸੀ—ਇਕੱਲਤਾ ਨਹੀਂ

ਇਕਾਂਤ ਮਨੁੱਖੀ ਦੇਹ ਦੀ ਪ੍ਰਯੋਗਸ਼ਾਲਾ ਹੈ
ਇਸ ਪ੍ਰਯੋਗਸ਼ਾਲਾ 'ਚ
ਜੇ ਮਨੁੱਖ ਪ੍ਰਯੋਗਿਆ ਜਾਵੇ ਤਾਂ
ਆਪਣੇ ਝੂਠ ਨੂੰ ਸਮਝੇ ਆਪਣੇ ਸੱਚ ਨੂੰ ਜਾਣੇ
ਆਪਣੀ ਨਿਰੋਲਤਾ ਦੇ ਸੱਚ ਦੀ
ਸ਼ੋਭਾ ਆਪ ਹੰਢਾਵੇ
ਆਪਣੇ ਸੱਚ ਤੇ ਸੁੰਦਰਤਾ 'ਚ ਉਤਰ ਜਾਵੇ
ਧਰਤੀ ਦੀ ਮਹਿਕ ਬਣ ਜਾਵੇ
ਅੰਬਰ ਤੇ ਸੂਰਜਾਂ ਚੰਨਾਂ ਤਾਰਿਆਂ ਵਾਂਗੂੰ ਚੜ੍ਹੇ
ਆਪਣੀ ਮੈਂ ਤਿਆਗੇ—ਸਿਰਫ਼ ਤੇਰਾ ਹੋ ਜਾਵੇ
ਮਨੁੱਖ ਦਾ ਰੌਸ਼ਨ ਅੰਦਰ ਤੇ ਚੁਫ਼ੇਰਾ ਹੋ ਜਾਵੇ
ਜ਼ੱਰੇ ਜ਼ੱਰੇ ਕਣ ਕਣ 'ਚ
ਮਨੁੱਖ ਦਾ ਵਸੇਰਾ ਹੋ ਜਾਵੇ
ਮਨੁੱਖ ਮਨੁੱਖਤਾ ਤੇ ਦੁਨੀਆ 'ਚੋਂ
ਦੂਰ ਹਨੇਰਾ ਹੋ ਜਾਵੇ

ਮਨੁੱਖ ਪੈਰ ਪੁੱਟੇ ਤੇ ਇਕਾਂਤ 'ਚ ਧਰੇ
ਸੁੱਖ ਸ਼ਾਂਤੀ ਦੇ ਕੁਰੂਕਸ਼ੇਤਰ 'ਚ
ਆਪਣਾ ਜੀਵਨ ਯੁੱਧ ਲੜੇ
ਪਾ ਕੇ ਫਤ੍ਹਿ ਹੋ ਕੇ ਜੇਤੂ
ਸੂਰਜ ਬਣ ਕੇ ਅੰਬਰ 'ਤੇ ਚੜ੍ਹੇ
ਸੱਚ ਸੁੰਦਰਤਾ ਤੇ ਸ਼ਾਂਤੀ ਦਾ ਦਾਮਨ ਫੜੇ
ਬਣ ਕੇ ਜੋਤ ਚਾਨਣ ਦੀ ਜਗੇ

ਅੱਖਾਂ 'ਚ ਵਸਾ ਲਵੇ ਚਿਹਰਾ ਇਕਾਂਤ ਦਾ
ਸਿਮਰਨ ਦੀ ਸ਼ਾਂਤੀ
ਤਲੀ 'ਤੇ ਧਰੇ
ਆਪਣੇ ਚਾਨਣ ਸੰਗ ਰੰਗਿਆ ਜਾਵੇ
ਆਪਣੇ ਆਪ ਨੂੰ ਆਵਾਜ਼ ਮਾਰੇ
ਆਪਣਾ ਆਪਾ ਆਪਣੀਆਂ ਮੁੱਠਾਂ 'ਚ ਫੜੇ
ਪੈਰਾਂ ਤੋਂ ਸਿਰਾਂ ਦੇ ਸਫ਼ਰ ਤਕ ਇਕਾਂਤ ਸੀ
ਇਕੱਲਤਾ ਨਹੀਂ
ਜੋਸ਼ ਸੀ—ਹੋਸ਼ ਸੀ—ਨਿਰਬਲਤਾ ਨਹੀਂ
*

## ਪ੍ਰਯੋਗਸ਼ਾਲਾ

ਮੇਰੇ 'ਚੋਂ ਹੀ ਬ੍ਰਹਮ ਨੇ
ਵੇਖਣਾ ਸੁਣਨਾ ਬੋਲਣਾ ਤੇ ਸੋਚਣਾ ਸਿੱਖਿਆ
ਮੇਰੇ 'ਚੋਂ ਹੀ ਆਪਣੇ ਆਪ ਨੂੰ ਪਹਿਚਾਣਿਆ
ਜੀਵਿਆ ਤੇ ਜੋਤ ਸਰੂਪ ਹੋ ਗਿਆ
ਬ੍ਰਹਿਮੰਡ ਬ੍ਰਹਮ ਦਾ ਰੂਪ ਹੋ ਗਿਆ

ਮੇਰੀ ਅੰਦਰਲੀ ਪ੍ਰਯੋਗਸ਼ਾਲਾ
ਆਕਾਸ਼ ਹਵਾ ਅਗਨ ਜਲ ਤੇ ਧਰਤ ਨੇ ਜਨਮ ਲਿਆ
ਸਾਗਰ ਪਹਾੜਾਂ ਜੰਗਲਾਂ ਪ੍ਰਕਿਰਤੀਆਂ
ਸੂਰਜਾਂ ਚੰਨਾਂ ਤਾਰਿਆਂ ਦੇ
ਸੱਚ ਨੇ ਜਨਮ ਲਿਆ
ਮੇਰੀ ਪ੍ਰਯੋਗਸ਼ਾਲਾ 'ਚ ਹੈ ਬ੍ਰਹਮ ਦਾ ਮੂਲ ਪਿਆ
ਪ੍ਰਕਿਰਤੀ ਦੀ ਉਤਪਤੀ ਜੀਵਨ ਆਰੰਭ ਦਾ ਹੈ ਦਸਤੂਰ ਪਿਆ

ਮੇਰੀ ਅੰਦਰਲੀ ਪ੍ਰਯੋਗਸ਼ਾਲਾ 'ਚੋਂ ਮਨੁੱਖ ਜਨਮਿਆ
ਮਨੁੱਖ ਦਾ ਵਿਕਾਸ ਮਨੁੱਖਤਾ ਜਨਮੀ
ਮਨੁੱਖ ਦੀ ਇਕੱਲਤਾ ਚੁੱਪ ਉਦਾਸੀ
ਤੇ ਰੌਣਕ ਦਾ ਅਹਿਸਾਸ ਜਨਮਿਆ
ਮਨੁੱਖ ਦੇ ਰਿਸ਼ਤੇ ਸੰਸਕਾਰ ਭਾਸ਼ਾ
ਸਭਿਆਚਾਰ ਰਸਮਾਂ ਰੀਤਾਂ ਰਿਵਾਜ਼
ਮੇਰੀ ਦੇਹ 'ਚੋਂ ਪੁੰਗਰੇ
ਮਨੁੱਖ ਦੇ ਮੱਥੇ 'ਚ ਦਿਸ਼ਾਵਾਂ
ਪੈਰਾਂ 'ਚ ਰਾਹ ਮੇਰੇ 'ਚੋਂ ਨਿਕਲੇ ਹਨ
ਮੇਰੇ 'ਚ ਸਮਾਏ ਹਨ

ਮੇਰੀ ਦੇਹ ਮਨੁੱਖ ਦਾ ਇਤਿਹਾਸ ਹੈ
ਮੇਰੀ ਦੇਹ ਦੇ ਵਰਕਿਆਂ 'ਤੇ
ਮਨੁੱਖ ਦੇ ਸਾਹਾਂ ਦਾ ਹਿਸਾਬ ਹੈ
ਮੇਰੀ ਦੇਹ ਮਨੁੱਖ ਤੇ ਮਨੁੱਖਤਾ ਦੀ ਖੁੱਲ੍ਹੀ ਕਿਤਾਬ ਹੈ

ਜਿਸ ਦੇ ਸ਼ਬਦਾਂ ਅਰਥਾਂ 'ਚ ਮੇਰਾ ਵਸੇਰਾ ਹੈ
ਅਨੁਭਵ ਤੇ ਭਾਵ ਦੇ ਸੱਚ 'ਚ
ਮੇਰਾ ਲਹੂ ਗਿੜਦਾ ਹੈ
ਸਮੇਂ ਦੀ ਗਤੀ 'ਚ ਮੇਰਾ ਹੀ ਡੇਰਾ ਹੈ
ਮੌਸਮਾਂ ਬਹਾਰਾਂ ਪੱਤਝੜਾਂ ਬਿਜਲੀਆਂ
ਕਣੀਆਂ ਤੂਫ਼ਾਨਾਂ ਹਨੇਰੀਆਂ 'ਚ
ਮੈਂ ਹੀ ਵੱਸਦਾ ਹਾਂ
ਜ਼ਿੰਦਗੀ ਦੀ ਗਤੀ ਦੀ ਜੋਤ ਹਾਂ
ਮੌਤ ਤੋਂ ਪਿੱਛੋਂ
ਜਿਉਂਦੀ ਜਾਗਦੀ ਜ਼ਿੰਦਗੀ ਦੀ ਨੁਹਾਰ
ਮੈਂ ਪੱਤਝੜ ਹੀ ਗੁਲਜ਼ਾਰ ਹਾਂ

ਮੈਂ ਆਪਣੇ ਆਪ ਦੀ ਪ੍ਰਯੋਗਸ਼ਾਲਾ ਹਾਂ
ਆਪਣਾ ਹਨੇਰਾ ਹਾਂ—ਆਪਣਾ ਉਜਾਲਾ ਹਾਂ
ਆਪਣੇ ਅੰਦਰ ਖ਼ੁਦ ਆਪ ਹਾਂ
ਖ਼ੁਦ ਆਪਣਾ ਦੁਆਲਾ ਹਾਂ
ਮੇਰੀ ਗੋਦ 'ਚ ਬ੍ਰਹਿਮੰਡ ਵੱਸਦੇ ਹੱਸਦੇ ਤੇ ਖੇਡਦੇ ਹਨ
ਇਹ ਮੇਰੇ ਖਿਡਾਉਣੇ ਹਨ
ਮੈਂ ਇਨ੍ਹਾਂ ਦਾ ਖਿਡਾਵਾ ਹਾਂ
ਹੈ ਧਰਤ ਚਰਾਗਾਹ ਮੇਰੀ
ਮਾਨਵ ਤੇ ਮਨੁੱਖਤਾ ਦਾ ਮੈਂ ਚਿਰਾਵਾ ਹਾਂ

ਮੈਂ ਆਪਣੀ ਪ੍ਰਯੋਗਸ਼ਾਲਾ 'ਚ
ਆਪਣੇ ਆਪ ਨੂੰ ਢਾਲਿਆ ਹੈ
ਆਪਣੇ ਪ੍ਰਾਣਾਂ ਨੂੰ ਪਹਿਚਾਣਿਆ ਹੈ
ਆਪਣਾ ਆਪਾ ਲਹੂ 'ਚ ਉਬਾਲਿਆ ਹੈ
ਆਪਣੀ ਦੇਹ ਨੂੰ ਪੁਣਿਆ ਤੇ ਛਾਣਿਆ ਹੈ
ਆਪਣੀ ਦੇਹ ਦੇ ਸੱਚ ਨੂੰ ਜਾਣਿਆ ਹੈ
ਆਪਣਾ ਸੱਚ
ਦਿਸਹੱਦੇ ਤੋਂ ਪਾਰ ਤਕ ਵਸਾਇਆ ਹੈ
ਦੁਆਲੇ ਓੜ੍ਹਿਆ ਸਿਰ 'ਤੇ ਤਾਣਿਆ ਹੈ

ਇਸ ਸੱਚ ਤੋਂ ਸਮਝ ਆਈ
ਕਿ ਮੇਰੇ 'ਚੋਂ ਬ੍ਰਹਿਮੰਡ ਸੋਚਦਾ ਹੈ—ਬੋਲਦਾ ਹੈ
ਮੇਰੇ 'ਚ ਆਕਾਸ਼ ਪਾਤਾਲ ਸ੍ਰਿਸ਼ਟੀਆਂ ਤੇ
ਲੋਕਾਈਆਂ ਹਨ
ਮਨੁੱਖੀ ਸੋਚ ਤੋਂ ਬਾਹਰ
ਮੇਰੀਆਂ ਲੰਬਾਈਆਂ ਚੌੜਾਈਆਂ ਤੇ ਗਹਿਰਾਈਆਂ ਹਨ
ਮਨੁੱਖ ਦੀ ਹੱਦ ਦੀ ਨਜ਼ਰ ਤੋਂ ਮੈਂ ਬਾਹਰ ਹਾਂ

ਮੈਂ ਆਪਣੇ ਪੋਟਿਆਂ 'ਚ ਬ੍ਰਹਿਮੰਡ
ਤੇ ਪੈਰਾਂ 'ਚ ਧਰਤੀਆਂ ਵਿਛਾਈਆਂ ਹਨ
ਮੈਂ ਆਪਣੇ ਸੱਚ ਤੋਂ ਜਾਣਿਆ ਜਾਂਦਾ ਹਾਂ
ਮੇਰੀ ਦੇਹ ਦਾ ਮਹੱਤਵ ਕੀ ਹੈ—ਮੁੱਲ ਕੀ ਹੈ
ਜਨਮ ਦਾ ਕਾਰਨ ਮਰਨ ਦਾ ਅਸੂਲ ਕੀ ਹੈ
ਮੇਰੇ 'ਚ ਕੌਣ ਹੈ ਮੇਰੇ 'ਚੋਂ ਦੂਰ ਕੀ ਹੈ
ਜੀਵਨ ਦੀ ਲੋੜ ਕੀ ਹੈ
ਜੀਵਨ ਲਈ ਜ਼ਰੂਰੀ ਕੀ ਹੈ
ਮੈਂ ਆਪਣੇ ਆਪ 'ਚ ਇਸ ਦਾ ਜੁਆਬ ਹਾਂ
ਮੈਂ ਆਪਣੇ ਸੱਚ ਦਾ ਹੀ ਖ਼ੁਦ ਹਿਸਾਬ ਹਾਂ

ਮੇਰੇ ਲਈ ਜ਼ਰੂਰੀ ਹੈ
ਜਨਮ ਤੋਂ ਪਿੱਛੋਂ ਮੌਤ ਤੋਂ ਪਹਿਲਾਂ
ਇਹ ਜਾਣਨਾ ਕਿ ਮੇਰੀ ਸੱਚਾਈ ਕੀ ਹੈ
ਮੌਤ ਤੋਂ ਬਾਅਦ ਸੱਚ ਦਾ ਸਫ਼ਰ ਕੀ ਹੈ
ਮੌਤ ਦੇ ਆਗਮਨ ਤੇ
ਜੀਵਨ ਵੱਲੋਂ ਭੇਂਟ ਦੇਹ ਦਾ ਪੁਰਸਕਾਰ ਹੈ
ਪਰ ਜ਼ਿੰਦਗੀ ਮੌਤ ਤੋਂ ਆਰ ਹੈ—ਪਾਰ ਹੈ

ਸੱਚ ਦੀ ਚਿਰੰਜੀਵਤਾ
ਮਨੁੱਖ
ਮਨੁੱਖ ਸਰੀਰ ਤੋਂ ਬਿਨਾ ਵੇਖ ਨਹੀਂ ਸਕਦਾ
ਸੱਚ ਦਾ ਆਦਿ ਅੰਤ ਉਲੀਕ ਨਹੀਂ ਸਕਦਾ

ਦੇਹ ਜੋ ਸੱਚ ਦੀ ਪ੍ਰਯੋਗਸ਼ਾਲਾ ਹੈ
ਪ੍ਰਯੋਗਸ਼ਾਲਾ ਤੋਂ ਬਿਨਾ
ਦੇਹ ਦੇ ਸੱਚ ਦਾ ਸੱਚ ਜਾਣਿਆ ਜਾ ਨਹੀਂ ਸਕਦਾ

ਇਹ ਸੱਚ ਜਾਣਨਾ ਹੀ
ਦੇਹ ਦੇ ਜਨਮ ਦਾ ਕਾਰਨ ਹੈ
ਇਹ ਸੱਚ ਜਾਣ ਕੇ ਮਰਨਾ
ਜੀਵਨ ਦੀ ਸਫ਼ਲਤਾ ਹੈ ਜੀਵਨ ਮੋਖਸ਼ ਹੈ
ਫਿਰ ਨਾ ਜੰਮਣਾ ਹੈ ਨਾ ਮਰਨਾ ਹੈ
ਚਾਨਣ ਦਾ ਸਾਗਰ ਜਿਉਣਾ ਹੈ
ਚਾਨਣ ਦਾ ਸਾਗਰ ਤਰਨਾ ਹੈ
*

## ਜਗਿਆਸਾ ਦਾ ਸਫ਼ਰ

### ਜਗਿਆਸਾ ਤੇ ਹੋਂਦ

ਮੇਰੀ ਜਗਿਆਸਾ
ਮੇਰੀ ਹੋਂਦ ਦਾ ਦਰਵਾਜ਼ਾ ਖੋਲ੍ਹਦੀ ਹੈ
ਤਾਂ ਮੇਰੀ ਹੋਂਦ ਬੋਲਦੀ ਹੈ
ਮੈਂ ਹੀ ਤੇਰਾ ਸੱਚ ਹਾਂ
ਮੈਂ ਹੀ ਤੇਰੀ ਸਰੀਰਕ ਕਾਰਜ ਪ੍ਰਣਾਲੀ ਦਾ ਕਰਤਾ ਹਾਂ
ਮੈਂ ਹੀ ਤੇਰੇ ਸਾਹਾਂ 'ਚ ਵਸਦਾ
ਮੈਂ ਹੀ ਤੇਰੇ ਸਾਹਾਂ ਦਾ ਸੂਰਜ ਹਾਂ
ਮੈਂ ਹੀ ਤੇਰੀ ਹੋਂਦ
ਤੇਰੀ ਆਤਮਾ ਦਾ ਰੂਪ ਹਾਂ
ਮੈਂ ਹੀ ਤੇਰੇ ਪ੍ਰਾਣਾਂ ਦਾ ਪ੍ਰਾਣ ਹਾਂ
ਮੈਂ ਹੀ ਹਾਂ ਜੋ ਤੇਰੇ ਪੰਜਾਂ ਤੱਤਾਂ
ਤੇ ਜੀਵਨ ਗਤੀ 'ਚ ਚੇਤਨਾ ਬੀਜਦਾ ਹਾਂ

ਚੇਤਨਾ ਜਦ ਜਗਿਆਸਾ 'ਚ ਬਦਲਦੀ ਹੈ
ਤਾਂ ਹੋਂਦ ਦੀ ਜੋਤ ਮੱਥੇ 'ਚ ਜਗਦੀ ਹੈ
ਜੋ ਜੀਵਨ ਦਾ ਸੋਮਾ ਹੈ
ਮਨੁੱਖ ਦੀ ਦੇਹ 'ਚ ਕਾਦਰ ਦਾ ਕ੍ਰਿਸ਼ਮਾ ਹੈ
ਇਹ ਜੋਤ ਆਦਿ ਅੰਤ ਰਹਿਤ ਹੈ
ਇਹ ਜੋਤ ਪ੍ਰਾਣਾਂ ਸਹਿਤ ਦੇਹ 'ਚ ਪਹਿਲਾਂ ਵੀ ਹੈ
ਪ੍ਰਾਣ ਰਹਿਤ ਦੇਹ ਤੋਂ ਪਿੱਛੋਂ ਵੀ ਹੈ
ਸੋਚ ਤੋਂ ਬਾਹਰ ਹੈ ਬੜੀ ਬੇਅੰਤ ਹੈ
ਜਿਸ ਨੂੰ ਜਾਣ ਕੇ
ਇਹ ਮਹਿਸੂਸ ਹੁੰਦਾ ਹੈ
ਭੌਤਿਕ ਸਰੀਰ 'ਚ ਵਸਦੀ ਆਤਮਾ ਹੀ
ਸਰੀਰ ਦੀ ਉਪਾਧੀ ਤੋਂ ਬਿਨਾ ਪਰਮਾਤਮਾ ਹੈ

ਮੇਰੀ ਜਗਿਆਸਾ
ਜਦ ਆਨੰਦ ਸਰੂਪ ਦਾ ਦਰਵਾਜ਼ਾ ਖੋਲ੍ਹਦੀ ਹੈ

ਤਾਂ ਸੁੱਖ ਦੁਖ ਤੋਂ ਉੱਚਾ ਉੱਠ ਕੇ ਬੋਲਦੀ ਹੈ
ਦੇਹ ਨੂੰ ਨਿਰਲੇਪ ਹੋਣਾ ਸਿਖਾਉਂਦੀ ਹੈ
ਇਕਰੂਪਤਾ ਦੀ ਜੋਤ ਜਗਾਉਂਦੀ ਹੈ
ਦੇਹ 'ਚੋਂ ਉੱਠਦੀ ਹੈ
ਆਤਮਾ ਦੇ ਸੱਚ ਤਕ ਪਹੁੰਚ ਜਾਂਦੀ ਹੈ
ਆਤਮਾ ਜਿਸ ਨੂੰ ਅਕਾਸ਼ ਹਵਾ ਅਗਨ ਜਲ ਧਰਤ
ਸੁਕਾ ਨਹੀਂ ਸਕਦੇ—ਜਲਾ ਨਹੀਂ ਸਕਦੇ
ਭਿਉਂ ਨਹੀਂ ਸਕਦੇ—ਜਨਮ ਨਹੀਂ ਸਕਦੇ
ਮੁਕਾ ਨਹੀਂ ਸਕਦੇ

ਮੇਰੀ ਜਗਿਆਸਾ
ਆਤਮਾ ਦੀ ਹੋਂਦ ਦਾ ਸੱਚ
ਮੇਰੀ ਦੇਹ 'ਚ ਰੁਸ਼ਨਾਉਂਦੀ ਹੈ
ਇਸ ਦਾ ਸ਼ਬਦ ਅਰਥ ਹੋਂਦ ਸੱਚ ਤੇ ਸੰਕਲਪ
ਦੇਹ ਨੂੰ ਸਮਝਾਉਂਦੀ ਹੈ
ਨਾ ਦੁੱਖ ਦਾ ਦੁੱਖ—ਨਾ ਸੁਖ ਦਾ ਸੁੱਖ
ਨਾ ਚਾਨਣ ਦੀ ਪ੍ਰਸੰਸਾ ਦਾ ਹਨ੍ਹੇਰੇ ਦਾ ਸੋਗ
ਇਕ ਰੂਪ ਹੋ ਜੀਣਾ
ਨਾ ਜਨਮ ਦੀ ਖ਼ੁਸ਼ੀ ਦਾ ਮਰਨ ਦਾ ਗ਼ਮ
ਨਾ ਕੋਈ ਆਪਣਾ
ਨਾ ਕੋਈ ਵੈਰੀ ਨਾ ਹੀ ਬੇਗਾਨਾ
ਸਗਲ ਸੰਗ ਹਮ ਕੋ ਬਣ ਆਈ
ਇਹ ਪ੍ਰਵਿਰਤੀ
ਦੇਹ ਨੇ ਹੋਂਦ ਦੇ ਸੱਚ ਤੋਂ ਪਾਈ
ਆਪਣੀ ਮੈਂ ਨੂੰ ਮਾਰਨਾ ਤੂੰ ਨੂੰ ਜਪਣਾ
ਕੋਈ ਸ਼ਿਕਾਇਤ ਨਾ ਕਰਨੀ
ਭਾਣੇ 'ਚ ਰਹਿਣਾ ਤੇ ਭਾਣਾ ਮੰਨਣਾ
*

## ਜਗਿਆਸਾ ਤੇ ਜਜ਼ਬਾ

ਮੇਰੀ ਜਗਿਆਸਾ
ਜਦ ਜਜ਼ਬੇ ਦੇ ਦੁਆਰ 'ਤੇ ਅੱਪੜੀ
ਮੈਂ ਜੀਵਨ ਪ੍ਰਤੀ ਭਾਵੁਕ ਹੋਇਆ
ਦੁੱਖ ਤੇ ਸੁੱਖ ਨੂੰ ਟੋਹਿਆ
ਕਿਉਂ ਇਕੱਲਤਾ ਤੇ ਚੁੱਪ ਦੇਹ 'ਚ ਸਮਾਈ ਹੈ
ਕਿਉਂ ਉਦਾਸੀ
ਮੇਰੇ ਅੰਗ ਅੰਗ 'ਤੇ ਛਾਈ ਹੈ
ਕਿਉਂ ਪੱਤਝੜ
ਮੇਰੀਆਂ ਬਹਾਰਾਂ ਤੇ ਮੌਸਮ ਖਾ ਗਈ
ਕਿਉਂ ਮੇਰੇ ਗੁਲਸ਼ਨ ਨੂੰ ਗੁੜ੍ਹਤੀ
ਉਜਾੜਾਂ ਦੀ ਆ ਗਈ

ਇਕ ਕਾਫਲਾ ਭਾਵੁਕ ਤੇ ਦਿਸ਼ਾਹੀਣ ਅਰਥਾਂ ਦਾ
ਮੇਰੇ ਅੰਦਰ ਟੁਰਦਾ ਹੈ
ਮੇਰੇ ਅੰਦਰਲੀ ਧਰਤੀ ਤੇ ਹਨੇਰੇ ਬੀਜਦਾ ਹੈ
ਮੇਰੇ ਅੰਦਰ ਉਜਾੜਾਂ ਦਾ ਜੰਗਲ ਉੱਗਦਾ ਹੈ
ਕਿਉਂ ਹਨੇਰਾ ਮੇਰੇ ਅੰਦਰ ਤੇ ਦੁਆਲੇ ਪਸਰਿਆ ਹੈ
ਦੁੱਖਾਂ ਦੇ ਪਹਾੜ ਟੁੱਟੇ ਹਨ ਗ਼ਮਾਂ ਦੇ
ਤੂਫ਼ਾਨ ਉੱਠੇ ਹਨ
ਇਹ ਯੁੱਧ ਦੁੱਖ ਤੇ ਹਨੇਰੇ ਦਾ
ਮੇਰਾ ਸੁੱਖ ਮੇਰੀ ਸ਼ਾਂਤੀ ਲਿਤਾੜ ਗਿਆ ਹੈ
ਮੇਰਾ ਦੁੱਖ ਦਿਸਹੱਦੇ ਤੋਂ ਪਾਰ ਤਕ ਫੈਲ ਗਿਆ ਹੈ
ਮੇਰੀ ਹੋਂਦ ਨੂੰ ਖਾ ਗਿਆ ਹੈ
ਮੈਨੂੰ ਸੁੱਖ ਦਾ ਰਾਹ ਵਿਸਰ ਗਿਆ ਹੈ

ਮੇਰੇ 'ਚੋਂ ਉਪਰਾਮਤਾ ਜਨਮੀ ਵਿਰਾਗ ਜਨਮਿਆ
ਮੇਰੀ ਦੇਹ ਨੂੰ ਆਪਾ ਜਾਣਨ ਦੀ ਕੋਈ ਲਾਗ ਲਾ ਗਿਆ
ਮੈਂ ਉਦਾਸ ਉਪਰਾਮ ਦਿਨਾਂ ਦਾ ਹੌਕਾ
ਆਪਣਾ ਸੱਚ ਜਾਣੇ ਤੋਂ ਅਣਜਾਣ ਸਾਂ

ਅਗਤੀਆਂ 'ਚ ਘਿਰਿਆ ਤੂਫ਼ਾਨ ਸਾਂ
ਮੈਂ ਫੁੱਲਾਂ ਦੀ ਰੰਗਤ ਤੇ ਖ਼ੁਸ਼ਬੂਆਂ ਦਾ ਸ਼ਮਸ਼ਾਨ ਸਾਂ
ਮੈਂ ਉਪਰਾਮ ਦੁਨੀਆ ਤੇ ਜੀਵਨ ਤੋਂ ਹੋ ਗਿਆ
ਆਪਣੇ ਸਾਏ ਦੇ ਸੱਚ 'ਚ ਖੋਹ ਗਿਆ
ਉਦਾਸੀਆਂ 'ਚ ਘਿਰ ਗਿਆ
ਚੁੱਪ ਦੀ ਚੁੱਪ ਹੋ ਗਿਆ
ਗੁਲਸ਼ਨ ਬਹਾਰਾਂ ਮੌਸਮਾਂ ਫੁੱਲਾਂ ਖ਼ੁਸ਼ਬੂਆਂ 'ਚ ਵੀ
ਦਿਲ ਨਹੀਂ ਸੀ ਲੱਗਦਾ
ਭੀੜਾਂ 'ਚ ਇਕੱਲਾ ਸਾਂ ਰੌਣਕਾਂ 'ਚ ਉਦਾਸ ਸਾਂ
ਨਾ ਆਪਣੇ ਤੋਂ ਦੂਰ ਸਾਂ
ਨਾ ਆਪਣੇ ਪਾਸ ਸਾਂ

ਇਕ ਤਲਬ ਸੀ
ਜੋ ਨਾ ਮਰਨ ਦਿੰਦੀ ਸੀ
ਨਾ ਜਿਉਣ ਦਿੰਦੀ ਸੀ
ਜ਼ਖ਼ਮ ਖਰੋਚਦੀ ਸੀ
ਨਾ ਭਰਨ ਦਿੰਦੀ ਸੀ ਨਾ ਸਿਉਣ ਦਿੰਦੀ ਸੀ
ਵੈਰਾਗ ਸੀ ਆਪਣਾ ਸੱਚ ਜਾਣਨ ਦਾ
ਆਪਣੀ ਹੋਂਦ ਪਹਿਚਾਣਨ ਦਾ
ਆਪਣੀ ਸਿਆਣ ਦਾ ਆਪਣੀ ਸ਼ਨਾਖ਼ਤ ਦਾ
ਆਪਣੀ ਇਬਾਦਤ ਦਾ
ਆਪਣੇ ਨੂਰ 'ਚ ਰਲਣ ਦਾ
ਆਪਣੇ ਆਪ ਤੇ ਬੱਦਲ ਬਣ ਕੇ ਵਰ੍ਹਨ ਦਾ

ਵੈਰਾਗੀ ਨੈਣਾਂ 'ਚ
ਅੱਥਰੂਆਂ ਦੇ ਹੜ੍ਹ ਆਏ
ਦਿਲ 'ਚ ਉਮੰਗਾਂ ਦੇ ਸਾਗਰ ਚੜ੍ਹ ਆਏ
ਚਾਹੁੰਦਾ ਸਾਂ ਆਪਣੇ ਆਪ ਤੋਂ
ਆਪਣੀ ਦੇਹ ਉਤਾਰਦਾ
ਆਪਣਾ ਅੰਦਰਲਾ ਸੱਚ
ਧਰਤੀ ਤੇ ਅੰਬਰ ਦਾ ਖਿਲਾਰਦਾ

ਪਰ ਅੰਦਰਲੇ ਸੱਚ ਤੋਂ ਅਣਜਾਣ ਸਾਂ
ਵੈਰਾਗੀ ਬਦਨ ਸੀ ਮੇਰਾ
ਵੈਰਾਗੀ ਰੂਹ ਸੀ ਮੇਰੀ
ਵੈਰਾਗੀ ਝੜੀ ਮੇਰੇ ਜਿਸਮ ਦੀ
ਕਾਲਖ ਧੋ ਗਈ
ਮੇਰੇ ਦੇਹ 'ਚੋਂ ਸੱਚ ਦੇ ਅੰਕੁਰ ਉਗਾ ਗਈ
ਭਾਲ ਨੂੰ ਤ੍ਰਿਪਤੀ ਮਿਲੀ
ਜਗਿਆਸਾ ਨੂੰ ਸੱਚ ਦੀ ਮੰਜ਼ਲ ਨਜ਼ਰ ਆ ਗਈ

ਜੀਅ ਚਾਹਿਆ
ਦੁੱਖ ਜੋ ਰਾਹਾਂ 'ਚ ਪਸਰੇ ਨੇ
ਰਾਹਾਂ ਤੋਂ ਉਤਾਰ ਦੇਵਾਂ
ਦੁੱਖਾਂ ਦੀ ਥਾਂ ਸੁੱਖਾਂ ਦੀ ਦੁਨੀਆ ਉਸਾਰ ਦੇਵਾਂ
ਮੈਂ ਆਪਣੀ ਜਗਿਆਸਾ ਦੇ ਸਹਾਰੇ
ਆਪਣੀ ਦੇਹ 'ਚੋਂ ਦੁੱਖਾਂ ਨੂੰ ਨਿਚੋੜਾਂ
ਆਪਣੇ ਮਸਤਕ ਤੇ ਪੈਰਾਂ ਨੂੰ
ਸੁੱਖਾਂ ਦੇ ਰਾਹ ਵੱਲ ਮੋੜਾਂ
ਦੇਹ ਦੇ ਬੂਹੇ ਖੋਲ੍ਹਾਂ
ਬਾਹਰ ਦਾ ਚਾਨਣ ਅੰਦਰ ਉਤਾਰਾਂ
ਸੂਰਜ ਦੀਆਂ ਕਿਰਨਾਂ
ਜ਼ਿੰਦਗੀ ਨਾਲ ਲੈ ਆਈਆਂ
ਇਕੱਲਤਾ ਚੁੱਪ ਤੇ ਉਦਾਸੀ ਨੂੰ
ਰੌਣਕਾਂ ਸ਼ੋਰ ਤੇ ਖ਼ੁਸ਼ੀਆਂ 'ਚ ਢਾਲਿਆ
ਆਪਣੇ ਅੰਦਰਲੇ ਹਨੇਰੇ 'ਚ
ਮਸਤਕ ਦਾ ਦੀਵਾ ਬਾਲਿਆ

ਦੀਵੇ ਦੀ ਲੋਅ ਨੇ ਹਨੇਰਾ ਢੋਅ ਲਿਆ
ਅੰਦਰ ਸੁੱਖ ਤੇ ਸ਼ਾਂਤੀ ਨਾਲ ਭਰਿਆ
ਪ੍ਰਕਿਰਤੀ ਮਹਿਕੀ
ਮੇਰੇ ਅੰਦਰ ਬਹਾਰਾਂ ਦੇ ਦੌਰ ਆਏ
ਇਕ ਕਲੀ ਦੇ ਮੁੱਖ ਤੇ ਸੈਂਕੜੇ ਭੌਰ ਆਏ

ਮੇਰੇ ਅੰਦਰ ਜ਼ਿੰਦਗੀ ਮੌਲੀ
ਪੌਣਾਂ ਮਹਿਕੀਆਂ
ਮੇਰੀ ਪੱਤਝੜ ਨੂੰ ਮੌਸਮਾਂ ਚੁੰਮਿਆ
ਬਹਾਰਾਂ ਘੇਰਿਆ
ਮੇਰੇ ਪੈਰਾਂ ਦੀ ਧਰਤ 'ਤੇ ਚਾਂਦੀ
ਅੰਬਰ 'ਤੇ ਸੋਨਾ ਫੇਰਿਆ

ਮੈਂ ਆਪਣੇ ਸੁੱਖਾਂ ਨੂੰ ਤਰਦਾ ਰਿਹਾ
ਮੇਰੀਆਂ ਖ਼ੁਸ਼ੀਆਂ ਨੇ ਮੈਨੂੰ ਘੇਰਿਆ
ਮੈਂ ਆਪਣੇ ਹੀ ਸੱਚ ਦਾ ਕਿਣਕਾ ਕਿਣਕਾ
ਧਰਤੀ 'ਚੋਂ ਉਗਾਇਆ
ਸੱਚ ਦੇ ਗਿਆਨ ਤੋਂ ਵਿਗਿਆਨ ਪਾਇਆ
ਗਿਆਨ ਤੋਂ ਵਿਗਿਆਨ ਦੀ
ਮੈਂ ਵਿੱਥ ਮਿਟਾ ਦਿੱਤੀ
ਸੱਚ 'ਚੋਂ ਸੱਚ ਉਗਾਣ ਦੀ ਸਮਝ ਆਈ
ਹੁਣ ਮੇਰੀ ਜ਼ਿੰਦਗੀ
ਢਹਿੰਦੀਆਂ ਕਲਾਂ ਦੀ ਪ੍ਰਤੀਕ ਨਹੀਂ ਰਹਿਣੀ
ਸੱਚ ਦੀ ਸੱਚ ਰਹਿਣੀ ਹੈ ਸੱਚ ਦੀ ਸ਼ਰੀਕ ਨਹੀਂ ਰਹਿਣੀ
*

## ਜਗਿਆਸਾ ਤੇ ਪਿਆਰ

ਮੇਰੀ ਜਗਿਆਸਾ
ਜਦ ਪਿਆਰ ਦੇ ਦੁਆਰ 'ਤੇ ਅੱਪੜੀ
ਆਪਣਾ ਕੂੜਾ ਆਪਣਾ ਮੈਲਾ ਉਤਾਰ ਕੇ ਅੱਪੜੀ
ਕਰਕੇ ਸ਼ੁੱਧ ਆਪਣੇ ਆਪ ਨੂੰ
ਆਪਾ ਨਿਖਾਰ ਕੇ ਅੱਪੜੀ

ਪਿਆਰ ਦਾ ਸੂਰਜ ਜਦ ਉੱਗਿਆ ਦਹਿਲੀਜ਼ 'ਚੋਂ
ਚਾਨਣ ਦਾ ਮੀਂਹ ਵੱਸਿਆ
ਦੇਹ ਦੀ ਸਮੀਜ਼ 'ਚੋਂ
ਨੂਰ ਨਾਲ ਭਰਿਆ ਦੇਹ ਦਾ ਵਿਹੜਾ
ਪਿਆਰ ਦੇ ਸਮੁੰਦਰ ਦਰਿਆ ਤੇ ਨਦੀਆਂ
ਮੇਰੇ ਅੰਦਰ.ਵਹਿ ਟੁਰੀਆਂ
ਮੇਰੀ ਪੱਤਝੜ ਦੇ ਸਾਹਾਂ 'ਚ
ਮੌਸਮ ਬਹਾਰਾਂ ਰੌਣਕਾਂ ਆ ਜੁੜੀਆਂ

ਮੇਰੇ ਅੰਦਰ ਦੀ ਪ੍ਰਕਿਰਤੀ ਨੇ
ਗਾਏ ਗੀਤ ਪ੍ਰੀਤਾਂ ਦੇ
ਖੜਕੇ ਟੱਲ ਮੰਦਰਾਂ ਦੇ ਬੂਹੇ ਖੁੱਲ੍ਹ ਗਏ
ਮਸੀਤਾਂ ਦੇ
ਅਸਮਾਨ ਧਰਤ 'ਤੇ ਝੁਕਿਆ
ਗੂੰਜੇ ਬੋਲ ਮਹਿਕਾਂ ਦੇ
ਪਿਆਰ ਦੀ ਲੋਰੀ 'ਚ ਪ੍ਰਕਿਰਤੀ ਨੂੰ
ਨੀਂਦਰ ਆ ਗਈ
ਆਪਾ ਭੁੱਲ ਕੇ ਸੁਫ਼ਨਿਆਂ 'ਚ
ਸੁਫ਼ਨਿਆਂ ਦਾ ਕਾਦਰ ਪਾ ਗਈ

ਧਰਤ ਨੂੰ ਆਕਾਸ਼ ਨੂੰ ਸਮਝਾ ਗਈ
ਪਿਆਰ ਬਿਨ ਕੁਝ ਵੀ ਨਹੀਂ
ਸਮਝ ਜ਼ਿੰਦਗੀ ਦੀ ਆ ਗਈ

ਪਿਆਰ 'ਚ ਜੀ ਰਹੇ ਆਕਾਸ਼ ਤੇ ਪਤਾਲ ਨੇ
ਪਿਆਰ 'ਚ ਹੈ
ਸਮਾਂ ਟੁਰਦਾ ਜਾ ਰਿਹਾ
ਪਿਆਰ 'ਚ ਜ਼ਿੰਦਗੀ ਦੀ ਨਦੀ ਵਗੇ
ਪਿਆਰ ਦੇ ਵਿਚ ਜੜ੍ਹ ਹੈ ਸੰਸਾਰ ਦੀ
ਪਿਆਰ ਹੀ ਪ੍ਰਵਿਰਤੀ ਹੈ ਸਿਰਜਣਹਾਰ ਦੀ
*

## ਜਗਿਆਸਾ ਕਲਪਨਾ ਤੇ ਅਸਲ

ਮੇਰੀ ਜਗਿਆਸਾ
ਜਦ ਕਲਪਨਾ ਤੇ ਅਸਲ ਦੇ ਦਰ 'ਤੇ ਪ੍ਰਵੇਸ਼ੀ
ਤਾਂ ਮੇਰੇ 'ਚੋਂ
ਆਪਾ ਖੋਜਣ ਤੇ ਭਾਲਣ ਦੀ ਪ੍ਰਵਿਰਤੀ ਜਨਮੀ
ਮੇਰੀ ਦੇਹ 'ਚ ਮੇਰੀ ਅਧਰਾਂਗਨੀ ਪ੍ਰਗਟੀ
ਮੈਂ ਆਪਣੇ ਆਪ ਨੂੰ
ਅਧਰਾਂਗਨੀ ਦੇ ਅਰਧ ਸਰੀਰ 'ਚ ਢਾਲਿਆ
ਮੈਂ ਸਿਰਜਣਾ ਦੀ ਮੂਰਤੀ ਹੋਇਆ
ਮੇਰੇ 'ਚੋਂ ਮੇਰੀ ਅਧਰਾਂਗਨੀ ਦਾ ਵਿਸਥਾਰ ਹੋਇਆ
ਮੇਰੇ ਵਿਅਕਤੀਗਤ 'ਚੋਂ
ਮੇਰਾ ਆਪਾ ਸਹਿਕਾਰ ਹੋਇਆ

ਮੇਰੇ 'ਚੋਂ ਜਗਤ ਜਨਮਿਆ
ਮੈਂ ਜਗਤ ਦਾ ਸਿਰਜਣਹਾਰ ਹੋਇਆ
ਮੇਰੇ 'ਚ ਮਮਤਾ ਦੇ ਹੜ੍ਹ ਆਏ
ਮੈਂ ਗਰਭ ਕਰਤਾ ਵੀ ਆਪ ਸਾਂ
ਗਰਭਤ ਵੀ ਆਪ ਸਾਂ
ਮੈਂ ਮਰਦ ਤੇ ਔਰਤ ਦੇ ਵਜੂਦ ਦਾ ਸੰਸਾਰ ਸਾਂ
ਮੇਰੇ 'ਚੋਂ ਹਾਸੇ ਜਨਮੇ
ਅੱਥਰੂ ਬਹਾਰ ਹੋਏ
ਮੈਂ ਮਾਂ ਦੇ ਰੁਤਬੇ ਨਾਲ ਬਿਰਾਜਿਆ
ਮੇਰੇ 'ਚ ਕੁਦਰਤ ਤੇ ਕਾਦਰ ਸਹਿਕਾਰ ਹੋਏ

ਕਾਦਰ ਨੇ ਸਿਰਜੇ ਹਨ
ਅੰਬਰ ਸੂਰਜ ਧਰਤੀਆਂ ਤੇ ਬ੍ਰਹਿਮੰਡ
ਪਰ ਕਾਦਰ ਦਾ
ਕਿਸੇ ਨੂੰ ਦੀਦਾਰ ਨਾ ਹੋਇਆ
ਕਾਦਰ ਕੁਦਰਤ ਦੀ ਦ੍ਰਿਸ਼ਟੀ 'ਚ
ਬਹਾਰ ਨਾ ਹੋਇਆ

ਕਾਦਰ ਦਾ ਨੂਰ ਮਨੁੱਖ ਅੰਦਰ ਹੈ
ਇਸ ਨੂਰ 'ਚੋਂ ਮਨੁੱਖ ਕਾਦਰ ਨੂੰ ਉਸਾਰਦਾ ਹੈ
ਕਾਦਰ ਦਾ ਨੂਰ ਆਪਣੇ ਅੰਸ਼ 'ਚ ਉਤਾਰਦਾ ਹੈ
ਕਾਦਰ ਸੱਚ ਹੈ
ਮਨੁੱਖ ਸੱਚ ਦੀ ਪਰਛਾਈ ਹੈ
ਕਾਦਰ ਸਾਗਰ ਹੈ—ਮਨੁੱਖ ਬੂੰਦ ਦੀ ਨੁਮਾਹੀ ਹੈ
ਕਾਦਰ ਨੂਰ ਦਾ ਮੁਜੱਸਮਾ ਹੈ
ਮਨੁੱਖ ਨੂਰ ਦਾ ਕਿਣਕਾ ਹੈ
ਕਾਦਰ ਜਨਮ ਮਰਨ ਤੋਂ ਮੁਕਤ ਹੈ
ਮਨੁੱਖਾ ਦੇਹ ਜਨਮਹਾਰ ਹੈ—ਮਰਨਹਾਰ ਹੈ

ਮਨੁੱਖ ਦੀ ਦੇਹ ਦਾ ਸੱਚ ਜੋ ਕਾਦਰ ਦਾ ਅੰਸ਼ ਹੈ
ਅਜਨਮਾ ਹੈ ਮ੍ਰਿਤਯੂ ਰਹਿਤ ਹੈ
ਇਸ ਲਈ ਮਨੁੱਖ ਦਾ ਸੱਚ ਹੀ
ਕਾਦਰ ਦਾ ਰੂਪ ਹੈ
ਕਾਦਰ ਦਾ ਸੱਚ ਮਨੁੱਖ ਦੇ ਸੱਚ ਦਾ ਸਰੂਪ ਹੈ
ਇਸ ਸੱਚ 'ਚ ਮੈਂ ਆਪਣੀ ਅਧਰਾਂਗਨੀ ਉਤਾਰੀ ਹੈ
ਆਪਣੀ ਦੇਹ 'ਚ ਹੀ ਉਸ ਦੀ ਦੇਹ ਉਸਾਰੀ ਹੈ
ਮੇਰਾ ਤੇ ਮੇਰੀ ਅਧਰਾਂਗਨੀ ਦਾ
ਮੇਰੀ ਦੇਹ 'ਚ ਵਾਸਾ ਹੈ
ਮੇਰੀ ਦੇਹ ਦਾ ਖੂਹ ਅਧਰਾਂਗਨੀ ਦੇ ਜਲ ਲਈ
ਪਿਆਸਾ ਹੈ

ਮੇਰੇ 'ਚੋਂ ਮੇਰੀ ਅਧਰਾਂਗਨੀ ਬੋਲਦੀ ਹੈ
ਮੈਂ ਜਿਉਂਦੀ ਜਾਗਦੀ ਸਿਰਜਣਾ ਹਾਂ
ਜਗਤ ਦੀ ਜਨਮਦਾਤੀ ਹਾਂ
ਆਪਣੇ ਆਪ 'ਚ ਆਪਣੀ ਆਬਾਦੀ ਹਾਂ
ਮੈਂ ਧਰਤੀ 'ਤੇ ਟੁਰਦੀ ਫਿਰਦੀ
ਲਹੂ ਮਾਸ ਦੀ ਆਜ਼ਾਦੀ ਹਾਂ

ਮੈਂ ਰਾਜੇ ਰੰਕ ਜਨਮੇ ਹਨ

ਰਾਜਨੀਤਕ ਪੰਡਤ ਤੇ ਅਦੀਬ ਜਨਮੇ ਹਨ
ਮੈਂ ਸਿਰਜਣਾ ਦਾ ਜਿਉਂਦਾ ਜਾਗਦਾ ਇਕ ਰੂਪ ਹਾਂ
ਕਾਦਰ ਤੋਂ ਬਾਅਦ ਧਰਤੀ ਤੇ ਕਾਦਰ ਦਾ ਸਰੂਪ ਹਾਂ
ਮੈਂ ਹੀ ਸਿਰਜਣਾ ਹਾਂ ਸਿਰਜਣਾ ਦੀ ਗੋਦ ਹਾਂ
ਮਾਨਵ ਮੈਨੂੰ ਵੇਖ ਸਕਦਾ ਹੈ—ਪਰਖ ਸਕਦਾ ਹੈ
ਮੇਰੇ ਲਹੂ 'ਚ ਉਤਰ ਸਕਦਾ ਹੈ
ਮੇਰੇ 'ਚ ਘੁਲ ਸਕਦਾ ਹੈ
ਮੇਰਾ ਹੋ ਸਕਦਾ ਹੈ ਆਪਾ ਭੁੱਲ ਸਕਦਾ ਹੈ

ਮੇਰੀ ਕਲਪਨਾ ਤੇ ਅਸਲੀਅਤ 'ਚ
ਪ੍ਰਵੇਸ਼ੀ ਜਗਿਆਸਾ 'ਚੋਂ
ਮੇਰਾ ਤੇ ਮੇਰੀ ਅਧਰਾਂਗਨੀ ਦਾ
ਜਿਸਮ ਇਕ ਹੋਇਆ ਹੈ
ਮੇਰਾ ਸੱਚ ਹੀ ਮੇਰੀ ਅਧਰਾਂਗਨੀ ਦੇ
ਸੱਚ 'ਚ ਸਮੋਇਆ ਹੈ
ਹੁਣ ਮੈਂ ਬੀਜ ਵੀ ਹਾਂ—ਰੁੱਖ ਵੀ ਹਾਂ
ਲਿੰਗ ਵੀ ਹਾਂ—ਕੁੱਖ ਵੀ ਹਾਂ
ਮੈਂ ਹੁਣ ਆਪਣੇ ਆਪ 'ਚ ਮੁਕੰਮਲ
ਪਰਮ ਮਨੁੱਖ ਵੀ ਹਾਂ
ਮੈਂ ਗਰਭ ਹਾਂ—ਗਰਭ ਕਰਤਾ ਹਾਂ
ਮੈਂ ਹੀ ਮਨੁੱਖ ਤੇ ਮਨੁੱਖਤਾ ਦਾ ਸਿਰਜਣਹਾਰ ਹਾਂ
ਮੈਂ ਹੀ ਮਨੁੱਖ ਦੇ ਅੰਸ਼ 'ਚੋਂ
ਖੁੱਲ੍ਹਦਾ ਸੱਚ ਦਾ ਦੁਆਰ ਹਾਂ।
*

## ਜਗਿਆਸਾ ਤੇ ਅੰਤਰੀਵਤਾ

ਮੇਰੀ ਜਗਿਆਸਾ
ਜਦ ਮੇਰੀ ਅੰਤਰੀਵਤਾ 'ਚ ਉਤਰੀ
ਤੇ ਮੇਰੀ ਜਗਿਆਸਾ 'ਚ
ਜਨਮ ਤੇ ਮਰਨ ਦੀ ਭੇਦਤਾ ਖੁੱਲ੍ਹੀ
ਸੋਚਿਆ ਕਿੱਥੋਂ ਆਇਆ ਹਾਂ ਮੈਂ
ਕਿੱਥੇ ਜਾਣਾ ਹੈ ਮੈਂ
ਕਿੰਨਾ ਨਵਾਂ ਹਾਂ—ਕਿੰਨਾ ਪੁਰਾਣਾ ਹਾਂ ਮੈਂ
ਜਨਮ ਦਾ ਕਾਰਨ ਕੀ ਹੈ
ਜੀਵਨ ਦਾ ਲਕਸ਼ ਕੀ ਹੈ
ਮੇਰੀ ਹੋਂਦ ਕੀ ਹੈ ਮੇਰਾ ਸੱਚ ਕੀ ਹੈ

ਮੈਂ ਆਪਣੇ ਸਭ ਦਰਵਾਜ਼ੇ ਬੰਦ ਕਰਕੇ
ਆਪਣੇ ਅੰਦਰ ਉਤਰ ਗਿਆ
ਅੰਦਰ ਸਾਹਵੇਂ ਬੈਠਾ ਰਿਹਾ
ਮੇਰੀ ਚੇਤਨਾ 'ਚ ਅੰਦਰ ਦਾ ਸੱਚ ਜਾਣਨ ਲਈ
ਮੇਰੀ ਜਗਿਆਸਾ ਨੇ ਜਨਮ ਲਿਆ
ਰੌਸ਼ਨੀ ਹੋਈ
ਦੇਖੀ ਇਕ ਇਕ ਪਰਤ ਅੰਦਰ ਦੀ
ਸਹਿਕਾਰ ਮੂਰਤੀ ਹੋਈ ਮੇਰੇ ਅੰਦਰ ਦੇ ਮੰਦਰ ਦੀ
ਮੇਰੇ ਮੱਥੇ 'ਚੋਂ ਫੁੱਟਿਆ ਲਹੂ
ਟੁਰਿਆ ਨੂਰ ਦਾ ਚਾਨਣ
ਸੰਖ ਗੂੰਜੇ ਗੂੰਜੀਆਂ ਟੱਲੀਆਂ ਮੰਦਰ ਦੀਆਂ
ਟੱਡਿਆ ਰਹਿ ਗਿਆ ਸੀ ਮੂੰਹ
ਜਦ ਖੁੱਲ੍ਹੀਆਂ ਅੱਖਾਂ ਅੰਦਰ ਦੀਆਂ

ਅੰਦਰ ਦੁਆਲੇ ਨਾ ਦੇਹ ਦੀ ਵਲਗਣ
ਨਾ ਕੁਝ ਹੋਰ ਸੀ
ਅੰਦਰ ਤੋਂ ਬਾਹਰ
ਬਾਹਰ ਤੋਂ ਅੰਦਰ ਤਕ ਫੈਲਿਆ ਇਕ ਨੂਰ ਸੀ

ਇਹ ਨੂਰ ਮੇਰੀ ਹੋਂਦ ਤੋਂ ਪਹਿਲਾਂ ਵੀ ਸੀ
ਪਿੱਛੋਂ ਵੀ ਹੈ
ਇਹ ਨੂਰ ਜਾਣਨ ਲਈ
ਮੈਂ ਜਨਮ ਦਰ ਜਨਮ
ਜਨਮਦਾ ਰਿਹਾ—ਮਰਦਾ ਰਿਹਾ
ਦਾਇਰਾ ਜਨਮ ਮਰਨ ਦਾ ਪੂਰਾ ਕਰਦਾ ਰਿਹਾ
ਇਹ ਨੂਰ ਜਾਣਨਾ ਹੀ
ਜੀਵਨ ਦਾ ਲਕਸ਼ ਸੀ
ਜਨਮ ਦਾ ਕਾਰਨ ਸੀ
ਮੌਤ ਤੋਂ ਪਿੱਛੋਂ ਦਾ ਟਿਕਾਣਾ ਸੀ
ਦੇਹ ਦੇ ਭਰਮ ਤੋਂ ਮੁਕਤ ਹੋ ਜਾਣਾ ਸੀ
ਜੀਵਨ ਦੀ ਦੇਹ ਤਿਆਗਣਾ ਸੀ
ਮੌਤ ਪਿੱਛੋਂ ਬਿਨ ਪ੍ਰਾਣ ਜਿਉਣਾ ਸੀ
*

## ਜਗਿਆਸਾ ਤੇ ਗਿਆਨ

ਮੇਰੀ ਜਗਿਆਸਾ
ਜਦ ਗਿਆਨ ਦੇ ਦਰ 'ਤੇ ਖੜ੍ਹੀ
ਚੰਨਾਂ ਤਾਰਿਆਂ ਸੂਰਜਾਂ ਦੀ
ਰੌਸ਼ਨੀ ਦੇ ਵਿਚ ਜਗੀ
ਅੰਦਰਲੇ ਹਨ੍ਹੇਰੇ 'ਚ ਕਈ ਸੂਰਜ ਚੜ੍ਹੇ
ਚਸ਼ਮੇ ਨੂਰ ਦੇ ਫੁੱਟੇ ਦਰਿਆ ਚਾਨਣ ਦੇ ਵਗੇ
ਗਿਆਨ ਦੀ ਲੋਅ 'ਚ ਹਨੇਰਾ ਗੁੰਮ ਗਿਆ
ਬੋਲ ਸੱਚ ਦਾ ਧਰਤੀਆਂ 'ਤੇ
ਅੰਬਰਾਂ 'ਚ ਘੁਲ ਗਿਆ

ਫੁੱਲ ਤੇ ਪੱਥਰ ਦੀ ਹੋਂਦ ਸਮਝ ਆਈ
ਜੀਵਨ ਦਾ ਲਖਸ਼ ਸਮਝ ਆਇਆ
ਦਰਿਆਵਾਂ ਨਦੀਆਂ ਦੇ ਆਦਿ-ਜੁਗਾਦਿ ਦਾ ਪਤਾ ਲੱਗਾ
ਅਕਾਸ਼ ਦਾ ਸ਼ਬਦ ਧਰਤੀ ਦੀ ਮਹਿਕ ਸਮਝ ਆਈ
ਜਿਸਮ ਦੀ ਹੋਂਦ ਦਾ ਸੱਚ ਜਾਤਾ
ਸੂਰਜ ਤੇ ਕਿਰਨਾਂ ਦੇ ਜਨਮਦਾਤੇ ਦੀ ਸਮਝ ਆਈ
ਆਪਣਾ ਅੰਦਰ ਫੋਲਿਆ ਉਧੇੜਿਆ
ਧੋਇਆ ਨਿਚੋੜਿਆ
ਆਪਣੇ ਅੰਦਰਲੇ ਤੇ ਬਾਹਰਲੇ ਸੱਚ ਦੀ ਸਮਝ ਆਈ

ਆਪਣਾ ਖ਼ੁਦਾ ਸੰਕਲਪਿਆ ਸੋਚਿਆ ਤੇ ਵੇਖਿਆ
ਜੀਵਨ ਤੇ ਖ਼ੁਦਾਈ ਜਿਉਣ ਦੀ ਸਮਝ ਆਈ
ਕਾਦਰ ਦਾ ਮੁੱਖ ਵੇਖਿਆ
ਨਾ ਸ਼ੋਰ ਹੀ ਉੱਠਿਆ ਨਾ ਮਚੀ ਦੁਹਾਈ
ਇਕ ਇਕਾਂਤ ਜਿਹੀ ਜਿਸਮ 'ਚ ਫੈਲੀ
ਖ਼ੁਸ਼ਬੂ ਸ਼ਾਂਤੀ ਦੇਹ 'ਚ ਖਿਲਰ ਗਈ
ਪਲ ਦੋ ਪਲ ਲਈ ਜ਼ਿੰਦਗੀ ਠਹਿਰੀ
ਪ੍ਰਾਣਾਂ ਦੀ ਬੇਦਖ਼ਲੀ ਰੁਕ ਗਈ
ਮੇਰੇ ਫੇਫੜਿਆਂ 'ਚ ਨੂਰ ਦੀ ਉਤਰ ਲਹਿਰ ਗਈ

ਮੇਰਾ ਅੰਦਰ ਬਾਹਰ
ਚਾਨਣ ਨਾਲ ਭਰ ਗਿਆ
ਉਤਰਿਆ ਕੋਈ ਮਸਤਕ ਦੇ ਅੰਬਰ 'ਚੋਂ
ਮੇਰੀ ਦੇਹ 'ਚ ਕਰੋੜਾਂ ਸੂਰਜਾਂ ਦੇ ਕਾਫ਼ਲੇ ਧਰ ਗਿਆ
*

## ਜਗਿਆਸਾ ਤੇ ਸੱਚ

ਮੇਰੀ ਜਗਿਆਸਾ
ਜਦ ਸੱਚ ਦੇ ਰੂਬਰੂ ਹੋਈ
ਜਗਿਆਸਾ ਦੇ ਮੱਥੇ ਸੱਚ ਦੀ ਜੋਤ ਜਗ ਪਈ
ਮਾਨਵ ਤੇ ਮਾਨਵਤ਼ਾ ਸਾਹਵੇਂ
ਨੂਰ ਦਾ ਸੱਚ ਬਣ ਗਈ
ਸੱਚ ਜ਼ੁਬਾਨ ਤੇ ਅੰਦਰ ਸੱਚਾਈ
ਸੱਚ ਦੀ ਮਹਿਕ ਪ੍ਰਕਿਰਤੀ 'ਚ ਖਿਲਰੀ
ਸੱਚ ਦੀ ਹੋਂਦ ਧਰਤੀ ਦੇ ਪਿੰਡੇ 'ਤੇ ਉਤਰੀ
ਧਰਤੀ ਤੇ ਆਕਾਸ਼ 'ਚ
ਸੱਚ ਦਾ ਪੁਤਲਾ ਉਸਾਰਦੀ
ਕਰਦੀ ਪਰਿਕਰਮਾ ਪੁਤਲੇ ਦੀ
ਸੱਚ ਦੀ ਆਰਤੀ ਉਤਾਰਦੀ
ਜੀਵਨ ਦੀ ਨਦੀ ਨੂੰ ਪੂਜਦੀ
ਜੀਵਨ ਦੀ ਨਦੀ ਦਾ ਮੈਲਾ ਉਤਾਰਦੀ
ਨਦੀ ਦੀ ਦੇਹ 'ਚ ਸੱਚ ਘੋਲਦੀ
ਨਦੀ ਦੀ ਜ਼ੁਬਾਨ
ਸੱਚ ਹੀ ਸੱਚ ਬੋਲਦੀ

ਨਦੀ ਤੇ ਕਿਨਾਰੇ ਸੱਚ ਦੇ ਸੂਰਜ ਉੱਗਦੇ
ਆਪਣਾ ਚਾਨਣ ਡੋਲ੍ਹਦੇ
ਸੱਚ ਦੀਆਂ ਪਰਤਾਂ ਖੋਲ੍ਹਦੇ
ਸੱਚ ਤੇ ਸੁੰਦਰਤਾ ਦਾ ਬੁੱਤ
ਨਦੀ ਦੀ ਹਿੱਕ 'ਤੇ ਧਰਦੇ
ਬੁੱਤ ਦੇ ਪੈਰਾਂ 'ਚ ਸੂਰਜ ਆਰਤੀ ਵਾਂਗ ਜਗਦੇ
ਮੌਸਮਾਂ ਦਾ ਅਰਘਾ ਤੇ ਪੌਣਾਂ ਦਾ ਚੌਰ ਬੁੱਤ ਨੂੰ ਕਰਦੇ
ਧਰਤੀ ਦੀ ਪਹਿਲੀ ਸੌਗਾਤ ਬੁੱਤ ਦੇ ਚਰਨਾਂ 'ਚ ਧਰਦੇ
ਬੁੱਤ ਨੂੰ ਮੱਥਾ ਟੇਕਦੇ ਤੇ ਰੱਬ ਰੱਬ ਕਰਦੇ
*

# ਜਗਿਆਸਾ ਤੇ ਸੰਕਲਪ

ਮੇਰੀ ਜਗਿਆਸਾ
ਜਦ ਸੰਕਲਪ ਦੇ ਵਿਹੜੇ ਵੜੀ
ਆਪਣੀ ਤਲੀ 'ਤੇ ਆਪ਼ਣਾ ਸੱਚ
ਟਿਕਾ ਕੇ ਟੁਰੀ
ਆਪਣਾ ਚਾਨਣ ਓੜ੍ਹਿਆ ਦੁਆਲੇ
ਆਪਣਾ ਨੂਰ ਨੈਣ 'ਚ ਪਾ ਕੇ ਟੁਰੀ
ਆਪਣੀ ਲੋਅ 'ਚ
ਹਰ ਮਾਨਵ ਦੀ ਲੋਅ ਨੂੰ ਵੇਖਿਆ
ਆਪਣੇ ਮਸਤਕ 'ਚ ਸੂਰਜ ਚੜ੍ਹਾ ਕੇ ਟੁਰੀ
ਮਨੁੱਖ ਤੋਂ ਮਨੁੱਖਤ਼ਾ ਤਕ ਫੈਲਿਆ ਇਕ ਨੂਰ ਸੀ
ਨੂਰ ਦਾ ਨੂਰ
ਆਪਣੇ ਅੰਦਰ ਬਾਹਰ ਵਸਾ ਕੇ ਟੁਰੀ
ਪ੍ਰਕਿਰਤੀ 'ਚ ਤੇ ਪ੍ਰਕਿਰਤੀ ਦੁਆਲੇ ਨੂਰ ਸੀ
ਨੂਰ ਦੀ ਧਰਤੀ—ਨੂਰ ਦਾ ਅੰਬਰ
ਸੂਰਜਾਂ ਚੰਨਾਂ ਤਾਰਿਆਂ ਦਾ ਅੰਬਰ ਦੀ
ਝੋਲੀ 'ਚ ਨੂਰ ਦਾ ਥਾਲ ਸੀ
ਨੂਰ ਜੰਮਦੀ ਨੂਰ ਵੰਡਦੀ ਨੂਰ ਦਾ ਸਰੂਪ ਹੋ ਗਈ
ਮੇਰੀ ਜਗਿਆਸਾ ਨੂਰ 'ਚ ਗੁਆਚੀ
ਕਾਦਰ ਦਾ ਨੂਰ ਹੋ ਗਈ

ਗਲੀ ਗਲੀ ਘਰ ਘਰ
ਵਿਹੜੇ ਵਿਹੜੇ 'ਚ ਚਾਨਣ ਨੱਚਿਆ
ਹਰ ਰਿਤੂ ਹਰ ਮੌਸਮ ਬਹਾਰ ਨੂਰ ਹੋ ਗਏ
ਨੂਰ ਦੀ ਨਿਹਮਤ 'ਚ ਮੌਤ ਪਸੀਜ਼ ਗਈ
ਓੜ ਕੇ ਚਾਨਣ ਦੁਆਲੇ ਆਪਣੇ
ਜ਼ਿੰਦਗੀ ਦੇ ਵਿਹੜੇ 'ਚ
ਨੱਚਣ ਲਈ ਮਜਬੂਰ ਹੋ ਗਈ
ਕਾਦਰ ਦੀ ਖਿਦਮਤ 'ਚ

ਜ਼ਿੰਦਗੀ ਤੇ ਮੌਤ ਕਾਦਰ ਦੇ ਹਜ਼ੂਰ ਹੋ ਗਈ
ਕਾਦਰ ਦੀ ਰਹਿਮਤ 'ਤੇ
ਜ਼ਿੰਦਗੀ ਤੇ ਮੌਤ ਦੀ ਵਿੱਥ ਦੂਰ ਹੋ ਗਈ
ਜ਼ਿੰਦਗੀ ਜ਼ਿੰਦਗੀ ਰਹੀ
ਮੌਤ ਜ਼ਿੰਦਗੀ ਦਾ ਨੂਰ ਹੋ ਗਈ
*

## ਜਗਿਆਸਾ ਤੇ ਭੌਤਿਕਤਾ

ਮੇਰੀ ਜਗਿਆਸਾ
ਭੌਤਿਕ ਦੇਹ 'ਚ ਪ੍ਰਵੇਸ਼ੀ
ਤਾਂ ਉਸ ਨੂੰ ਜਾਣਿਆ
ਭੌਤਿਕ ਸੰਸਾਰ 'ਚ ਦੇਹ ਦੀ ਵੱਖਰੀ ਹੋਂਦ ਹੈ
ਵੱਖਰਾ ਸੰਸਾਰ ਹੈ
ਵੱਖਰਾ ਸਿੰਘਾਸਣ—ਵੱਖਰੀ ਪਰਜਾ ਹੈ
ਵੱਖਰਾ ਦਰਬਾਰ ਹੈ
ਵੱਖਰੇ-ਵੱਖਰੇ ਪਾਤਰ ਵੱਖਰੀ-ਵੱਖਰੀ ਪਟਕਥਾ
ਵੱਖਰਾ ਸੂਤਰਧਾਰ ਹੈ

ਭੌਤਿਕ ਸਰੀਰ 'ਚ
ਮੇਰੀ ਹੋਂਦ ਦਾ ਸੱਚ ਸਮਾਇਆ ਹੈ
ਜੋ ਦੇਹ ਦਾ ਮੂਲ ਹੈ—ਦੇਹ ਦਾ ਸਿਰਜਣਹਾਰ ਹੈ
ਦੇਹ ਤਾਂ ਮਿੱਟੀ ਹੈ—ਉਹ ਦੇਹ ਦਾ ਪ੍ਰਾਣ ਹੈ
ਉਸ ਸੱਚ ਨੂੰ ਜਾਣਨ ਲਈ
ਦੇਹ ਦੀ ਮਿੱਟੀ ਮਹਾਨ ਹੈ
ਇਹ ਦੇਹ ਦੀ ਮਿੱਟੀ ਉਸ ਪ੍ਰਾਣ ਦੀ ਜਾਨ ਹੈ
ਕਿਉਂਕਿ ਭੌਤਿਕ ਦੇਹ ਬਿਨਾ
ਉਹ ਸੱਚ ਜਾਣਿਆ ਜਾ ਨਹੀਂ ਸਕਦਾ
ਪਹਿਚਾਣਿਆ ਜਾ ਨਹੀਂ ਸਕਦਾ

ਇਹ ਭੌਤਿਕ ਸੰਸਾਰ ਚਲਣਹਾਰ ਹੈ
ਭੌਤਿਕ ਸੰਸਾਰ ਦੀ ਹੋਂਦ ਸਦਾ ਬਹਾਰ ਹੈ
ਭੌਤਿਕ ਦੇਹ ਹੋਂਦ ਤੇ ਹੋਂਦ ਦੇ ਸੱਚ ਵਿਚਕਾਰ ਹੈ
ਭੌਤਿਕ ਦੇਹ ਆਪਣੇ 'ਚ
ਮੌਤ ਤੋਂ ਅਗੇਰੇ ਦਾ ਸੱਚ ਛੁਪਾਈ ਫਿਰਦੀ ਹੈ
ਆਪਣੀ ਹੀ ਮੌਤ 'ਚ ਜ਼ਿੰਦਗੀ ਲੁਕਾਈ ਫਿਰਦੀ ਹੈ
ਮੌਤ ਤੋਂ ਪਹਿਲਾਂ ਇਹ ਜ਼ਿੰਦਗੀ ਪ੍ਰਾਣ ਸਹਿਤ ਹੈ
ਮੌਤ ਤੋਂ ਪਿੱਛੋਂ ਇਹ ਜ਼ਿੰਦਗੀ ਪ੍ਰਾਣ ਰਹਿਤ ਹੈ

*

## ਸੰਕੇਤਕ ਬਿੰਦੂ

ਮੇਰੀ ਦੇਹ 'ਤੇ ਅਣਗਿਣਤ
ਅੱਖਾਂ ਤੇ ਸਿਰ ਉੱਗ ਆਏ ਹਨ
ਅਣਗਿਣਤ ਪੈਰ ਮੇਰੇ ਪੈਰਾਂ 'ਚ
ਅਣਗਿਣਤ ਚਿਹਰੇ ਮੇਰੇ ਚਿਹਰੇ 'ਤੇ ਸਮਾਏ ਹਨ

ਉੱਤਰ ਪੂਰਬ ਪੱਛਮ ਦੱਖਣ
ਮੇਰੀਆਂ ਬਾਹਾਂ ਦੇ ਖਿਲਾਰ 'ਚ ਹਨ
ਕਈਆਂ ਰੰਗਾਂ ਜਾਤਾਂ ਨਸਲਾਂ ਦੇ ਲੋਕ
ਮੇਰੀ ਦੇਹ 'ਚ ਉਤਰ ਆਏ ਹਨ
ਮੇਰੀ ਜ਼ੁਬਾਨ 'ਤੇ ਬੇਅੰਤ ਬੋਲੀਆਂ ਹਨ
ਤੇ ਕੰਠ 'ਚ ਬੇਅੰਤ ਭਾਸ਼ਾਵਾਂ ਦਾ ਵਸੇਰਾ ਹੈ
ਕਈ ਸਭਿਆਚਾਰ
ਰਸਮਾਂ ਰੀਤਾਂ ਰਿਵਾਜ਼
ਮੇਰੀ ਧੁੰਨੀ 'ਚੋਂ ਪੁੰਗਰ ਆਏ ਹਨ

ਮੇਰਾ ਵਿਹੜਾ ਗਗਨ ਦਾ ਥਾਲ ਹੋ ਗਿਆ ਹੈ
ਜਿਸ 'ਚ ਚੰਨਾਂ ਸੂਰਜਾਂ ਤਾਰਿਆਂ
ਬ੍ਰਹਿਮੰਡਾਂ ਦਾ ਡੇਰਾ ਹੈ
ਮਨੁੱਖਤਾ ਦੇ ਚਾਨਣ ਨਾਲ ਭਰਿਆ ਵਜੂਦ ਮੇਰਾ ਹੈ
ਸੱਚ ਸੁੰਦਰਤਾ ਕਲਿਆਣ ਤੇ ਮਨੁੱਖ ਦਾ ਚਾਨਣ
ਮੇਰੇ ਮੱਥੇ ਦਾ ਨੂਰ ਹੈ
ਰੱਬੀ ਨੂਰ ਦਾ ਚਾਨਣ
ਮੇਰੇ ਵਿਹੜੇ 'ਚ ਬਰਸਦਾ ਹੈ
ਰੱਬੀ ਨੂਰ 'ਚ ਭਿੱਜਿਆ ਅੰਗ-ਅੰਗ ਮੇਰਾ ਹੈ

ਪਿੰਡ ਤੋਂ ਸ਼ਹਿਰ—ਸ਼ਹਿਰ ਤੋਂ ਪ੍ਰਾਂਤ
ਪ੍ਰਾਂਤ ਤੋਂ ਦੇਸ਼ ਟੁਰਿਆ ਹੈ
ਤੇ ਵਿਸ਼ਵ ਘਰ 'ਚ ਆਣ ਵੱਸਿਆ ਹੈ
ਵਿਸ਼ਵ ਆਪਣੇ ਆਪ ਦੇ ਨਕਸ਼ੇ 'ਚ

ਛੋਟਾ ਜਿਹਾ ਪਿੰਡ ਬਣ ਕੇ ਰਹਿ ਗਿਆ ਹੈ
ਮਨੁੱਖ ਦਾ ਬਿੰਦੂ ਦਾਇਰਾ ਬਣੰ ਗਿਆ ਹੈ
ਵਿਸ਼ਵ ਦੇ ਰੂਪ 'ਚ ਢਲ ਗਿਆ ਹੈ
ਮਨੁੱਖ ਬਿੰਦੂ ਤੋਂ
ਮਨੁੱਖਤਾ ਦੇ ਦਾਇਰੇ 'ਚ ਬਦਲ ਗਿਆ ਹੈ

ਵੱਖ–ਵੱਖ ਰੂਪਾਂ 'ਚ ਵੰਡੀ ਵੱਖਰੀ–ਵੱਖਰੀ ਮਨੁੱਖਤਾ
ਮਨੁੱਖਤਾ ਦਾ ਇਕ ਰੂਪ ਹੋ ਗਈ ਹੈ
ਵਿਹੜਿਆਂ ਦੀਆਂ ਕੰਧਾਂ ਢਹਿ ਗਈਆਂ ਹਨ
ਦੇਸ਼ਾਂ ਤੇ ਮੁਲਕਾਂ ਦੇ ਵਜੂਦ ਮਿਟ ਗਏ ਹਨ
ਵਿਸ਼ਵ ਦੀ ਸਾਰੀ ਮਨੁੱਖਤਾ
ਧਰਤੀ ਦੇ ਇਕ ਥਾਲ 'ਚ ਸਮਾ ਗਈ ਹੈ
ਨਾ ਹੁਣ ਮਨੁੱਖ 'ਚ ਧਰਤੀਆਂ ਵੰਡੀਆਂ ਹਨ
ਨਾ ਆਕਾਸ਼ ਵੰਡਿਆ ਹੈ—ਨਾ ਜਲ ਨਾ ਹਵਾ ਵੰਡੀ ਹੈ

ਵਿਸ਼ਵ ਦੇਹ 'ਚ ਕਈ ਕ੍ਰਿਸ਼ਨ ਹਨ—ਕਈ ਰਾਮ ਹਨ
ਕਈ ਈਸਾ—ਕਈ ਹਜ਼ਰਤ—ਕਈ ਨਾਨਕ
ਕਈ ਦੇਵੀ ਦੇਵਤੇ ਆਪਣੀ ਪੁਰੀਆਂ ਤਿਆਗ
ਇਕ ਵਿਸ਼ਵ–ਪੁਰੀ ਵਿਚ ਵਸ ਗਏ ਹਨ
ਕਈ ਯੋਧੇ ਮਹਾਂਬਲੀ ਸ਼ਹਿਨਸ਼ਾਹ ਦਰਵੇਸ਼
ਪੀਰਾਂ ਫ਼ਕੀਰਾਂ ਦਾ ਵਸਣ ਇਹ ਧਰਤ ਹੋ ਗਈ ਹੈ
ਵੱਖ ਵੱਖ ਦੇਸ਼ਾਂ ਦੀ ਸਮੱਗਰੀ ਤੇ ਸੱਤਾ
ਵਿਸ਼ਵ ਸਮੱਗਰੀ ਤੇ ਸੱਤਾ ਹੋ ਗਈ ਹੈ
ਸਮੁੱਚੀ ਮਨੁੱਖਤਾ ਇਸ ਸੱਤਾ ਦੀ ਧਾਰਨੀ ਹੈ
ਮਨੁੱਖ ਨੇ ਇਹ ਸੱਤਾ ਮਨੁੱਖਤਾ ਲਈ
ਮਨੁੱਖਤਾ 'ਚੋਂ ਉਸਾਰੀ ਹੈ
ਮਨੁੱਖਤਾ ਦੇ ਉਜਲੇ ਭਵਿੱਖ 'ਚ ਉਤਾਰੀ ਹੈ

ਮਨੁੱਖ ਹਰ ਜੀਵ ਜੰਤੂ ਪਸ਼ੂ ਪੰਛੀ ਦਾ
ਇਕੋ ਹੀ ਦੇਸ਼ ਹੈ
ਇਕੋ ਅਸਮਾਨ—ਇਕੋ ਧਰਤ ਹੈ

ਵਿਸ਼ਵ ਦੀ ਬੁੱਕਲ 'ਚ ਮਨੁੱਖ ਦੀ ਹੋਂਦ ਹੈ
ਮਨੁੱਖ ਦਾ ਵਸੇਰਾ ਹੈ
ਮਨੁੱਖ ਦਾ ਮਨੁੱਖਤਾ ਧਰਮ ਹੈ
ਮਨੁੱਖ ਦੀ ਮਨੁੱਖਤਾ ਜ਼ੁਬਾਨ ਹੈ
ਵੱਖਰੇ-ਵੱਖਰੇ ਰੰਗਾਂ ਨਕਸ਼ਾਂ ਅੰਗਾਂ ਤੇ ਚਿਹਰਿਆਂ ਦੀ
ਇਕ ਧਰਤ ਹੈ
ਮਨੁੱਖ ਹੀ ਮਨੁੱਖ ਦੀ ਪਹਿਚਾਣ ਹੈ
ਸਭ ਇਕ ਸਮਾਨ ਹੈ

ਵਿਸ਼ਵ ਦੀ ਗੋਦ 'ਚ ਬੇਅੰਤ ਪਹਾੜ ਹਨ
ਜੰਗਲ ਹਨ—ਸਾਗਰ ਹਨ
ਖੰਡਰ ਹਨ—ਸ਼ੀਸ਼ੇ ਦੇ ਸ਼ਹਿਰ ਹਨ
ਦਰਿਆ ਹਨ—ਨਦੀਆਂ ਹਨ
ਜਿਨ੍ਹਾਂ ਦੀ ਵਿਸ਼ਵ ਨੁਹਾਰ ਹੈ
ਵਿਸ਼ਵ ਦਾ ਜਲ ਹੈ
ਪ੍ਰਕਿਰਤੀ ਵਿਸ਼ਵ ਦੀ ਪਹਿਚਾਣ ਹੈ
ਵਿਸ਼ਵ ਦਾ ਰੰਗ ਹੈ
ਵਿਸ਼ਵ ਦੁਆਲੇ ਵਿਸ਼ਵ ਦਾ ਖੋਲ ਹੈ
ਵਿਸ਼ਵ ਦਾ ਆਕਾਰ ਹੈ—ਵਿਸ਼ਵ ਦਾ ਵਿਸਥਾਰ ਹੈ

ਵਿਸ਼ਵ ਮਨੁੱਖ
ਸਰਹੱਦਾਂ ਦੇਸ਼ਾਂ ਰੰਗਾਂ ਨਸਲਾਂ ਜਾਤਾਂ 'ਚ
ਤਕਸੀਮਿਆ ਨਹੀਂ
ਧਰਮਾਂ 'ਚ ਵੰਡਿਆ ਨਹੀਂ
ਵਿਸ਼ਵ ਮਨੁੱਖ ਦੇ ਅੰਦਰ ਦਾ ਸੰਕੇਤ ਬਿੰਦੂ
ਵਿਸ਼ਵ ਹੈ
ਮਨੁੱਖ ਦੇ ਅੰਦਰ ਤੇ ਦੁਆਲੇ ਮਨੁੱਖਤਾ ਹੈ
ਸੰਗੀਤ ਸੁਰ ਰਾਗ ਤਾਲ ਜਿਹੀ ਮਿੱਠੀ
ਤੇ ਵਿਸ਼ਾਲ ਵਿਸ਼ਵ ਦੀ ਭਾਸ਼ਾ ਹੈ—ਜ਼ੁਬਾਨ ਹੈ
ਮਨੁੱਖ ਦੀ ਸ਼ਕਲੋ-ਸੂਰਤ ਜਿਹਾ
ਮਨੁੱਖ ਦਾ ਦੁਆਲਾ ਹੈ

ਮਨੁੱਖ ਦਾ ਸ੍ਵੈ ਹੀ ਵਿਸ਼ਵ ਦੀ ਹੋਂਦ ਹੈ
ਵਿਸ਼ਵ ਦੇ ਮੱਥੇ ਦਾ ਉਜਾਲਾ ਹੈ
ਮਨੁੱਖ ਦੀ ਦੇਹ ਚਿਹਰਾ ਮਨੁੱਖ ਦੀ ਸਿਆਣ ਹੈ

ਮਨੁੱਖ ਦਾ ਮੰਦਰ ਵੀ ਵਿਸ਼ਵ ਹੈ
ਪੁਜਾਰੀ ਪੂਜਾ ਸਮੱਗਰੀ ਤੇ ਪੂਜਣ ਵੀ ਵਿਸ਼ਵ ਹੈ
ਵਿਸ਼ਵ ਹੀ ਮਨੁੱਖ ਦੀ ਆਰਤੀ ਹੈ
ਮਨੁੱਖ ਦੀ ਹੋਂਦ ਦਾ ਗਿਆਨ ਹੈ
ਵਿਸ਼ਵ ਹੀ ਮਨੁੱਖ ਦਾ ਸੱਚ ਹੈ
ਮਨੁੱਖ ਦਾ ਭਗਵਾਨ ਹੈ

ਵਿਸ਼ਵ ਦੀ ਮੌਜ 'ਚ
ਸੂਰਜ ਦਾ ਉਦੈ ਤੇ ਅਸਤ ਹੋਣਾ ਹੈ
ਵਿਸ਼ਵ ਦੀ ਰੌਂਅ 'ਚ ਪ੍ਰਕਿਰਤੀ ਦਾ ਅਸਤ ਹੋਣਾ ਹੈ
ਜ਼ਿੰਦਗੀ ਵਿਸ਼ਵ ਦੇ ਪ੍ਰਾਣ ਦੀ ਮੁਥਾਜ਼ ਹੈ
ਵਿਸ਼ਵ ਦੀ ਖ਼ੁਸ਼ੀ ਜ਼ਿੰਦਗੀ ਦੀ ਬਹਾਰ ਹੈ
ਵਿਸ਼ਵ ਦੀ ਚੁੱਪ ਕਬਰਾਂ ਦੀ ਆਵਾਜ਼ ਹੈ
ਵਿਸ਼ਵ ਦੀਆਂ ਨਜ਼ਰਾਂ
ਜ਼ਿੰਦਗੀ ਦੀ ਪਰਵਾਜ਼ ਹੈ
ਜ਼ਿੰਦਗੀ ਦਾ ਸੱਚ ਹੈ—ਜ਼ਿੰਦਗੀ ਦਾ ਰਾਜ਼ ਹੈ

ਵਿਸ਼ਵ ਦੀ ਹੋਂਦ
ਨਿਰਜੀਵ ਜ਼ਿੰਦਗੀ 'ਚ ਜੀਵਨ ਉਤਾਰਦੀ ਹੈ
ਪੱਥਰਾਂ ਦੀ ਕੋਹਜੀ ਦੇਹ 'ਚੋਂ
ਸੁੰਦਰਤਾ ਦੇ ਬੁੱਤ ਉਸਾਰਦੀ ਹੈ
ਜਿਸ ਤਰ੍ਹਾਂ ਧਰਤੀ ਦੀ ਕੁੱਖ 'ਚੋਂ
ਸੁੰਦਰਤਾ ਜਨਮਦੀ ਹੈ
ਪੱਥਰ 'ਚੋਂ ਬੁੱਤ ਦਾ ਸੱਚ ਪ੍ਰਗਟਦਾ ਹੈ
ਸੁੰਦਰਤਾ ਦੇ ਸੱਚ ਦਾ ਸੁਮੇਲ
ਵਿਸ਼ਵ ਦੀ ਹੋਂਦ ਹੈ
ਸੁੰਦਰਤਾ ਸੱਚ ਤੇ ਕਲਿਆਣ

ਵਿਸ਼ਵ ਦੀ ਗੋਦ ਹੈ
ਇਸ ਸੱਚ ਨੂੰ ਮਨੁੱਖ ਨੇ
ਆਪਣੀ ਦੇਹ ਵਿਚਲੇ ਸੰਕੇਤਕ ਬਿੰਦੂ ਤੋਂ ਪਹਿਚਾਣਿਆ ਹੈ
ਸੰਕੇਤਕ ਬਿੰਦੂ ਤੋਂ ਵਿਸ਼ਵ ਦਾ ਸੱਚ ਜਾਣਿਆ ਹੈ
ਆਲੇ-ਦੁਆਲੇ ਪਿੰਡਾਂ-ਸ਼ਹਿਰਾਂ ਪ੍ਰਾਂਤਾਂ ਤੇ ਦੇਸ਼ਾਂ ਦੀਆਂ
ਹੱਦਾਂ ਬੰਨ੍ਹਿਆਂ ਨੂੰ ਢਾਹਿਆ ਹੈ
ਮਨੁੱਖ ਵਿਸ਼ਵ ਦੇ ਸੱਚ ਦੀ ਬੁੱਕਲ 'ਚ
ਉਤਰ ਆਇਆ ਹੈ

ਮਨੁੱਖ ਨੂੰ ਅੰਦਰ ਤੇ ਦੁਆਲੇ
ਸੱਚ ਦੀ ਮਿਥਿਆ ਸਮਝ ਆਈ ਹੈ
ਅਹਿਸਾਸ ਹੋਇਆ ਹੈ
ਸੱਚ ਦੁਆਲੇ ਪਸਰਿਆ ਸਭ ਕੁਝ ਕੂੜ ਹੈ
ਸੱਚ ਮਨੁੱਖ ਦੇ ਬਸ ਕੋਲ ਹੈ
ਦਿਸਦਾ ਨਜ਼ਰ ਤੋਂ ਦੂਰ ਹੈ
ਵਿਸ਼ਵ ਦਾ ਸੱਚ ਹੀ ਬਸ ਸੱਚ ਹੈ
ਬਾਕੀ ਤਾਂ ਸਭ ਕੁਝ ਕੱਚ ਹੈ
ਮਨੁੱਖ ਦੇ ਸੰਕੇਤਕ ਬਿੰਦੂ ਦਾ ਸੱਚ
ਜਦ ਵਿਸ਼ਵ ਦੇ ਸੱਚ 'ਚ ਰਲ ਗਿਆ
ਬੰਦੇ 'ਚੋਂ ਸੱਚ ਜਨਮਿਆ
ਮਿਥਿਅਕ ਸੱਚ ਦਾ ਭਰਮ ਮਿਟ ਗਿਆ

ਬੰਦਾ ਵਿਸ਼ਵ ਸੱਚ ਦਾ ਸਵਾਮੀ ਹੋ ਗਿਆ
ਆਪਣੇ ਅੰਦਰਲੇ ਤੇ ਬਾਹਰਲੇ ਸੱਚ ਤੋਂ ਜਾਣੂ ਹੋ ਗਿਆ
ਆਪਣੀ ਦੇਹ ਤੋਂ ਬਾਹਰ ਝਾਕਿਆ
ਮਨੁੱਖਤਾ ਦੇ ਦਾਇਰੇ ਦੇ ਸੱਚ ਦਾ ਹਾਣੀ ਹੋ ਗਿਆ
ਮਨੁੱਖਤਾ ਦੇ ਵਜੂਦ ਵਿਚ ਰਲ ਗਿਆ
ਮਨੁੱਖ ਤੋਂ ਮਨੁੱਖਤਾ 'ਚ ਢਲ ਗਿਆ

ਮਨੁੱਖ ਨੇ ਜਿਸਮ ਤੋਂ ਦੇਹ ਉਤਾਰੀ ਹੈ
ਪਿੰਡ ਦੇ ਸੱਚ ਤੋਂ ਵਿਸ਼ਵ ਦੇ ਸੱਚ ਤਕ ਦੀ ਉਡਾਰੀ ਹੈ

ਸੱਚ ਦਾ ਨੂਰ ਇਕ ਹੈ—ਨੂਰ ਦਾ ਰੰਗ ਇਕ ਹੈ
ਇਕੋ ਪ੍ਰਾਣ ਹੈ
ਜੋ ਮਨੁੱਖ ਤੇ ਮਨੁੱਖਤਾ ਦੀ ਸਾਂਝ ਹੈ—ਜਾਨ ਹੈ
ਵੱਖ-ਵੱਖ ਬੋਲੀਆਂ ਦੇ
ਸ਼ਬਦ ਵੱਖਰੇ ਹਨ
ਪਰ ਇਕੋ ਕੰਠ ਹੈ ਸੁਰ ਹੈ—ਆਵਾਜ਼ ਹੈ
ਜ਼ਿੰਦਗੀ ਦੇ ਉੱਗਣ ਤੇ ਮੁੱਕਣ ਦਾ
ਇਕੋ ਮੁਕਾਮ ਹੈ
ਇਕੋ ਬੀਜ ਹੈ—ਇਕੋ ਰੁੱਖ ਹੈ
ਇਕੋ ਜ਼ਿੰਦਗੀ ਦੇ ਆਉਣ ਜਾਣ ਦਾ ਦੁਆਰ ਹੈ
ਵਿਸ਼ਵ ਦਾ ਸੱਚ
ਮਨੁੱਖ ਦੇ ਸੱਚ 'ਚ ਸਮਾਇਆ ਹੈ
ਮਨੁੱਖ ਦਾ ਸੱਚ ਵਿਸ਼ਵ ਦੇ ਸੱਚ ਦਾ ਬਣ
ਨੂਰ ਆਇਆ ਹੈ

ਮੇਰੀ ਦੇਹ 'ਤੇ ਅਣਗਿਣਤ
ਅੱਖਾਂ ਤੇ ਸਿਰ ਉੱਗ ਆਏ ਹਨ
ਅਣਗਿਣਤ ਪੈਰ ਪੈਰਾਂ 'ਚ
ਅਣਗਿਣਤ ਚਿਹਰੇ ਚਿਹਰੇ 'ਚ ਸਮਾਏ ਹਨ
*

## ਨਜ਼ਰ ਦਾ ਅਸਮਾਨ

ਮੈਂ ਰਾਹ ਨੂੰ ਮੰਜ਼ਲ
ਮੰਜ਼ਲ ਨੂੰ ਰਾਹ ਮਿਥ ਕੇ ਟੁਰਿਆ
ਮੈਂ ਚੱਟਾਨ ਸਾਂ
ਪਰ ਰੇਤ ਵਾਂਗ ਭੁਰਿਆ
ਧਰਤੀ 'ਚੋਂ ਉੱਗਾ ਵੀ ਅੰਬਰ ਤੋਂ ਵਰ੍ਹਿਆ ਵੀ
ਮੇਰੇ ਰੁੱਖ 'ਚੋਂ ਜੜ੍ਹ ਜਨਮੀ
ਮੇਰਾ ਰੁੱਖ ਜੜ੍ਹ 'ਚ ਢਲਿਆ ਵੀ
ਮੈਂ ਆਪ ਹੀ ਜਨਮ ਮਰਨ ਦਾ ਦਾਇਰਾ ਸਾਂ
ਮੈਂ ਆਪ ਹੀ ਦਿਨ ਰਾਤ ਸਾਗਰ ਤੇ ਸਹਿਰਾ ਸਾਂ
ਮੈਂ ਆਪ ਆਪਣੀ ਸ਼ਾਮ ਆਪਣਾ ਸਵੇਰਾ ਸਾਂ

ਮੈਂ
ਮੈਂ ਦੇ ਸਿੰਗੀ ਚੜ੍ਹਿਆ
ਅਵਾਰਗੀ ਦਾ ਦੌਰ ਹਾਂ
ਮੈਂ ਦੇ ਪੈਰੀਂ ਮਿੱਧਿਆ
ਸ੍ਵੈ-ਸੋਚ ਦਾ ਕਾਲਾ ਗੁਲਾਬ ਹਾਂ
ਮੈਂ ਨਾ ਧਰਤ ਦੀ ਸੁਗੰਧ ਹਾਂ
ਨਾ ਅੰਬਰ ਦਾ ਵਿਸਥਾਰ ਹਾਂ
ਨਾ ਮੇਰੀ ਹੋਂਦ ਹੈ ਕੋਈ
ਨਾ ਮੈਂ ਹੋਂਦ ਦੀ ਪਹਿਚਾਣ ਹਾਂ
ਨਾ ਮਰਨ ਦਾ ਲੇਖਾ ਜੋਖਾ ਹਾਂ ਕੋਈ
ਨਾ ਜਿਉਣ ਦਾ ਹਿਸਾਬ ਹਾਂ

ਮੈਂ ਸਦੀਆਂ ਤੋਂ
ਆਪਣੇ ਆਪ 'ਚ ਬੰਦ ਕਿਤਾਬ ਹਾਂ
ਨਾ ਕਿਸੇ ਨੇ ਖੋਲ੍ਹਿਆ ਮੈਨੂੰ
ਨਾ ਕਿਸੇ ਪੜ੍ਹਿਆ ਮੈਨੂੰ
ਨਾ ਮੇਰੇ ਚਾਨਣ 'ਚ ਟੁਰਿਆ ਕੋਈ
ਨਾ ਮੇਰੇ ਹਨੇਰੇ ਸੰਗ ਜੁੜਿਆ ਕੋਈ

ਮੇਰੇ ਪੰਨਿਆਂ ਨੂੰ ਸਿਉਂਕ ਖਾ ਗਈ
ਮੇਰਿਆਂ ਸ਼ਬਦਾਂ 'ਚੋਂ ਕਬਰਾਂ ਉੱਗ ਆਈਆਂ
ਨਾ ਮੇਰੇ ਨੈਣਾਂ 'ਚ ਹੁਣ ਉਮੀਦ ਹੈ—ਨਾ ਆਸ ਹੈ ਕੋਈ
ਨਾ ਸ਼ਬਦ ਨਾ ਬੋਲ ਨਾ ਆਵਾਜ਼ ਹੈ ਕੋਈ
ਖੰਡਰ ਮੇਰਾ ਵਜੂਦ ਹੈ—ਮੇਰਾ ਸਾਜ਼ ਹੈ
ਠਹਿਰਾਓ ਮੇਰੀ ਪਰਵਾਜ਼ ਹੈ

ਮੈਂ ਹਰ ਰੋਜ਼ ਗੂੰਜਦਾ ਉਹ ਸ਼ਬਦ ਹਾਂ
ਜਿਹਨੂੰ ਅਰਥਾਂ ਦਾ ਕਾਫ਼ਲਾ
ਬਾਜ਼ੀ ਲਗਾ ਕੇ ਸਿਰ ਦੀ ਹੈ ਭਾਲਦਾ
ਬਸ ਭਾਲਦਾ
ਦੇਖਦਾ ਸੁਣਦਾ ਨਹੀਂ
ਪੈਰਾਂ 'ਚਂ ਖਿਲਰੇ ਅੰਗ ਮੇਰੀ ਭੁੱਲ੍ਹੀ ਦੇਹ ਦੇ
ਚੁਗਦਾ ਨਹੀਂ

ਜੋ ਮੇਰਾ ਅੰਗ ਅੰਗ ਚੁਗਦਾ ਜੋੜਦਾ
ਮੇਰਾ ਵਜੂਦ ਸਿਰਜਦਾ
ਮੇਰੀ ਦੇਹ 'ਚ ਧਰਤੀ ਪਿਘਲਦੀ
ਮੇਰੀ ਦੇਹ 'ਚ ਅੰਬਰ ਉਤਰਦਾ
ਮੇਰੇ ਮਸਤਕ 'ਚ ਸਮੁੰਦਰ ਖੌਲਦਾ
ਮੇਰੀ ਦੇਹ 'ਚੋਂ ਕਬਰਾਂ ਦੀ ਧੁੱਪ ਬੋਲ਼ਦੀ
ਮੇਰੇ ਅੰਦਰਲੇ ਸ਼ਮਸ਼ਾਨ ਦੇ ਵਰਕੇ ਫੋਲਦੀ
ਜ਼ਿੰਦਗੀ ਨਾ ਸਹੀ
ਮੋਈ ਜ਼ਿੰਦਗੀ ਦੇ ਅੰਗ ਨਕਸ਼ ਰੰਗ
ਜਿਸਮ ਨਜ਼ਰ ਆਉਂਦਾ
ਸੁੱਕੇ ਖੂਹ ਖੂਹੀਆਂ ਦੇ ਬਦਨ ਨਜ਼ਰ ਆਉਂਦੇ
ਜ਼ਿੰਦਗੀ ਦੇ ਨਾਲ ਰੁੱਸੇ ਵਕਤ ਦਾ
ਚਿਹਰਾ ਨਜ਼ਰ ਆਉਂਦਾ
ਰੁੱਸੀ ਸ਼ਾਮ ਸਵੇਰਾ ਨਜ਼ਰ ਆਉਂਦਾ
ਉਦਾਸੀਆਂ ਉਜਾੜਾਂ ਚੁੱਪ ਤੇ ਇਕੱਲਤਾ ਦੇ
ਪਿੰਜਰ ਨਜ਼ਰ ਆਉਂਦੇ

ਬੜਾ ਕੁਝ ਨਜ਼ਰ ਆਉਂਦਾ
ਜੋ ਨਿਰਜੀਵ ਹੈ
ਜ਼ਿੰਦਗੀ ਦਾ ਆਗਾਜ਼ ਹੈ
ਸ਼ਮਸ਼ਾਨ 'ਚ ਸੁੱਤੀ ਜ਼ਿੰਦਗੀ ਦੀ
ਪ੍ਰਾਣਾਂ ਨੂੰ ਆਵਾਜ਼ ਹੈ

ਮੈਂ ਅੱਖੀਆਂ 'ਚੋਂ ਘਟਦੀ ਜਾ ਰਹੀ ਉਹ ਲੋਅ ਹਾਂ
ਰਾਤ ਦੀ ਪਹਿਰੇ ਖੜ੍ਹੀ ਸੂਰਜ ਸਿਰਹਾਣੇ ਜੋ ਹਾਂ
ਮੈਂ ਹੀ ਪੰਖ ਵੀ—ਪਰਵਾਜ਼ ਵੀ
ਰੁੱਤਾਂ ਦੀ ਮਹਿਕ ਬੋਲ ਵੀ ਆਵਾਜ਼ ਵੀ
ਜੋ ਜੀਵਨ ਦੀ ਜਿਉਂਦੀ ਜਾਗਦੀ ਪਹਿਚਾਣ ਹਾਂ
ਭੂਤ ਦੇ ਵਿਚ ਜ਼ਿੰਦਗੀ
ਤੇ ਭਵਿੱਖ ਵਿਚ ਸ਼ਮਸ਼ਾਨ ਹਾਂ
ਮੈਂ ਹੀ ਉਹ ਧਰਤ ਹਾਂ ਬਿਨ ਆਸਮਾਂ
ਮੈਂ ਹੀ ਸਮੁੰਦਰ ਡੀਕਿਆ ਕਤਰਾ ਹਾਂ ਉਹ
ਮੌਤ ਦੀ ਆਗੋਸ਼ 'ਚ ਗਲ ਤਕ ਭਰਿਆ ਵੀ ਛਲਕੇ ਨਾ ਜੋ
*

## ਪੱਥਰ ਦਾ ਬੁੱਤ

### ਪ੍ਰਭਾਵ ਪਹਿਲਾ

ਮੈਂ ਪੱਥਰ ਦਾ ਬੁੱਤ
ਚੁੱਪ ਉਦਾਸੀ ਇਕੱਲਤਾ ਉਜਾੜਾਂ ਨਾਲ ਭਰਿਆ ਹਾਂ
ਨਾ ਕੋਈ ਸੁਰ ਰਾਗ ਨਾ
ਸੰਗੀਤ ਨਾ ਕੋਈ ਸਾਜ਼ ਹੈ
ਨਾ ਸ਼ਬਦ ਨਾ ਬੋਲ ਨਾ ਆਵਾਜ਼ ਹੈ
ਫਿਰ ਵੀ ਮੰਦਰ 'ਚ ਵਸੇਰਾ ਹੈ
ਨਾ ਮੈਂ ਰੱਬ ਹਾਂ
ਨਾ ਮੰਦਰ 'ਚ ਕੋਈ ਵਜਦ ਮੇਰਾ ਹੈ
ਮੈਂ ਗਤੀ ਰਹਿਤ ਚੇਤਨਹੀਣ ਹਾਂ
ਜ਼ਿੰਦਗੀ ਮੂੰਹ ਫੇਰ ਕੰਡ ਦੇ ਕੇ ਟੁਰ ਗਈ
ਮੇਰੀ ਦੇਹ 'ਚ ਸ਼ਮਸ਼ਾਨ ਤੇ ਜ਼ਬਾਨ.ਤੇ
ਕਬਰਾਂ ਦੀ ਚੁੱਪ ਧਰ ਗਈ

ਰੌਣਕ ਆਪਣਾ ਸਿਰਨਾਵਾਂ
ਮੇਰੀ ਪਿੱਠ 'ਤੇ ਲਿਖ ਕੇ
ਮੇਰੇ ਮਸਤਕ 'ਚੋਂ ਆਲੋਪ ਹੋ ਗਈ
ਮੇਰੇ ਵਰਤਮਾਨ 'ਚੋਂ ਨੁੱਚੜ ਗਈ
ਬੀਤੇ 'ਚ ਗੁਆਚ ਗਈ
ਭਵਿੱਖ ਦਾ ਰਾਹ ਭੁੱਲ ਗਈ

ਪਿੱਠ 'ਤੇ ਜੋ ਅੱਖਾਂ ਉੱਗਦੀਆਂ
ਬਾਜ਼ਾਰਾਂ 'ਚ ਸੜਕਾਂ ਤੇ ਭੀੜਾਂ 'ਚ ਰੌਣਕਾਂ ਭਾਲਦਾ
ਪਹਾੜਾਂ ਨੂੰ ਫਿਰੋਲਦਾ ਧਰਤੀ ਦਾ ਸੀਨਾ ਚੀਰਦਾ
ਅੰਬਰ ਨੂੰ ਖੋਲ੍ਹਦਾ
ਬਹਾਰਾਂ ਦੇ ਦਰ 'ਤੇ ਦਸਤਕ ਦਿੰਦਾ
ਮੌਸਮਾਂ ਦੇ ਵਜਦ ਆਪਣੀ ਦੇਹ ਦੇ ਸਹਿਰਾ 'ਚ ਉਤਾਰਦਾ
ਰੌਣਕਾਂ ਬੀਜਦਾ ਆਪਣੇ ਆਪ 'ਚੋਂ ਰੌਣਕਾਂ ਉਸਾਰਦਾ
*

## ਪੱਥਰ ਦੇ ਬੁੱਤ ਦਾ ਅੰਤਰੀਵ ਭਾਵ

### ਪ੍ਰਭਾਵ ਦੂਜਾ

ਮੈਂ ਪੱਥਰ ਦਾ ਅੱਥਰੂ
ਆਪਣੀਆਂ ਅੱਖਾਂ 'ਚ ਆਇਆ
ਤਾਂ ਕਿਸ ਤਰ੍ਹਾਂ
ਮੈਂ ਗਤੀ ਰਹਿਤ ਚੇਤਨਾਹੀਣ
ਕਲਪਨਾ 'ਚ ਸਮਾਇਆ ਤਾਂ ਕਿਸ ਤਰ੍ਹਾਂ
ਇਹ ਸੁਆਲੀਆ ਨਿਸ਼ਾਨ ਹੈ ਮੇਰੇ ਲਈ
ਐ ਬੁੱਤ ਤਰਾਸ਼
ਮੇਰੀ ਗਤੀ 'ਚ ਮੇਰੀ ਅਗਤੀ ਦਾ ਅੰਕੁਰ ਹੈ
ਮੇਰੀ ਅਗਤੀ
ਤੇਰੀ ਗਤੀ ਦੀ ਪਹਿਚਾਣ ਹੈ
ਤੇਰੇ ਹੱਥਾਂ ਦੀ ਛੋਹ 'ਚੋਂ ਮੈਂ
ਫੁੱਲਾਂ ਦੇ ਰੰਗ ਕਲੀਆਂ ਦੀ ਮਹਿਕ
ਮੌਸਮ ਬਹਾਰਾਂ ਖ਼ੁਸ਼ਬੂਆਂ ਤੇ ਝੂਲਦੇ
ਰੁੱਖਾਂ ਨੂੰ ਮਹਿਸੂਸ ਕਰਦਾ ਹਾਂ
ਆਪਣੀਆਂ ਬਾਹਾਂ 'ਚ
ਤੇਰੀਆਂ ਅੱਖਾਂ 'ਚ ਜਾਗਦੇ
ਮਹਿਕਦੇ ਗੁਲਜ਼ਾਰ ਫੜਦਾ ਹਾਂ

ਮੈਂ ਪੱਥਰ ਦੀ ਦੇਹ
ਮੇਰੇ 'ਚ ਜਜ਼ਬਾ ਆਇਆ ਤਾਂ ਕਿਸ ਤਰ੍ਹਾਂ
ਮੈਂ ਗਤੀ ਰਹਿਤ ਚੇਤਨਾਹੀਣ
ਮੇਰੇ ਦਿਲ 'ਚ ਜਜ਼ਬਾ ਸਮਾਇਆ ਤਾਂ ਕਿਸ ਤਰ੍ਹਾਂ
ਐ ਬੁੱਤ ਤਰਾਸ਼
ਤੇਰੇ ਸਾਗਰ 'ਚ ਸਹਿਰਾ ਦਾ ਸਾਇਆ ਹੈ
ਜਿਸ ਤਰ੍ਹਾਂ ਤੇਰੇ ਸ਼ੋਰ 'ਚ ਚੁੱਪ ਦਾ ਵਜੂਦ ਸਮਾਇਆ ਹੈ
ਮੇਰਾ ਸਹਿਰਾ—ਮੇਰੀ ਚੁੱਪ
ਤੇਰੇ ਸ਼ੋਰ ਤੇ ਸਾਗਰ ਦੀ ਸਿਆਣ ਹੈ

ਜਿਸ 'ਚ ਮੇਰੀ ਪਹਿਚਾਣ ਹੈ
ਐ ਬੁੱਤ ਤਰਾਸ਼
ਇਹ ਤੇਰੀ ਸਿਰਜਣਾ ਦਾ ਕ੍ਰਿਸ਼ਮਾ ਹੈ
ਕਿ ਤੂੰ ਬੁੱਤ 'ਚ ਜਾਨ ਪਾਈ
ਜ਼ਿੰਦਗੀ ਮੇਰੀ ਪੱਥਰ ਹੋਈ ਦੇਹ ਦੇ ਦੁਆਰ ਆਈ
ਵਗਦੀਆਂ ਪੌਣਾਂ ਟੁਰਦੀ ਧਰਤੀ
ਘੁੰਮਦੇ ਅਸਮਾਨ ਦਾ ਅਹਿਸਾਸ ਹੋਇਆ
ਬੀਜ ਦੇ ਸੱਚ ਦਾ ਅਨੁਭਵ
ਰੁੱਖ ਦੀ ਸਿਰਜਣਾ ਦਾ ਪਾਸ ਹੋਇਆ

ਮੈਂ ਪੱਥਰ ਦੇਹ
ਗਤੀ ਰਹਿਤ ਚੇਤਨਾਹੀਣ
ਮੇਰੇ 'ਚ ਦ੍ਰਿਸ਼ਟੀ ਕਿੰਜ ਸਿਰਜੀ ਗਈ
ਐ ਬੁੱਤ ਤਰਾਸ਼
ਤੇਰੀ ਕਲਾ ਸਿਰਜਣਾ ਦਾ ਸੱਚ
ਮੇਰੇ 'ਚ ਦ੍ਰਿਸ਼ਟੀ ਸਿਰਜ ਗਿਆ
ਪੱਥਰ 'ਚੋਂ ਬੁੱਤ ਬੁੱਤ 'ਚ ਜ਼ਿੰਦਗੀ ਧਰ ਗਿਆ
ਤੇਰੀ ਦ੍ਰਿਸ਼ਟੀ 'ਚ ਮੇਰੇ ਹਨੇਰ ਦਾ ਪਸਾਰ ਹੈ
ਮੇਰੇ ਹਨੇਰੇ 'ਚ ਹੀ
ਤੇਰੀ ਦ੍ਰਿਸ਼ਟੀ ਦੇ ਚਾਨਣ ਦਾ ਅੰਸ਼ ਹੈ

ਐ ਬੁੱਤ ਤਰਾਸ਼
ਹੁਣ ਨਾ ਜੀਵਨ ਦੀ ਇੱਛਾ ਹੈ
ਨਾ ਹਰਨ ਲਈ ਕੁਝ ਕੋਲ ਹੈ
ਸੈਨਿਕ ਘੋੜ ਸਵਾਰ ਬਰਛੇ ਭਾਲੇ
ਟੁਕੜੀਆਂ ਫ਼ੌਜਾਂ ਦੀਆਂ ਹਾਥੀ ਮਤਵਾਲੇ
ਰੱਥਾਂ ਦੇ ਪਹੀਆਂ ਦਾ ਸ਼ੋਰ ਚੀਕ ਚਿਹਾੜਾ
ਫਤਹਿ ਦੇ ਪਰਚਮ ਤੇ ਸੰਖਾਂ ਦੀ ਗੂੰਜ ਸਭ ਥੇਹ ਹੋ ਗਏ ਹਨ

ਜੀਵਨ ਦੀ ਆਸ ਮੁੱਕ ਗਈ ਹੈ
ਸਮੇਂ ਦੇ ਚੱਕਰ ਪੁੱਠੇ ਗਿੜ ਗਏ ਹਨ

ਜ਼ਿੰਦਗੀ ਦਾ ਸਫ਼ਰ
ਹਨੇਰਿਆਂ ਦਾ ਖੋਹ ਗਿਆ ਹੈ
ਜ਼ਿੰਦਗੀ ਦੇ ਮੱਥੇ ਦਾ ਸੂਰਜ ਉਹਲੇ ਹੋ ਗਿਆ ਹੈ

ਮੈਂ ਪੱਥਰ ਦੇਹ
ਗਤੀ ਰਹਿਤ ਚੇਤਨਹੀਣ
ਮੇਰੇ 'ਚ ਫ਼ਤਹਿ ਤੇ ਹਾਰ ਦਾ ਅਹਿਸਾਸ ਕਿੰਜ ਆਇਆ
ਐ ਬੁੱਤ ਤਰਾਸ਼
ਮੈਂ ਸ਼ਮਸ਼ਾਨ ਮੇਰੀਆਂ ਕਬਰਾਂ 'ਚ
ਜੀਵਨ ਦਾ ਅੰਕੁਰ ਹੈ
ਜੋ ਮੇਰੇ 'ਚੋਂ ਉੱਗਦਾ ਹੈ ਤੇਰੇ 'ਚ ਪਲਰਦਾ ਹੈ
ਮੈਂ ਪੱਥਰ ਦਾ ਬੁੱਤ ਜੀਵਨ ਰਹਿਤ ਹਾਂ
ਮੇਰੇ 'ਚ ਬਹਾਰਾਂ ਮੌਸਮਾਂ ਰੁੱਤਾਂ ਦਾ ਡੇਰਾ ਹੈ
ਜਿਨ੍ਹਾਂ ਦਾ ਆਗਾਜ਼ ਮੇਰਾ ਹੈ—ਅੰਤ ਮੇਰਾ ਹੈ

ਮੈਂ ਪੱਥਰ
ਮੇਰੇ 'ਚੋਂ ਪੱਥਰ ਦਾ ਬੁੱਤ ਸਿਰਜਿਆ ਤੇ ਗਿਆ
ਪਰ ਪੱਥਰ ਦੀ ਤਾਸੀਰ ਤੇ ਜ਼ਮੀਰ ਬਣ ਕੇ ਰਹਿ ਗਿਆ
ਜ਼ਿੰਦਗੀ ਮੇਰੇ ਤੋਂ ਬਹੁਤ ਅੱਗੇ ਨਿਕਲ ਗਈ
ਮੈਂ ਜ਼ਿੰਦਗੀ ਤੋਂ ਬਹੁਤ ਪਿੱਛੇ ਰਹਿ ਗਿਆ
ਮੈਂ ਸੁੱਕਾ ਖੂਹ ਖ਼ਾਲੀ ਟਿੰਡਾਂ ਵਾਂਗ ਗਿੜਦਾ ਰਿਹਾ
ਦਿਸ਼ਾਹੀਣਤਾ ਦੀ ਪਰਿਕਰਮਾ ਕਰਦਾ ਰਿਹਾ
ਸੂਰਜ ਸਾਹਵੇਂ ਦੀਵੇ ਬਾਲ ਕੇ ਧਰਦਾ ਰਿਹਾ

ਮੈਂ ਪੱਥਰ ਨਹੀਂ
ਪੱਥਰ 'ਚੋਂ ਤਰਾਸ਼ਿਆ ਬੁੱਤ ਹਾਂ
ਕਿਸੇ ਜੀਵਤ ਸ਼ਕਲ ਦਾ ਆਕਾਰ ਹਾਂ
ਰੂਪ ਹਾਂ—ਰੰਗ ਹਾਂ—ਨਕਸ਼ਾਂ ਦੀ ਛੋਹ ਹਾਂ
ਕਿਸੇ ਦੇਵੀ ਦੇਵਤੇ ਦੀ ਪੱਥਰ 'ਚ ਮੁਰਦਾ ਰੂਹ ਹਾਂ
ਹੁਣ ਨਾ ਕੋਈ ਭਾਲ ਹੈ—ਨਾ ਭਰਮ ਹੈ
ਪੱਥਰ ਹੀ ਪੱਥਰ ਦਾ ਧਰਮ ਹੈ—ਕਰਮ ਹੈ

ਦੇਹ ਦਾ ਲਹੂ ਪੱਥਰ ਹੈ
ਹੱਡੀਆਂ ਪੱਥਰ ਦੀ ਨੁਹਾਰ ਹੈ
ਮੱਥੇ ਦੀ ਜੋਤ ਪੱਥਰ ਹੈ
ਅੱਖਾਂ ਪੱਥਰ ਦਾ ਆਕਾਰ ਹਨ
ਇਹ ਪੱਥਰ ਦੀ ਦੇਹ ਦਾ ਸੱਚ ਹੈ
ਜੋ ਬੁੱਤ ਨੂੰ ਸਮਝ ਆ ਗਿਆ
ਪੱਥਰ ਦਾ ਸੱਚ
ਬੁੱਤ ਸਿਰਜ ਕੇ ਬੁੱਤ ਤਰਾਸ਼ ਖਾ ਗਿਆ
ਹੁਣ ਮੈਂ ਪੱਥਰ ਦਾ ਬੁੱਤ ਹੀ ਨਹੀਂ
ਮਨੁੱਖ ਦੀ ਉਮੀਦ ਹਾਂ—ਆਸ ਹਾਂ
ਆਪਣੀ ਹੋਂਦ ਤੇ ਵਿਸ਼ਵਾਸ ਤੋਂ ਦੂਰ ਹਾਂ
ਪਰ ਮਨੁੱਖ ਦਾ ਵਿਸ਼ਵਾਸ ਹਾਂ

ਮੈਂ ਪੱਥਰ ਦਾ ਭਗਵਾਨ
ਗਤੀ ਰਹਿਤ ਭਾਵਹੀਣ ਹਾਂ
ਨਾ ਮੇਰੀ ਨਜ਼ਰ ਨਾ ਜ਼ੁਬਾਨ ਨਾ ਆਵਾਜ਼ ਹੈ
ਨਾ ਲਹੂ ਦੇ ਰੰਗ ਦੀ ਖ਼ਬਰ ਹੈ
ਨਾ ਹੋਂਦ ਨਾ ਜੀਵਨ ਦਾ ਅਹਿਸਾਸ ਹੈ
ਨਾ ਕੋਈ ਜਨਮ ਨਾ ਮਰਨ ਭੂਮੀ ਹੈ
ਨਾ ਦੇਹ 'ਚ ਪ੍ਰਾਣ ਨਾ ਵਾਸ ਹੈ
ਨਾ ਰੰਗ ਹੈ ਨਾ ਰੂਪ ਹੈ ਨਾ ਵੇਸ ਹੈ

ਮੈਂ ਪੱਥਰ ਦਾ ਬੁੱਤ ਪੱਥਰ ਸਾਂ
ਪਰ ਮਨੁੱਖ ਦਾ ਰੱਬੀ ਸੰਕਲਪ ਸਾਂ
ਆਦਿ ਜੁਗਾਦਿ ਸੱਚ
ਧਰਤੀਆਂ ਅਕਾਸ਼ਾਂ ਬ੍ਰਹਿਮੰਡਾਂ ਦਾ ਸਿਰਜਣਹਾਰ ਸਾਂ
ਮਨੁੱਖ ਦਾ ਵਿਸ਼ਵਾਸ ਸਾਂ
ਮੋਖਸ਼ਾਂ ਦਾ ਦੁਆਰ ਸਾਂ
ਆਪਣੀ ਉਤਪਤੀ ਦਾ ਹਰਫ਼ ਸਾਂ
ਸਭ ਕੁਝ ਨਾਸ਼ਵਾਨ ਹੈ ਮੇਰੇ ਬਿਨਾ
ਮੈਂ ਜਨਮ ਮਰਨ ਰਹਿਤ ਕਰਮ ਹਾਂ

ਮੇਰੀ ਪੂਜਾ ਲਈ ਸ਼ਰਧਾਲੂ
ਮਨ ਤਨ ਧਨ ਦਾ ਅਰਘਾ ਚੜ੍ਹਾਉਂਦੇ ਹਨ
ਮੇਰੇ 'ਚੋਂ ਜ਼ਿੰਦਗੀ ਦੀ ਰਖਸ਼ਾ ਭਾਲਦੇ ਹਨ
ਆਪਣਾ ਜੀਵਨ ਮੇਰੀ ਬਲੀ ਚੜ੍ਹਾਉਂਦੇ ਹਨ
*

## ਬੁੱਤ ਦਾ ਸੱਚ

### ਪ੍ਰਭਾਵ ਤੀਜਾ

ਮੈਂ ਪੱਥਰ 'ਚੋਂ ਬੁੱਤ ਦਾ ਸਰੀਰ ਧਾਰਿਆ
ਆਪਣੇ ਆਪ 'ਚੋਂ ਰੱਬ ਉਸਾਰਿਆ
ਪੱਥਰ ਤੋਂ ਭਗਵਾਨ ਹੋ ਕੇ ਵੀ
ਮੈਂ ਪੱਥਰ ਦਾ ਪੱਥਰ ਰਿਹਾ
ਆਪਣੇ ਸੱਚ ਤੋਂ ਜਾਣੂ ਹਾਂ
ਆਪਣੀ ਪਹਿਚਾਣ ਤੋਂ ਵਾਕਿਫ਼ ਹਾਂ
ਮੇਰੀ ਹੋਂਦ ਪੱਥਰ ਹੈ—ਮੇਰਾ ਸੱਚ ਪੱਥਰ ਹੈ
ਮੇਰਾ ਆਦਿ ਪੱਥਰ ਹੈ ਮੇਰਾ ਜੁਗਾਦਿ ਪੱਥਰ਼ ਹੈ
ਮੈਂ ਆਪਣੇ ਆਪ 'ਚ
ਆਪਣੇ ਅਨੁਭਵ ਤੋਂ ਖ਼ਾਲੀ ਹਾਂ
ਜੀਵਨ ਦਾ ਸੁਆਲੀ ਹਾਂ
ਪੱਥਰ 'ਚ ਤੁਸੀਂ ਕੁਝ ਬੀਜ ਨਹੀਂ ਸਕਦੇ
ਕੁਝ ਉਗਾ ਨਹੀਂ ਸਕਦੇ—ਕੁਝ ਪਾ ਨਹੀਂ ਸਕਦੇ

ਪੱਥਰ ਨਾ ਦੇਖ ਸਕਦਾ ਹੈ—ਨਾ ਬੋਲ ਸਕਦਾ ਹੈ
ਨਾ ਸੱਚ ਜਾਣ ਸਕਦਾ ਹੈ—ਨਾ ਝੂਠ ਪਰਖ ਸਕਦਾ ਹੈ
ਇਹ ਸਮੱਗਰੀਆਂ ਦੀਵੇ ਸੁਗੰਧਾਂ
ਜੀਵਨ ਸੁਗਾਤਾਂ ਜੋ ਮੇਰੀ ਭੇਟ ਕਰਦੇ ਹੋ
ਮੇਰੇ ਹਨੇਰੇ ਆਸਮਾਂ 'ਚ ਜ਼ਿੰਦਗੀ ਬੀਜਦੇ ਹੋ
ਜੋ ਉੱਗ ਨਹੀਂ ਸਕਦੀ ਰੁੱਖ ਵਾਂਗ ਪੁੰਗਰ ਨਹੀਂ ਸਕਦ਼ੀ
ਮੇਰੀ ਪੱਥਰ ਦੇਹ 'ਚ ਸੁੱਕ ਜਾਂਦੀ ਹੈ ਸੜ ਜਾਂਦੀ ਹੈ
ਮੇਰੀ ਪੱਥਰ ਚੇਤਨਾ 'ਚ ਹੋਰ ਵੀ ਪੱਥਰ ਧਰ ਜਾਂਦੀ ਹੈ
ਆਪਣੀ ਪਵਿੱਤਰਤਾ ਦਾ ਕਰਜ਼ਾ
ਮੇਰੇ ਪਾਪਾਂ ਸਿਰ ਕਰ ਜਾਂਦੀ ਹੈ

*

# ਸੂਰਜ ਤੇ ਕਿਰਨਾਂ

•

ਪ੍ਰਸਿੱਧ ਕਵਿਤਰੀ
**ਇੰਦਰਜੀਤ ਸਿੱਧੂ**
ਦੇ ਨਾਂ

•

## ਅਬੋਲ

ਹੁਣ ਮੜ੍ਹੀ 'ਤੇ ਦੀਵਾ
ਜਗਾ ਕੇ ਯਾਦ ਕਰਦੇ ਹੋ
ਉਂਞ ਤੁਸੀਂ ਜ਼ਿੰਦਗੀ 'ਚ
ਹਨੇਰੇ ਆਬਾਦ ਕਰਦੇ ਹੋ

ਨੰਗੇ ਪੈਰੀਂ ਅਸੀਂ ਟੁਰਦੇ ਰਹੇ
ਤੁਸੀਂ ਰਾਹਾਂ 'ਚ ਕੰਡੇ ਧਰਦੇ ਰਹੇ
ਅੱਜ ਮਿੱਟੀ ਦੀ ਢੇਰੀ 'ਤੇ
ਕਿਉਂ ਫੁੱਲ ਧਰਦੇ ਹੋ
ਤੱਕਿਆ ਉਠਾ ਕੇ ਨਾ
ਨਜ਼ਰਾਂ ਕਦੀ ਵੀ ਤੁਸੀਂ
ਹੁਣ ਅੰਬਰੀਂ ਉੱਡ ਗਏ
ਪੰਛੀਆਂ ਦੇ
ਧਰਤੀ ਤੋਂ ਕਿਉਂ ਪਰਛਾਵੇਂ ਫੜਦੇ ਹੋ

ਜਦੋਂ ਕੋਲ ਸੀ
ਕਦੀ ਵੀ ਬੋਲ ਕੋਈ ਸਾਂਝਾ ਨਾ ਕੀਤਾ
ਅੱਜ ਸੁਣਨ ਲਈ ਇਕ ਬੋਲ
ਜਿਨ੍ਹਾਂ ਦਾ ਤਰਸਦੇ ਹੋ
ਤੁਸੀਂ ਉੱਗਦੇ ਨਹੀਂ ਕਦੀ ਵੀ
ਧਰਤੀ ਦੇ ਵਿਹੜੇ 'ਚ
ਤੁਸੀਂ ਹਵਾਵਾਂ 'ਚ ਜਿਉਂਦੇ ਹੋ
ਅੰਬਰਾਂ 'ਚ ਪੁੰਗਰਦੇ ਹੋ

ਤੁਸੀਂ ਉਹ ਰਾਹ ਹੋ
ਜੋ ਸਫ਼ਰ ਤੋਂ ਲੰਮੇਰੇ ਹਨ
ਤੁਸੀਂ ਆਪਣੇ ਤੋਂ ਸ਼ੁਰੂ ਹੋ ਕੇ
ਆਪਣੇ 'ਤੇ ਹੀ ਮੁੱਕਦੇ ਹੋ
ਤੁਸੀਂ ਤਾਂ ਆਪਣੀ ਹੀ

ਪ੍ਰਕਰਮਾ ਦੇ ਆਦੀ ਸੀ
ਉਹ ਕਿਹੜੀ ਆਰਜ਼ੂ ਹੈ
ਪੱਥਰਾਂ ਤੇ ਅੱਜ ਸਿਰ ਰਗੜਦੇ ਹੋ

ਤੁਸੀਂ ਯਕ ਲਖ ਠੰਡੇ ਸੀ
ਬਰਫ਼ ਦੇ ਟੁਕੜਿਆਂ ਵਾਂਗੂੰ
ਅੱਜ ਕਿਹੜੇ ਰੁੱਖ ਦੀ ਛਾਂ
ਹੇਠ ਬੈਠੇ ਹੋ ਪਿਘਲਦੇ ਹੋ
ਕੋਈ ਪੱਥਰ ਨਾ ਮਾਰੇ
ਆਖ ਦੇ ਸੰਗ ਦਿਲ ਤੁਸਾਂ ਨੂੰ
ਦੁਆ ਹੈ ਮੇਰੀ
ਕਿਸੇ ਦੇ ਜਿਗਰ ਦੇ ਟੁਕੜੇ ਤੁਸੀਂ ਵੀ ਹੋ
*

## ਪੰਛੀ

ਉਹ ਤੇਰਾ ਨਾਮ ਸੁਣਦਾ
ਤੇ ਬੜਾ ਬੇਚੈਨ ਹੋ ਜਾਂਦਾ
ਤੇਰੇ ਪੱਥਰ ਦੇ ਸੀਨੇ 'ਚ
ਬਣ ਕੇ ਕੱਚ ਉਤਰ ਜਾਂਦਾ

ਉਹ ਜਾਣਦਾ ਸੀ
ਤੇਰੇ ਸੰਗ ਟਕਰਾ ਕੇ
ਉਹ ਟੁਕੜੇ ਟੁਕੜੇ ਹੋ ਜਾਏਗਾ
ਇਹ ਕੀ ਘੱਟ ਸੀ ਉਸ ਲਈ
ਕਿ ਉਹਦੇ ਹਰ ਇਕ ਟੁਕੜੇ 'ਚੋਂ
ਤੇਰਾ ਹੀ ਚਿਹਰਾ ਨਜ਼ਰ ਆਏਗਾ

ਬਰਸੇਗਾ
ਤੇਰੀਆਂ ਅੱਖੀਆਂ 'ਚੋਂ
ਸਾਉਣ ਹੰਝੂਆਂ ਦਾ
ਤੇਰੇ ਗਰੂਰ ਦਾ ਸਾਗਰ ਸਹਿਰਾ ਹੋ ਜਾਏਗਾ
ਤੇਰੇ 'ਚੋਂ ਨੁਚੜੇਗੀ ਜ਼ਫ਼ਾ ਸਾਰੀ
ਉਹਦੀ ਵਫ਼ਾ ਜਦ ਸੁਫ਼ਨੇ 'ਚ
ਤੇਰੀ ਨੀਂਦ ਹੰਢਾਏਗੀ
ਤੂੰ ਆਪਣੇ ਤਨ 'ਤੇ ਉਹਦੀਆਂ
ਯਾਦਾਂ ਦਾ ਸੂਤ ਕੱਤੇਂਗੀ
ਤੇਰਿਆਂ ਨੈਣਾਂ 'ਚੋਂ
ਅੱਥਰੂਆਂ ਦੇ ਖੂਹ ਗਿੜਣਗੇ
ਤੂੰ ਉਹਦੇ ਨਾਂ ਦੀਆਂ
ਜਦ ਪੂਣੀਆਂ ਕੱਤੇਂਗੀ

ਤੂੰ ਨੀਂਦਰ 'ਚ ਟੁਰੇਂਗੀ
ਉਹਦੇ ਕੋਲ ਆਵੇਂਗੀ
ਉਹਦੀ ਮਿੱਟੀ ਦੀ ਢੇਰੀ 'ਤੇ

ਆਪਣੀ ਦੇਹ ਦਾ ਦੀਵਾ ਜਗਾਵੇਂਗੀ
ਆਪਣੀ ਨਫ਼ਰਤ 'ਚ ਉਬਲੇਂਗੀ
ਜ਼ਫ਼ਾ 'ਚ ਪੀਸੀ ਜਾਵੇਂਗੀ

ਤੇਰਾ ਸ਼ਹਿਰ ਛੱਡ ਕੇ ਟੁਰ ਗਿਆ ਹੈ ਜੋ
ਨਾ ਖੁੱਲ੍ਹਾ ਰੱਖ ਦਰ ਹੁਣ ਆਪਣਾ
ਨਹੀਂ ਹੁਣ ਪਰਤ ਕੇ ਆਵੇਗਾ ਉਹ
ਚਿਹਰੇ ਦੇ ਦਾਗ਼ ਦਰਪਣ ਨੂੰ ਨਜ਼ਰ
ਨਹੀਂ ਆਏ
ਦਿਲ ਦੇ ਦਾਗ਼
ਦਰਪਣ ਨੂੰ ਵਿਖਾ ਕੇ ਕੀ ਕਰੇਗਾ ਉਹ

ਤੂੰ ਉਸ ਲਈ ਉਦਾਸੀ ਦੀ ਦੁਨੀਆ ਦੇ
ਜੰਗਲ ਉਗਾ ਦਿੱਤੇ
ਤੂੰ ਉਸ ਦੇ ਰਾਹ 'ਚ
ਮੌਤ ਦੇ ਸਾਗਰ ਵਿਛਾ ਦਿੱਤੇ
ਤੂੰ ਉਸ ਨੂੰ
ਸ਼ਹਿਰ ਛੱਡਣ ਲਈ ਮਜਬੂਰ ਕਰ ਦਿੱਤਾ
ਨਜ਼ਰ 'ਚ ਬੀਜ ਕੇ ਪੈਂਡੇ
ਪੈਰੀਂ ਬਨਵਾਸ ਧਰ ਦਿੱਤਾ
*

## ਗਤੀ ਦਾ ਭਰਮ

ਗਤੀ ਦੇ ਸੁਫ਼ਨਿਆਂ 'ਚ
ਪਹਾੜ ਸਾਰੀ ਰਾਤ ਸੌਂਦੇ ਰਹੇ
ਸਵੇਰੇ ਉੱਠ ਕੇ
ਬਹਿ ਦਰਾਂ 'ਤੇ ਰੋਂਦੇ ਰਹੇ
ਬੀਜਦੇ ਰਹੇ ਸਾਰੀ ਰਾਤ
ਆਪਣੀ ਦੇਹ 'ਚ ਬੀਜ ਗਤੀਆਂ ਦੇ
ਪਾਣੀ ਗਤੀਆਂ ਦੀ ਮਿੱਟੀ ਨੂੰ
ਹੰਝੂਆਂ ਦਾ ਲਾਉਂਦੇ ਰਹੇ
ਪਾਲਦੇ ਰਹੇ ਭਰਮ ਆਪਣੇ ਟੁਰਨ ਦਾ
ਸਫ਼ਰ ਪਹਾੜਾਂ ਤੋਂ ਪਹਾੜਾਂ ਤਕ ਦਾ
ਮੁਕਾਉਂਦੇ ਰਹੇ

ਵੇਖ ਕੇ ਪਰਵਾਜ਼
ਅਕਾਸ਼ 'ਚ ਉੱਚੀਆਂ ਉਡਾਣਾਂ ਦਾ
ਪੰਛੀ ਸਾਰਾ ਦਿਨ
ਆਪਣੇ ਖੰਭ ਖੋਂਹਦੇ ਰਹੇ
ਅੱਖਾਂ 'ਚ ਅੰਬਰ ਭਰਦੇ ਰਹੇ
ਡਿੱਗੀਆਂ ਲਾਸ਼ਾਂ ਅੰਬਰ ਤੋਂ ਧਰਤੀ 'ਤੇ
ਪੰਛੀ ਜੋ ਦਾਣੇ ਲਈ ਅੰਬਰ 'ਤੇ ਭੌਂਦੇ ਰਹੇ

ਕਿਵੇਂ ਗੁਜ਼ਾਰੇਗਾ ਝੱਟ ਕੋਈ
ਉਨ੍ਹਾਂ ਛੱਤਾਂ ਦੇ ਆਸਰੇ
ਬਰਸਾਤਾਂ 'ਚ ਗਰਦੇ ਰਹੇ
ਧੁੱਪਾਂ 'ਚ ਜੋ ਚੋਂਦੇ ਰਹੇ

ਪੱਥਰਾਂ ਨੂੰ ਜਦ ਵੀ ਪੱਥਰ ਮਿਲੇ
ਦਾਗ਼ ਦਿਲ ਦੇ ਪੁੱਛਦੇ ਧੋਂਦੇ ਰਹੇ
ਹੁਸਨ ਜਦ ਇਸ਼ਕ ਨੂੰ
ਇਸ਼ਕ ਜਦ ਵੀ ਹੁਸਨ ਨੂੰ ਮਿਲਿਆ

ਇਕ ਦੇ ਸੀਨੇ 'ਚ ਫੁੱਲ
ਇਕ ਦੇ ਸੀਨੇ 'ਚ ਪੱਥਰ ਉਗਾ ਆਉਂਦੇ ਰਹੇ

ਕੀ ਬੀਤੀ
ਬੁਲਬੁਲ ਦੇ ਦਿਲ ਤੇ ਉਸ ਵੇਲੇ
ਫੁੱਲ ਕਲੀਆਂ ਖ਼ੁਸ਼ਬੂਆਂ
ਜਦ ਰਾਤ ਭਰ ਰੋਂਦੇ ਰਹੇ
ਪੈਰ ਇਕ ਵੀ ਪੁੱਟਿਆ ਗਿਆ ਨਾ
ਮੰਜ਼ਲ ਵੱਲ ਰਾਹ
ਸਾਰਾ ਦਿਨ ਤੱਕਦੇ ਰਹੇ
ਸਾਰੀ ਰਾਤ ਖਲੋਤੇ ਰਹੇ
*

## ਸੱਚ ਦੀ ਪਹਿਚਾਣ

ਜੋ ਤਾਰਿਆਂ ਨੂੰ ਜ਼ੱਰੇ ਕਰਦਾ ਹੈ
ਚੰਨਾਂ 'ਚ ਹਨੇਰੇ ਭਰਦਾ ਹੈ
ਸੂਰਜਾਂ ਨੂੰ ਠੰਡਿਆਂ ਕਰਦਾ ਹੈ
ਅੰਬਰ ਧਰਤ ਦੇ ਪੈਰਾਂ 'ਚ ਧਰਦਾ ਹੈ
ਉਸ ਦਾ ਮਸਤਕ ਹਾਂ ਮੈਂ
ਉਸ ਦੇ ਵਜ਼ੂਦ ਦੀ ਖ਼ਸਲਤ ਹਾਂ ਮੈਂ
ਉਸ 'ਚ ਜਿਉਣ ਦੀ ਹਸਰਤ ਹਾਂ ਮੈਂ
ਮੌਤ ਜਿਸ ਦਾ ਪਾਣੀ ਭਰਦੀ ਹੈ
ਜ਼ਿੰਦਗੀ ਜਿਸ ਦੀ ਪ੍ਰਕਰਮਾ ਕਰਦੀ ਹੈ

ਜੋ ਹਵਾ 'ਚੋਂ ਗਤੀ ਨਿਚੋੜਦਾ ਹੈ
ਅਗਨ ਦਾ ਤੇਜ ਪੀਂਦਾ ਹੈ
ਜਲ ਦਾ ਪਿੰਡਾ ਹੰਗਾਲਦਾ ਹੈ
ਧਰਤੀ ਮੁੱਠ 'ਚ ਫੜਦਾ ਹੈ
ਅੰਬਰ ਪੈਰਾਂ 'ਚ ਧਰਦਾ ਹੈ
ਜੋ ਫੁੱਲਾਂ 'ਚ ਰੰਗ
ਕਲੀਆਂ 'ਚ ਖ਼ੁਸ਼ਬੂ ਭਰਦਾ ਹੈ
ਬਹਾਰਾਂ ਮੌਸਮਾਂ ਰੁੱਤਾਂ ਨੂੰ ਜਨਮਦਾ ਹੈ
ਸਹਿਰਾ ਹਰਾ ਕਰਦਾ ਹੈ
ਸਾਗਰ ਚੂਲੀ 'ਚ ਭਰਦਾ ਹੈ
ਅੰਬਰ ਦਾ ਸ਼ਬਦ ਹੈ ਉਹ
ਕੁਦਰਤ ਦਾ ਨਾਦ ਹੈ ਜੋ

ਉਸ ਦਾ ਮਸਤਕ ਹਾਂ ਮੈਂ
ਉਸ ਦੇ ਵਜ਼ੂਦ ਦੀ ਖਸਲਤ ਹਾਂ ਮੈਂ
ਉਸ 'ਚ ਜਿਉਣ ਦੀ ਹਸਰਤ ਹਾਂ ਮੈਂ
ਮੌਤ ਜਿਸ ਦਾ ਪਾਣੀ ਭਰਦੀ ਹੈ
ਜ਼ਿੰਦਗੀ ਜਿਸ ਦੀ ਪ੍ਰਕਰਮਾ ਕਰਦੀ ਹੈ

ਜੋ ਬੀਜ 'ਚੋਂ ਪੁੰਗਰਦਾ ਹੈ
ਸ਼ਬਨਮ ਦੇ ਕਤਰੇ 'ਚ ਸੁੰਘੜਦਾ ਹੈ
ਪਰੀਆਂ ਦੇ ਰੂਪ 'ਚ ਜਗਦਾ ਹੈ
ਆਸ਼ਕਾਂ ਦੀਆਂ ਮੜ੍ਹੀਆਂ 'ਤੇ ਬਲਦਾ ਹੈ
ਸੱਚ ਸੁੰਦਰਤਾ ਤੇ ਕਲਿਆਣ ਦਾ ਸਰੂਪ ਹੈ
ਕੁਦਰਤ ਦਾ ਰੂਪ ਹੈ
ਪਾਣੀਆਂ 'ਤੇ ਤਰਦਾ ਹੈ
ਹਵਾਵਾਂ 'ਚ ਉੱਡਦਾ ਹੈ
ਫੁੱਲਾਂ 'ਚ ਰਹਿੰਦਾ ਹੈ ਪੱਥਰਾਂ 'ਚੋਂ ਮਿਲਦਾ ਹੈ

ਮਨੁੱਖ ਦੇ ਲਹੂ 'ਚ ਵਹਿੰਦਾ ਹੈ ਜੋ
ਚੁੱਪ ਉਦਾਸੀ ਤੇ ਇਕੱਲਤਾ 'ਚ ਰਹਿੰਦਾ ਹੈ ਜੋ
ਜਿਸ ਦਾ ਪੰਛੀਆਂ ਦੇ ਕੰਠ 'ਚ ਵਸੇਰਾ ਹੈ
ਜਿਸ ਦਾ ਸੂਰਜਾਂ ਦੀ ਕੁੱਖ 'ਚ ਹਨ੍ਹੇਰਾ ਹੈ
ਖੇਤਾਂ 'ਚ ਜੋ ਅਨਾਜ ਬਣ ਕੇ ਉੱਗਦਾ ਹੈ
ਜੋ ਪੱਥਰਾਂ ਦੇ ਸੀਨੇ 'ਚੋਂ ਪੁੰਗਰਦਾ ਹੈ
ਭੁੱਖਾਂ ਮਿਟਾਉਂਦਾ ਹੈ
ਪਿਆਸਾਂ ਮਿਟਾਉਂਦਾ ਹੈ
ਜੋ ਹੋ ਕੇ ਗੂੰਗਾ ਗੀਤਾ ਦੀ ਕਥਾ ਸੁਣਾਉਂਦਾ ਹੈ
ਜੋ ਦਰੋਪਤੀ ਦਾ ਕੱਜਣ ਬਣ ਕੇ
ਉਤਰ ਆਉਂਦਾ ਹੈ

ਉਸ ਦਾ ਮਸਤਕ ਹਾਂ ਮੈਂ
ਉਸ ਦੇ ਵਜ਼ੂਦ ਦੀ ਖਸਲਤ ਹਾਂ ਮੈਂ
ਉਸ 'ਚ ਜਿਉਣ ਦੀ ਹਸਲਤ ਹਾਂ ਮੈਂ
ਮੌਤ ਜਿਸ ਦਾ ਪਾਣੀ ਭਰਦੀ ਹੈ
ਜ਼ਿੰਦਗੀ ਜਿਸ ਦੀ ਪਰਿਕਰਮਾ ਕਰਦੀ ਹੈ

ਤਲਵਾਰ 'ਚ ਜੋ ਵਿਜੈ ਦਾ ਅਹਿਸਾਸ ਹੈ
ਹਾਰ 'ਚ ਨਮੋਸ਼ੀ ਹੈ
ਦੇਹ ਦਾ ਜੋ ਗੁਣ ਹੈ ਦੇਹ ਦਾ ਜੋ ਦੋਸ਼ੀ ਹੈ

ਸੁਰਤੀ ਸਮਾਧੀ ਦੀ ਜੋ ਹੋਸ਼ ਹੈ
ਪਿੰਡਾਂ ਸ਼ਹਿਰਾਂ ਦੇਸ਼ਾਂ ਤੇ ਵਿਸ਼ਵ ਦਾ ਜੋ ਕੋਸ਼ ਹੈ
ਸਾਜ਼ 'ਚ ਜੋ ਰਾਗ ਰੰਗ ਦਾ ਵਸੇਰਾ ਹੈ
ਮੋਰ ਦੇ ਪੈਰਾਂ 'ਚ ਜੋ ਨਾਚ ਹੈ
ਚੁੱਪ ਦੀ ਜੋ ਆਵਾਜ਼ ਹੈ

ਉਸ ਦਾ ਮਸਤਕ-ਹਾਂ ਮੈਂ
ਉਸ ਦੇ ਵਜੂਦ ਦੀ ਖਸਲਤ ਹਾਂ ਮੈਂ
ਉਸ 'ਚ ਜਿਉਣ ਦੀ ਹਸਰਤ ਹਾਂ ਮੈਂ
ਮੌਤ ਜਿਸ ਦਾ ਪਾਣੀ ਭਰਦੀ ਹੈ
ਜ਼ਿੰਦਗੀ ਜਿਸ ਦੀ ਪਰਿਕਰਮਾ ਕਰਦੀ ਹੈ

ਮੈਂ ਆਪਣੇ ਆਪ ਦਾ ਕਬਜ਼ਾ ਨਹੀਂ
ਆਪਣੇ ਆਪ ਦੀ ਪਹਿਚਾਣ ਹਾਂ
ਮੈਂ ਬੀਜ ਤੋਂ ਰੁੱਖ ਤਕ 'ਚ ਬਿਰਾਜਮਾਨ ਹਾਂ
ਸੰਸਾਰ ਦਾ ਬੀਜ ਵੀ ਮੈਂ ਹਾਂ
ਰੁੱਖ ਵੀ ਮੈਂ ਹਾਂ
ਸੁੱਖ ਵੀ ਮੈਂ ਹਾਂ ਦੁੱਖ ਵੀ ਮੈਂ ਹਾਂ

ਸਾਰਾ ਸੰਸਾਰ
ਮੇਰੇ 'ਚ ਪਰੋਇਆ ਹੈ
ਮੇਰੇ 'ਚੋਂ ਜਨਮਿਆ ਹੈ
ਮੇਰੇ 'ਚ ਸਮੋਇਆ ਹੈ
ਮੈਂ ਸੰਸਾਰ ਦੇ ਪ੍ਰਾਣਾਂ ਦਾ ਪ੍ਰਾਣ ਹਾਂ
ਮੈਂ ਆਪਣੇ ਆਪ 'ਚ ਕਬਜ਼ਾ ਨਹੀਂ
ਆਪਣੇ ਆਪ ਦੀ ਪਹਿਚਾਣ ਹਾਂ
ਮਨੁੱਖਤਾ ਦਾ ਚਿਰਾਗ਼ ਹਾਂ
ਮਨੁੱਖਤਾ ਦੀ ਸਿਆਣ ਹਾਂ

ਮੈਂ ਤੁਹਾਡੇ ਸਾਹਵੇਂ ਖੜ੍ਹਾ
ਤੁਹਾਡੇ ਜਿਹਾ ਹੀ ਇਨਸਾਨ ਹਾਂ

ਮੈਂ ਆਪਣੇ ਸੱਚ 'ਚ
ਜਦ ਉਤਰਿਆ ਤਾਂ ਇਨਸਾਨ ਸਾਂ
ਜਦ ਪਰਤਿਆ ਤਾਂ
ਕਰਤੇ ਦੀ ਪਹਿਚਾਣ ਸਾਂ
ਇਸ ਲਈ ਮੈਂ
ਮਸਤਕ ਹਾਂ ਖਸਲਤ ਹਾਂ ਹਸਰਤ ਹਾਂ
ਮੌਤ ਮੇਰੀ ਦਾਸੀ ਹੈ
ਜ਼ਿੰਦਗੀ ਮੇਰੀ ਆਜ਼ਾਦੀ ਹੈ
*

## ਮਹਿਕ

ਮਹਿਕ ਫੁੱਲਾਂ ਕਲੀਆਂ ਦੀ ਬੜੀ ਅਜੀਬ ਹੈ
ਪੱਥਰਾਂ 'ਚ ਗਤੀਆਂ ਭਰਦੀ ਹੈ
ਸੁੱਕਿਆਂ ਰੁੱਖਾਂ ਨੂੰ ਹਰਾ ਕਰਦੀ ਹੈ
ਮਹਿਕ ਤੇਰੇ ਬਦਨ ਦੀ ਵੀ ਵੱਖਰੀ ਅਜੀਬ ਹੈ
ਤੇਰੇ 'ਚੋਂ ਆਉਂਦੀ ਹੈ
ਕਬਰਾਂ 'ਚੋਂ ਮੁਰਦੇ ਜਗਾਉਂਦੀ ਹੈ

ਘੁਲਦੀ ਹੈ ਸਾਹਾਂ 'ਚ
ਆਪਾ ਭੁਲਾਉਂਦੀ ਹੈ
ਉਤਰਦੀ ਹੈ ਪਹਾੜਾਂ 'ਚ
ਪਹਾੜਾਂ ਨੂੰ ਟੁਰਨਾ ਸਿਖਾਉਂਦੀ ਹੈ
ਪੱਥਰ ਨੂੰ ਪਾਣੀ 'ਤੇ ਤਰਨਾ ਦੱਸਦੀ ਹੈ
ਤਰਦੀ ਹੈ ਸਾਗਰਾਂ ਦਾ ਜੁੱਸਾ
ਲਹਿਰਾਂ ਨੂੰ ਗਾਉਣਾ ਤੇ ਨੱਚਣਾ ਦੱਸਦੀ ਹੈ

ਮਹਿਕ
ਤੇਰੇ ਦੁਆਲੇ ਸਮਾਂ ਘੁੰਮਦਾ ਹੈ
ਮਹਿਕ ਤੇਰੀ ਜਦ ਪੌਣਾਂ 'ਚ ਰਲਦੀ ਹੈ
ਬ੍ਰਹਿਮੰਡਾਂ ਦਾ ਵਾਤਾਵਰਣ ਸ਼ੁੱਧ ਕਰਦੀ ਹੈ
ਪ੍ਰਕਿਰਤੀ ਮਹਿਕਦੀ ਹੈ ਟਹਿਕਦੀ ਹੈ
ਵਜੂਦ 'ਚ ਆਉਂਦੀ ਹੈ
ਚਾਨਣ ਦੇ ਗੀਤ ਗਾਉਂਦੀ ਹੈ
ਤੇਰੀ ਮਹਿਕ ਸਿਮਰਦੀ ਹੈ ਅਰਾਧਦੀ ਹੈ
ਤੇਰੇ ਰੂਪ ਦੀ ਆਰਤੀ ਉਤਾਰਦੀ ਹੈ

ਮਹਿਕ ਤੇਰੀ
ਕੱਚਿਆਂ 'ਤੇ ਤਰਦੀ ਹੈ
ਪਹਾੜਾਂ ਤੋਂ ਨਹਿਰਾਂ 'ਚ ਵਗਦੀ ਹੈ
ਆਪ ਸੜਦੀ ਹੈ

ਥਲਾਂ ਨੂੰ ਠਾਰਦੀ ਹੈ
ਕੋਇਲ ਦੇ ਕੰਠ 'ਚ ਜਿਉਂਦੀ ਹੈ
ਮੋਰਾਂ ਨੂੰ ਨਚਾਉਂਦੀ ਹੈ
ਰੁੱਖਾਂ ਤੋਂ ਸਿਮਟਦੀ ਹੈ ਜੰਗਲਾਂ 'ਚ ਵਗਦੀ ਹੈ
ਮਹਿਕ ਤੇਰੀ ਧੁੱਪਾਂ ਜਿਉਂਦੀ ਹੈ
ਛਾਵਾਂ ਹੰਢਾਉਂਦੀ ਹੈ
ਮਹਿਕ ਤੇਰੀ 'ਚੋਂ ਦਿਨ ਸਾਹ ਲੈਂਦੇ ਹਨ
ਰਾਤਾਂ ਆਪਣੇ ਸਾਹਾਂ 'ਚ ਹੰਢਾਉਂਦੀਆਂ ਹਨ
ਮਹਿਕ ਤੇਰੀ ਦੇ ਸਰੋਵਰ 'ਚ
ਪਰੀਆਂ ਨਹਾਉਂਦੀਆਂ ਹਨ
ਮਹਿਕ ਤੇਰੀ
ਮੌਸਮ ਬਹਾਰਾਂ ਰੁੱਤਾਂ ਗਾਉਂਦੀਆਂ ਹਨ

ਮਹਿਕ ਤੇਰੀ
ਜਦ ਜੁਆਨੀ 'ਚ ਘੁਲਦੀ ਹੈ
ਜੁਆਨੀ ਨਸ਼ਿਆਉਂਦੀ ਹੈ
ਪੌਣਾਂ 'ਤੇ ਕਾਠੀ ਪਾਉਂਦੀ ਹੈ
ਕੱਛੇ ਸੂਰਜ ਮਾਰਦੀ ਹੈ
ਚੰਨ ਤਲੀਆਂ 'ਤੇ ਟਿਕਾਉਂਦੀ ਹੈ
ਨੈਣਾਂ 'ਚ ਤਾਰੇ ਜਗਾਉਂਦੀ ਹੈ
ਜ਼ੁਲਫ਼ਾਂ 'ਚ ਕਿਰਨਾਂ ਸਜਾਉਂਦੀ ਹੈ
ਧਰਤੀ ਤੋਂ ਗਿੱਠ-ਗਿੱਠ ਉੱਚਾ ਟੁਰਦੀ ਹੈ
ਅੰਬਰ ਮੁੱਠਾਂ 'ਚ ਫੜਦੀ ਹੈ
ਆਪਣੇ ਕਲਾਵੇ 'ਚ ਪ੍ਰਕਿਰਤੀ ਭਰਦੀ ਹੈ

ਮੌਸਮ ਬਹਾਰਾਂ ਰੁੱਤਾਂ ਆਪਣੇ
ਬਦਨ 'ਚ ਢਾਲਦੀ ਹੈ
ਬ੍ਰਿਹਾ ਦੇ ਗੀਤ ਗਾਉਂਦੀ ਹੈ
ਕਿਸੇ ਦਾ ਹੋਣਾ ਚਾਹੁੰਦੀ ਹੈ
ਕਿਸੇ ਨੂੰ ਪਾਉਣਾ ਚਾਹੁੰਦੀ ਹੈ
ਤੇਰੀ ਮਹਿਕ ਦਾ ਪਿੰਡਾ ਤਰਦੀ ਹੈ

ਬਣ ਕੇ ਕਸਤੂਰੀ ਦੀ ਬੱਦਲੀ
ਆਪਣੇ ਹੀ ਅੰਗਾਂ 'ਤੇ ਵਰ੍ਹਦੀ ਹੈ

ਤੇਰੀ ਮਹਿਕ 'ਚ
ਦਰਿਆਵਾਂ 'ਚ ਹੜ੍ਹ ਆਉਂਦੇ ਹਨ
ਨਦੀਆਂ ਜੋਬਨ ਦੀਆਂ ਭਰੀਆਂ
ਕੰਢਿਉਂ ਬਾਹਰ ਵਗਦੀਆਂ ਹਨ
ਧਰਤੀ ਵਿਸਮਦੀ ਹੈ
ਰੁੱਖਾਂ ਨੂੰ ਬੂਰ ਆਉਂਦਾ ਹੈ
ਹਵਾ ਦੇ ਬੁੱਲ੍ਹੇ ਅੰਬਰੀਂ ਪੀਂਘਾਂ ਝੂਟਦੇ ਹਨ
ਕਲੀਆਂ ਭੌਰੇ ਉਡੀਕਦੀਆਂ ਹਨ
ਨਵੀਆਂ ਬਹਾਰਾਂ ਨਵੀਆਂ ਰੁੱਤਾਂ ਦਾ
ਆਗਾਜ਼ ਹੁੰਦਾ ਹੈ
ਧਰਤੀ ਦੀ ਕੁੱਖ 'ਚ
ਜ਼ਿੰਦਗੀ ਦਾ ਵਾਸ ਹੁੰਦਾ ਹੈ
ਖੇਤਾਂ 'ਚੋਂ ਅਨਾਜ ਝਾਕਦਾ ਹੈ
ਨਿਹਮਤਾਂ ਤੇ ਰਹਿਮਤਾਂ ਭਰਿਆ ਆਕਾਸ਼ ਹੁੰਦਾ ਹੈ
*

## ਦਾਮਨੀ ਲੋਕ

ਮੈਂ ਜੰਗਲ ਦੇ ਦਿਲ 'ਚੋਂ
ਸ਼ੀਸ਼ੇ ਦੇ ਸ਼ਹਿਰ ਉਸਾਰੇ ਹਨ
ਦਾਮਨੀ ਜਲ ਦੀਆਂ
ਤਲੀਆਂ 'ਤੇ ਉਤਾਰੇ ਹਨ

ਮੈਂ ਬਿਜਲਈ ਅੰਬਰ
ਚੰਨ ਸੂਰਜ ਤਾਰੇ
ਸ਼ੀਸ਼ੇ ਦੀ ਨਗਰੀ ਦੇ ਸਿਰ 'ਤੇ ਸਜਾਏ ਹਨ
ਸ਼ੀਸ਼ੇ ਦੀਆਂ ਸੜਕਾਂ ਤੇ
ਦਾਮਨੀ ਦੇ ਰੁੱਖ ਉਗਾਏ ਹਨ
ਪਾਰੇ ਦੇ ਬੁੱਤ ਚੌਂਕਾਂ 'ਚ ਲਾਏ ਹਨ
ਦਾਮਨੀ ਜਲ ਦੀ ਧਰਤੀ
ਪੈਰਾਂ 'ਚ ਵਿਛਾਈ ਹੈ
ਰੌਸ਼ਨੀਆਂ 'ਚ ਜੁਗਨੂੰਆਂ ਵਾਂਗ ਇਹ ਸ਼ਹਿਰ ਜਗਦਾ ਹੈ
ਦਾਮਨੀ ਧਰਤੀ 'ਤੇ ਉਤਰਿਆ
ਚੰਨਾਂ ਸੂਰਜਾਂ ਦਾ ਸਵਰਗ ਲੱਗਦਾ ਹੈ

ਇਸ ਸ਼ਹਿਰ 'ਚ
ਸ਼ੀਸ਼ੇ ਦੇ ਘਰ ਨੇ ਦਾਮਨੀ ਦੇ ਲੋਕ ਨੇ
ਦਾਮਨੀ ਦੇ ਬ੍ਰਹਿਮੰਡ ਖਲਾਅ ਤੇ ਪਰਲੋਕ ਨੇ
ਇਸ ਨਗਰੀ ਦੇ ਲੋਕਾਂ ਦਾ
ਦਾਮਨੀ ਦਾ ਵਜੂਦ ਹੈ
ਦਾਮਨੀ ਦੇ ਅੰਗ ਲਹੂ ਰੰਗ ਤੇ ਸਰੂਪ ਹੈ
ਦਾਮਨੀ ਦੀ ਕਾਰਜ ਪ੍ਰਣਾਲੀ
ਦਾਮਨੀ ਦੇ ਰਿਸ਼ਤੇ ਨਾਤੇ
ਦਾਮਨੀ ਦਾ ਸਭਿਆਚਾਰ
ਇਹ ਲੋਕ ਹੰਢਾਉਂਦੇ ਹਨ
ਦਾਮਨੀ ਦੇ ਬੋਲ ਸੁਣਦੇ ਤੇ ਸੁਣਾਉਂਦੇ ਹਨ

ਇਨ੍ਹਾਂ ਦੇ ਪਿੰਡੇ 'ਚ
ਜ਼ਿੰਦਗੀ ਹੀ ਜ਼ਿੰਦਗੀ ਹੈ
ਇਨ੍ਹਾਂ 'ਚੋਂ ਮੌਤ ਮਨਫ਼ੀ ਹੈ
ਬਿਜਲੀ ਹੀ ਇਨ੍ਹਾਂ ਦਾ ਧਰਮ ਹੈ
ਕਰਨੀ ਹੈ ਕਰਮ ਹੈ
ਬਿਜਲੀ ਇਨ੍ਹਾਂ ਦੀ ਕਲਾ
ਵਿਗਿਆਨ ਗਿਆਨ ਤੇ ਦਰਸ਼ਨ ਹੈ
ਬਿਜਲੀ ਹੀ ਇਨ੍ਹਾਂ ਦੇ ਚਿਹਰਿਆਂ ਦਾ ਦਰਪਣ ਹੈ
ਬਿਜਲੀ ਇਨ੍ਹਾਂ ਦੇ ਪਾਠਸ਼ਾਲਾ
ਵਿਸ਼ਵਵਿਦਿਆਲਾ ਹਨ
ਬਿਜਲੀ ਹੀ ਇਨ੍ਹਾਂ ਦਾ ਅੰਦਰ ਬਾਹਰ ਹੈ
ਬਿਜਲੀ ਹੀ ਇਨ੍ਹਾਂ ਦਾ ਸੰਚਾਰ ਹੈ
ਕਾਰੋਬਾਰ ਹੈ

ਇਨ੍ਹਾਂ ਦੁਆਲੇ
ਬਰਕ ਦੀ ਕੁਦਰਤ ਬਰਕ ਦੇ ਪਸ਼ੂ ਪੰਛੀ ਹਨ
ਬਰਕ ਦੇ ਦਰਿਆ ਨਦੀਆਂ ਤੇ ਸਾਗਰ ਹਨ
ਬਰਕ ਦੇ ਜੰਗਲ ਪਹਾੜ
ਬਰਕ ਦਾ ਅਨਾਜ ਖੇਤਾਂ 'ਚ ਉਗਾਉਂਦੇ ਹਨ
ਬਰਕ ਪਹਿਨਦੇ ਖਾਂਦੇ ਪੀਂਦੇ ਤੇ ਹੰਢਾਉਂਦੇ ਹਨ
ਇਨ੍ਹਾਂ ਦੀ ਬਰਕ ਦੀ ਸੁਬ੍ਹਾ
ਬਰਕ ਦੀ ਸ਼ਾਮ ਹੈ
ਬਰਕ ਦਾ ਦਿਨ ਬਰਕ ਦੀ ਰਾਤ ਹੈ

ਇਨ੍ਹਾਂ ਲੋਕਾਂ ਦੇ ਵਜੂਦ 'ਚ
ਰੱਬ ਨਾਂ ਦਾ ਕੋਈ ਅੰਕੁਰ ਨਹੀਂ
ਭੈਅ ਦਾ ਵੈਰ ਦਾ ਵਿਰੋਧ ਦਾ ਕੰਕਰ ਨਹੀਂ
ਇਹ ਲੋਕ ਖ਼ੁਦ ਆਪਣੇ ਆਪ ਦੇ ਰਚਤਾ ਹਨ
ਆਪਣੇ ਆਪ ਦੇ ਕਰਤਾ ਹਨ
ਇਸ ਨਗਰੀ 'ਚ
ਕੋਈ ਮੰਦਰ ਮਸਜਿਦ ਗਿਰਜਾ ਨਹੀਂ

ਜੇ ਹੈ ਤਾਂ ਦਾਮਨੀ ਦੀ ਪੂਜਾ ਹੈ
ਦਾਮਨੀ ਦਾ ਸਿਮਰਨ ਹੈ
ਇਹ ਲੋਕ ਦਾਮਨੀ ਨੂੰ ਧਿਆਉਂਦੇ ਹਨ
ਦਾਮਨੀ ਹੀ ਇਨ੍ਹਾਂ ਦਾ ਇਮਾਨ ਹੈ
ਦਾਮਨੀ ਹੀ ਇਨ੍ਹਾਂ ਦਾ ਭਗਵਾਨ ਹੈ

ਮੈਂ ਇਹ ਨਗਰੀ ਵੀ ਸਿਰਜੀ ਹੈ
ਇਹ ਲੋਕ ਵੀ ਸਿਰਜੇ ਹਨ
ਪਰ ਆਪਣਾ ਆਪਾ
ਇਨ੍ਹਾਂ ਵਾਂਗ ਸਿਰਜ ਨਹੀਂ ਸਕਿਆ
ਇਨ੍ਹਾਂ 'ਚ ਉਤਰ ਨਹੀਂ ਸਕਿਆ
ਇਨ੍ਹਾਂ 'ਚ ਜੀਅ ਨਹੀਂ ਸਕਿਆ
ਇਹ ਨਾ ਹੱਸਦੇ ਹਨ ਨਾ ਰੋਂਦੇ ਹਨ
ਇਨ੍ਹਾਂ ਦਾ ਆਪਣਾ ਹੀ ਜਹਾਨ ਹੈ
ਇਹ ਆਪਣੇ ਆਪ ਦੇ ਗ਼ੁਲਾਮ ਹਨ
ਇਹ ਜੋ ਬਿਜਲੀ ਦੇ ਇਨਸਾਨ ਹਨ

ਹਵਾ ਅੱਗ ਜਲ ਆਕਾਸ਼ ਧਰਤੀ ਦੀ
ਖ਼ੁਸ਼ਬੂ ਤੋਂ ਅਣਜਾਣ ਹਨ
ਬਿਜਲੀ ਦੇ ਇਨ੍ਹਾਂ ਦੇ ਪ੍ਰਾਣ ਹਨ
ਇਨ੍ਹਾਂ ਦਾ ਨਾ ਦਿਲ ਪਸੀਜਦਾ ਹੈ
ਨਾ ਇਨ੍ਹਾਂ 'ਚ ਪਿਆਰ ਦਾ ਜਜ਼ਬਾ ਹੈ
ਇਨ੍ਹਾਂ ਦੀ ਦੇਹ 'ਚ ਬਿਜਲੀ ਦੇ ਅਣੂ ਹਨ
ਇਨ੍ਹਾਂ 'ਤੇ ਬਸ ਬਿਜਲੀ ਦਾ ਹੀ ਕਬਜ਼ਾ ਹੈ
ਇਹ ਬਸ ਜੀਵੀ ਜਾ ਰਹੇ ਹਨ
ਬਸ ਜੀਵੀ ਜਾ ਰਹੇ ਹਨ
ਬਿਜਲੀ ਦੇ ਖਿਡੌਣੇ ਜਨਮਦੇ ਤੇ ਪਾਲਦੇ ਹਨ
ਬਿਜਲੀ ਦਾ ਅਕਸ ਹੀ ਵਿਸਥਾਰਦੇ ਹਨ

ਮੈਂ ਇਨ੍ਹਾਂ ਨੂੰ ਸਿਰਜ ਕੇ ਆਪਾ ਗੁਆ ਲਿਆ
ਆਪਣਾ ਸੱਚ ਮੁਕਾ ਲਿਆ

ਮੈਨੂੰ ਚੁੱਪ ਨੇ ਘੇਰਿਆ
ਮੈਨੂੰ ਮੇਰੀ ਉਦਾਸੀ ਤੇ ਉਜਾੜਾਂ ਨੇ ਖਾ ਲਿਆ
ਮੈਨੂੰ ਇਕੱਲਤਾ ਨੇ ਘੇਰਿਆ
ਮੈਂ ਆਪਣੇ ਮੂੰਹ 'ਤੇ
ਕਬਰਾਂ ਦਾ ਜੰਗਲ ਉਗਾ ਲਿਆ

ਮੈਂ ਕੀ ਸਾਂ
ਕਿੱਥੋਂ ਟੁਰਿਆ ਤੇ ਕਿੱਥੋਂ ਆਇਆ ਹਾਂ
ਜਿਥੇ ਮੇਰਾ ਕੋਈ ਨਹੀਂ ਆਪਣਾ
ਮੈਂ ਆਪਣੇ ਆਪ ਲਈ ਵੀ ਪਰਾਇਆ ਹਾਂ
ਮੈਂ ਆਦਿ ਯੁੱਗ ਤੋਂ ਪਲਾਸਟਿਕ ਯੁੱਗ ਹੰਢਾਇਆ ਹੈ
ਤੇ ਕੰਪਿਊਟਰ ਯੁੱਗ 'ਚੋਂ ਲੰਘ ਕੇ
ਖਾਲਸ ਦਾਮਨੀ ਯੁੱਗ 'ਚ ਉਤਰ ਆਇਆ ਹਾਂ

ਮੈਂ ਕੁਝ ਵੀ ਹਾਸਲ ਨਹੀਂ ਕੀਤਾ
ਸਭ ਕੁਝ ਗੁਆਇਆ ਹੈ
ਜਿਸ ਜੰਗਲ ਦੇ ਦਿਲ 'ਚੋਂ
ਮੈਂ ਸ਼ੀਸ਼ੇ ਦਾ ਸ਼ਹਿਰ ਉਗਾਇਆ ਸੀ
ਉਸ 'ਚ ਪਰਤ ਆਇਆ ਹਾਂ
ਜੰਗਲ ਅਜੇ ਤਕ ਚੁੱਪ ਹੈ ਉਦਾਸ ਹੈ
ਉਜਾੜ ਹੈ
ਸਾਰੇ ਦਾ ਸਾਰਾ ਸੁੱਕ ਗਿਆ ਹੈ
ਆਪਣੇ ਆਪ 'ਚ ਮੁੱਕ ਗਿਆ ਹੈ

ਇਕ ਬੁੱਢੇ ਰੁੱਖ ਨੇ ਮੈਨੂੰ ਬੁਲਾਇਆ ਤੇ ਬੋਲਿਆ
ਮੈਂ ਤੈਨੂੰ ਜਾਣਦਾ ਹਾਂ ਪਹਿਚਾਣਦਾ ਹਾਂ
ਹੁਣ ਮੇਰੇ ਜੰਗਲ 'ਚੋਂ ਤੂੰ ਕੀ ਭਾਲਦਾ ਹੈਂ
ਇਸ ਕੋਲ ਤੇਰੇ ਲਈ
ਹੁਣ ਕੁਝ ਨਹੀਂ ਰਿਹਾ
ਜਦੋਂ ਤੂੰ ਇਸ ਜੰਗਲ ਦੇ ਦਿਲ 'ਚੋਂ
ਸ਼ਹਿਰ ਉਗਾਇਆ ਸੀ

ਇਸ ਨੂੰ ਉਜਾੜ ਕੇ ਸ਼ਹਿਰ ਵਸਾਇਆ ਸੀ
ਇਕ ਗੱਲ ਮੇਰੀ ਯਾਦ ਰੱਖੀਂ ਸਦਾ
ਤੂੰ ਸ਼ਹਿਰ ਕੁਦਰਤੀ ਤੇ ਨਕਲੀ ਵਸਾ ਸਕਦਾ ਹੈਂ
ਦਾਮਨੀ ਦੇ ਲੋਕ ਸਿਰਜ ਸਕਦਾ ਹੈਂ
ਪਰ ਉੱਜੜੇ ਦਿਲ ਦੀ ਨਗਰੀ ਵਸਾ ਨਹੀਂ ਸਕਦਾ
ਬਿਜਲੀ ਦਾ ਦਿਲ ਬਣਾ ਸਕਦਾ ਹੈਂ
ਪਰ ਦਿਲ ਜਿਹਾ ਦਿਲ ਬਣਾ ਨਹੀਂ ਸਕਦਾ
ਰੁੱਖਾਂ ਜਿਹਾ ਜੰਗਲ ਉਗਾ ਨਹੀਂ ਸਕਦਾ
*

## ਮਕਬਰਿਆਂ ਦਾ ਸ਼ਹਿਰ

ਤੇਰੀ ਛਾਂ ਬਿਨਾ
ਉਹ ਕੰਧਾਂ ਦੇ ਸਾਇਆਂ ਹੇਠ ਸੌਂਦਾ ਰਿਹਾ
ਚੁੱਕ ਕੇ ਆਪਣੀ ਲਾਸ਼ ਮੋਢਿਆਂ 'ਤੇ
ਤੇਰੇ ਸ਼ਹਿਰ ਦੀਆਂ ਸੜਕਾਂ
ਤੇ ਗਲੀਆਂ 'ਚ ਭੌਂਦਾ ਰਿਹਾ

ਮੇਰੇ ਸ਼ਹਿਰ ਦੀਆਂ ਗਲੀਆਂ ਪਹਿਚਾਣਦੀਆਂ
ਸੜਕਾਂ ਤੇ ਚੌਂਕਾਂ ਨੇ ਉਸ ਦਾ ਹਾਲ ਪੁੱਛਿਆ
ਉਹ ਉੱਚੀਆਂ ਇਮਾਰਤਾਂ ਹੇਠਾਂ ਆ ਗਿਆ
ਇਨਸਾਨ ਨੂੰ ਇਨਸਾਨ ਦਾ
ਸਾਇਆ ਹੀ ਖਾ ਗਿਆ
ਸ਼ਹਿਰ ਦੇ ਲੋਕਾਂ ਉਸ ਦੀ ਪਹਿਚਾਣ ਤੋਂ
ਇਨਕਾਰ ਕਰ ਦਿੱਤਾ
ਅਜਨਬੀ ਹੋਣ ਦਾ ਇਲਜ਼ਾਮ ਧਰ ਦਿੱਤਾ
ਲੋਕ ਜਿਉਂਦੇ ਮੁਰਦੇ ਤੋਂ ਮੂੰਹ ਫੇਰ ਗਏ
ਤੇ ਉਸ ਦੀ ਪਹਿਚਾਣ ਦੇ ਰਾਹਾਂ 'ਚ ਕੰਡੇ ਖਲੇਰ ਗਏ

ਉਹ ਆਪਣੇ ਪਿਆਰ ਦੀ ਦੁਹਾਈ ਦਿੰਦਾ
ਇਕ ਬੁੱਢੇ ਰੁੱਖ ਹੇਠਾਂ ਆ ਬੈਠਾ
ਰੁੱਖ ਨੂੰ ਆਪਣੇ ਇਸ਼ਕ ਦਾ ਨਗਮਾ ਸੁਣਾ ਬੈਠਾ
ਰੁੱਖ ਦੀਆਂ ਅੱਖਾਂ 'ਚ ਅੱਥਰੂ ਭਰ ਆਏ
ਰੁੱਖ ਦੇ ਪੱਤਿਆਂ 'ਤੇ
ਉਸ ਦੀ ਬੁਲਬੁਲ ਦੇ ਨਕਸ਼ ਉਭਰ ਆਏ
ਜਿਸ ਦੇ ਪਰ ਕੱਟ ਕੇ ਸ਼ਹਿਰ ਨੇ ਜਲਾ ਦਿੱਤੇ
ਤੇ ਜਿਸ ਦੇ ਪਿੰਜਰੇ ਦੁਆਲੇ ਸ਼ਹਿਰ ਨੇ
ਪਹਿਰੇ ਬਿਠਾ ਦਿੱਤੇ
ਬੁਲਬੁਲ ਖੰਭਾਂ ਰਹਿਤ
ਪਿੰਜਰੇ 'ਚ ਤੜਪਦੀ ਹੀ ਮਰ ਗਈ
ਸ਼ਹਿਰ ਸਿਰ ਆਪਣੇ ਕਤਲ ਦਾ ਇਲਜ਼ਾਮ ਧਰ ਗਈ

ਅੱਜ ਵੀ ਸ਼ਹਿਰੋਂ ਬਾਹਰ
ਬੁਲਬੁਲ ਦੇ ਮਕਬਰੇ 'ਤੇ ਇਕ ਗੁਲ ਆਉਂਦਾ ਹੈ
ਬੁਲਬੁਲ ਨੂੰ ਮਕਬਰੇ 'ਚੋਂ ਉਠਾਉਂਦਾ ਹੈ
ਤੇ ਮੇਰੀਆਂ ਟਹਿਣੀਆਂ 'ਤੇ ਲਿਆ ਬਿਠਾਉਂਦਾ ਹੈ
ਕੁਆਰੇ ਇਸ਼ਕ ਦੇ ਪਹਿਲੇ ਪਿਆਰ ਦੇ ਗੀਤ ਗਾਉਂਦਾ ਹੈ :
"ਸ਼ਹਿਰ ਨੇ ਆਪਣੇ ਸਾਹਵੇਂ
ਇਕ ਬੁਲਬੁਲ ਮਾਰੀ ਹੈ
ਸ਼ਹਿਰ ਦੀ ਹਰ ਇੱਟ ਨੇ ਬੁਲਬੁਲ ਦੀ ਹੋਂਦ ਧਾਰੀ ਹੈ"

ਹਰ ਰੋਜ਼
ਇਕ ਬੁਲਬੁਲ ਦਾ ਮਕਬਰਾ ਬਣਦਾ ਹੈ
ਸ਼ਹਿਰ ਆਪਣੀ ਅੱਗ 'ਚ ਸੜਦਾ ਹੈ
ਮਕਬਰਿਆਂ 'ਚ ਮਕਬਰੇ ਧਰਦਾ ਹੈ
ਮਕਬਰਿਆਂ ਦੇ ਦਾਇਰੇ 'ਚ ਸ਼ਹਿਰ ਸਿਫਰਾ ਹੋ ਜਾਏਗਾ
ਸ਼ਹਿਰ ਦੀ ਹੋਂਦ ਮਿਟ ਜਾਏਗੀ
ਸ਼ਹਿਰ ਬੁਲਬੁਲ ਦੇ ਮਕਬਰਿਆਂ ਦਾ ਸ਼ਹਿਰ ਕਹਾਏਗਾ

ਰੁੱਖ ਤੋਂ ਸੁਣ ਕੇ ਕਹਾਣੀ
ਉਹ ਰੁੱਖ ਹੇਠ ਹੀ ਸੌਂ ਗਿਆ
ਬੁਲਬੁਲ ਦੇ ਮਕਬਰੇ ਦਾ ਅੰਗ ਹੋ ਗਿਆ
ਸ਼ਹਿਰ 'ਚ ਹਨੇਰਾ ਕਰ ਗਿਆ, ਚੁੱਪ ਧਰ ਗਿਆ
ਸ਼ਹਿਰ ਨੂੰ ਇਕ ਬੁਲਬੁਲ ਦਾ ਕਤਲ
ਉਹ ਮਾਫ਼ ਕਰ ਗਿਆ
ਸ਼ਹਿਰ ਦੇ ਲੋਕਾਂ ਨੂੰ ਵੱਸਣ ਦਾ ਵਰ ਦੇ ਗਿਆ
ਮਕਬਰਿਆਂ ਦੇ ਮੱਥੇ ਉਜੜਨ ਦਾ ਸਰਾਪ ਧਰ ਗਿਆ

ਤੇਰੀ ਛਾਂ ਬਿਨਾ
ਉਹ ਕੰਧਾਂ ਦੇ ਸਾਇਆਂ ਹੇਠ ਸੌਂਦਾ ਸੀ
ਚੁੱਕ ਕੇ ਲਾਸ਼ ਆਪਣੀ ਮੋਢਿਆਂ 'ਤੇ
ਸ਼ਹਿਰ ਦੀਆਂ ਸੜਕਾਂ ਤੇ ਗਲੀਆਂ 'ਚ ਭੌਂਦਾ ਸੀ
*

## ਭਾਲ

ਮੈਂ ਜਦੋਂ ਦਾ ਤੇਰੀ ਨਜ਼ਰ 'ਚੋਂ ਹਟ ਗਿਆ
ਤੂੰ ਸਮਝੀ ਮੇਰੇ ਸਿਰ 'ਤੇ ਅਸਮਾਨ ਫਟ ਗਿਆ
ਪੈਰਾਂ 'ਚੋਂ ਧਰਤ ਨਿਕਲ ਗਈ
ਮੈਂ ਉਥੇ ਵੀ ਨਹੀਂ ਹੋਣਾ
ਜਿਥੇ ਵੀ ਤੇਰੀ ਨਜ਼ਰ ਗਈ

ਤੂੰ ਭਾਲੇਂਗੀ
ਕਲੀਆਂ ਫੁੱਲਾਂ ਤੇ ਬਹਾਰਾਂ 'ਚ
ਪੌਣਾਂ ਦੇ ਹਾਸਿਆਂ 'ਚ
ਖ਼ੁਸ਼ਬੂਆਂ ਦੇ ਦਿਲ ਦੇ ਦਾਗ਼ਾਂ 'ਚ
ਸਾਜ਼ਾਂ ਰਾਗਨੀਆਂ ਤੇ ਰਾਗ਼ਾਂ 'ਚ
ਮੌਸਮਾਂ ਬਾਰਸ਼ਾਂ ਤੇ ਆਬਸ਼ਾਰਾਂ 'ਚ
ਮੇਰੇ ਬਦਨ ਦਾ
ਆਕਾਸ਼ ਆਕਾਸ਼ 'ਚ—ਹਵਾ ਹਵਾ 'ਚ
ਅਗਨ ਅਗਨ 'ਚ—ਜਲ ਜਲ 'ਚ
ਧਰਤੀ ਧਰਤੀ 'ਚ ਘੁਲ ਜਾਏਗੀ
ਮੇਰੀ ਸ਼ਨਾਖ਼ਤ ਮਿਟ ਜਾਏਗੀ
ਤੇਰੀਆਂ ਨਜ਼ਰਾਂ ਨੂੰ ਮੇਰੀ ਸੂਰਤ
ਕਿਤੇ ਵੀ ਨਜ਼ਰ ਨਹੀਂ ਆਏਗੀ

ਮੈਂ ਜ਼ਿੰਦਗੀ 'ਚੋਂ ਹੀ ਨੁੱਚੜ ਜਾਵਾਂਗਾ
ਇਕੱਲਤਾ 'ਚ ਵੱਸਾਂਗਾ
ਚੁੱਪ 'ਚ ਉਤਰ ਜਾਵਾਂਗਾ
ਜਦ ਸਾਵਣ ਤੇਰੇ ਪਿੰਡੇ 'ਤੇ ਵਰ੍ਹੇਗਾ
ਤੂੰ ਆਪਣੀ ਅੱਗ ਬੁਝਾਵਣ ਲਈ
ਮੈਨੂੰ ਯਾਦ ਕਰੇਂਗੀ
ਮੈਂ ਤੇਰੇ ਨੈਣਾਂ ਦੇ ਅੱਥਰੂ ਬਣ ਕੇ ਡੁੱਲ੍ਹ ਜਾਵਾਂਗਾ
ਤੂੰ ਆਪਣੀ ਅੱਗ 'ਚ ਉਬਲਦੀ ਰਹੇਂਗੀ
ਮੈਂ ਸਾਵਣ 'ਚ ਘੁਲ ਜਾਵਾਂਗਾ

ਹਨੇਰੀਆਂ ਰਾਤਾਂ
ਜਦ ਤੇਰੇ ਗੁਲ ਨੂੰ ਆਉਣਗੀਆਂ
ਜ਼ੁਲਫ਼ਾਂ ਦੇ ਨਾਗ ਸ਼ੂਕਣਗੇ
ਤੇਰੀ ਛਾਂ 'ਚ ਤੇਰਾ ਜਿਸਮ ਫੂਕਣਗੇ
ਜ਼ਖ਼ਮੀ ਪਰਛਾਵਿਆਂ ਨੂੰ ਫੜਦੀ ਰਹੇਂਗੀ
ਤੇਰੇ ਹਉਕਿਆਂ 'ਚ ਜਦ
ਤੇਰਾ ਕਲੇਜਾ ਡੁੱਬੇਗਾ
ਨੈਣ ਹੰਝੂਆਂ 'ਚ ਭਿੱਜ ਜਾਣਗੇ
ਨੀਂਦਾਂ 'ਚੋਂ ਉੱਠ ਉੱਠ ਕੇ ਨੱਸੇਂਗੀ
ਮੇਰੇ ਗੁਆਚੇ ਸਾਇਆਂ ਦੇ ਪਿੱਛੇ ਭੱਜੇਂਗੀ
ਤੂੰ ਮੈਨੂੰ ਭਾਲੇਂਗੀ ਆਪਣਾ ਲਹੂ ਉਬਾਲੇਂਗੀ

ਢੂੰਡੇਂਗੀ ਮੈਨੂੰ
ਦਰਿਆਵਾਂ ਨਦੀਆਂ ਸਾਗਰਾਂ ਪਹਾੜਾਂ ਤੇ ਜੰਗਲਾਂ 'ਚ
ਸ਼ਹਿਰਾਂ ਦੀਆਂ ਭੀੜਾਂ 'ਚ
ਥੇਹਾਂ ਦੇ ਖੰਡਰਾਂ 'ਚੋਂ
ਕਬਰਾਂ ਸ਼ਮਸ਼ਾਨਾਂ 'ਚ
ਧਰਤੀ ਅਸਮਾਨਾਂ 'ਚ
ਤੂੰ ਚੱਪਾ ਚੱਪਾ ਧਰਤੀ ਛਾਣ ਮਾਰੇਂਗੀ
ਅੰਬਰ ਦੀਆਂ ਪਰਤਾਂ ਉਤਾਰੇਂਗੀ
ਮੈਂ ਤੈਨੂੰ ਨਜ਼ਰ ਨਹੀਂ ਆਵਾਂਗਾ
ਤੈਥੋਂ ਦੂਰ ਦੂਰ ਟੁਰ ਜਾਵਾਂਗਾ
ਜਿਥੇ ਮੇਰੇ ਸਿਵਾ ਹੋਰ ਕੋਈ ਨਾ ਹੋਵੇ
ਰੌਣਕਾਂ ਉਦਾਸੀਆਂ ਚੁੱਪ ਇਕੱਲਤਾ
ਸ਼ੋਰ ਕੋਈ ਨਾ ਹੋਵੇ

ਨਾ ਬਾਗ਼ਾਂ ਦੀ ਕੋਇਲ
ਨਾ ਨੱਚਦਾ ਮੋਰ ਹੀ ਹੋਵੇ
ਮੈਂ ਹੋਵਾਂ ਮੇਰੀ ਉਦਾਸੀ ਮੇਰੀ ਚੁੱਪ ਹੋਵੇ
ਨਾ ਸੂਰਜ ਦੀ ਕਿਰਨ
ਨਾ ਚਾਂਦਨੀ ਹੋਵੇ

ਮੇਰੀਆਂ ਪੀੜਾਂ ਮੇਰਾ ਗ਼ਮ ਹੀ
ਬਸ ਮੇਰੇ ਅੰਗ ਹੋਵੇ
ਸੀਤ ਪੌਣਾਂ ਅਗਨ ਦੀ ਰਾਖ ਹੋਵੇ
ਸਾਗਰ ਦੇ ਪਿੰਡੇ 'ਚੋਂ ਗੂੰਜਦੀ
ਸਹਿਰਾ ਦੀ ਆਵਾਜ਼ ਹੋਵੇ
ਨਾ ਤੇਰਾ ਹੁਸਨ ਹੋਵੇ ਨਾ
ਤੇਰਾ ਸ਼ਬਾਬ ਹੋਵੇ—ਅਜਨਬੀਪਣ ਹੋਵੇ
ਕਿਸੇ ਦੀ ਕੋਈ ਸਿਆਣ ਨਾ ਹੋਵੇ
ਇਨਸਾਨ ਹੋਵੇ ਪਰ ਇਨਸਾਨ ਨਾ ਹੋਵਣ
ਜੋ ਪਲ ਪਲ ਬਦਲਦੇ ਹਨ
ਉਹ ਇਮਾਨ ਨਾ ਹੋਵਣ
ਜੋ ਬੰਦੇ 'ਚ ਨਹੀਂ ਪੱਥਰਾਂ 'ਚ ਵੱਸਦੇ ਨੇ
ਉਹ ਭਗਵਾਨ ਨਾ ਹੋਵਣ

ਜਿਥੇ ਮੇਰਾ ਟਿਕਾਣਾ ਹੋਵੇ
ਉਥੇ ਕੁਝ ਵੀ ਤੋਂ ਸਿਵਾਏ ਕੁਝ ਵੀ ਨਾ ਹੋਵੇ
ਨਾ ਧਰਤ ਨਾ ਅਸਮਾਨ
ਨਾ ਦੇਹ ਨਾ ਪ੍ਰਾਣ ਹੋਵੇ
ਨਾ ਜ਼ਿੰਦਗੀ ਨਾ ਜਹਾਨ ਹੋਵੇ
ਨਾ ਤੇਰੇ ਹੁਸਨ ਦਾ ਸਮਾਨ ਹੋਵੇ
ਦੇਹ ਤੋਂ ਬਿਨਾ ਪ੍ਰਾਣ
ਤੇ ਵਸਤੂ ਸੰਸਾਰ ਤੋਂ ਬਿਨਾ
ਮੇਰਾ ਉਹ ਸਥਾਨ ਹੋਵੇ
ਮੇਰੀ ਹੋਂਦ ਦਾ ਸੱਚ ਜਿਥੇ ਬਿਰਾਜਮਾਨ ਹੋਵੇ
ਨੂਰੀ ਲੋਕ ਹੋਵਣ ਨੂਰੀ ਜਹਾਨ ਹੋਵੇ
ਨੂਰੀ ਹੁਸਨ ਨੂੰ
ਨੂਰੀ ਇਸ਼ਕ ਦਾ ਵਰਦਾਨ ਹੋਵੇ
ਨੂਰੀ ਧਰਤ ਨੂਰੀ ਅਸਮਾਨ ਹੋਵੇ

ਜਦੋਂ ਤੂੰ
ਮੈਨੂੰ ਭਾਲਦੀ ਭਾਲਦੀ ਆਪਣੇ ਆਪ 'ਚ .

ਥੱਕ ਜਾਵੇਂਗੀ ਭੱਜ ਜਾਵੇਂਗੀ
ਆਪਣੀ ਦੇਹ ਦੇ ਹਨੇਰਿਆਂ 'ਚ ਘਿਰ ਜਾਵੇਂਗੀ
ਆਪਣੀ ਨਜ਼ਰ 'ਚੋਂ ਤਿਲਕੇਂਗੀ
ਨਜ਼ਰ 'ਚੋਂ ਗਿਰ ਜਾਵੇਂਗੀ
ਹਨ੍ਹੇਰੀਆਂ ਰਾਤਾਂ ਚਮਕਦੀ ਬਿਜਲੀ
ਚੋਂਦੇ ਆਸਮਾਂ ਹੇਠਾਂ
ਮੇਰੀ ਭਾਲ 'ਚ ਘਰੋਂ ਜਦ ਬਾਹਰ ਪੈਰ ਪੁੱਟੇਂਗੀ
ਤਾਂ ਆਪਣੀ ਦੇਹ ਦਾ ਦਰਵਾਜ਼ਾ ਖੋਲ੍ਹ ਕੇ ਅੰਦਰ ਉਤਰ ਜਾਵੀਂ
ਦੇਹ ਦੇ ਪ੍ਰਾਣਾਂ ਦੀ ਮੁਥਾਜ਼ੀ ਤਿਆਗ ਕੇ ਜੀਵੀਂ
ਆਪਣੇ ਮਸਤਕ 'ਚੋਂ ਸਿੰਮਦੇ ਚਾਨਣ ਦੇ ਘੁੱਟ ਭਰੀਂ
ਆਪਣੀ ਦੇਹ 'ਚ ਟੁਰਦੇ ਨੂਰ ਨੂੰ ਪੀਵੀਂ
ਜਿਥੇ ਅੱਜ ਤਕ ਨਾ
ਤੇਰੀ ਸੋਚ ਅੱਪੜੀ ਹੈ ਨਾ ਨਜ਼ਰ ਅੱਪੜੀ ਹੈ
ਮੈਂ ਤੈਨੂੰ ਉਥੇ ਕਿਤੇ ਹੀ ਨਜ਼ਰ ਆਵਾਂਗਾ
ਆਕਾਸ਼ ਅੱਗ ਜਲ ਧਰਤੀ ਦੇ
ਮਿਸ਼ਰਣ ਦਾ ਵਜੂਦ ਵਿਖਾਵਾਂਗਾ
ਤੂੰ ਮੇਰੇ 'ਚ ਉਤਰ ਜਾਵੇਂਗੀ
ਮੈਂ ਤੇਰੇ 'ਚ ਉਤਰ ਜਾਵਾਂਗਾ
ਮੇਰੀ ਛੁਪਣ ਦੀ ਖੇਡ ਮੁੱਕੇਗੀ
ਲਹੂ ਮਾਸ ਦੀ ਦੁਨੀਆ ਸਾਡੇ 'ਚੋਂ ਨੁਚੜੇਗੀ
ਨੂਰ ਦੀ ਦੁਨੀਆ ਸਾਡੇ 'ਚੋਂ ਪੁੰਗਰ ਆਵੇਗੀ
*

## ਗਿਰਝਾਂ

ਤੇਰੀਆਂ ਨਜ਼ਰਾਂ 'ਚ ਆਉਣ ਤੋਂ ਪਿੱਛੋਂ
ਕਿਸੇ ਹੋਰ ਦੀਆਂ ਨਜ਼ਰਾਂ 'ਚ ਆਉਣ ਦੇ
ਕਾਬਲ ਨਹੀਂ ਸੀ ਉਹ
ਤੇਰੀਆਂ ਮਹਿਫ਼ਲਾਂ 'ਚ ਐਸਾ ਹੋ ਗਿਆ ਹਾਜ਼ਰ
ਕਿ ਕਿਸੇ ਹੋਰ ਮਹਿਫ਼ਲ 'ਚ ਹਾਜ਼ਰ ਨਹੀਂ ਸੀ ਉਹ

ਉਸ ਦੇ ਜਿਸਮ ਦੀ ਗਰਮੀ ਨਿਚੋੜ ਕੇ
ਉਸ ਦੇ ਹੱਡਾਂ ਦਾ ਤਾਅ ਸੇਕ ਕੇ
ਸ਼ਹਿਰ ਦੇ ਹਨ੍ਹੇਰੇ ਦੇ ਹਵਾਲੇ ਕਰ ਗਏ
ਉਸ ਦੇ ਜਿਸਮਾਂ 'ਚ ਸ਼ਮਸ਼ਾਨ ਬੀਜ ਗਏ
ਉਸ ਦੇ ਨੈਣਾਂ 'ਚ ਕਬਰਾਂ ਧਰ ਗਏ
ਪਰਤਿਆ ਨਾ ਮੁੜ ਕੇ ਨੈਣਾਂ ਦੀ ਨੀਂਦ 'ਚੋਂ
ਸੁਫ਼ਨੇ ਜੋ ਉਸ ਦੇ ਜਾਗਦੇ ਨੈਣਾਂ 'ਚ ਧਰ ਗਏ
ਪਰਿੰਦੇ ਜੋ ਭੀੜ ਦੇ ਸਨ
ਉਸ ਨੂੰ ਇਕੱਲਿਆਂ ਛੱਡ ਕੇ ਭੀੜਾਂ 'ਚ ਰਲ ਗਏ

ਆਖਦੇ ਨੇ—
ਕੋਈ ਵੀ ਪੰਛੀ ਇਸ ਸ਼ਹਿਰ 'ਚ
ਬਾਹਰੋਂ ਜੇ ਆਉਂਦਾ
ਰੂਪ ਦੀਆਂ ਸੁੰਦਰ ਗਿਰਝਾਂ 'ਚ ਘਿਰ ਜਾਂਦਾ
ਸਾਰੀ ਰਾਤ ਉਸ ਦਾ ਲਹੂ ਪੀਂਦੀਆਂ
ਮਾਸ ਨੋਚਦੀਆਂ ਗਿਰਝਾਂ
ਦਿਨੇ ਉਸ ਦਾ ਪਿੰਜਰ ਸੜਕ ਦੇ ਹਵਾਲੇ ਕਰਦੀਆਂ ਹਨ
ਆਪਣੇ ਮਹਿਕਦੇ ਹਰਿਆਉਲੇ ਘਰਾਂ 'ਚ ਪਰਤਦੀਆਂ ਹਨ

ਪੰਛੀ ਦੇ ਪਿੰਜਰੇ 'ਤੇ
ਸਾਉਣ ਦੀਆਂ ਕਣੀਆਂ ਪੈਂਦੀਆਂ
ਪਿੰਜਰੇ 'ਚੋਂ ਪੰਛੀ ਫਿਰ ਜਨਮਦਾ
ਰੁੱਖ ਤੇ ਆਪਣਾ ਆਲ੍ਹਣਾ ਬਣਾਉਂਦਾ

ਆਲ੍ਹਣੇ 'ਚ ਆਪਣੇ ਬੋਟ ਜਨਮਦਾ
ਪਾਲਦਾ ਪੋਸਦਾ ਵੱਡੇ ਕਰਦਾ
ਪੰਛੀ ਹੁਣ ਸ਼ਹਿਰ ਦਾਂ ਬਸ਼ਿੰਦਾ ਕਹਾਉਂਦਾ ਹੈ
ਗਿਰਜਾਂ ਸ਼ਹਿਰੀ ਬਸ਼ਿੰਦੇ ਦਾ ਮਾਸ ਨਹੀਂ ਨੋਚਦੀਆਂ
ਕਿਉਂਕਿ ਸ਼ਹਿਰ ਦੇ ਪੰਛੀ ਉਸ ਨੂੰ ਜਾਣਦੇ ਹਨ
ਪਹਿਚਾਣਦੇ ਹਨ

ਸਮਾਂ ਬੀਤਦਾ ਹੈ
ਪੰਛੀ ਆਪਣੇ ਬੋਟਾਂ ਦੀਆਂ ਡਾਰਾਂ ਬਣਾਉਂਦਾ ਹੈ
ਉਨ੍ਹਾਂ ਨੂੰ ਸ਼ਹਿਰ ਦਾ ਸੱਚ ਸਮਝਾਉਂਦਾ ਹੈ
ਰੂਪ ਦੀਆਂ ਸੁੰਦਰ ਗਿਰਝਾਂ ਦਾ
ਕਾਲਾ ਦਿਲ ਦਿਖਾਉਂਦਾ ਹੈ
ਆਪਣੀ ਬੀਤੀ ਜਵਾਨੀ ਬੱਚਿਆਂ ਨੂੰ ਸੁਣਾਉਂਦਾ ਹੈ
ਪੰਛੀ ਆਪਣੇ ਬੱਚੇ ਆਲ੍ਹਣੇ 'ਚ ਜੁਆਨ ਕਰਦਾ ਹੈ
ਸ਼ਹਿਰ ਦੀਆਂ ਗਿਰਝਾਂ ਲਈ
ਬਾਹਰੋਂ ਆਏ ਪੰਛੀ ਦਾ ਭਰਮ ਪਾਲਦਾ ਹੈ

ਪੰਛੀ ਸ਼ਹਿਰ ਦੀ
ਇਕੱਲੀ ਇਕੱਲੀ ਗਿਰਜ ਨੂੰ
ਆਪਣੇ ਆਲ੍ਹਣੇ 'ਚ ਬੁਲਾਉਂਦਾ ਹੈ
ਜਦ ਰਾਤ ਹੁੰਦੀ ਹੈ
ਤਾਂ ਪੰਛੀਆਂ ਦੀ ਡਾਰ ਆਲ੍ਹਣੇ ਕੋਲ ਆਣ ਬਹਿੰਦੀ ਹੈ
ਇਕੱਲੀ ਗਿਰਝ ਨੂੰ ਘੇਰ ਲੈਂਦੀ ਹੈ
ਗਿਰਝ ਦਾ ਪਿੰਡਾ ਨੋਚਦੀ ਹੈ—ਉਧੇੜਦੀ ਹੈ
ਗਿਰਝ ਦਾ ਕਾਲਾ ਦਿਲ
ਚੌਂਕ 'ਚ ਟੰਗ ਦਿੰਦੀ ਹੈ
ਡਾਰ ਪੰਛੀਆਂ ਦੀ ਲਹੂ ਸੰਗ
ਸਾਰਾ ਸ਼ਹਿਰ ਰੰਗ ਦਿੰਦੀ ਹੈ

ਸ਼ਹਿਰ ਜੋ
ਗਿਰਝਾਂ ਦੀ ਸੁੰਦਰਤਾ ਦਾ ਕਾਇਲ ਸੀ

ਸੁੰਦਰਤਾ ਦੇ ਓਹਲੇ
ਹੁਣ ਗਿਰਝਾਂ ਦੇ ਕਾਲੇ ਦਿਲ ਨੂੰ ਪਹਿਚਾਣਦਾ ਸੀ
ਸ਼ਹਿਰ ਹੁਣ ਆਪਣੇ ਆਪ 'ਚੋਂ
ਗਿਰਝਾਂ ਮਨਫ਼ੀ ਕਰਨਾ ਚਾਹੁੰਦਾ ਸੀ
ਜਾਂ ਗਿਰਝਾਂ 'ਚੋਂ ਆਪ ਮਨਫ਼ੀ ਹੋਣਾ ਚਾਹੁੰਦਾ ਸੀ
*

## ਸ਼ਬਦਾਂ ਦੀ ਫ਼ਸਲ

ਪੱਕਿਆਂ ਸ਼ਬਦਾਂ ਦੀ ਰਾਖੀ
ਉਹ ਸਾਰੀ ਰਾਤ ਬੈਠਾ ਰਿਹਾ
ਦਿਨੇ ਪੱਕਿਆਂ ਸ਼ਬਦਾਂ ਦੀ ਫ਼ਸਲ ਨਿਹਾਰਦਾ ਰਿਹਾ
ਆਪਣੇ ਅਰਥ ਸ਼ਬਦਾਂ 'ਚ ਉਤਾਰਦਾ ਰਿਹਾ

ਉਹ ਹਨੇਰੇ ਤੋਂ ਡਰਦਾ ਜਗਦਾ ਸੀ
ਪੱਕਿਆਂ ਸ਼ਬਦਾਂ ਦੀ ਰਾਖੀ ਕਰਦਾ ਸੀ
ਕੋਈ ਚੁਗ ਨਾ ਲਿਜਾਏ
ਕੋਈ ਜਲਾ ਨਾ ਜਾਏ
ਨਹੀਂ ਤਾਂ ਉਹਦੇ ਅਰਥ ਭੁੱਖੇ ਰਹਿ ਜਾਣਗੇ
ਕੱਖਾਂ ਤੋਂ ਹੌਲੇ ਹੋ ਜਾਣਗੇ
ਤੇ ਕੱਚ ਦੇ ਨਗਰ ਦੀ ਕਮੇਟੀ
ਉਨ੍ਹਾਂ ਨੂੰ ਰਾਖੇ ਨਹੀਂ
ਅਵਾਰਾ ਕੁੱਤੇ ਸਮਝ ਕੇ ਮਾਰ ਦੇਵੇਗੀ
ਪੱਕੇ ਸ਼ਬਦਾਂ ਦੀ ਫ਼ਸਲ ਲੁੱਟਣ ਲਈ
ਚੋਰਾਂ ਲਈ ਖੋਲ੍ਹ ਦੁਆਰਾ ਦੇਵੇਗੀ

ਪੱਕੇ ਸ਼ਬਦਾਂ 'ਚ ਅਰਥ ਲਪੇਟ ਕੇ
ਉਹ ਅੰਬਰ ਤੇ ਛਿੜਕਣਾ ਚਾਹੁੰਦਾ ਸੀ
ਧਰਤੀ 'ਚੋਂ ਉਗਾਉਣਾ ਚਾਹੁੰਦਾ ਸੀ
ਸੜਕ ਤੇ ਹਰ ਟੁਰਦੇ ਫਿਰਦੇ ਅੱਖਰ ਨੂੰ
ਸ਼ਬਦਾਂ ਤੇ ਅਰਥਾਂ ਦਾ ਸੱਚ ਸਮਝਾਉਣਾ ਚਾਹੁੰਦਾ ਸੀ
ਕਿ ਖੇਤਾਂ 'ਚੋਂ
ਪੱਕੇ ਸ਼ਬਦਾਂ ਦੀ ਫ਼ਸਲ ਦੇ ਅਰਥਾਂ 'ਚੋਂ
ਅਜਿਹਾ ਸੰਸਾਰ ਉੱਗ ਆਵੇ
ਜੋ ਸ਼ੀਸ਼ੇ ਦੇ ਪਿੰਜਰੇ 'ਚ ਬੈਠੇ
ਸ਼ੀਸ਼ੇ ਦੇ ਅੱਖਰਾਂ ਵਾਂਗ
ਕਣਕ ਦਫ਼ਤਰੀ ਫਾਇਲਾਂ 'ਚ ਨਾ ਬੀਜੇ
ਸ਼ੀਸ਼ੇ ਦੀਆਂ ਛੱਤਾਂ 'ਤੇ ਨਾ ਉਗਾਏ

ਸਗੋਂ ਸ਼ੀਸ਼ੇ ਦੇ ਪਿੰਜਰੇ ਤੋਂ ਬਾਹਰ
ਖੇਤਾਂ 'ਚ ਆਵੇ
ਪੱਕੇ ਸ਼ਬਦਾਂ ਦੀ ਫ਼ਸਲ ਦਾ ਪਸੀਨਾ ਹੋ ਜਾਵੇ
ਮਿੱਟੀ ਸੰਗ ਮਿੱਟੀ ਹੋ ਜਾਵੇ
ਕੱਚ ਦੇ ਲੋਕ
ਸ਼ਬਦਾਂ ਦੀ ਫ਼ਸਲ ਪੱਕਣ ਤਕ ਆਪਣੇ
ਖ਼ੂਨ ਨਾਲ ਸਿੰਜਣ
ਫਿਰ ਪੱਕੇ ਸ਼ਬਦਾਂ 'ਚ ਲਪੇਟੀ ਅਰਥਾਂ ਦੀ ਰੋਟੀ
ਆਪਣੇ ਦੰਦੀਂ ਲਾਉਣ
ਸ਼ੀਸ਼ੇ ਦੀ ਦੁਨੀਆ 'ਚ ਧਰਤੀ ਦਾ ਅਰਥ ਉਗ਼ਾਉਣ
ਸ਼ੀਸ਼ੇ ਦੀ ਦੁਨੀਆ ਦਾ ਹਰ ਇਕ ਅੱਖਰ
ਸ਼ਬਦਾਂ ਦੀ ਪੱਕੀ ਫ਼ਸਲ 'ਚ
ਲਪੇਟਿਆ ਅਰਥ ਹੋ ਜਾਵੇ
*

## ਮਨੁੱਖ ਤੇ ਸੂਰਜ

ਜਦ ਮਨੁੱਖ ਹਨੇਰੇ ਤੋਂ ਸੂਰਜਾਂ 'ਚ ਉਤਰਦਾ ਹੈ
ਰੁੱਖਾਂ ਦਿਆਂ ਪੱਤਿਆਂ 'ਤੇ ਬਾਲ ਬਾਲ
ਦੀਵੇ ਧਰਦਾ ਹੈ
ਕਿ ਰੁੱਖ ਦੇ ਪੈਰਾਂ ਦਾ ਹਨੇਰਾ ਨਸ਼ਟ ਹੋ ਜਾਏ
ਰੁੱਖ ਲਈ ਟੁਰਨ ਦਾ ਰਾਹ ਸਪੱਸ਼ਟ ਹੋ ਜਾਏ

ਮਨੁੱਖ ਦੇ ਸਿਰ 'ਤੇ ਅੱਖਾਂ ਉੱਗ ਆਉਂਦੀਆਂ ਹਨ
ਤੇ ਮਨੁੱਖ ਨੂੰ ਅਸਮਾਨ
ਹਨੇਰਾ ਨਹੀਂ ਦਿਸਦਾ
ਮਨੁੱਖ ਦੇ ਪੈਰਾਂ ਦੇ ਰਾਹ ਰੁਸ਼ਨਾ ਜਾਂਦੇ ਹਨ
ਹਨੇਰਿਆਂ 'ਚ ਵੀ
ਮੰਜ਼ਲਾਂ ਨਜ਼ਰ ਆਉਂਦੀਆਂ ਹਨ
ਜਦ ਸੂਰਜ ਦੀਆਂ ਕਿਰਨਾਂ
ਧਰਤੀ 'ਤੇ ਪੈਰ ਪਾਉਂਦੀਆਂ ਹਨ

ਪਿੱਠ 'ਤੇ ਉੱਗਿਆ
ਕਾਲਿਆਂ ਰੁੱਖਾਂ ਦਾ ਜੰਗਲ
ਕਾਲੀਆਂ ਪਹਾੜੀਆਂ
ਕਾਲੇ ਪਾਣੀਆਂ ਦੇ ਸਾਗਰ
ਕਾਲੀਆਂ ਪੌਣਾਂ ਕਾਲੇ ਸਵੇਰੇ
ਕਾਲੀਆਂ ਸ਼ਾਮਾਂ
ਆਪਣੇ ਆਪ 'ਚ ਸੂਰਜ ਧਰਦੀਆਂ ਹਨ
ਆਪਣੇ ਪਿੰਡੇ 'ਚੋਂ ਕਿਰਨਾਂ ਬਣ ਉੱਗਦੀਆਂ ਹਨ
ਅਣਜਾਣ ਰਾਹ ਅਜਨਬੀ ਚਿਹਰੇ ਓਪਰੀ ਦੁਨੀਆ
ਪੈਰ ਪੈਰ 'ਤੇ ਆਪਣਾ ਆਪ ਜਗਾਉਂਦੀ ਹੈ
ਬਣ ਕੇ ਪਹਿਚਾਣ
ਅਜਨਬੀ ਚਿਹਰਿਆਂ 'ਚ ਉਤਰ ਜਾਂਦੀ ਹੈ

ਇਕ ਦੁਨੀਆ ਅਪਣੱਤ ਤੇ ਮੁਹੱਬਤ ਦੀ
ਮਨੁੱਖ ਦੀ ਨਜ਼ਰ 'ਚ ਤੈਰਦੀ ਹੈ

ਮੰਜ਼ਲਾਂ ਦੀਆਂ ਅੱਖਾਂ ਰਾਹਾਂ 'ਤੇ ਵਿਛਦੀਆਂ ਹਨ
ਰਾਹੀਆਂ ਦੇ ਪੈਰਾਂ ਦੀ ਆਹਟ
ਰਾਹਾਂ ਦੇ ਪਿੰਡੇ 'ਚੋਂ
ਮੰਜ਼ਲਾਂ ਦੇ ਸੀਨੇ 'ਚ ਉਤਰਦੀ ਹੈ
ਰਾਤ ਦਿਨ ਦੀ ਬਾਤ ਪਾਉਂਦੀ ਹੈ
ਦੀਵੇ ਸੂਰਜਾਂ ਦੇ ਆਪਣੇ ਪਹਿਲੂ 'ਚ ਜਗਾਉਂਦੀ ਹੈ
ਆਪਣੇ ਜਿਸਮ ਦਾ ਅਰਘਾ
ਸਰਘੀ ਨੂੰ ਚੜ੍ਹਾਉਂਦੀ ਹੈ
ਮੁਸਾਫ਼ਰ ਮੰਜ਼ਲ 'ਤੇ ਅੱਪੜਦਾ ਹੈ
ਮੰਜ਼ਲ ਮੁਸਾਫ਼ਰ 'ਚ ਉਤਰ ਜਾਂਦੀ ਹੈ

ਜਦ ਨਜ਼ਰ 'ਚ ਸੂਰਜ ਹੈ
ਰਾਹਾਂ 'ਚ ਸੂਰਜ
ਮਸਤਕ ਦਾ ਸੂਰਜ ਹੈ
ਪਿੰਡੇ 'ਚ ਸੂਰਜ ਹੈ
ਫਿਰ ਚਾਨਣ ਦਾ ਸਫ਼ਰ
ਚਾਨਣ ਤਕ ਦਾ ਹੈ
ਸ਼ਾਮ ਦਾ ਸਫ਼ਰ ਸੂਰਜ ਚੜ੍ਹਨ ਤਕ ਦਾ ਹੈ
ਬੱਦਲਾਂ ਦਾ ਸਫ਼ਰ ਵਰ੍ਹ–ਵਰ੍ਹ ਕੇ
ਧਰਤੀ ਦੀ ਕੁੱਖ ਹਰੀ ਕਰਨ ਦਾ ਹੈ
ਸਾਹਿਰਾ ਦਾ ਸਫ਼ਰ
ਸਾਗਰ ਤਰਨ ਦਾ ਹੈ
ਮਨੁੱਖ ਦਾ ਸਫ਼ਰ ਮਰ ਮਰ ਕੇ ਜਿਉਣ ਦਾ ਹੈ
ਮਨੁੱਖਤਾ ਦੇ ਪਿੰਡੇ 'ਚ ਨਿੱਘ
ਮਸਤਕ 'ਚ ਕਿਰਨਾਂ ਧਰਨ ਦਾ ਹੈ
ਧਰਤੀ ਨੂੰ ਕਲੀ ਕਰਨ ਦਾ
ਅੰਬਰ ਨੂੰ ਸੋਨੇ 'ਚ ਜੜ੍ਹਨ ਦਾ ਹੈ

ਜਦ ਮਨੁੱਖ ਹਨੇਰੇ ਤੋਂ
ਸੂਰਜਾਂ 'ਚ ਉਤਰਦਾ ਹੈ
ਮਨੁੱਖਤਾ ਦਾ ਰਾਹਨੁਮਾ ਹੋ ਗੁਜ਼ਰਦਾ ਹੈ

ਮਨੁੱਖਤਾ ਦੇ ਚਿਹਰੇ 'ਚ ਪਹਿਚਾਣ ਧਰਦਾ ਹੈ
ਮਨੁੱਖਤਾ ਨੂੰ ਲਹੂ ਦੀ ਸਾਂਝ ਦੱਸਦਾ ਹੈ
ਮਨੁੱਖਤਾ ਦੀ ਭੁੱਖ ਤੇ ਪਿਆਸ ਮਿਟਾਉਂਦਾ ਹੈ
ਮਨੁੱਖਤਾ ਲਈ ਅੰਬਰ ਦੀ ਚਾਦਰ
ਧਰਤੀ ਦਾ ਬਿਸਤਰ ਕਹਾਉਂਦਾ ਹੈ
ਹਰ ਘਰ ਹਰ ਵਿਹੜੇ 'ਚ ਸੂਰਜ ਉਤਾਰਦਾ ਹੈ
ਮਨੁੱਖਤਾ ਅਨੁਕੂਲ ਦੁਨੀਆ ਉਸਾਰਦਾ ਹੈ
ਮਨੁੱਖਤਾ ਦਾ ਦੁੱਖ ਦਰਦ ਹੰਝੂ ਆਪਣੇ
ਪਿੰਡੇ 'ਤੇ ਸਹਾਰਦਾ ਹੈ
ਮਨੁੱਖਤਾ ਦਾ ਰੱਬ
ਮਨੁੱਖਤਾ ਦੇ ਵਿਹੜੇ 'ਚ ਉਤਾਰਦਾ ਹੈ

ਇਕ ਜੋਤ ਦਾ ਚਾਨਣ
ਜ਼ੱਰੇ ਜ਼ੱਰੇ 'ਚ ਖਿਲਾਰਦਾ ਹੈ
ਮਨੁੱਖਤਾ ਰੱਬ ਦਾ ਚਿਹਰਾ ਲੱਗਦੀ ਹੈ
ਰੱਬ ਦੇ ਚਿਹਰੇ 'ਚ ਮਨੁੱਖਤਾ ਉਤਾਰਦਾ ਹੈ
ਜਦ ਮਨੁੱਖ ਹਨ੍ਹੇਰੇ ਤੋਂ ਸੂਰਜਾਂ 'ਚ ਉਤਰਦਾ ਹੈ
ਬਣ ਕੇ ਕਾਫ਼ਲਾ ਸੂਰਜਾਂ ਦਾ
ਵਿਸ਼ਵ ਦੇ ਪਿੰਡੇ 'ਚ ਜਗਦਾ ਹੈ
ਗਲੀਆਂ ਸੜਕਾਂ 'ਤੇ ਟੁਰਦਾ ਹੈ
ਚੌਕਾਂ 'ਚ ਠਹਿਰਦਾ ਹੈ
ਘਰਾਂ ਦੇ ਵਿਹੜਿਆਂ ਤੇ ਛੱਤਾਂ 'ਤੇ
ਰੌਸ਼ਨੀ ਦੇ ਮੁਜੱਸਮੇ ਧਰਦਾ ਹੈ
*

# ਅੰਤਰੀਵ

•

ਜਸਪਾਲ ਸਿੰਘ ਸੰਧੂ
ਦੇ ਨਾਂ

•

## ਇਤਿਹਾਸ ਦਾ ਦੁਖਾਂਤ

ਮੈਂ ਇਤਿਹਾਸ
ਜੋ ਮਹੱਲਾਂ ਯੁੱਧਾਂ ਬਾਦਸ਼ਾਹਤਾਂ
ਤਖ਼ਤ ਦੇ ਬੋਲਾਂ ਤੇ ਸਲਤਨਤ ਤਕ ਸੀਮਿਤ ਸੀ
ਸਲਤਨਤ ਤੋਂ ਸਲਤਨਤ ਤਕ ਦਾ ਸਫ਼ਰ ਸੀ
ਤਲਵਾਰ ਦੀ ਧਾਰ 'ਚੋਂ ਜਨਮਿਆ
ਤੇ ਤਲਵਾਰ ਦੀ ਧਾਰ ਤਕ ਹੀ ਮੇਰਾ ਵਿਸਥਾਰ ਸੀ
ਲਹੂ ਦੀ ਸਿਆਹੀ ਨਾਲ ਲਿਖਿਆ
ਮੇਰੇ ਵਰਕਿਆਂ ਤੇ ਸਲਤਨਤ ਦੀਆਂ
ਉਮਰਾਂ ਦਾ ਹਿਸਾਬ ਸੀ
ਮੇਰਾ ਭੂਤ ਹੀ ਮੇਰਾ ਵਰਤਮਾਨ ਸੀ
ਦਰਬਾਰ ਹੀ ਮੇਰੀ ਧਰਤੀ ਸੀ
ਤਖ਼ਤ ਹੀ ਮੇਰਾ ਅਸਮਾਨ ਸੀ

ਮਹੱਲਾਂ ਕਿਲ੍ਹਿਆਂ ਤਲਵਾਰਾਂ ਢਾਲਾਂ
ਤੀਰ ਕਮਾਨਾਂ ਹਾਥੀਆਂ ਦੀਆਂ ਚਿੰਗਾੜਾਂ
ਘੋੜਿਆਂ ਦੀਆਂ ਟਾਪਾਂ ਸੈਨਾ ਦੀਆਂ ਟੁਕੜੀਆਂ
ਤੇ ਰਣਭੂਮੀ ਦੇ ਖੇਤਰ 'ਚ
ਦੌੜਦਾ ਤੇ ਡੁੱਲ੍ਹਦਾ ਮੇਰਾ ਲਹੂ ਸੀ
ਮੇਰੀ ਜ਼ਿੰਦਗੀ ਦਾ ਸਰੋਕਾਰ ਸੀ
ਮਹਿਲਾਂ ਦਾ ਅੰਦਰ ਤੇ ਆਲਾ ਦੁਆਲਾ
ਮੇਰਾ ਆਦਿ ਸੀ ਮੇਰਾ ਅੰਤ ਸੀ

ਮੈਂ ਆਪਣੇ ਆਪ 'ਚ
ਆਪਣੇ ਸਮੇਂ ਦਾ ਦਰਪਣ ਹੋਣ ਦਾ ਭਰਮ ਸਾਂ
ਸਾਗਰ ਹੋਣ ਦਾ ਭ੍ਰਾਉਲਾ ਸਾਂ
ਚੰਨ ਸੂਰਜਾਂ ਤਾਰਿਆਂ ਤੇ ਅਕਾਸ਼ ਦਾ ਭੁਲੇਖਾ ਸਾਂ
ਜੋ ਮੇਰੇ ਚਿਹਰਿਆਂ 'ਤੇ ਲਿਖਿਆ ਨਹੀਂ ਸੀ ਗਿਆ
ਮੈਂ ਉਸ ਅਲਿਖੇ ਦਾ ਕੋਰਾ ਲੇਖ ਸਾਂ

ਮੈਂ ਆਪਣੇ ਪੈਰ
ਮਹੱਲਾਂ ਤੋਂ ਬਾਹਰ ਨਹੀਂ ਪੁੱਟੇ
ਬਾਦਸ਼ਾਹਤ ਦਾ ਲਿਬਾਸ ਤੇ ਜ਼ੁਬਾਨ
ਆਪਣੀ ਜ਼ੁਬਾਨ ਤੇ ਦੇਹ ਤੋਂ ਨਹੀਂ ਉਤਾਰੀ
ਮੈਂ ਆਪਣੀ ਖ਼ਾਲੀ ਦੇਹ ਦੇ ਵਰਕਿਆਂ 'ਤੇ
ਕਦੀ ਨਜ਼ਰ ਨਹੀਂ ਮਾਰੀ
ਮਹੱਲਾਂ ਦੀ ਚਾਰ-ਦੀਵਾਰੀ ਤੋਂ ਬਾਹਰ ਨਹੀਂ ਝਾਕਿਆ

ਬੇਗ਼ਮਾਂ ਦੇ ਹੁਸਨ ਤੇ ਬਾਦਸ਼ਾਹਾਂ ਦੇ ਇਸ਼ਕ
ਸੁਰਾਹੀਆਂ ਤੇ ਸੋਮ ਰਸ ਦੇ ਸਾਗਰ 'ਚ ਡੁੱਬਾ ਰਿਹਾ
ਦਰਿਆਵਾਂ ਤੇ ਨਦੀਆਂ ਦੇ ਜਿਸਮ ਨਹੀਂ ਹੰਢਾਏ
ਸਾਗਰ ਦਾ ਚਿਹਰਾ ਨਹੀਂ ਤੱਕਿਆ
ਆਪਣੇ ਖ਼ਾਲੀ ਵਰਕਿਆਂ 'ਚੋਂ
ਆਪਣਾ ਆਪਾ ਨਹੀਂ ਵੇਖਿਆ
ਮਨੁੱਖ ਤੇ ਮਨੁੱਖਤਾ
ਪ੍ਰਕਿਰਤੀ ਤੇ ਕਾਦਰ ਆਪਣੀ ਦੇਹ 'ਚ ਨਹੀਂ ਵਸਾਏ
ਸਲਤਨਤਾਂ ਦੀਆਂ ਧਰਤੀਆਂ ਤੇ
ਅਸਮਾਨਾਂ 'ਚ ਵਿਚਰਦਾ ਰਿਹਾ
ਮਹੱਲਾਂ ਦੀ ਸ਼ੋਭਾ ਅਸ਼ੋਭਾ ਦਾ ਸਫ਼ਰ ਕਰਦਾ ਰਿਹਾ
ਮੈਂ ਆਪਣਾ ਸਹਿਰਾ
ਸਾਗਰ ਸਮਝ ਕੇ ਤਰਦਾ ਰਿਹਾ

ਮੈਂ ਇਤਿਹਾਸ
ਆਪਣਾ ਅਧੂਰਾਪਣ ਭਰਨ ਲਈ
ਤਖ਼ਤ ਨੂੰ ਕੰਡ ਦੇ ਕੇ ਮਹੱਲਾਂ ਨੂੰ ਤਿਆਗ
ਮਨੁੱਖ ਮਨੁੱਖਤਾ
ਕੁਦਰਤ ਤੇ ਕਾਦਰ ਨੂੰ
ਆਪਣੀ ਦੇਹ 'ਚ ਉਤਾਰਿਆ
ਆਪਣੇ ਖ਼ਾਲੀ ਵਰਕਿਆਂ 'ਚ ਆਪਾ ਬੀਜਿਆ
ਮਨੁੱਖ ਦਾ ਜੀਵਨ ਪ੍ਰਵਿਰਤੀਆਂ
ਵਿਚਰਨ ਧਰਾਤਲ ਰਾਹ ਦਿਸ਼ਾਵਾਂ ਤੇ ਦ੍ਰਿਸ਼ਟੀਆਂ

ਆਪਣੇ ਲਹੂ 'ਚ ਉਤਾਰੀਆਂ
ਮਨੁੱਖ ਦੇ ਸਮਾਜਕ ਰਿਸ਼ਤੇ ਔਂਕੜਾਂ
ਸੰਸਕਾਰ ਰਸਮਾਂ ਰੀਤਾਂ ਰਿਵਾਜ਼
ਆਪਣੇ ਨੈਣਾਂ 'ਚ ਪਾ ਲਏ
ਆਪਣੇ ਦੇਹ 'ਚ ਵਸਾ ਲਏ

ਮਨੁੱਖਾ ਧਰਮ
ਸਭਿਆਚਾਰ ਬੋਲੀ ਭਾਸ਼ਾ
ਦਰਸ਼ਨ ਤੇ ਵਿਗਿਆਨ
ਮਨੁੱਖ 'ਚੋਂ ਮਨੁੱਖਤਾ ਦਾ ਜਨਮ
ਮਨੁੱਖਤਾ 'ਚ ਮਨੁੱਖ ਦੀ ਪਹਿਚਾਣ
ਆਪਣੇ ਸੀਨੇ ਵਸਾਏ
ਮਨੁੱਖ ਦੀ ਧਰਤੀ ਮਨੁੱਖ ਦਾ ਅੰਬਰ
ਆਪਣੀਆਂ ਤਲੀਆਂ 'ਤੇ ਉਠਾਏ
ਮਨੁੱਖ ਨੂੰ ਆਪਣੇ ਅੰਦਰ ਉਤਾਰਿਆ
ਮਨੁੱਖਾ ਦੇਹ ਦੀ ਹੋਂਦ ਨੂੰ ਪਰਖਿਆ
ਮੌਤ ਤੋਂ ਪਹਿਲਾਂ ਮਨੁੱਖ ਦੇ ਜੀਵਨ ਨੂੰ ਸਮਝਿਆ
ਮੌਤ ਤੋਂ ਪਿੱਛੋਂ ਮਨੁੱਖ ਦਾ ਅਧਿਆਤਮਕ ਸਫ਼ਰ ਜਾਣਿਆ
ਮਨੁੱਖ ਦੇ ਦਿਲ ਦੀ ਧੜਕਣ
ਪ੍ਰਾਣਾਂ ਦਾ ਰਿਦਮ
ਆਪਣੇ ਦਿਲ 'ਚ ਉਤਾਰਿਆ

ਦੇਹ ਵਿਚਲੇ ਬ੍ਰਹਿਮੰਡ ਪਤਾਲ ਅਕਾਸ਼ ਧਰਤੀਆਂ
ਚੰਨਾਂ ਸੂਰਜਾਂ ਤਾਰਿਆਂ ਦੀ ਹੋਂਦ
ਤੇ ਖਲਾਅ ਨੂੰ ਸਮਝਿਆ
ਮਨੁੱਖ ਪ੍ਰਕਿਰਤੀ ਤੇ ਕਾਦਰ ਦੀ ਇਕਾਈ ਜਾਣੀ
ਮਨੁੱਖ ਦਾ ਕਰਮ ਕਾਰਜ ਕਾਰਨ
ਤੇ ਜੀਵਨ ਦਾ ਲਖ਼ਸ਼ ਸਮਝਿਆ
ਮਨੁੱਖ ਦਾ ਬਚਪਨ ਜੁਆਨੀ ਬੁਢਾਪਾ ਜੀਵਿਆ
ਪਲ ਪਲ ਦੀ ਹੋਂਦ 'ਚ
ਜੀਵਨ ਜੋਤ ਨਜ਼ਰ ਆਈ

ਮੈਂ ਇਤਿਹਾਸ
ਮੇਰੇ ਵਜੂਦ 'ਚ ਮਨੁੱਖਤਾ ਕਾਦਰ
ਤੇ ਪ੍ਰਕਿਰਤੀ ਉਤਰ ਆਈ

ਮੇਰੇ ਅੰਦਰ ਧਰਤੀ ਦੀ ਸੁਗੰਧ
ਤੇ ਅੰਬਰ ਦੀ ਉਚਾਈ ਸਿਮਟ ਗਈ
ਮੈਂ ਜ਼ੱਰੇ ਤੋਂ ਸਹਿਰਾ
ਬੂੰਦ ਤੋਂ ਸਾਗਰ ਹੋ ਗਿਆ
ਮੇਰੇ ਖ਼ਾਲੀ ਵਰਕਿਆਂ 'ਚੋਂ
ਹਵਾ ਜਨਮੀ ਅਗਨ ਜਨਮੀ
ਮੇਰੇ ਨੈਣਾਂ 'ਚ ਸਾਗਰ ਉਮੜ ਆਏ
ਮੇਰੇ ਭੂਤ 'ਚ ਵਰਤਮਾਨ ਟੁਰਿਆ
ਮੇਰੀ ਦੇਹ 'ਚ ਜ਼ਿੰਦਗੀ ਤੇ ਜੀਵਨ ਉਤਰ ਆਏ

ਮੈਂ ਸਮੂਹਕ ਜੀਵਨ ਦਾ ਦਰਪਣ ਤੇ
ਵਿਸਥਾਰ ਹੋ ਗਿਆ
ਮੈਂ ਭੂਤ ਵਰਤਮਾਨ ਤੇ ਭਵਿੱਖ ਦੀ
ਬੰਦਸ਼ ਤੋਂ ਆਰ ਪਾਰ ਹੋ ਗਿਆ

ਮੇਰੇ ਜੰਗਲਾਂ 'ਚ ਸ਼ਹਿਰ ਉੱਗੇ
ਮੇਰੇ ਖੰਡਰਾਂ 'ਚੋਂ ਸਭਿਅਤਾਵਾਂ ਜਨਮੀਆਂ
ਮੇਰੇ ਰੁੱਖਾਂ ਤੇ ਕੱਚ ਦੇ ਆਲ੍ਹਣਿਆਂ 'ਚ
ਕੱਚ ਦੇ ਪੰਛੀਆਂ ਦਾ ਵਸੇਰਾ ਹੋ ਗਿਆ
ਰੌਸ਼ਨੀ ਦੇ ਸਾਗਰ 'ਚ
ਮੇਰਾ ਵਜੂਦ ਢਲ ਗਿਆ
ਕੱਚ ਦੇ ਨਗਰਾਂ ਦੀ ਰੌਸ਼ਨੀ
ਮੇਰੀ ਦੇਹ 'ਚ ਫੈਲੀ
ਮੇਰੇ ਜੰਗਲ 'ਚ ਚਾਨਣ ਦੀ ਬਰਸਾਤ ਹੋਈ
ਮੇਰੀ ਧੂੰਨੀ 'ਚੋਂ ਦਰਸ਼ਨ ਤੇ ਵਿਗਿਆਨ ਜਨਮੇਂ
ਵੇਦ ਸ਼ਾਸਤਰ ਗੀਤਾ ਗ੍ਰੰਥ ਤੇ ਕੁਰਾਨ ਜਨਮੇਂ
ਮੇਰੇ ਵਿਗਿਆਨ 'ਚੋਂ ਅੰਬਰ ਦਾ ਦਰ ਖੁੱਲ੍ਹਾ

ਬੁੱਧ ਬੋਧ ਤੇ ਦਰਸ਼ਨ ਨੇ
ਮਨੁੱਖ ਦਾ ਪੋਟਾ ਪੋਟਾ ਗਾਹਿਆ
ਮਨੁੱਖ ਦੇ ਦੁਆਲੇ ਦਾ ਬ੍ਰਹਿਮੰਡ
ਮਨੁੱਖ 'ਚ ਜਿਉਂਦਾ ਵੇਖਿਆ
ਮਨੁੱਖ ਦਾ ਤੇ ਜੀਵਨ ਦਾ ਸੱਚ ਸਮਝਿਆ

ਮੈਂ ਬੂੰਦ
ਆਪਣੇ ਆਪ ਨੂੰ ਸਾਗਰ ਸਮਝਦਾ ਰਿਹਾ
ਮੈਂ ਜੱਗ ਸਹਿਰਾ ਦਾ ਭਰਮ ਜਿਉਂਦਾ ਰਿਹਾ
ਮੈਂ ਬਿੰਦੂ ਦਾਇਰਿਆਂ ਦਾ ਭੁਲੇਖਾ ਸਾਂ
ਮੈਂ ਇਤਿਹਾਸ
ਮੁਕੰਮਲ ਭੂਤ ਤੇ ਵਰਤਮਾਨ਼ ਦੇ ਭਵਿੱਖ 'ਚ
ਲੰਗੜਾ ਲੇਖਾ ਸਾਂ

ਹੁਣ ਮੈਂ
ਬੀਤੇ ਦਾ ਦਰਪਣ ਹਾਂ
ਅੱਜ ਦਾ ਚਿਹਰਾ ਭਵਿੱਖ ਦਾ ਸਵੇਰਾ ਹਾਂ
ਮਹੱਲਾਂ ਤੋਂ ਕੁੱਲੀਆਂ ਤਕ ਦਾ ਸਫ਼ਰ ਹਾਂ
ਰਾਜਿਆਂ ਰੰਕਾਂ ਤੇ ਪਰਜਾ ਦੀ ਆਵਾਜ਼ ਹਾਂ
ਮੈਂ ਸਮੂਹਕ ਜੀਵਨ ਦਾ ਵਿਸਥਾਰ ਹਾਂ
ਮੈਂ ਸਮੇਂ ਦੀ ਬੰਦਸ਼ ਤੋਂ ਆਰ-ਪਾਰ ਹਾਂ
ਮੈਂ ਆਪਣੇ ਖ਼ਾਲੀ ਵਰਕਿਆਂ 'ਚੋਂ ਗੂੰਜਦੀ
ਤਖ਼ਤ ਤੇ ਪਰਜਾ ਦੀ ਆਵਾਜ਼ ਹਾਂ
*

## ਮੈਂ ਵਿਚ ਮੈਂ

ਆਪਣੀ ਮਹਿਕ ਨਾਲ ਮੈਂ ਬੱਝਾ
ਚੌਗਿਰਦੇ ਤੇ ਆਪਣੇ ਅੰਗ ਸੰਗ
ਡੁੱਬਦੇ ਦੀ ਲਾਲੀ ਸੰਗ ਡੁੱਬਾ
ਚੜ੍ਹਿਆ ਚੜ੍ਹਦੇ ਦੇ ਰੰਗ ਸੰਗ

ਤੀਰ 'ਚ ਆਪ ਨਿਸ਼ਾਨ ਹਾਂ ਮੈਂ
ਨਿਸ਼ਾਨੇ ਵਿਚ ਹਾਂ ਤੀਰ ਜਿਹਾ
ਸ਼ਮਸ਼ੀਰ ਦੀ ਅੱਖ 'ਚ ਸਿਰ ਵਰਗਾ ਹਾਂ
ਸਿਰ ਵਿਚ ਹਾਂ ਸ਼ਮਸ਼ੀਰ ਜਿਹਾ

ਮੈਂ ਜਲ ਥਲ ਆਕਾਸ਼ 'ਚ ਹਾਂ
ਖਿੱਚੀ ਹਵਾ ਲਕੀਰ ਜਿਹਾ
ਸ਼ੀਸ਼ੇ ਦੇ ਵਿਚ ਪੱਥਰ-ਵਾਂਗੂੰ
ਪੱਥਰ ਕੱਚ ਸਰੀਰ ਜਿਹਾ
ਫੁੱਲਾਂ 'ਚ ਖ਼ੁਸ਼ਬੂ ਵਰਗਾ ਹਾਂ
ਰੰਗਾਂ ਵਿਚ ਤਸਵੀਰ ਜਿਹਾ

ਮੈਂ ਹੀ ਜੀਵਨ ਮੈਂ ਹੀ ਮ੍ਰਿਤਯੂ
ਹਾਰ ਜਿੱਤ ਵਿਚ ਖੇਡ ਜਿਹਾ
ਮੈਂ ਉਹ ਸੱਚ ਹਾਂ
ਜੋ ਅਨੁਭਵਿਆਂ ਨਜ਼ਰੀਂ ਆਵਾਂ
ਅੰਬਰ ਧਰਤੀ ਮੇਲ ਜਿਹਾ

ਤਬਲਾ ਝਾਂਜਰ ਰਾਗ ਰੰਗ ਸਭ
ਮੈਂ ਖ਼ੁਦ ਆਪ ਰਖੇਲ ਜਿਹਾ
ਅੱਗ 'ਚ ਪਾਣੀ ਪਾਣੀ 'ਚ ਅੱਗ ਹਾਂ
ਖ਼ੁਦ ਵਿਚ ਵੀ ਮੈਂ ਆਪ ਅਲੱਗ ਹਾਂ
*

## ਮੋਈ ਖ਼ੁਸ਼ਬੂ

ਉਹ ਸ਼ੋਰ ਤੋਂ ਡਰਿਆ
ਚੁੱਪ 'ਚ ਉਤਰ ਗਿਆ
ਚੁੱਪ 'ਚ ਘਿਰਿਆ
ਚੁੱਪ ਨਾਲ ਇਨ੍ਹਾਂ ਭਰ ਗਿਆ
ਕਿ ਆਪਣੇ ਆਪ ਤੋਂ ਡਰ ਗਿਆ
ਆਪਣੇ ਆਂਪ ਤੋਂ ਡਰੇ ਨੇ
ਆਪਣਾ ਗ਼ਮ ਜਗਾ ਲਿਆ
ਤੇ ਆਪਣੀਆਂ ਹਨ੍ਹੇਰੀਆਂ ਤਲੀਆਂ 'ਤੇ
ਇਕ ਸੂਰਜ ਉਠਾ ਲਿਆ

ਹੁਣ ਉਹ ਇਕੱਲਾ ਨਹੀਂ ਸੀ
ਉਸਦਾ ਗ਼ਮ ਵੀ ਉਸ ਦੇ ਨਾਲ ਸੀ
ਤਲੀ ਤੇ ਟਿਕਾਏ ਸੂਰਜ ਦੀ ਲੋਅ 'ਚ
ਉਸ ਚੁੱਪ ਦੇ ਡਰਾਉਣੇ ਸਾਇਆਂ ਨੂੰ ਪਹਿਚਾਣਿਆਂ
ਜੋ ਆਪਣੇ ਗ਼ਮ ਦੇ ਪੁੰਗਰਨ ਤੋਂ ਪਹਿਲਾਂ
ਉਹ ਕਿਸੇ ਪਹਾੜ ਹੇਠ ਦਫ਼ਨਾ ਆਇਆ ਸੀ

ਉਹ
ਉਹ ਦੋ ਨੈਣਾਂ ਦੇ ਸਾਏ ਸਨ
ਜਿਨ੍ਹਾਂ ਦੀ ਤਲੀ ਉਸ ਆਪਣਾ
ਕੱਟਿਆ ਸਿਰ ਧਰਿਆ ਸੀ
ਤੇ ਆਪਣੀ ਦੇਹ ਦੇ ਲਹੂ ਦਾ ਸਮੁੰਦਰ ਤਰਿਆ ਸੀ
ਕਿ ਸਮੁੰਦਰ ਦੇ ਦੂਜੇ ਕਿਨਾਰੇ
ਜਿਹੜੀ ਖ਼ੁਸ਼ਬੂ ਮੋਈ ਸੀ
ਉਹ ਉਸ ਦੇ ਲਹੂ ਦੇ ਹਾਣ ਦੀ ਰੱਤ ਹੋਈ ਸੀ
ਗ਼ਮਾਂ ਦੇ ਸਾਥ 'ਚ ਤੇ ਸੂਰਜ ਦੀ ਲੋਅ 'ਚ
ਉਸ ਨੂੰ ਸਭ ਕੁਝ ਨਜ਼ਰ ਆਉਂਦਾ ਗਿਆ
ਉਸ ਦੇ ਵਰਤਮਾਨ 'ਚ ਉਤਰਦਾ ਗਿਆ
ਸਮੁੰਦਰ ਜੋ ਉਸ ਦੇ ਗਲ ਤਕ ਅੱਪੜਿਆ ਸੀ

ਆਸਤ੍ਹਾ ਆਸਤਾ
ਉਸ ਦੇ ਪੈਰਾਂ 'ਚ੍ਹ ਢਲਦਾ ਗਿਆ

ਖ਼ੁਸ਼ਬੂ ਲਈ
ਉਸ ਆਪਣਾ ਸਿਰ ਕੱਟ ਕੇ
ਜਿਨ੍ਹਾਂ ਨੈਣਾਂ ਦੀ ਤਲੀ 'ਤੇ ਧਰਿਆ ਸੀ
ਉਹ ਨੈਣ ਉਸ ਦੇ ਆਪਣੇ ਸਨ
ਜਿਨ੍ਹਾਂ 'ਚੋਂ ਖ਼ੁਸ਼ਬੂ ਦੇ ਕਤਲ ਦਾ ਸੈਲਾਬ ਉੱਠਿਆ
ਤੇ ਉਸ ਦਾ ਸਭ ਕੁਝ ਵਹਾ ਕੇ ਲੈ ਗਿਆ
ਉਸ ਦੇ ਨੈਣਾਂ 'ਚ ਖ਼ੁਸ਼ਬੂ ਦਾ
ਮੁਰਦਾ ਬਦਨ ਤਰਦਾ ਰਹਿ ਗਿਆ

ਖ਼ੁਸ਼ਬੂ ਆਪਣੇ ਕਤਲ ਪਿੱਛੋਂ ਵੀ
ਕਬਰ 'ਚੋਂ ਬੋਲਦੀ
ਸ਼ਹਿਰ ਦੇ ਪਥਰਾ ਗਏ ਜਿਸਮ 'ਚੋਂ
ਸਮੁੰਦਰ ਦੇ ਜੰਮ ਗਏ ਲਹੂ 'ਚੋਂ ਪੁਕਾਰਦੀ ਕੌਣ ਹੈ
ਜੋ ਆਪਣਾ ਸਿਰ ਦੇ ਕੇ
ਮੋਈ ਖ਼ੁਸ਼ਬੂ ਦਾ ਮੁੱਲ ਤਾਰਦਾ ਹੈ
ਕੌਣ ਹੈ
ਜੋ ਸਿਰ ਦੇ ਕੇ ਮੋਈਆਂ ਖ਼ੁਸ਼ਬੂਆਂ ਦੇ
ਜਿਉਂਦੇ ਮਕਬਰੇ ਉਸਾਰਦਾ ਹੈ
*

## ਪੜਾਅ

ਪਹਿਲਾ ਮਨੁੱਖ
ਆਪਣੇ ਭੂਤ ਵਰਤਮਾਨ ਤੇ ਭਵਿੱਖ ਤੋਂ ਅੱਗੇ ਖੜ੍ਹਾ ਹੈ
ਆਪਣੇ ਭੂਤ ਵਰਤਮਾਨ ਦੀਆਂ
ਪੌੜੀਆਂ ਚੜ੍ਹਦਾ ਤੇ ਉਤਰਦਾ ਹੈ
ਆਪਣੀ ਇਸ ਭੂਤ ਤੇ ਵਰਤਮਾਨ ਦੀ ਸਿਖ਼ਰ 'ਚ
ਉਸ ਨੂੰ ਆਪਣੇ ਸਫ਼ਰ ਦੀ
ਜਮ੍ਹਾਂ ਹੀ ਜਮ੍ਹਾਂ ਨਜ਼ਰ ਆਉਂਦੀ ਹੈ
ਭਵਿੱਖ ਤੋਂ ਅੱਗੇ
ਉਸ ਦੀ ਨਜ਼ਰ 'ਚ ਕੋਈ ਸਫ਼ਰ ਨਹੀਂ ਮੰਜ਼ਿਲ ਨਹੀਂ

ਦੂਜਾ ਮਨੁੱਖ
ਭੂਤ ਤੇ ਵਰਤਮਾਨ ਦੇ ਰੱਸੇ 'ਤੇ ਟੁਰਦਾ
ਹਰ ਵਾਰ ਆਪਣੀ ਵਿਜੈ ਦੇ ਪ੍ਰਚਮ
ਇਨ੍ਹਾਂ ਪੜਾਵਾਂ 'ਚ ਗੱਡਦਾ ਹੈ
ਭਵਿੱਖ ਦੇ ਅੱਗੇ ਜਦ ਰੁਕਦਾ
ਤਾਂ ਉਸ ਦੁਆਲੇ ਮੰਜ਼ਲਾਂ ਹੀ ਮੰਜ਼ਲਾਂ ਹਨ
ਜਦ ਟੁਰਦਾ ਹੈ
ਤਾਂ ਉਸ ਦੇ ਮਸਤਕ ਦੇ ਪੈਰਾਂ 'ਚ ਰਾਹ ਕੋਈ ਨਹੀਂ ਹੈ

ਤੀਜਾ ਮਨੁੱਖ
ਭੂਤ ਦੇ ਬਿੰਦੂ 'ਚੋਂ ਵਰਤਮਾਨ
ਵਰਤਮਾਨ ਦੇ ਬਿੰਦੂ 'ਚੋਂ
ਭਵਿੱਖ ਝਾਕਦਾ ਹੈ
ਭਵਿੱਖ ਤੋਂ ਅੱਗੇ
ਉਸ 'ਚ ਆਤਮ ਸੰਤੋਖ ਦਾ ਚਿਹਰਾ ਜਗਦਾ ਹੈ
ਜਿਸ ਦੀ ਲੋਅ ਹੇਠ
ਨਾ ਉਹ ਆਪਣੇ ਸਫ਼ਰ 'ਚ ਜਮ੍ਹਾ
ਨਾ ਦੁਆਲੇ ਮੰਜ਼ਲਾਂ
ਨਾ ਪੈਰਾਂ 'ਚ ਰਾਹ ਤੱਕਦਾ ਹੈ

ਸਿਰਫ਼ ਆਤਮ ਸੰਤੋਖੀ ਹੈ
ਨਾ ਭੂਤ ਨਾ ਵਰਤਮਾਨ ਹੈ
ਭਵਿੱਖ ਵੱਲ ਝਾਕਦਾ ਹੈ

ਚੌਥਾ ਆਦਮੀ ਆਪਣੇ ਵਜੂਦ ਭੂਤ ਵਰਤਮਾਨ
ਤੋਂ ਭਵਿੱਖ ਤੋਂ ਅੱਗੇ ਖੜ੍ਹਾ ਹੈ
ਭਵਿੱਖ 'ਚੋਂ ਵਰਤਮਾਨ
ਵਰਤਮਾਨ 'ਚੋਂ ਭਵਿੱਖ ਸਿਰਜਦਾ ਹੈ
ਸਮੇਂ ਦੀ ਗਤੀ 'ਚ ਉਤਰਦਾ ਹੈ ਚੜ੍ਹਦਾ ਹੈ
ਉਸ ਦੇ ਭੂਤ ਦੀ ਮਨਫ਼ੀ
ਵਰਤਮਾਨ ਦੀ ਜਮ੍ਹਾ ਹੈ
ਵਰਤਮਾਨ ਦੀ ਜਮ੍ਹਾ ਭਵਿਖ ਦੀ ਜਮ੍ਹਾ ਹੈ
ਉਸ ਦਾ ਭੂਤ ਵਰਤਮਾਨ ਤੇ ਭਵਿੱਖ
ਆਤਮ ਨਿਰਭਰਤਾ ਤੇ
ਆਤਮ ਸੰਤੋਖ ਦੀ ਹੋਂਦ ਜਿਉਂਦੇ ਹਨ
ਪਰ ਉਹ ਭਵਿੱਖ ਤੋਂ ਅੱਗੇ ਖੜ੍ਹਾ
ਆਤਮ ਖੋਜ ਦੀ ਜੂਨ ਹੰਢਾ ਰਿਹਾ ਹੈ
ਜੀਅ ਰਿਹਾ ਹੈ

ਉਹ ਨਾ ਸਫ਼ਰ 'ਚ ਜਮ੍ਹਾ
ਨਾ ਦੁਆਲੇ ਮੰਜ਼ਲਾਂ—ਨਾ ਪੈਰਾਂ 'ਚ ਰਾਹ
ਨਾ ਸੰਤੋਖ ਦੇ ਬਿੰਦੂਆਂ 'ਚ ਘਿਰਿਆ ਹੈ
ਉਹ ਤਾਂ ਆਤਮ ਖੋਜ ਦੀ ਤਲਾਸ਼ 'ਚ
ਭੂਤ ਵਰਤਮਾਨ ਤੇ ਭਵਿੱਖ ਦੀ ਹੋਂਦ
ਉਤਾਰਨਾ ਚਾਹੁੰਦਾ ਹੈ
ਆਪਣੇ ਸੰਕਲਪਾਂ ਨੂੰ
ਬਾਰ ਬਾਰ ਸੁਆਰਨਾ ਚਾਹੁੰਦਾ ਹੈ
ਆਪਣੇ ਸੰਕਲਪ ਦਾ ਸੱਚ
ਸਮੇਂ ਤੋਂ ਅਗਲੇ ਸੱਚ 'ਚ ਉਤਾਰਨਾ ਚਾਹੁੰਦਾ ਹੈ
ਜਿਥੇ ਨਾ ਭੂਤ ਹੈ ਨਾ ਵਰਤਮਾਨ ਹੈ ਨਾ ਭਵਿੱਖ ਹੈ
*

## ਓਪਰੇ ਫੇਫੜੇ ਉਧਾਰੇ ਸਾਹ

ਉਹ ਜਦ
ਓਪਰੇ ਫੇਫੜਿਆਂ ਰਾਹੀਂ
ਉਧਾਰੇ ਸਾਹਾਂ ਦਾ ਕਰਜ਼ਾ ਸਿਰ 'ਤੇ ਚਾੜ੍ਹਦਾ
ਲੱਗਦਾ ਅੱਗ ਦਾ ਸਮੁੰਦਰ ਤਰ ਰਿਹਾ ਹੋਵੇ
ਸੂਰਜ ਦੀ ਕੁੱਛੜ ਬੈਠਾ ਠਰ ਰਿਹਾ ਹੋਵੇ

ਉਹ ਇਕ ਦੁਨੀਆ ਆਪਣੇ ਅੰਦਰ ਬੀਜਦਾ
ਇਕ ਦੁਨੀਆ ਆਪਣੇ ਬਾਹਰ ਉਗਾਉਂਦਾ
ਤੇ ਦੋਹਾਂ ਦੁਨੀਆ ਦੇ ਚਿਹਰਿਆਂ ਤੋਂ ਆਪ ਮਨਫ਼ੀ ਹੋ ਜਾਂਦਾ
ਦੋਹਾਂ ਦੁਨੀਆ ਦੀ ਸਿਰਜਣਾ
ਆਪਣੇ ਸਿਰਜਕ ਬਿਨ ਉਦਾਸ ਰਹਿੰਦੀ
ਦੁਨੀਆ ਦੇ ਜੰਗਲ 'ਚ ਲੱਗੇ ਰੁੱਖਾਂ ਨੂੰ
ਫੁੱਲ ਜੰਗਲ ਦੀਆਂ ਜੜ੍ਹਾਂ ਬਾਰੇ ਪੁੱਛਦੇ
ਆਪਣੇ ਮੁੱਢ ਬਾਰੇ ਪੁੱਛਦੇ
ਆਪਣੇ ਬੀਜ ਬਾਰੇ ਪੁੱਛਦੇ

ਆਪਣੀ ਹੋਂਦ ਦਾ ਸੱਚ ਜਾਣਨ ਲਈ
ਦੁਨੀਆ ਆਪਣਾ ਕਲਬੂਤ ਤਿਆਗ
ਸਿਰਜਣਾ ਆਪਣਾ ਖੌਲ ਉਤਾਰ
ਆਪਣੇ ਸਿਰਜਕ ਦੀ ਭਾਲ 'ਚ
ਦਿਸਹੱਦਿਆਂ 'ਚੋਂ ਨਿਕਲਦੇ ਨਿਕਲਦੇ
ਏਨਾ ਦੂਰ ਆ ਗਏ
ਜਿਥੇ ਨਾ ਕੋਈ ਦਿਸਹੱਦਾ ਸੀ
ਨਾ ਧਰਤੀ ਸੀ ਨਾ ਆਕਾਸ਼ ਸੀ
ਓਪਰੇ ਫੇਫੜਿਆਂ ਦੇ
ਉਧਾਰੇ ਸਾਹਾਂ ਦੇ ਕਰਜ਼ਿਆਂ ਦਾ ਪਾਸਾਰ ਸੀ
ਜਿਸ 'ਚ ਉਹ ਅਜੇ ਜੀਅ ਰਿਹਾ ਸੀ
ਅੱਗ ਦਾ ਸਮੁੰਦਰ ਤਰ ਰਿਹਾ ਸੀ
ਤੇ ਸੂਰਜ ਮੁੱਠ 'ਚ ਫੜਿਆਂ ਵੀ ਠਰ ਰਿਹਾ ਸੀ

ਦੁਨੀਆ
ਜਦ ਆਪਣੇ ਕਲਬੂਤ 'ਚ ਪਰਤੀ
ਤਾਂ ਦੁਨੀਆ ਦੀ ਹੋਂਦ ਤੋਂ ਬਿਨਾ
ਕਲਬੂਤ ਜੀਅ ਰਿਹਾ ਸੀ
ਸਿਰਜਣਾ ਜਦ ਆਪਣੇ ਬੋਲ 'ਚ ਪਰਤੀ
ਤਾਂ ਖੋਲ੍ਹ ਸਿਰਜਣਾ ਦੀ ਹੋਂਦ ਬਿਨਾ
ਟੁਰਦਾ ਫਿਰਦਾ ਉੱਠਦਾ ਬੈਠਦਾ ਤੇ ਬੋਲਦਾ ਸੀ

ਓਪਰੇ ਫੇਫੜਿਆਂ ਦੇ ਉਧਾਰੇ ਸਾਹਾਂ ਦਾ ਅਹਿਸਾਸ
ਦੁਨੀਆ ਨੂੰ ਵੀ ਕਲਬੂਤ ਨੂੰ ਵੀ
ਸਿਰਜਣਾ ਨੂੰ ਵੀ ਖੋਲ ਨੂੰ ਵੀ ਹੋਇਆ
ਕਿ ਚਾਹੇ ਫੇਫੜੇ ਓਪਰੇ ਹੋਣ
ਜਾਂ ਸਾਹ ਉਧਾਰੇ ਹੋਣ
ਜੀਵਨ ਹੋਂਦ ਉਨ੍ਹਾਂ 'ਚ ਕਾਇਮ ਰਹਿੰਦੀ ਹੈ
*

## ਅਸੁਰਤੀ ਤੋਂ ਸੁਰਤੀ ਤਕ

ਮੈਂ ਆਪਣੇ ਆਪ ਤੋਂ ਭੱਜਾਂ ਵੀ ਤਾਂ ਕਿਸ ਤਰ੍ਹਾਂ
ਜਿਸ ਦਿਸ਼ਾ ਵੱਲ ਵੀ ਕਦਮ ਪੁੱਟੇ
ਮੇਰਾ ਚਿਹਰਾ
ਮੇਰੇ ਸਾਹਵੇਂ ਆ ਖਲੋਇਆ ਹੈ
ਜੋ ਬਿਨ ਅੰਗਾ ਹੈ
ਜਿਸ ਦਾ ਹਰ ਨਖ਼ਸ਼ ਤਿੜਕਿਆ ਹੈ
ਜੋ ਅਸੁਰਤੀ 'ਚ ਘਿਰਿਆ
ਆਪਣੀ ਪਹਿਚਾਣ ਭੁੱਲ ਗਿਆ ਹੈ
ਸਿਰ ਤੋਂ ਪੈਰਾਂ 'ਚ ਉਤਰ ਗਿਆ ਹੈ
ਰਾਹਾਂ 'ਚ ਡੁੱਲ੍ਹ ਗਿਆ ਹੈ ਖਿੱਲਰ ਗਿਆ ਹੈ

ਮੇਰੇ ਸਾਹਾਂ 'ਚ ਟੁੱਟੇ ਸੁਫ਼ਨਿਆਂ ਦੀ ਪੰਡ ਭਾਰੀ ਹੈ
ਮੇਰੇ ਸਫ਼ਰ 'ਚ ਲੰਮੇਰੇ ਰਾਹ ਹਨ
ਮੇਰੀ ਉਮਰ ਦੀ ਗੁਥਲੀ 'ਚ ਚੁਣਵੇਂ ਸਾਹ ਹਨ
ਨਜ਼ਰ 'ਚ ਉੱਗ ਆਇਆ ਹੈ
ਤਿੜਕੇ ਚਿਹਰੇ ਗੁਆਚੇ ਅੰਗਾਂ ਦਾ ਜ਼ੰਗਲ
ਪਰਛਾਵਿਆਂ ਦੀ ਭੀੜ 'ਚ
ਗੁਆਚ ਗਿਆ ਹੈ ਦੇਹ ਦਾ ਸੱਚ
ਦਿਸਹੱਦੇ ਤਕ ਫੈਲ ਗਿਆ ਹੈ
ਟੁੱਟੇ ਸੁਫ਼ਨਿਆਂ ਦਾ ਕੱਚ
ਹਰ ਇਕ ਰਿਸ਼ਤਾ ਲਹੂ ਦਾ ਦਾਅ 'ਤੇ ਲੱਗਾ ਹੈ
ਜ਼ਿੰਦਗੀ ਪੈਰ ਪੁੱਟਣ ਤੋਂ ਡਰਦੀ ਹੈ
ਖੰਡਰ ਉੱਗ ਆਉਂਦੇ ਹਨ
ਜਿਥੇ ਵੀ ਪੈਰ ਧਰਦੀ ਹੈ

ਅਸੁਰਤੀ 'ਚ ਘੇਰ ਲਿਆ ਹੈ
ਇਕੱਲ ਉਦਾਸੀ ਚੁੱਪ ਤੇ ਵੀਰਾਨੀ ਨੇ
ਦੇਹ ਦਾ ਪੰਛੀ
ਬੁਝ ਗਿਆ ਹੈ ਮੱਥੇ ਦਾ ਚਿਰਾਗ਼

ਫੈਲ ਗਿਆ ਹੈ ਦੇਹ 'ਚ ਹਨੇਰਾ ਬੇਹਿਸਾਬ
ਬੱਝ ਗਏ ਹਨ ਪੈਰਾਂ 'ਚ ਪਹਾੜ
ਵੇਗ ਛੱਡ ਗਿਆ ਹੈ ਦੇਹ ਦਾ ਆਲ੍ਹਣਾ
ਲਹੂ ਦਾ ਗਾੜ੍ਹਾ ਧੂੰਆਂ
ਅੰਬਰ 'ਤੇ ਹੈ ਫੈਲਿਆ
ਪ੍ਰਾਣ ਭੁੱਲ ਗਿਆ ਹੈ ਰਸਤਾ ਸਰੀਰ ਦਾ
ਹੰਝੂਆਂ 'ਚ ਤੈਰਦਾ ਹੈ
ਮੁਰਦਾ ਜ਼ਮੀਰ ਦਾ

ਜ਼ਿੰਦਗੀ
ਸੁੰਘੜ ਸਿਮਟ ਕੇ ਥੇਹ ਬਣ ਕੇ ਰਹਿ ਗਈ ਹੈ
ਗੁਆਚ ਗਈ ਹੈ
ਹਰ ਅੰਗ ਹਰ ਨਕ਼ਸ਼ ਚਿਹਰੇ ਦੇ ਦਰਪਣ 'ਚ
ਸਿਮਟ ਗਿਆ ਹੈ ਉਛਾਲੇ ਮਾਰਦਾ ਸਾਗਰ
ਬੂੰਦ ਦੀ ਅੱਖ 'ਚ
ਬੁਝ ਗਏ ਹਨ ਚੰਨ ਸੂਰਜ ਤਾਰੇ ਆਕਾਸ਼ ਦੇ
ਸੁਣਦੇ ਨਹੀਂ ਬੋਲ ਖ਼ੁਦ ਨੂੰ ਰੂਹ ਦੀ ਆਵਾਜ਼ ਦੇ
ਸਾਜ਼ ਦੀਆਂ ਸੁਰਾਂ 'ਚੋਂ
ਸ਼ੋਰ ਜਨਮਦਾ ਹੀ ਜਾ ਰਿਹਾ ਹੈ
ਸੀਤਾ ਗਿਆ ਹੈ ਕੰਠ
ਖਿਰਕਦੇ ਹਨ ਬੋਲ ਆਵਾਜ਼ ਦੇ

ਅਸੁਰਤੀ ਦੇ ਹਨੇਰੇ 'ਚ
ਮੈਂ ਡੁੱਬ ਗਿਆ ਤਾਰਾ ਹਾਂ
ਜਿਸ ਦਾ ਕੋਈ ਆਕਾਸ਼ ਨਹੀਂ
ਖੰਭ ਨਹੀਂ ਪਰਵਾਜ਼ ਨਹੀਂ
ਮੈਂ ਉਹ ਰੁੱਖ ਹਾਂ
ਜੋ ਅਸੁਰਤੀ ਦੀਆਂ ਹਨ੍ਹੇਰੀਆਂ 'ਚ
ਝੱਖੜਾਂ ਦੇ ਸਿੰਗੀ ਚੜ੍ਹ ਗਿਆ ਹਾਂ
ਆਪਣੇ ਪੱਤਿਆਂ 'ਚੋਂ ਨੁੱਚੜ ਗਿਆ ਹਾਂ
ਆਪਣੀਆਂ ਜੜ੍ਹਾਂ 'ਚ ਸੁੰਘੜ ਗਿਆ ਹਾਂ

ਬੀਜ ਰੁੱਖ ਦਾ ਭਵਿੱਖ ਹੈ ਵਿਸਥਾਰ ਹੈ
ਸੁਰਤੀ ਦਾ ਰੁੱਖ
ਅਸੁਰਤੀ ਦੇ ਬੀਜ ਦੇ ਵਿਚਕਾਰ ਹੈ
ਰੁੱਖ 'ਚ ਬੀਜ ਹੈ
ਬੀਜ 'ਚ ਰੁੱਖ ਸਹਿਕਾਰ ਹੈ
ਮੈਂ ਅਸੁਰਤੀ ਦੇ ਬੀਜ 'ਚੋਂ
ਸੁਰਤੀ ਦਾ ਰੁੱਖ ਉਗਾ ਲਵਾਂ
ਆਪਣੀ ਧਰਤੀ ਤੇ ਤਾਰੇ ਬੀਜ ਲਵਾਂ
ਆਪਣੇ ਅੰਬਰ ਤੇ ਸੂਰਜ ਚੜ੍ਹਾ ਲਵਾਂ

ਮੈਂ ਆਪਣੇ ਤਿੜਕੇ ਅੰਗਾਂ ਤੇ ਨਕ਼ਸ਼ਾਂ 'ਚੋਂ
ਆਪਾ ਸਿਰਜ ਲਾਂ
ਆਪਣੇ ਟੁੱਟੇ ਸੁਫ਼ਨਿਆਂ ਨੂੰ ਮੁੜ ਕੇ ਸਜਾ ਲਵਾਂ
ਆਪਣੀ ਹੋਂਦ ਦਾ ਸੱਚ
ਆਪਣੀ ਦੇਹ 'ਚੋਂ ਜਗਾ ਲਵਾਂ
ਅਸੁਰਤੀ ਦਾ ਹਨ੍ਹੇਰਾ
ਆਪਣੇ 'ਚੋਂ ਨਿਚੋੜਾਂ
ਆਪਣੇ ਤੋਂ ਉਤਾਰ ਦਿਆਂ
ਸੁਰਤੀ ਦਾ ਚਾਨਣ ਆਪਣੇ ਰਾਹਾਂ ਤੇ
ਦੇਹ 'ਚ ਖਿਲਾਰ ਦਿਆਂ

ਬਹਾਰਾਂ ਮੌਸਮਾਂ ਤੇ ਰੁੱਤਾਂ ਨੂੰ
ਆਪਣੇ ਗਲ ਨਾਲ ਲਾ ਲਵਾਂ
ਕਬਰਾਂ ਦੀ ਚੁੱਪ ਤੇ ਪੈਰ ਧਰ ਗੁਜ਼ਰਾਂ
ਸ਼ੋਰ ਨੂੰ ਸੁਰ 'ਚ ਢਾਲਾਂ
ਜ਼ਿੰਦਗੀ ਦੇ ਸਾਜ 'ਚੋਂ
ਨਵੀਆਂ ਧੁਨਾਂ ਜਗਾ ਲਵਾਂ
ਜ਼ਿੰਦਗੀ ਦੇ ਪੈਰਾਂ 'ਚ
ਧਰਤੀ ਦੀ ਸੁਗੰਧ ਵਿਛਾ ਦਿਆਂ
ਜ਼ਿੰਦਗੀ ਦੇ ਨੈਣਾਂ 'ਚ ਅੰਬਰ ਪਾ ਦਿਆਂ
ਟੁੱਟੇ ਸੁਫ਼ਨਿਆਂ ਦਾ ਸੱਚ

ਨੈਣਾਂ 'ਚ ਉਤਾਰ ਲਾਂ
ਰੌਸ਼ਨੀਆਂ 'ਚ ਜਗਮਗਾਉਂਦੀ
ਸ਼ੀਸ਼ੇ ਦੀ ਦੁਨੀਆ ਉਸਾਰ ਲਾਂ
ਮੈਂ ਆਪਣੀ ਰੂਹ ਦੀ ਸੁਰ
ਤਨ ਦੇ ਸਾਜ 'ਤੇ ਵਜਾ ਲਵਾਂ
ਮੈਂ ਚੁੱਪ ਉਦਾਸੀ ਇਕੱਲਤਾ ਤੇ ਵੀਰਾਨੀ 'ਚੋਂ
ਸ਼ੋਰ ਖ਼ੁਸ਼ੀਆਂ ਰੌਣਕਾਂ ਤੇ ਬਹਾਰਾਂ ਦੇ ਦੀਵੇ ਜਗਾ ਲਵਾਂ

ਮੈਂ ਆਪਣੀ ਮਰਜ਼ੀ ਦੀ ਧਰਤੀ ਪੈਰਾਂ 'ਚ
ਇੱਛਾ ਦਾ ਅਸਮਾਨ ਸਿਰ 'ਤੇ ਤਾਣ ਲਾਂ
ਰੁਕ ਗਈ ਜ਼ਿੰਦਗੀ 'ਚੋਂ ਗਤੀਆਂ ਤੇ ਅੰਕੁਰ ਪਹਿਚਾਣ ਲਾਂ
ਮੈਂ ਅਸੁਰਤੀ ਨੂੰ ਸੁਰਤੀ 'ਚ ਢਾਲ ਲਾਂ
ਰਾਹਾਂ 'ਚ ਸੂਰਜ ਬਾਲ ਲਾਂ
ਮੰਜ਼ਲਾਂ ਦੇ ਪਿੰਡੇ 'ਚ ਚਾਨਣ ਉਤਾਰ ਲਾਂ
ਮੈਂ ਆਪਣੀ ਉਮਰ ਨਾ ਕੱਟਾਂ
ਉਮਰ ਦਾ ਲੁਤਫ਼ ਮਾਣ ਲਾਂ
ਮੈਂ ਆਪਣੀ ਜੜ੍ਹ 'ਚੋਂ ਰੁੱਖ
ਪੱਤਿਆਂ 'ਚੋਂ ਜੜ੍ਹ ਪਹਿਚਾਣ ਲਾਂ

ਮੈਂ ਉਤਾਰ ਦਿਆਂ ਸੂਰਜਾਂ ਦੇ ਕਾਫ਼ਲੇ
ਜ਼ਿੰਦਗੀ ਦੇ ਵਿਹੜੇ 'ਚ
ਮੈਂ ਧਰਤੀ ਦੀ ਕੁੱਖ
ਅੰਬਰ ਦੀ ਉਚਾਈ ਹੋ ਜੀਵਾਂ
ਜ਼ਿੰਦਗੀ ਦੇ ਦੀਵੇ ਹੇਠਲੇ ਹਨ੍ਹੇਰ ਨੂੰ ਪੀਵਾਂ
ਹਵਾ ਦਾ ਵੇਗ ਮੇਰੀ ਗਤੀ ਹੋਵੇ
ਅਗਨ ਦੇ ਤੇਜ ਦਾ ਪ੍ਰਕਾਸ਼ ਮੇਰੇ ਨੈਣਾਂ 'ਚੋਂ ਫੁੱਟੇ
ਜਲ ਦੇ ਰਸ ਦਾ ਚਸ਼ਮਾ
ਮੇਰੀ ਧੁੰਨੀ 'ਚੋਂ ਨਿਕਲੇ
ਮੇਰੇ ਪੈਰਾਂ ਦੀਆਂ ਤਲੀਆਂ 'ਚੋਂ
ਧਰਤੀ ਦੀ ਸੁਗੰਧ ਜਨਮੇਂ
ਮੇਰੇ ਹੱਥਾਂ ਦੀਆਂ ਤਲੀਆਂ ਤੇ ਆਸਮਾਂ ਪਿਘਲੇ

ਮੈਂ ਧਰਤੀ ਦੀ ਸੁਗੰਧ ਪ੍ਰਕਿਰਤੀ 'ਚ ਬੀਜਾਂ
ਸਾਗਰਾਂ 'ਚ ਘੋਲਾਂ ਅੰਬਰ ਦੇ ਮੁੱਖ
ਤੇ ਡੋਲ੍ਹਾਂ ਪਿਘਲੇ ਆਸਮਾਂ ਦੀਆਂ ਸਿਲਾਈਆਂ
ਜ਼ਿੰਦਗੀ ਦੇ ਨੈਣੀਂ ਪਾ ਦੇਵਾਂ
ਬ੍ਰਹਿਮੰਡ ਤਾਰਕਾ ਮੰਡਲ ਧਰਤੀ ਤੇ ਆਕਾਸ਼
ਆਪਣੀਆਂ ਤਲੀਆਂ 'ਤੇ ਉਠਾ ਦੇਵਾਂ

ਮੈਂ ਆਪਣੇ ਬਿੰਦੂ 'ਚ ਇੰਨਾ ਫੈਲ ਜਾਵਾਂ
ਕਿ ਅਸੁਰਤੀ ਰਹਿਤ ਦਾਇਰੇ ਦੀ
ਸੁਰਤੀ ਨੂੰ ਪਾ ਜਾਵਾਂ
ਸੂਰਜਾਂ ਦੀ ਜੂਨ ਜੀਅ ਸਕਾਂ
ਸ਼ਮਸ਼ਾਨ 'ਚ ਸੁੱਤੀ ਜ਼ਿੰਦਗੀ ਜਗਾ ਦੇਵਾਂ
ਚੀਰ ਕੇ ਪਹਾੜਾਂ ਦੇ ਪਿੰਡੇ
ਜ਼ਿੰਦਗੀ ਲਈ ਨਵੇਂ ਰਾਹ ਬਣਾ ਦੇਵਾਂ
ਚੂਲੀ 'ਚ ਡੀਕ ਲਾਂ ਸਾਗਰ
ਗਗਨ ਤੇ ਵੱਸਦੀਆਂ ਪੌਣਾਂ ਤੇ ਕਾਠੀ ਪਾ ਲਵਾਂ

ਮੈਂ ਆਪਣਾ ਆਪ
ਮਾਨਵ ਮੰਦਰ 'ਚ ਧਰ ਜਾਵਾਂ
ਮੇਰੀ ਸਿਆਣ ਨਾ ਰਹੇ
ਮੇਰੀ ਪਹਿਚਾਣ ਨਾ ਰਹੇ
ਮੈਂ ਸੂਰਜ ਆਸਮਾਂ ਦਾ
ਮਾਨਵ ਮਸਤਕ ਦੇ ਸੂਰਜ 'ਚ ਰਲ ਜਾਵਾਂ
ਤੇ ਆਪਣੇ ਮਸਤਕ ਦਾ ਚਾਨਣ
ਹਰ ਮਾਨਵ 'ਚ ਕਰ ਜਾਵਾਂ
ਮਾਨਵ ਦੇ ਨੈਣਾਂ 'ਚ ਮਾਨਵਤਾ ਦੀ ਜੋਤ ਧਰ ਜਾਵਾਂ

ਮੈਂ ਆਪ ਆਪਣਾ ਭਵਿੱਖ ਹਾਂ
ਆਪਣਾ ਵਿਸਥਾਰ ਹਾਂ
ਆਪ ਹੀ ਆਪਣੀ ਹੋਂਦ ਹਾਂ

ਰੱਬੀ ਹੋਂਦ ਦੀ ਟਹਿਣੀ 'ਤੇ ਲੱਗੀ ਪਿਉਂਦ ਹਾਂ
ਇਸ ਪਿਉਂਦ 'ਚੋਂ
ਰੱਬੀ ਹੋਂਦ ਦਾ ਚਸ਼ਮਾ ਫੁੱਟਦਾ ਹੈ
ਜਿਵੇਂ ਸੂਰਜ ਕਿਰਨਾਂ ਦੀਆਂ ਕਣੀਆਂ
ਧਰਤੀ 'ਤੇ ਸੁੱਟਦਾ ਹੈ
ਜਿਵੇਂ ਚੰਨ ਦੇ ਇਸ਼ਾਰੇ 'ਤੇ ਸਾਗਰ ਉਛਲਦਾ ਹੈ
ਜਿਵੇਂ ਧਰਤੀ ਆਪਣੀ ਪਰਿਕਰਮਾ ਆਪ ਕਰਦੀ ਹੈ
ਅੰਬਰ ਜਿਵੇਂ ਆਪਣੇ ਦੁਆਲੇ ਆਪ ਭੌਂਦਾ ਹੈ
ਜਿਵੇਂ ਬਾਂਸ ਦੀ ਪੋਰੀ 'ਚੋਂ ਗੁਜ਼ਰੀ ਹਵਾ
ਸੁਰ 'ਚ ਢਲਦੀ ਹੈ ਸ਼ਬਦ ਅਰਥ ਤੇ
ਤਾਲ ਬਣਦੀ ਹੈ

ਮਨੁੱਖ ਪਿਉਂਦ 'ਚੋਂ
ਰੱਬੀ ਹੋਂਦ ਤੇ ਸੱਚ ਦਾ ਅਹਿਸਾਸ ਹੁੰਦਾ ਹੈ
ਅਸੁਰਤੀ ਜਿਉ ਰਹੇ
ਮਨੁੱਖ ਨੂੰ ਹੀ ਸੁਰਤੀ ਦਾ ਪਾਸ ਹੁੰਦਾ ਹੈ
ਬੀਜ ਜੜ੍ਹਾਂ ਪੱਤੇ ਟਹਿਣੀਆਂ ਫੁੱਲਾਂ ਫਲਾਂ ਦਾ ਭੇਦ ਖੁੱਲ੍ਹਦਾ ਹੈ
ਅਸੁਰਤੀ ਤੋਂ
ਜਦ ਮਨੁੱਖ ਸੁਰਤੀ ਵੱਲ ਟੁਰਦਾ ਹੈ
ਉਦਾਸੀ ਚੁੱਪ ਤੇ ਇਕੱਲਤਾ ਦੇ ਵਜੂਦ 'ਚੋਂ
ਖ਼ੁਸ਼ੀਆਂ ਰੌਣਕਾਂ ਤੇ ਮਹਿਕਾਂ ਦਾ ਆਬਸ਼ਾਰ ਫੁੱਟਦਾ ਹੈ
ਜੋ ਮਨੁੱਖ ਦੀ ਗਤੀ ਤੋਂ ਅਗਤੀ ਦਾ ਖੋਲ ਉਤਾਰ ਦਿੰਦਾ ਹੈ
ਮਨੁੱਖ ਨੂੰ ਜੀਵਨ ਦੇ ਝੱਖੜਾਂ, ਤੁਫ਼ਾਨਾਂ ਹਨ੍ਹੇਰੀਆਂ ਸਾਹਵੇਂ
ਖਲਿਆਰ ਦਿੰਦਾ ਹੈ
*

## ਸੁੰਦਰਤਾ

ਸੁੰਦਰਤਾ ਨੂੰ
ਤੱਕਣ ਦੀ ਆਦਤ ਨਾ ਗਈ
ਮਰ ਕੇ ਵੀ ਸੁੰਦਰਤਾ ਦੀ ਇਬਾਦਤ ਨਾ ਗਈ

ਉਸ ਨੇ ਵੇਖਿਆ
ਤਾਂ ਨਜ਼ਰ ਫੇਰ ਲਈ
ਸਾਡੀ ਹੁਸਨ ਨੂੰ ਚਾਹੁਣ ਦੀ ਸ਼ਰਾਫ਼ਤ ਨਾ ਗਈ
ਬੜਾ ਸਮਝ਼ਾਇਆ ਦਿਲ ਨੂੰ
ਇਸ਼ਕ ਦੀ ਖੁਆਰੀ ਦਾ
ਮੁਸੀਬਤ ਸਹੇੜਨ ਦੀ
ਦਿਲ ਦੀ ਚਾਹਤ ਨਾ ਗਈ

ਬੜੀ ਜ਼ਹਿਮਤ ਸੀ
ਹੁਸਨ ਦੇ ਨਖਰੇ ਉਠਾਉਣ ਦੀ
ਨਜ਼ਰ ਨੂੰ ਫੁੱਲ ਤੱਕਣ ਦੀ
ਪੈਰਾਂ ਨੂੰ ਕੰਡਿਆਂ ਤੇ ਟੁਰਨ ਦੀ ਆਦਤ ਨਾ ਗਈ
ਬੜੀ ਸੀ ਹੋਸ਼
ਸੋਚ ਕੇ ਪੈਰ ਪੁੱਟਣ ਦੀ
ਦਿਲ ਦੀ ਉਦਾਸੀ ਨੂੰ
ਹਨ੍ਹੇਰੇ ਜਿਉਣ ਦੀ ਆਦਤ ਨਾ ਗਈ

ਅਸੀਂ ਇਸ਼ਕ ਤੋਂ
ਇਸ਼ਕ ਦੀ ਸੂਲੀ 'ਤੇ ਚੜ੍ਹ ਗਏ
ਤੇਰੀ ਅੱਖਾਂ ਮਟਕਾਉਣ ਦੀ ਸ਼ਰਾਰਤ ਨਾ ਗਈ
*

## ਮੋਮੀ ਲੋਕ

ਮੋਮ ਦੇ ਬੁੱਤਾਂ ਦੀ ਨਗਰੀ ਹੈ
ਮੋਮ ਦੇ ਘਰ ਛੱਤਾਂ ਕੰਧਾਂ ਮੋਮ ਦਾ ਦੁਆਲਾ ਹੈ
ਮੋਮ ਦੀਆਂ ਗਲੀਆਂ
ਮੋਮ ਦੀਆਂ ਸੜਕਾਂ
ਮੋਮ ਦਾ ਇਹ ਸ਼ਹਿਰ ਸਾਰਾ ਹੈ

ਮੋਮ ਦੇ ਲੋਕਾਂ ਦੇ ਅੰਗ ਤੇ ਨਕਸ਼
ਸੜਕਾਂ ਤੇ ਵਿਚਰਦੇ ਹਨ
ਚੌਂਕਾਂ 'ਚ ਖੜ੍ਹਦੇ ਹਨ
ਸੈਰਗਾਹਾਂ ਦੀ ਸੈਰ ਕਰਦੇ ਹਨ
ਬਾਗਾਂ 'ਚ ਬੈਠਦੇ ਹਨ
ਇਹ ਮੋਮ ਦੇ ਹੰਝੂ
ਮੋਮ ਦੇ ਹਾਸੇ ਹੱਸਦੇ ਹਨ
ਮੋਮ ਦਾ ਰੰਗ ਰੂਪ
ਮੋਮ ਦਾ ਪਹਿਰਾਵਾ ਹੈ ਇਨ੍ਹਾਂ ਦਾ
ਸ਼ਹਿਰ ਦੀ ਮੋਮੀ ਰੌਸ਼ਨੀ ਦਿਖਾਵਾ ਹੈ ਇਨ੍ਹਾਂ ਦਾ
ਮੋਮ ਦੇ ਰੁੱਖ ਮੋਮ ਦੇ ਪੰਛੀ
ਮੋਮ ਦੀ ਧਰਤੀ
ਮੋਮ ਦਾ ਹੈ ਅਸਮਾਨ ਇਨ੍ਹਾਂ ਦਾ

ਮੋਮ ਦੀ ਭਾਸ਼ਾ
ਮੋਮੀ ਸਭਿਆਚਾਰ
ਮੋਮੀ ਲੋਕ ਜਿਉਂਦੇ ਹਨ
ਮੋਮ ਨਾਲ ਹੀ
ਇਹ ਮਿੱਤਰਤਾ ਦੇ ਫੱਟ ਲਾਉਂਦੇ ਹਨ
ਮੋਮ ਨਾਲ ਹੀ ਸਿਉਂਦੇ ਹਨ
ਇਨ੍ਹਾਂ ਦੀਆਂ ਮੋਮੀ ਖ਼ੁਸ਼ੀਆਂ
ਮੋਮੀ ਹਾਸੇ ਹਨ
ਮੋਮ ਦੇ ਬਦਨ ਮੋਮ ਦੇ ਦਮ ਹਨ

ਇਨ੍ਹਾਂ ਦੀ ਦੋਸਤੀ ਦੁਸ਼ਮਣੀ ਮੋਮ ਦੀ ਹੈ
ਇਹ ਮੋਮੀ ਸਮਾਜ ਦੇ ਪਰਿੰਦੇ ਹਨ
ਮੋਮ ਦੀ ਆਬੋਹਵਾ ਦੇ ਬਸ਼ਿੰਦੇ ਹਨ
ਇਹ ਮੋਮ ਖਾਂਦੇ ਮੋਮ ਪੀਂਦੇ
ਮੋਮ ਹੰਢਾਉਂਦੇ ਹਨ

ਇਨ੍ਹਾਂ ਦਾ ਗਗਨ ਹਵਾ ਜਲ
ਅਗਨ ਧਰਤੀ ਮੋਮ ਦੀ ਹੈ
ਇਹ ਖੇਤਾਂ 'ਚੋਂ ਮੋਮ ਉਗਾਉਂਦੇ ਹਨ
ਸਮੁੰਦਰ 'ਚੋਂ ਮੋਮੀ ਜਾਨਵਰ ਫੜਾਉਂਦੇ ਹਨ
ਇਹ ਮੋਮ ਦੇ ਸ਼ਹਿਰੀ
ਮੋਮੀ ਅਖਵਾਉਂਦੇ ਹਨ

ਇਨ੍ਹਾਂ ਦੇ ਬਦਨ ਨੂੰ ਜਲਾਓ
ਜੋ ਬਾਹਰੋਂ ਪਿਘਲੇਗਾ
ਅੰਦਰ ਪੱਥਰ ਦਾ ਪੱਥਰ ਰਹੇਗਾ
ਪੱਥਰ ਦਾ ਇਨ੍ਹਾਂ ਦੇ ਵਿਚਲਾ ਹੈ
ਪੱਥਰ ਹੀ ਇਨ੍ਹਾਂ ਦੀ ਸੋਚ ਹੈ
ਪੱਥਰ ਦੇ ਪੁਜਾਰੀ ਹਨ
ਇਹ ਲੋਕ ਜੋ ਮੋਮੀ ਰੂਪ ਧਾਰੀ ਹਨ

ਇਨ੍ਹਾਂ ਦੀ ਰੂਹ ਪੱਥਰ ਹੈ
ਮਨ ਪੱਥਰ ਹੈ ਤਨ ਪੱਥਰ ਹੈ
ਇਨ੍ਹਾਂ ਦੀ ਤਾਸੀਰ ਪੱਥਰ ਹੈ
ਜ਼ਮੀਰ ਪੱਥਰ ਹੈ
ਇਨ੍ਹਾਂ ਵਿਚਾਲੇ ਪੱਥਰ ਦੀਆਂ ਦੀਵਾਰਾਂ ਹਨ
ਇਕ ਦੂਜੇ ਦੇ ਅੰਦਰ ਝਾਕਣ ਦੇ ਸਮਰੱਥ ਨਹੀਂ
ਇਨ੍ਹਾਂ ਦੀ ਕੋਈ ਹੋਂਦ ਨਹੀਂ
ਜਿਸ ਨੂੰ ਪਾਰ ਕਰਕੇ
ਇਨ੍ਹਾਂ ਦਾ ਅੰਦਰ ਫਰੋਲ ਸਕੇ
ਇਨ੍ਹਾਂ ਦਾ ਸੱਚ ਟੋਲ ਸਕੇ

ਇਹ ਕਲਾਕਾਰਾਂ ਦੇ ਕਾਤਲ ਹਨ
ਕਵੀਆਂ ਦੇ ਕਾਤਲ ਹਨ
ਦਾਰਸ਼ਨਿਕਾਂ ਤੇ ਅਦੀਬਾਂ ਦੇ ਕਾਤਲ ਹਨ
ਕਿਉਂਕਿ ਉਹ ਅੰਦਰ ਤੇ ਬਾਹਰ ਦਾ ਸੱਚ ਚਿਤਰਦੇ ਹਨ
ਬੋਲਦੇ ਹਨ ਵਿਖਿਆਉਂਦੇ ਹਨ
ਸਮਝਾਉਂਦੇ ਤੇ ਦਿਖਾਉਂਦੇ ਹਨ
ਇਹ ਉਨ੍ਹਾਂ ਦੀਆਂ ਕਿਰਤਾਂ ਦੇ ਕਾਤਲ ਹਨ
ਸੋਚ ਤੇ ਵਜੂਦ ਦੇ ਕਾਤਲ ਹਨ

ਇਨ੍ਹਾਂ ਦੇ ਅੰਦਰ ਦੇ ਪੱਥਰ ਨੇ
ਮੋਮ ਦਾ ਵਜੂਦ ਪਹਿਨਿਆ ਹੈ
ਇਨ੍ਹਾਂ ਦੀ ਸੋਚ ਵੱਖਰੀ ਹੈ
ਇਨ੍ਹਾਂ ਦਾ ਕਰਮ ਵੱਖਰਾ ਹੈ
ਇਹ ਕਹਿੰਦੇ ਕਝ ਹੋਰ ਹਨ
ਕਰਦੇ ਕੁਝ ਹੋਰ ਹਨ
ਬੀਜਦੇ ਕੁਝ ਹੋਰ ਹਨ
ਉਗਾਉਂਦੇ ਕੁਝ ਹੋਰ ਹਨ
ਇਨ੍ਹਾਂ ਜਜ਼ਬਾਤ ਦੇ ਗੁਲਾਫ਼ 'ਚ ਪੱਥਰ ਲਪੇਟੇ ਹਨ
ਰਿਸ਼ਤਿਆਂ ਦੀ ਰੂਹ 'ਚ ਲਾਲਚ ਉਤਾਰਿਆ ਹੈ
ਇਹ ਲੋਕ ਆਪਣੀ ਹੀ ਸੋਚ ਦੇ ਗੁਲਾਮ ਹਨ
ਆਪਣੇ ਬਿੰਦੂਆਂ 'ਚ ਘਿਰੇ ਹਨ
ਦਾਇਰਿਆਂ ਦਾ ਸਫ਼ਰ
ਇਨ੍ਹਾਂ ਦੀ ਸੁਰਤੀ ਤੇ ਪੈਰਾਂ 'ਚੋਂ ਬਾਹਰ ਹੈ

ਇਸ ਸ਼ਹਿਰ ਦੇ ਸ਼ਮਸ਼ਾਨਘਾਟ ਨੂੰ ਵੇਖੋ
ਸਮਝ ਜਾਓਗੇ
ਮੁਰਦਿਆਂ ਦੇ ਅੱਧ ਸੜੇ ਜਿਸਮਾਂ ਦੇ ਅੰਬਾਰ
ਇਨ੍ਹਾਂ ਦਾ ਪੱਥਰ ਦੁਆਲੇ ਓੜਿਆ
ਮੋਮ ਦਾ ਗੁਲਾਫ਼ ਸੜਦਾ ਹੈ
ਅੰਦਰਲਾ ਪੱਥਰ ਨਹੀਂ
ਸ਼ਹਿਰ ਤੋਂ ਵਧੇਰੇ ਆਕਾਰ ਦਾ ਸ਼ਮਸ਼ਾਨਘਾਟ ਹੈ

ਇਨ੍ਹਾਂ ਦੇ ਅੰਦਰਲੇ ਪੱਥਰੀ ਸੱਚ ਦੀ
ਪਾਉਂਦਾ ਜੋ ਬਾਤ ਹੈ

ਇਹ ਬਾਹਰੋਂ ਬੜੇ ਦਿਆਲੂ
ਲਚਕੀਲੇ ਤੇ ਮਿਹਰਬਾਨ ਹਨ
ਨਜ਼ਰ 'ਚ ਰਹਿਮ ਤੇ
ਮੂੰਹ 'ਚ ਮਿੱਠੀ ਜ਼ੁਬਾਨ ਰੱਖਦੇ ਹਨ
ਇਹ ਜਿਸ ਨੂੰ ਮਿਲਦੇ ਹਨ
ਉਸ ਦੇ ਹੀ ਲੱਗਦੇ ਹਨ
ਇਹ ਬੇਈਮਾਨ ਸਾਜ਼ ਤੇ
ਸੱਚ ਦੀਆਂ ਧੁਨਾਂ ਗਾਉਂਦੇ ਹਨ
ਸ਼ਾਂਤ ਕਲਿਆਣ ਰਹਿਮਦਿਲੀ ਤੇ
ਭਲਾਈ ਦਾ ਉਚਾਰਣ ਕਰਦੇ ਹਨ
ਮਨੁੱਖੀ ਸਾਂਝ ਤੇ ਮਿਲਾੜੇਪਣ ਦੀ ਹਾਮੀ ਭਰਦੇ ਹਨ

ਇਹ ਅੰਦਰੋਂ ਵਸਤੂ ਸੰਸਾਰ ਨਾਲ
ਇੰਜ ਬੱਝੇ ਹਨ
ਕਿਸੇ ਦੇ ਤਾਂ ਕੀ
ਇਹ ਨਾ ਆਪਣੇ ਆਪ ਦੇ ਸਕੇ ਹਨ
ਇਨ੍ਹਾਂ ਲਈ ਜੋ ਕੁਝ ਵੀ ਹੈ
ਆਪਣਾ ਢਿੱਡ ਹੈ
ਇਹ ਆਪਣੇ ਆਪ ਦੇ ਗੁਲਾਮ ਹਨ
ਢਿੱਡੋਂ ਕੰਗਾਲ ਹਨ

ਇਹ ਮੋਮ ਦੀ ਨਗਰੀ ਦੇ ਲੋਕ
ਬੜੇ ਖ਼ੁਸ਼ਹਾਲ ਹਨ
ਮੋਮ ਦੇ ਪਿੰਡੇ 'ਚ ਪੱਥਰ ਦਾ ਸੱਚ ਜਿਉਂਦੇ ਹਨ
ਇਨ੍ਹਾਂ ਦਾ ਕਲਿਆਣ ਪੱਥਰ ਹੈ
ਇਨ੍ਹਾਂ ਦੀ ਖ਼ੁਸ਼ੀ ਪੱਥਰ ਹੈ
ਇਨ੍ਹਾਂ ਦੀ ਗ਼ਮੀ ਪੱਥਰ ਹੈ

ਇਨ੍ਹਾਂ ਦੀ ਹਮਦਰਦੀ ਪੱਥਰ ਹੈ
ਇਨ੍ਹਾਂ ਦੇ ਅੱਥਰੂਆਂ ਦੀ ਨ਼ਦੀ ਪੱਥਰ ਹੈ
ਇਹ ਪੱਥਰ ਬੀਜਦੇ ਸਿਰਜਦੇ ਤੇ ਉਗਾਉਂਦੇ ਹਨ
ਇਹ ਪੱਥਰ ਸਿਮਰਦੇ ਪੂਜਦੇ ਧਿਆਉਂਦੇ ਹਨ
ਇਹ ਲੋਕ ਮੋਮ ਦੇ ਸ਼ਹਿਰੀ
ਮੋਮੀ ਕਹਾਉਂਦੇ ਹਨ
*

## ਘੋੜਾ

ਮੈਂ ਆਪਣੇ ਘੋੜੇ ਤੋਂ ਸਭ ਕੁਝ ਉਤਾਰ
ਘੋੜੇ ਨੂੰ ਵ੍ਹਾਣ 'ਚ ਛੱਡ ਦਿੱਤਾ ਹੈ
ਘੋੜਾ ਆਪਣੇ ਹੱਡਾਂ ਨੂੰ ਫੈਲਾਉਂਦਾ ਹੈ
ਸੰਘੋੜਦਾ ਹੈ ਵਾਨ੍ਹ 'ਚ ਲਿਟਦਾ ਹੈ
ਆਪਣੇ ਪਿੰਡੇ 'ਚੋਂ ਥਕਾਵਟ ਨਿਚੋੜਦਾ ਹੈ
ਤੇ ਆਪਣੇ ਅੰਦਰ ਉੱਗ ਆਈਆਂ
ਪਗਡੰਡੀਆਂ 'ਤੇ ਦੌੜਦਾ ਹੈ

ਇਹ ਸਭ ਮੇਰੇ ਹੁਣ ਦੇ ਪਲ ਤੇ
ਅੰਤਰੀਵ ਭਾਵਾਂ 'ਚੋਂ ਉਪਜਿਆ ਹੈ
ਮੈਂ ਆਪਣੇ ਆਪ ਤੋਂ ਬੇਫ਼ਿਕਰ ਹੋ
ਆਪਣੇ ਰੁੱਖ ਦੀ ਛਾਂ ਹੇਠ ਬਹਿੰਦਾ ਹਾਂ
ਰੁੱਖ 'ਚੋਂ ਆਪਣਾ ਚਿਹਰਾ ਤੱਕਦਾ ਹਾਂ
ਖਿੜਦਾ ਹਾਂ ਤੇ ਹੱਸਦਾ ਹਾਂ
ਪੌਣ ਵਾਂਗ ਵਗਦਾ ਹਾਂ ਝਰਨੇ ਵਾਂਗ ਫੁੱਟਦਾ ਹਾਂ
ਦਰਿਆਵਾਂ ਵਾਂਗ ਟੁਰਦਾ ਹਾਂ
ਆਪਣੇ ਆਪ ਤੋਂ
ਜਦ ਆਪਣੀ ਦੇਹ ਲਾਹ ਕੇ ਸੁੱਟਦਾ ਹਾਂ

ਮੇਰੀ ਇਕੱਲਤਾ 'ਚੋਂ ਰੌਣਕ ਜਨਮਦੀ ਹੈ
ਮੇਰੀ ਚੁੱਪ 'ਚੋਂ ਸ਼ੋਰ ਉੱਠਦਾ ਹੈ
ਮੇਰੀ ਉਦਾਸੀ 'ਚੋਂ ਖ਼ੁਸ਼ੀ ਪੁੰਗਰਦੀ ਹੈ
ਮੇਰੀ ਮਨੋਦਸ਼ਾ ਦੇ ਅਸਮਾਨ 'ਤੇ ਸੂਰਜ ਚਮਕਦਾ ਹੈ
ਜੋ ਮੇਰੀ ਹੋਂਦ ਨੂੰ ਰੁਸ਼ਨਾਉਂਦਾ ਹੈ
ਮੇਰੀ ਦੇਹ 'ਚ ਫੈਲੀਆਂ ਢਹਿੰਦੀਆਂ
ਕਲਾਂ ਦਾ ਵਜੂਦ ਮਿਟਾਉਂਦਾ ਹੈ
ਮੇਰੇ ਜ਼ਿਹਨ ਦੇ ਮਾਰੂਥਲ 'ਚ
ਬੱਦਲਾਂ ਤੇ ਛਾਵਾਂ ਦੇ ਜੰਗਲ ਉਗਾਂਦਾ ਹੈ

ਮੈਂ ਆਪਣੀਆਂ ਖ਼ੁਸ਼ਬੂਆਂ ਫੜਦਾ ਹਾਂ
ਪੌਣਾਂ ਸੰਗ ਰਲਦਾ ਹਾਂ
ਅੰਬਰ ਤੇ ਧਰਤ 'ਤੇ ਫੈਲਦਾ ਹਾਂ
ਰਾਤ ਦੇ ਆਂਚਲ 'ਚ
ਚੰਨਾਂ ਤਾਰਿਆਂ ਵਾਂਗ ਫਲਕਦਾ ਹਾਂ
ਸੱਜਰੀ ਸੁਬ੍ਹਾ ਦਾ ਸੂਰਜ ਬਣ ਕੇ ਚੜ੍ਹਦਾ ਹਾਂ

ਨਵੇਂ ਸੂਰਜ ਨਵੀਂ ਦੁਨੀਆ
ਨਵੀਂ ਜ਼ਿੰਦਗੀ ਦਾ ਆਗਾਜ਼ ਹੁੰਦਾ ਹੈ
ਰੌਸ਼ਨੀ ਮੇਰੇ ਸੰਗ ਸੰਗ ਟੁਰਦੀ ਹੈ
ਮੇਰੀ ਧੁੱਪ 'ਚ ਪਿਘਲਦੀ ਹੈ
ਮੇਰੀ ਛਾਂ 'ਚ ਠਰ੍ਹਦੀ ਹੈ
ਮੈਂ ਭੂਤ ਤੋਂ ਭਵਿੱਖ ਤਕ ਜਗਦਾ ਹਾਂ
ਮੇਰੀ ਦੇਹ 'ਚ ਨੂਰ ਦੀ ਇਕ ਨਦੀ ਵਗਦੀ ਹੈ
ਜੋ ਨਵੀਆਂ ਧਰਤੀਆਂ ਨਵਾਂ ਅੰਬਰ
ਨਵੀਂ ਪ੍ਰਕਿਰਤੀ ਮੇਰੇ ਦੁਆਲੇ ਸਿਰਜਦੀ ਹੈ
ਨਵਾਂ ਅੰਬਰ ਮੇਰੇ ਸਿਰ 'ਤੇ
ਚੰਨ ਤਾਰਿਆਂ ਦੀ ਲੋਅ ਕਰਦਾ ਹੈ
ਮੇਰੀ ਧਰਤੀ
ਮੇਰਿਆਂ ਪੈਰਾਂ 'ਚ ਨਵੀਆਂ ਮੰਜ਼ਲਾਂ ਤੇ ਰਾਹ ਧਰਦੀ ਹੈ

ਮੇਰੀ ਕਾਇਆ ਕਲਪ 'ਚ
ਮੇਰੇ ਦੁਆਲੇ ਦਾ ਵੀ ਕਾਇਆ ਕਲਪ ਹੁੰਦਾ ਹੈ
ਸੂਰਜ ਉਂਗਲੀ ਫੜ ਕੇ ਟੁਰਦਾ ਹੈ ਮੇਰੀ
ਮੇਰਾ ਮਸਤਕ ਚਾਨਣ 'ਚ ਭਖਦਾ ਹੈ
ਮੇਰੇ ਸਾਹਵੇਂ ਮੁਸੀਬਤਾਂ ਦਾ ਰੰਗ ਜ਼ਰਦ ਹੁੰਦਾ ਹੈ
ਮੈਂ ਅੱਖਰਾਂ ਤੋਂ ਅਰਥ ਹੋ ਜਾਂਦਾ ਹਾਂ
ਅਰਥਾਂ ਦੇ ਸੰਕਲਪ 'ਚ ਉਤਰਦਾ ਹਾਂ
ਮੈਂ ਕੱਚ ਦਾ ਟੁਕੜਾ ਮੋਤੀ 'ਚ ਬਦਲਦਾ ਹਾਂ
ਮੈਂ ਜ਼ੱਰਾ ਅਰਸ਼ ਹੋ ਜਾਂਦਾ ਹੈ

ਕਦੀ ਪ੍ਰਕਿਰਤੀ 'ਚ ਬਦਲਦਾ ਹਾਂ
ਕਦੀ ਮਨੁੱਖਤਾ ਦੇ ਲਹੂ 'ਚ ਗਿੜਦਾ ਹਾਂ
ਮੇਰਾ ਹੀ ਚਿਹਰਾ ਦੁਆਲੇ ਫੈਲ ਜਾਂਦਾ ਹੈ
ਸਾਗਰ 'ਤੇ ਟੁਰਦਾ ਹੈ
ਪੌਣਾਂ 'ਚ ਠਹਿਰ ਜਾਂਦਾ ਹੈ

ਕਦੀ ਆਪਣੇ ਆਪ 'ਚ ਜਮ੍ਹਾਂ ਹੁੰਦਾ ਹਾਂ
ਕਦੀ ਆਪਣੇ ਆਪ 'ਚੋਂ ਮਨਫ਼ੀ ਹੋ ਜਾਂਦਾ ਹਾਂ
ਆਪਣਾ ਆਪਾ
ਧੋ ਧੋ ਨਿਚੋੜਦਾ ਹਾਂ
ਸੁਕਾਉਂਦਾ ਹਾਂ ਤੇ ਫਿਰ ਪਹਿਨ ਲੈਂਦਾ ਹਾਂ
ਕਦੀ ਮੇਰੇ ਚਿਹਰੇ 'ਚੋਂ ਖਲਾਅ ਜਨਮਦਾ ਹੈ
ਕਦੀ ਸਾਗਰ ਨਦੀਆਂ ਦਰਿਆ ਜਨਮਦੇ ਹਨ
ਕਦੀ ਮੈਂ
ਆਪਣੇ ਰੱਬ ਦੇ ਜਿਸਮ 'ਚ ਉਤਰਦਾ ਹਾਂ
ਕਦੀ ਮੇਰੇ 'ਚੋਂ
ਮੇਰਾ ਖ਼ੁਦਾ ਜਨਮਦਾ ਹੈ
ਇਕ ਜ਼ੱਰੇ ਦੀ ਕੁੱਖ 'ਚੋਂ ਅਥਾਹ ਜਨਮਦਾ ਹੈ
ਇਕ ਰੰਕ ਦੀ ਦੁਆ 'ਚੋਂ ਬਾਦਸ਼ਾਹ ਜਨਮਦਾ ਹੈ

ਮੇਰੇ ਖਲੋਤੇ ਜਲ ਨੇ ਟੁਰਨਾ ਸਿੱਖ ਲਿਆ ਹੈ
ਮੇਰੀ ਇਕੱਲਤਾ ਉਦਾਸੀ ਤੇ ਚੁੱਪ
ਬਹੁਤ ਪਿੱਛੇ ਰਹਿ ਗਈਆਂ ਹਨ
ਮੈਂ ਦੁਆਲੇ ਦੇ ਹਾਲਾਤ 'ਤੇ
ਆਪਣੀ ਦੇਹ ਦੁਆਲੇ ਉੱਗ ਆਏ ਮਾਰੂਥਲ ਦਾ
ਕਦੀ ਗਿਲਾ ਨਹੀਂ ਕੀਤਾ
ਕਦੀ ਸ਼ਿਕਵਾ ਨਹੀਂ ਕੀਤਾ
ਆਪਣੇ ਹਾਲਾਤ 'ਤੇ ਆਪਣੇ ਹਨੇਰੇ ਦਾ
ਕਦੀ ਵੀ ਦੋਸ਼ ਨਹੀਂ ਧਰਿਆ
ਮੈਂ ਭਾਣੇ 'ਚ ਰਿਹਾ ਹਾਂ
ਭਾਣਾ ਹੀ ਮੰਨਿਆ ਹੈ

ਮੈਂ ਉਹ ਸੱਚ ਵੇਖਿਆ ਹੈ
ਜੋ ਅਰਬ ਦੇ ਸ਼ਹਿਰਾਂ ਦੇ ਇਕ ਇਕ ਜ਼ੱਰੇ ਤੋਂ
ਅਸਮਾਨ ਦੇ ਇਕ ਇਕ ਤਾਰੇ 'ਚ ਵੱਸਿਆ ਹੈ
ਫੁੱਲਾਂ 'ਚ ਖਿੜਿਆ ਹੈ
ਮੌਸਮਾਂ 'ਚ ਹੱਸਿਆ ਹੈ

ਜਦੋਂ ਮੈਂ
ਆਪਣੇ ਆਪ ਤੋਂ ਆਪਣੀ ਦੇਹ ਉਤਾਰੀ ਹੈ
ਇਕ ਨਵੀਂ ਦੁਨੀਆ ਸਿਰਜੀ ਹੈ
ਉਸਾਰੀ ਹੈ ਨਵੀਂ ਦੁਨੀਆ 'ਚ
ਮਨੁੱਖ ਦਾ ਇਕ ਬੁੱਤ ਬਣਾਇਆ ਹੈ
ਜਿਸ ਦੇ ਪੈਰਾਂ 'ਚ ਨਵੀਂ ਸ਼ਕਤੀ
ਸਿਰ 'ਤੇ ਨਵਾਂ ਅੰਬਰ ਸਜਾਇਆ ਹੈ
ਬੁੱਤ ਦੀ ਦੇਹ 'ਚ ਖਲਾਅ ਵੀ ਰੱਖੇ ਹਨ
ਪ੍ਰਕਿਰਤੀ ਵੀ ਉਸਾਰੀ ਹੈ
ਚੰਨਾਂ ਸੂਰਜਾਂ ਤਾਰਿਆਂ ਦੇ ਬੁੱਤ 'ਚ ਵਸੇਰਾ ਹੈ
ਬੁੱਤ ਦੀ ਦੇਹ 'ਚ ਕਾਇਨਾਤ ਸਾਰੀ ਹੈ
ਬੁੱਤ ਦੀ ਮੂਰਤੀ ਮਾਨਵ ਮੰਦਰ 'ਚ ਉਤਾਰੀ ਹੈ
ਇਕ ਬੁੱਤ ਮਾਨਵ ਦਾ ਰੂਪ ਹੈ
ਮਾਨਵ 'ਚ ਵਸਦਾ ਮਾਨਵ ਦੀ ਹੋਂਦ ਦਾ ਸੱਚ ਹੈ
ਸ਼ਬਦ ਦਾ ਅਰਥ ਹੈ
ਅਰਥ ਦਾ ਸੰਕਲਪ ਹੈ

ਮੈਂ ਜੋ ਆਦਿ ਮਾਨਵ ਦੇ ਰੂਪ 'ਚ
ਆਪਣੇ ਅਨੁਭਵ 'ਚ ਹੰਢਾਇਆ ਹੈ
ਆਪਣੀ ਦੇਹ ਦੀ ਪ੍ਰਯੋਗਸ਼ਾਲਾ 'ਚ ਪ੍ਰਯੋਗਿਆ ਹੈ
ਯੁੱਗਾਂ ਤੋਂ ਧਿਆਇਆ ਹੈ
ਇਸ ਦਾ ਰੂਪ ਮਨੁੱਖ ਦੇ ਸ੍ਵੈ 'ਚ ਪਾਇਆ ਹੈ
ਸੰਕਲਪ ਤੋਂ ਅਰਥ—ਅਰਥ ਤੋਂ ਸ਼ਬਦ ਹੈ
ਅੱਜ ਇਹ ਉਤਰ ਆਇਆ ਹੈ

ਇਹ ਬੁੱਤ ਮਨੁੱਖ ਦੇ ਸ੍ਵੈ ਦਾ ਰੂਪ ਹੈ—ਸਰੂਪ ਹੈ
ਮਨੁੱਖ ਦੀ ਦੇਹ ਦਾ ਸਿਰਜਕ ਹੈ—ਵਿਸਥਾਰ ਹੈ
ਮਨੁੱਖ ਹੈ ਮਨੁੱਖਤਾ ਹੈ ਸੰਸਾਰ ਹੈ
ਮੌਤ ਤੋਂ ਪਹਿਲਾਂ ਵੀ ਹੈ ਪਿੱਛੋਂ ਵੀ ਹੈ
ਦੇਹ ਦੇ ਅੰਦਰ ਵੀ
ਦੇਹ ਦੇ ਬਾਹਰ ਵੀ ਹੈ

ਮੈਂ ਆਪਣੇ ਘੋੜੇ ਤੋਂ ਸਭ ਕੁਝ ਉਤਾਰ ਕੇ
ਘੋੜੇ ਨੂੰ ਵ੍ਹਾਣ 'ਚ ਛੱਡ ਦਿੱਤਾ ਹੈ
ਘੋੜਾ ਆਪਣੇ ਹੱਡਾਂ ਪੈਰਾਂ ਨੂੰ ਫੈਲਾਉਂਦਾ ਹੈ
ਸੰਘੋੜਦਾ ਹੈ
ਆਪਣੇ ਪਿੰਡੇ 'ਚੋਂ ਥਕਾਵਟ ਨਿਚੋੜਦਾ ਹੈ
ਤੇ ਆਪਣੇ ਮਸਤਕ 'ਚ ਉੱਗ ਆਈਆਂ
ਪਗਡੰਡੀਆਂ 'ਤੇ ਦੌੜਦਾ ਹੈ
*

## ਰੁੱਖ ਤੇ ਧੁੱਪ

ਐ ਰੁੱਖ
ਮੈਂ ਧੁੱਪ ਦਾ ਟੋਟਾ
ਆਪਣੀ ਛਾਂ ਹੇਠੋਂ ਉਠਾਵੀਂ ਨਾ
ਮੈਂ ਝੁਲਸ ਜਾਵਾਂਗਾ
ਤੇਰੇ ਬਿਨਾ ਮੈਂ ਕਿਧਰ ਜਾਵਾਂਗਾ
ਬੜੇ ਅਰਸੇ ਪਿੱਛੋਂ ਤੇਰੇ ਸਾਏ 'ਚ ਬੈਠਾ ਹਾਂ
ਤੂੰ ਉਠਾਵੀਂ ਨਾ
ਨਹੀਂ ਤਾਂ ਮੈਂ ਤਿੜਕ ਜਾਵਾਂਗਾ
ਮਰ ਜਾਵਾਂਗਾ
ਆਪਣੀ ਮੌਤ ਦਾ ਇਲਜ਼ਾਮ ਤੇਰੇ ਸਿਰ ਧਰ ਜਾਵਾਂਗਾ

ਜਿਸ ਜਿਸ ਥਾਂ 'ਤੇ
ਤੂੰ ਕਦਮ ਧਰੇਂਗਾ
ਤੇਰੇ ਹਰ ਕਦਮ 'ਚੋਂ ਮੈਂ ਉੱਗ ਆਵਾਂਗਾ
ਮੈਂ ਭਾਵੇਂ ਕਿੰਨਾ ਲੰਮੇਰਾ ਹੋ ਜਾਵਾਂ ਤੇਰੀ ਦੇਹ ਤੋਂ
ਮੈਨੂੰ ਮਾਫ਼ ਕਰ ਦੇਵੀਂ
ਮੈਂ ਤੇਰੀ ਦੇਹ 'ਚ ਪਰਤ ਆਵਾਂਗਾ
ਤੇਰਾ ਸਾਇਆ ਕਹਾਵਾਂਗਾ

ਤੇਰੀ
ਜੇ ਮਿਹਰ ਮੇਰੇ 'ਤੇ ਨਜ਼ਰ ਹੋ ਜਾਵੇ
ਮੈਂ ਆਪਣੇ ਆਪ 'ਚੋਂ ਜੰਗਲ ਉਗਾਵਾਂਗਾ
ਤੇਰੇ ਚਰਨੀਂ ਧਰਾਂਗਾ
ਤੇਰੀ ਪਰਿਕਰਮਾ ਕਰਾਂਗਾ
ਤੇਰੇ ਬੀਜ 'ਚੋਂ ਹੀ ਉੱਗਾਂਗਾ
ਤੇਰੇ ਬੀਜ 'ਚ ਹੀ ਮਰ ਜਾਵਾਂਗਾ

ਮੈਂ ਤੇਰੇ ਤੋਂ ਥੋੜ੍ਹੀ ਦੂਰੀ 'ਤੇ ਵੱਸਦਾ
ਟੋਟਾ ਧੁੱਪ ਦਾ ਹਾਂ

ਤੇਰੇ ਵਾਂਗ ਬੋਲ ਚੁੱਪ ਦਾ ਹਾਂ
ਮੇਰੀ ਧੁੱਪ
ਮੈਨੂੰ ਆਪਣੇ 'ਚ ਉਤਾਰਨਾ ਚਾਹੁੰਦੀ ਸੀ
ਫੁੱਲਾਂ ਕਲੀਆਂ ਤੇ ਰਾਹੀਆਂ ਦੇ
ਪਿੰਡੇ ਸਾੜਨਾ ਚਾਹੁੰਦੀ ਸੀ
ਹਰਿਆਉਲੇ ਜੰਗਲਾਂ 'ਚ ਅੱਗਾਂ
ਉਤਾਰਨਾ ਚਾਹੁੰਦੀ ਸੀ
ਉਹ ਅੱਗ ਜਿਉਂਦੀ ਸੀ
ਅੱਗ ਸਿਰਜਦੀ ਅੱਗ ਹੰਢਾਉਂਦੀ ਸੀ
ਮੈਨੂੰ ਵੀ ਆਪਣਾ ਹੀ ਰੂਪ ਬਣਾਉਂਦੀ ਸੀ

ਉਹ ਆਪਣੀਆਂ ਤਲੀਆਂ 'ਤੇ
ਸੂਰਜਾਂ ਦੇ ਗੋਲੇ ਟਿਕਾਈ ਫਿਰਦੀ ਸੀ
ਮੈਂ ਉਹਦੇ ਵਤੀਰੇ ਤੇ ਅਨੁਭਵ ਤੋਂ
ਦੁਖੀ ਹੋ ਕੇ
ਤੇਰੀ ਛਾਂ ਹੇਠ ਆ ਬੈਠਾਂ
ਕੁਝ ਪਲ ਸਾਹ ਲੈ ਬੈਠਾਂ
ਤੇਰੀ ਹਰਿਆਵਲ ਆਪਣੇ ਨੈਣਾਂ 'ਚ ਪਾ ਬੈਠਾਂ
ਤੇਰੀ ਛਾਂ ਹੇਠ ਬੈਠਾ ਵੇਖ ਮੈਨੂੰ
ਉਹ ਕੰਡ ਦੇ ਕੇ ਟੁਰ ਗਈ
ਮੇਰੀ ਧੁੱਪ ਸਹਿਰਾ ਦੀ ਅੱਗ ਸੀ
ਸਹਿਰਾ 'ਚ ਮੁੜ ਗਈ

ਤੂੰ ਵੀ ਤਾਂ
ਸਾਰਾ ਦਿਨ ਧੁੱਪਾਂ ਜਿਉਂਦਾ ਹੈਂ
ਸਿਰ 'ਤੇ ਧੁੱਪਾਂ ਹੰਢਾਉਂਦਾ ਹੈਂ
ਧੁੱਪਾਂ ਹੀ ਖਾਂਦਾ ਹੈਂ
ਧੁੱਪਾਂ ਹੀ ਪੀਂਦਾ ਹੈਂ
ਧੁੱਪਾਂ 'ਚ ਮਰਦਾ ਹੈਂ ਧੁੱਪਾਂ 'ਚ ਜੀਂਦਾ ਹੈਂ
ਪਰ ਧੁੱਪਾਂ ਨਹੀਂ ਵੰਡਦਾ
ਛਾਵਾਂ ਵੰਡਦਾ ਹੈਂ

ਹਰਿਆਵਲ ਬੀਜਦਾ ਹੈਂ
ਸੜਦੇ ਰਾਹੀਆਂ ਨੂੰ ਠਾਰਦਾ ਹੈਂ
ਆਪਣੀ ਠੰਡਕ ਧਰਤੀ 'ਚ ਉਤਾਰਦਾ ਹੈਂ

ਇਹ ਸਭ ਕੁਝ ਮੈਂ
ਤੇਰੀ ਛਾਂ ਤੋਂ ਸਿੱਖਿਆ ਹੈ
ਤੇਰੀ ਛਾਂ ਤੋਂ ਪਾਇਆ ਹੈ
ਤੇਰੀ ਗੋਦ ਨੇ ਮੈਨੂੰ
ਜ਼ਿੰਦਗੀ ਦਾ ਜ਼ਹਿਰ ਚੂਸਨਾ
ਤੇ ਅੰਮ੍ਰਿਤ ਵੰਡਣਾ ਸਿਖਾਇਆ ਹੈ
ਤੇਰੇ ਪੰਛੀਆਂ ਦੇ ਆਲ੍ਹਣਿਆਂ 'ਚ
ਜ਼ਿੰਦਗੀ ਦਾ ਵਸੇਰਾ ਹੈ
ਤੂੰ ਬੀਜ 'ਚੋਂ ਰੁੱਖ ਰੁੱਖ 'ਚ ਫ਼ਲ
ਫ਼ਲ 'ਚੋਂ ਬੀਜ ਉਗਾਉਂਦਾ ਹੈਂ
ਤੂੰ ਆਪਣੇ ਜੀਂਦੇ ਜੀਅ ਹੀ
ਆਪਣੇ ਬੀਜ 'ਚੋਂ ਪੁੰਗਰ ਆਉਂਦਾ ਹੈਂ
ਇਸ ਲਈ ਤੂੰ ਅਮਰ ਹੈਂ
ਮ੍ਰਿਤਯੂ ਰਹਿਤ ਕਹਾਉਂਦਾ ਹੈ

ਧੁੱਪ ਚੜ੍ਹਦੀ ਹੈ ਢਲਦੀ ਹੈ
ਜਿਉਂਦੀ ਤੇ ਮਰਦੀ ਹੈ
ਮਰਨ ਜਿਉਣ ਦੇ ਚੱਕਰ 'ਚ
ਗਲਦੀ ਤੇ ਸੜਦੀ ਹੈ
ਅੱਗ ਜਨਮਦੀ ਤੇ
ਆਪਣੀ ਹੀ ਅੱਗ 'ਚ ਸੜਦੀ ਹੈ
ਜੀਵਨ ਦਾ ਪ੍ਰਯੋਜਨ ਸਮਝਣ ਦੀ ਥਾਂ
ਆਪਣਾ ਪ੍ਰਯੋਜਨ ਸਿੱਧ ਕਰਦੀ ਹੈ
ਜੀਵਨ ਪਗਡੰਡੀਆਂ 'ਤੇ ਅੰਗਿਆਰ ਧਰਦੀ ਹੈ

ਮੈਂ ਧੁੱਪ ਦਾ ਟੋਟਾ
ਮੈਨੂੰ ਜੀਵਨ ਪ੍ਰਯੋਜਨ ਸਮਝ ਆਇਆ ਹੈ

ਮੇਰੀਆਂ ਰਗ਼ਾਂ 'ਚ ਜੰਗਲ ਦਾ
ਹਰਿਆਉਲਾ ਲਹੂ ਸਮਾਇਆ ਹੈ
ਮੈਂ ਛਾਵਾਂ ਨੂੰ ਸਿਮਰਿਆ, ਰੁੱਖਾਂ ਨੂੰ ਧਿਆਇਆ ਹੈ
ਮੈਂ ਤੇਰੀ ਛਾਂ ਹੇਠਾਂ
ਜਿੰਨਾ ਵੀ ਝੱਟ ਲੰਘਾਇਆ ਹੈ
ਮੈਨੂੰ ਆਪਣਾ ਤੇ ਜੀਵਨ ਦਾ ਸੱਚ ਸਮਝ ਆਇਆ ਹੈ

ਤੇਰੀ ਛਾਂ ਨੇ ਆਪਣੇ ਦਰਪਣ 'ਚੋਂ
ਮੈਨੂੰ ਮੇਰਾ ਚਿਰਾਗ਼ ਵਿਖਾਇਆ ਹੈ
ਫ਼ਲ ਦੀ ਆਸ ਤੋਂ ਬਿਨਾ ਕਰਮ ਕਰਨਾ
ਕਰਮ ਵੀ ਭਲੇ ਦਾ
ਡੀਕ ਕੇ ਗ਼ਮ ਦਾ ਸਮੁੰਦਰ
ਹਾਸੇ ਤੇ ਖ਼ੁਸ਼ੀਆਂ ਵੰਡਦਾ ਹੈ
ਜ਼ਿੰਦਗੀ ਦੇ ਅੰਗੀਂ ਅੱਗ ਦੀ ਥਾਂ ਨਿੱਘ ਧਰਦਾ ਹੈ
ਨਿਸ਼ਕਾਮ ਕਰਮ
ਜ਼ਿੰਦਗੀ ਦਾ ਖ਼ਾਲੀਪਣ ਭਰਦਾ ਹੈ
ਉਸ ਦਾ ਹੀ ਮਰਨਾ ਤੇ ਜਿਉਣਾ ਸਫ਼ਲ ਹੈ
ਉਹ ਮੌਤ ਤੋਂ ਪਹਿਲਾਂ ਵੀ ਜਿਉਂਦਾ ਹੈ
ਮੌਤ ਤੋਂ ਪਿੱਛੋਂ ਵੀ ਜਿਉਂਦਾ ਹੈ
ਜੋ ਨਿਸ਼ਕਾਮ ਕਰਮ ਕਰਦਾ ਹੈ

ਐ ਰੁੱਖ
ਮੈਂ ਧੁੱਪ ਦਾ ਟੋਟਾ
ਆਪਣੀ ਛਾਂ ਹੇਠੋਂ ਉਠਾਵੀਂ ਨਾ
ਮੈਂ ਝੁਲਸ ਜਾਵਾਂਗਾ
ਤੇਰੇ ਬਿਨਾਂ ਮੈਂ ਕਿਧਰ ਜਾਵਾਂਗਾ
ਬੜੇ ਅਰਸੇ ਪਿੱਛੋਂ ਤੇਰੇ ਸਾਏ ਹੇਠ ਬੈਠਾ ਹਾਂ
ਤੂੰ ਉਠਾਵੀਂ ਨਾ
ਮੈਂ ਤਿੜਕ ਜਾਵਾਂਗਾ ਮਰ ਜਾਵਾਂਗਾ
ਆਪਣੀ ਮੌਤ ਦਾ ਇਲਜ਼ਾਮ
ਤੇਰੇ ਸਿਰ ਧਰ ਜਾਵਾਂਗਾ
*

## ਸ਼ਹਿਰ ਤੇ ਪਿੰਡ

ਆਪਣਾ ਅੰਦਰ ਖੋਲ੍ਹ ਸੜਕਾਂ 'ਤੇ ਵਿਛਾ
ਆਉਂਦੀ ਜਾਂਦੀ ਭੀੜ ਦੀਆਂ ਅੱਖਾਂ ਰਾਹੀਂ
ਭੀੜ ਦੇ ਦਿਲ 'ਚ ਉਤਰ ਜਾ
ਆਪਣਾ ਲਹੂ ਮਲਦੇ ਇਸ ਸ਼ਹਿਰ ਦੇ ਮੂੰਹ 'ਤੇ
ਜਿਸ ਦੀਆਂ ਨੀਹਾਂ 'ਚ ਕਈ ਸੁਫ਼ਨੇ ਮਰ ਗਏ ਆ ਕੇ

ਸ਼ਹਿਰ ਤੇ ਸ਼ਹਿਰ ਦੇ ਲੋਕਾਂ ਦੀ ਜ਼ੁਬਾਨ 'ਤੇ
ਆਪਣਾ ਸ਼ਬਦ ਧਰ
ਸ਼ਬਦ ਦਾ ਅਰਥ ਲੋਕਾਂ ਦੀ ਬੁੱਧੀ ਤੇ
ਦੇਹ 'ਚ ਉਤਾਰ
ਸ਼ਹਿਰ ਦੀ ਇਕ ਇਕ ਇੱਟ
ਇਕ ਇਕ ਸੜਕ ਗਲੀਆਂ ਚੌਕਾਂ 'ਚ
ਬੀਜ ਦੇ ਅੱਖਾਂ
ਉਗਾ ਦੇ ਸਿਰ ਚੌਰਾਹਿਆਂ 'ਚ
ਗਰਮਾ ਦੇ ਲਹੂ ਸ਼ਹਿਰ ਦਾ
ਧਰਦੇ ਸੂਰਜਾਂ ਦੇ ਦੀਵੇ
ਸ਼ਹਿਰ ਦੀਆਂ ਕੰਧਾਂ 'ਤੇ

ਕਿ ਸੜਕ ਤੇ ਹਾਦਸਾ ਹੋਵੇ
ਤੇ ਚੀਕ ਸ਼ਹਿਰ ਦੇ ਫੇਫੜਿਆਂ 'ਚੋਂ ਲੰਘ ਜਾਵੇ
ਹਾਦਸੇ ਦੇ ਜ਼ੁਰਮ 'ਚ ਸ਼ਹਿਰ ਸੂਲੀ 'ਤੇ ਚੜ੍ਹ ਜਾਵੇ
ਸ਼ਹਿਰ ਦੇ ਜਿਸਮ 'ਚ
ਨਿਆਂ ਦਾ ਸੂਰਜ ਉੱਗ ਆਵੇ
ਨਿਆਂ ਦੀ ਮਹਿਕ ਸ਼ਹਿਰ ਦੀਆਂ ਗਲੀਆਂ
ਸੜਕਾਂ ਘਰਾਂ ਵਿਹੜਿਆਂ ਤੇ ਛੱਤਾਂ 'ਚੋਂ ਆਵੇ

ਸ਼ਹਿਰ ਦੀਆਂ ਨੀਂਹਾਂ 'ਚ
ਜੋ ਪਿੰਡ ਕਤਲ ਹੋਇਆ ਹੈ
ਉਸ ਕਤਲ ਦੇ ਸਬੂਤ ਲਈ

ਸ਼ਹਿਰ ਆਪਣੀ ਪ੍ਰਕਰਮਾ ਨਾ ਕਰੇ
ਆਪਣੇ ਅੰਦਰ ਤੇ ਬਾਹਰ ਨਾ ਝਾਕੇ
ਸਗੋਂ ਖ਼ੁਦ ਪਿੰਡ ਦੇ ਕਤਲ ਦਾ ਗਵਾਹ ਬਣੇ
ਸ਼ਹਿਰ ਪਿੰਡ ਦਾ ਲਹੂ
ਆਪਣੀ ਦੇਹ 'ਚ ਘੋਲੇ
ਆਪਣੀ ਚੁੱਪ ਤੋੜੇ ਤੇ
ਜ਼ੁਬਾਨ ਪਿੰਡ ਦੀ ਬੋਲੇ

ਸ਼ਹਿਰ ਦੀਆਂ ਨੀਹਾਂ 'ਚ ਜੋ ਪਿੰਡ
ਮੋਇਆ ਪਿਆ ਹੈ
ਉਸ ਦੇ ਨਾਲ ਹੀ
ਉਸ ਦੀਆਂ ਨਦੀਆਂ ਦਰਿਆ ਜੰਗਲ
ਬੇਲੇ ਤੇ ਹਿਰਨਾਂ ਦੀਆਂ ਡਾਰਾਂ
ਬਾਗ਼ ਬਗ਼ੀਚੇ ਕਲੀਆਂ
ਫੁੱਲਾਂ ਦੀਆਂ ਕਤਾਰਾਂ
ਦਮ ਤੋੜ ਗਈਆਂ ਹਨ
ਪਿੰਡ ਦੀ ਰੌਣਕ ਖੁੱਲ੍ਹਾਪਣ
ਸ਼ਹਿਰ ਦੀਆਂ ਨੀਹਾਂ ਹੇਠ ਆ ਗਿਆ ਹੈ
ਪਿੰਡ ਦੇ ਲੋਕਾਂ ਦਾ ਸੁਭਾਅ ਸਭਿਆਚਾਰ
ਰਸਮਾਂ ਰੀਤਾਂ ਪ੍ਰਾਹੁਣਾਚਾਰੀ ਤੇ ਹਾਸੇ
ਸ਼ਹਿਰ ਖਾ ਗਿਆ ਹੈ
ਪਿੰਡ ਦੀ ਪ੍ਰਕਿਰਤੀ ਤੇ ਹਰਿਆਵਲ 'ਚ ਸੋਕੇ ਬੀਜ ਗਿਆ ਹੈ
ਪਿੰਡ ਦੀ ਸ਼ਾਮ
ਤੇ ਚੜ੍ਹਦੀ ਸਵੇਰ ਦਾ ਹੁਸਨ ਝਰੀਟ ਗਿਆ ਹੈ

ਪਿੰਡ ਦੀ ਜੜ੍ਹ 'ਚੋਂ ਉੱਗਿਆ ਸ਼ਹਿਰ
ਪਿੰਡ ਸ਼ਬਦ ਦੇ ਅਰਥ ਤੇ ਹੋਂਦ ਖਾ ਗਿਆ ਹੈ
ਪਿੰਡ ਦੀ ਕੁੱਖ 'ਚੋਂ
ਸੀਮਿੰਟ ਤੇ ਲੋਹੇ ਦਾ ਜੰਗਲ ਉਗਾ ਗਿਆ ਹੈ
ਪਿੰਡ ਦੀ ਧਰਤੀ ਲੂਹ ਗਿਆ ਹੈ
ਪਿੰਡ ਦੇ ਅੰਬਰ ਦੇ ਮੂੰਹ 'ਤੇ ਫੱਟ ਲਾ ਗਿਆ ਹੈ

ਹੁਣ ਸ਼ਹਿਰ ਦਾ ਸੂਰਜ ਆਪਣਾ ਹੈ
ਚੰਨ ਤਾਰੇ ਆਕਾਸ਼ ਤੇ ਧਰਤੀ ਵੀ ਆਪਣੀ ਹੈ
ਦਿਨ ਵੀ ਆਪਣਾ ਹੈ ਰਾਤ ਵੀ ਆਪਣੀ ਹੈ
ਭਾਸ਼ਾ ਬੋਲੀ ਆਵਾਜ਼ ਤੇ ਬਾਤ ਵੀ ਆਪਣੀ ਹੈ
ਹੁਸਨ ਆਪਣਾ ਹੈ ਲਿਬਾਸ ਆਪਣਾ ਹੈ
ਸੁਰ ਆਪਣੀ ਹੈ ਸਾਜ਼ ਆਪਣਾ ਹੈ
ਰੀਤਾਂ ਰਸਮਾਂ ਤੇ ਸਭਿਆਚਾਰ ਆਪਣਾ ਨਹੀਂ
ਜੇ ਨਹੀਂ ਤਾਂ ਮਨੁੱਖ ਆਪਣਾ ਨਹੀਂ
ਕੁਦਰਤ ਆਪਣੀ ਨਹੀਂ
ਸ਼ਹਿਰ ਬਿਜਲੀ ਦੇ ਖਿਡੌਣਿਆਂ ਦੀ
ਵੱਸੋਂ ਦੀ ਥਾਂ ਹੈ
ਜਿਥੇ ਕੁਦਰਤੀ ਧੁੱਪ ਹੈ ਨਾ ਛਾਂ ਹੈ
ਸ਼ਹਿਰੋਂ ਬੰਦੇ 'ਚੋਂ ਉੱਗੀ ਉਦਾਸੀ ਦਾ ਨਾਂ ਹੈ

ਕੰਪਿਊਟਰ ਯੁੱਗ 'ਚ
ਦੁਨੀਆ ਇਕ ਪੈਰ ਦਾ ਸਫ਼ਰ ਹੈ
ਸੂਰਜ ਦੇ ਡੁੱਬਣ ਤੇ ਚੜ੍ਹਨ ਦਾ ਫ਼ਾਸਲਾ ਮਿਟ ਗਿਆ ਹੈ
ਸਮਾਂ ਪੈਰ ਪੁੱਟਣ ਤੋਂ ਪੈਰ ਧਰਨ ਤਕ
ਸਦੀਆਂ ਦਾ ਸਫ਼ਰ ਤੈਅ ਕਰਦਾ ਹੈ
ਬੌਧਿਕ ਯੁੱਗ 'ਚ
ਮਨੁੱਖ ਆਪਣੇ 'ਚ ਹੀ ਚੂਰ ਹੁੰਦਾ ਜਾ ਰਿਹਾ ਹੈ
ਆਪਣੇ ਆਪ 'ਚੋਂ ਕਿਰ ਰਿਹਾ ਹੈ
ਆਪਣੇ ਆਪ ਤੋਂ ਦੂਰ ਹੁੰਦਾ ਜਾ ਰਿਹਾ ਹੈ

ਬੰਦੇ 'ਚੋਂ
ਕੁਦਰਤ ਮਨਫ਼ੀ ਹੁੰਦੀ ਜਾ ਰਹੀ ਹੈ
ਬੰਦੇ 'ਚ ਧੁੱਪ ਉਦਾਸੀ ਤੇ ਇਕੱਲਤਾ ਉੱਗਦੀ ਆ ਰਹੀ ਹੈ
ਕਮਰੇ ਦੀ ਚਾਰਦੁਆਰੀ 'ਚ
ਬੂਹਾ ਢੋਅ ਕੇ ਬਹਿ ਗਿਆ ਹੈ ਆਦਮੀ
ਬੰਦ ਕਮਰੇ 'ਚ
ਬੰਦ ਕਮਰਾ ਬਣ ਕੇ ਰਹਿ ਗਿਆ ਹੈ ਆਦਮੀ

ਸੂਰਜ ਚੰਨ ਆਕਾਸ਼ ਤਾਰੇ
ਬੰਦੇ ਨੇ ਆਪਣੇ ਸਿਰਜੇ ਅੰਬਰ 'ਚ ਢੱਕ ਲਏ ਹਨ
ਕੁਦਰਤ ਦਾ ਸੱਚ
ਕਬਰਾਂ ਦੇ ਰਾਹ ਪਾ ਦਿੱਤਾ ਹੈ
ਕੁਦਰਤੀ ਸੱਚ ਦੇ ਪਰਛਾਵੇਂ
ਘਰਾਂ ਦੀਆਂ ਕੰਧਾਂ ਤੇ ਛੱਤਾਂ 'ਤੇ ਪੇਂਟ ਕੀਤੇ ਹਨ
ਨਜ਼ਰਾਂ 'ਚ ਵਸਾਏ ਹਨ
ਆਕਾਸ਼ ਛੋਂਹਦੀਆਂ ਬਿਲਡਿੰਗਾਂ ਦੁਆਲੇ
ਸੀਮਿੰਟ ਦੀ ਮਿੱਟੀ 'ਚ ਜੰਗਲ ਉਗਾਏ ਹਨ
ਸੀਮਿੰਟ ਦੇ ਘੜਿਆਂ 'ਚ ਸਾਗਰ ਉਤਾਰੇ ਹਨ
ਆਪਣੇ ਬੈਕ ਯਾਰਡ 'ਚ
ਨਦੀਆਂ ਦਰਿਆ ਪਹਾੜ ਉਸਾਰੇ ਹਨ

ਜੰਗਲੀ ਜਾਨਵਰਾਂ ਦਾ ਝੁੰਡ
ਸ਼ੀਸ਼ੇ 'ਚ ਉਤਾਰਿਆ ਹੈ
ਕੁਦਰਤ ਦੇ ਜਿਸਮ ਤੇ ਲਹੂ
ਬਰੂਦ ਦੀ ਅੱਗ 'ਚ ਉਬਾਲਿਆ ਹੈ
ਸਾਗਰ ਦਾ ਜੀਵਨ
ਸ਼ੀਸ਼ੇ ਦੇ ਡੱਬੇ 'ਚ ਬੰਦ ਕਰਕੇ
ਟੇਬਲ 'ਤੇ ਸਜਾਇਆ ਹੈ
ਮਨੁੱਖ ਮਨੁੱਖ ਬਣਨ ਤੋਂ ਪਹਿਲਾਂ
ਖ਼ੁਦਾ ਬਣ ਆਇਆ ਹੈ

ਮਾਨਵ ਨੇ ਕੁਦਰਤ ਨਹੀਂ
ਕੁਦਰਤ ਦਾ ਪਰਛਾਵਾਂ
ਆਪਣੇ ਜ਼ਿਹਨ ਤੇ ਦੇਹ 'ਚ ਉਤਾਰਿਆ ਹੈ
ਆਪਣੀ ਧਰਤੀ ਕੁਦਰਤ ਦਰਿਆ ਨਦੀਆਂ ਨਾਲੇ
ਆਪਣਾ ਨਿੱਜੀ ਆਕਾਸ਼ ਉਸਾਰਿਆ ਹੈ
ਅਜੋਕਾ ਮਨੁੱਖ ਨਕਲ ਦੀ ਜੂਨ ਹੰਢਾਉਂਦਾ
ਆਪਣੇ ਹੀ ਨਕਲੀ ਦਿਖਾਵੇ ਹੇਠ ਆ ਗਿਆ ਹੈ
ਆਪਣੇ ਹੀ ਸੱਚ ਨੂੰ ਮਨੁੱਖ ਆਪ ਖਾ ਗਿਆ ਹੈ

ਸਮੇਂ ਦੇ ਨਾਲ ਨਾਲ
ਮਨੁੱਖ ਦੇ ਸਿਰ 'ਚੋਂ ਪੈਰ
ਤੇ ਸ਼ਹਿਰ ਦੇ ਸਿਰ 'ਚੋਂ ਨੀਂਹਾਂ ਫੁੱਟ ਆਈਆਂ ਹਨ
ਸ਼ਹਿਰ ਨੂੰ ਨੀਹਾਂ ਹੇਠ ਮੋਏ ਪਿੰਡ ਦਾ
ਅਹਿਸਾਸ ਹੋਇਆ ਹੈ
ਸ਼ਹਿਰ ਨੇ ਕੀ ਪਾਇਆ ਹੈ
ਕੀ ਗੁਆਇਆ ਹੈ
ਸ਼ਹਿਰ ਦੀ ਪੱਥਰ ਦੇਹ 'ਚ ਸੱਚ ਟੁਰਿਆ ਹੈ
ਸ਼ਹਿਰ ਆਪਣਾ ਨਕਲੀਪਣ ਉਤਾਰ ਕੇ
ਪਿੰਡ ਦੇ ਸੱਚ ਵੱਲ ਮੁੜਿਆ ਹੈ

ਸ਼ਹਿਰ ਨੇ ਆਪਾ ਉਧੇੜਿਆ ਤੇ ਬੁਣਿਆ ਹੈ
ਆਪਣੀ ਦੇਹ 'ਚ
ਪਿੰਡ ਦੀ ਸੀਰਤ ਅੰਗਾਂ ਨਕਸ਼ਾਂ ਨੂੰ ਗੁੰਨ੍ਹਿਆ ਹੈ
ਪਿੰਡ ਦਾ ਸੱਚ
ਆਪਣੀ ਦੇਹ 'ਚ ਵਸਾਇਆ ਹੈ
ਸ਼ਹਿਰ ਦੀ ਦੇਹ 'ਚੋਂ
ਪਿੰਡ ਨਜ਼ਰ ਆਇਆ ਹੈ
ਪਿੰਡ ਹੀ ਸ਼ਹਿਰ ਦਾ ਅਸਲ ਸਰਮਾਇਆ ਹੈ

ਸ਼ਹਿਰ ਨੇ
ਜੋ ਆਪਣੀਆਂ ਨੀਹਾਂ 'ਚ ਗੁਆਇਆ ਸੀ
ਸ਼ਹਿਰ ਨੂੰ ਆਪਣੀ ਛੱਤ 'ਤੇ ਉੱਗਦਾ ਨਜ਼ਰ ਆਇਆ ਹੈ
ਸ਼ਹਿਰ ਫਿਰ ਆਪਣੀਆਂ ਨੀਹਾਂ ਵੱਲ ਟੁਰਿਆ ਹੈ
ਨੀਹਾਂ ਹੇਠ ਆਏ ਪਿੰਡ ਨੂੰ ਜਗਾਇਆ ਹੈ
ਸ਼ਹਿਰ ਪਿੰਡ ਦੇ ਪਿੰਡੇ 'ਚ ਸਮਾਇਆ ਹੈ
ਪਿੰਡ ਸ਼ਹਿਰ ਦੇ ਲਹੂ 'ਚ ਉਤਰ ਆਇਆ ਹੈ
ਸ਼ਹਿਰ ਨੇ ਮੁੜ ਕੇ ਪਿੰਡ ਨੂੰ ਧਿਆਇਆ ਹੈ
ਪਿੰਡ ਦੀ ਜੜ੍ਹ 'ਚੋਂ
ਸ਼ਹਿਰ ਨੇ ਆਪਣੇ ਵਜੂਦ ਦਾ ਸੱਚ ਪਾਇਆ ਹੈ

ਸ਼ਹਿਰ ਦੇ ਵਜੂਦ 'ਚ
ਸਿਰ ਤੋਂ ਪੈਰਾਂ ਤੀਕ ਪਿੰਡ ਹੀ ਪਿੰਡ ਹੈ
ਸ਼ਹਿਰ ਦੀਆਂ ਰਗ਼ਾਂ 'ਚ ਪਿੰਡ ਦਾ ਲਹੂ ਹੈ
ਪਿੰਡ ਦਾ ਵਜੂਦ ਹੈ
ਸ਼ਹਿਰ ਦੇ ਪ੍ਰਾਣਾਂ 'ਚ ਪਿੰਡ ਦੇ ਪ੍ਰਾਣ ਹਨ
ਸ਼ਹਿਰ ਦੇ ਪੈਰਾਂ 'ਚ
ਪਿੰਡ ਦੀ ਧਰਤ ਹੈ
ਸ਼ਹਿਰ ਦੇ ਸਿਰ 'ਤੇ ਪਿੰਡ ਦਾ ਆਸਮਾਂ ਹੈ
ਸ਼ਹਿਰ ਦੀ ਦੇਹ 'ਚ ਵਸਦਾ
ਪਿੰਡ ਦਾ ਜਹਾਨ ਹੈ
ਪਿੰਡ ਸ਼ਹਿਰ ਦੇ ਮੱਥੇ ਦੀ ਸ਼ਾਨ ਹੈ
ਪਿੰਡ ਦੇ ਬੀਜ 'ਚ ਸ਼ਹਿਰ ਦਾ ਰੁੱਖ ਹੈ
ਸ਼ਹਿਰ ਪਿੰਡ ਦਾ ਵਜੂਦ ਹੈ
ਪਿੰਡ ਸ਼ਹਿਰ ਦੀ ਕੁੱਖ ਹੈ
*

# ਵਿਪਰੀਤ

•

ਰਵਿੰਦਰ ਰਵੀ
ਦੇ ਨਾਂ

•

## ਤੰਦੂਆ

ਇਕ ਤੰਦੂਆ
ਚਿੱਟੇ ਤਖ਼ਤਪੋਸ਼ 'ਤੇ ਬੈਠਾ
ਇਕ ਰਾਧਾ ਨੂੰ ਰੋਜ਼ ਖਾਂਦਾ ਹੈ
ਤੇ ਹਰ ਦਿਨ
ਇਕ ਨਵਾਂ ਕ੍ਰਿਸ਼ਨ ਦਫ਼ਨਾਂਦਾ ਹੈ
ਇਹ ਤੰਦੂਆ ਸੋਲ੍ਹਾਂ ਕਲਾਂ ਨਹੀਂ
ਅਠਾਰਾਂ ਕਲਾਂ ਸੰਪੂਰਨ ਹੈ
ਇਹ ਤੰਦੂਆ ਇਸ ਯੁੱਗ ਦਾ ਪੂਰਨ ਹੈ

ਇਹ ਤੰਦੂਆ
ਆਪਣੀ ਵਹੀ ਤੇ ਸਭ ਦੇ ਨਾਮ ਚੜ੍ਹਾਈ ਜਾਂਦਾ
ਜ਼ਰਦੀ 'ਚ ਪਲਦੇ ਬੋਟਾਂ ਤਕ ਖਾਈ ਜਾਂਦਾ
ਇਸ ਤੰਦੂਏ ਨੇ ਆਪਣੇ ਅੰਦਰ
ਕਈ ਨਦੀਆਂ ਉਤਾਰ ਲਈਆਂ ਹਨ
ਕਈ ਝੀਲਾਂ ਆਪਣੀ ਅੱਗ 'ਚ ਠਾਰ ਲਈਆਂ ਹਨ

ਇਸ ਸ਼ਹਿਰ ਦੀਆਂ ਮਾਵਾਂ ਨੇ
ਹੁਣ ਧੀਆਂ ਜੰਮਣੀਆਂ ਛੱਡ ਦਿੱਤੀਆਂ ਨੇ
ਆਪਣੇ ਪੇਟ 'ਚ ਧੀਆਂ ਤਕ
ਪੇਟ ਦੇ ਵਿਚ ਹੀ ਮਾਰ ਦਿੰਦੀਆਂ
ਤੇ ਮੋਈਆਂ ਧੀਆਂ ਦੀਆਂ ਲਾਸ਼ਾਂ
ਤੰਦੂਏ ਦੀ ਭੇਟਾ ਚਾੜ੍ਹ ਦਿੰਦੀਆਂ

ਤੰਦੂਆ ਹੱਸਦਾ ਤੇ ਖ਼ੁਸ਼ ਹੁੰਦਾ
ਕਿ ਉਸ ਦੀ ਦਹਿਸ਼ਤ
ਮਾਂ ਦੀ ਦੇਹ ਤੋਂ ਮਾਂ ਦੀ ਕੁੱਖ ਤਕ ਫੈਲ ਗਈ ਹੈ
ਉਸ ਦੀ ਸੂਰਤ
ਸ਼ਹਿਰ ਦੀ ਹਰ ਇਕ ਅੱਖ 'ਚ ਠਹਿਰ ਗਈ ਹੈ

ਸੜਕਾਂ ਤੇ ਬਾਜ਼ਾਰਾਂ ਅੰਦਰ
ਨਗਨ ਯੋਨੀਆਂ ਹੋਕਾ ਦੇਵਣ
ਮਾਵਾਂ ਆਪਣੀਆਂ ਕੁੱਖਾਂ ਨੂੰ ਰੋਵਣ
ਹੈ ਕੋਈ ਮਰਦ ਇਸ ਸ਼ਹਿਰ 'ਚ
ਜੋ ਮਾਵਾਂ ਦੀ ਇੱਜ਼ਤ ਬਚਾਵੇ
ਮਾਂ ਦੇ ਦੁੱਧ ਦਾ ਮੁੱਲ ਚੁਕਾਵੇ
ਤੇ ਤੰਦੂਏ ਨੂੰ ਮਾਰ ਮੁਕਾਵੇ

ਕੌਣ ਸੁਣੇ ਦਾਦਾਂ ਫਰਿਆਦਾਂ
ਜੱਗ ਜਨਣੀਆਂ ਮਾਂ ਮਮਤਾ ਦੀਆਂ
ਜਦ ਅਠਾਰਾਂ ਕਲਾਂ ਸੰਪੂਰਨ ਤੰਦੂਆ
ਸ਼ਹਿਰ ਦੀ ਰਗ ਰਗ 'ਚ ਸਮਾਇਆ ਹੈ
ਹਰ ਮਰਦ ਦੇ ਚਿਹਰੇ 'ਚੋਂ
ਤੰਦੂਆ ਹੀ ਉੱਗ ਆਇਆ ਹੈ
*

## ਕੰਧਾਂ

ਮੈਂ ਕੰਧ
ਤੁਰਨਾ ਚਾਹੁੰਦੀ ਹਾਂ
ਮੇਰੀ ਹੋਂਦ ਵੰਡ ਦੀ ਪ੍ਰਤੀਕ ਹੈ
ਆਪਣੀ ਹੋਂਦ ਤਿਆਗ
ਵਿਹੜਾ ਹੋਣਾ ਚਾਹੁੰਦੀ ਹਾਂ

ਪਰ ਹਰ ਸਾਲ ਹੀ ਘਰ ਦੇ ਲੋਕ
ਮੈਨੂੰ ਲਿੱਪ ਦਿੰਦੇ ਹਨ ਪੋਚ ਦਿੰਦੇ ਹਨ
ਕਿ ਬਰਸਾਤਾਂ 'ਚ ਮੈਂ ਖੁਰ ਨਾ ਜਾਵਾਂ
ਭੁਰ ਨਾ ਜਾਵਾਂ
ਕਿਤੇ ਤੁਰ ਨਾ ਜਾਵਾਂ

ਲੋਕ ਆਪਣੇ ਲਾਲਚ ਲਈ
ਮੇਰੀ ਹੋਂਦ ਕਾਇਦ ਰੱਖਣਾ ਚਾਹੁੰਦੇ ਹਨ
ਜਦ ਮੈਂ ਖੜ੍ਹੀ ਖੜੋਤੀ ਅੱਕ ਗਈ ਹਾਂ
ਥੱਕ ਗਈ ਹਾਂ ਜੜ੍ਹ ਹੋ ਗਈ ਹਾਂ
ਆਪਣੀ ਗਤੀ ਤੋਂ ਵੱਖ ਹੋ ਗਈ ਹਾਂ

ਮੈਂ ਕੰਧ ਜੋ ਸਿਰਜਦੀ ਹਾਂ ਬੀਜਦੀ ਹਾਂ
ਉਹ ਵੰਡੀਆਂ ਹਨ ਸਮਾਜਕ ਭੰਡੀਆਂ ਹਨ
ਫਿਰ ਵੀ ਵੰਡੀਆਂ ਦੇ ਪੁਜਾਰੀ ਨੇ
ਇਨ੍ਹਾਂ ਘਰਾਂ ਦੇ ਲੋਕ ਜੋ ਕਰਤਾਰੀ ਨੇ

ਮੇਰੇ ਜਜ਼ਬਾਤ ਮੇਰੇ ਸੁਫ਼ਨੇ
ਮੇਰੀਆਂ ਨੀਹਾਂ ਹੇਠ ਆ ਗਏ ਹਨ
ਘਰਾਂ ਦੇ ਲੋਕ
ਮੇਰਾ ਝੂਠਾ ਮਖੌਟਾ ਕਾਇਮ ਰੱਖਣ ਲਈ
ਮੇਰੇ ਜਿਸਮ ਦਾ ਸੱਚ ਖਾ ਗਏ ਹਨ
*

## ਗਰਭ

ਮੈਂ ਗਰਭ 'ਚ
ਆਪਣੇ ਬਾਪੂ ਦੇ
ਅੱਥਰੂ ਤੇ ਗੁਰਬਤ ਹੰਢਾਉਂਦਾ ਹਾਂ
ਮਾਂ ਦੇ ਕੰਨਾਂ 'ਚ ਸੁਣਾਉਂਦਾ ਹਾਂ
ਜਦੋਂ ਮੈਂ ਗਰਭ ਤੋਂ ਬਾਹਰ ਆਵਾਂਗਾ
ਬਾਪੂ ਦੀ ਗੁਰਬਤ ਤੇ ਅੱਥਰੂਆਂ 'ਚ ਉਤਰ ਜਾਵਾਂਗਾ

ਬਾਪੂ ਦੀਆਂ ਅੱਖਾਂ 'ਚ ਹਾਸੇ ਧਰਾਂਗਾ
ਬਾਪੂ ਦੀਆਂ ਬਾਹਾਂ ਦਾ ਬਲ ਬਣਾਂਗਾ
ਸਾਰੇ ਦਾ ਸਾਰਾ ਬਾਪੂ ਦੇ
ਵਜੂਦ 'ਚ ਢਲਾਂਗਾ

ਧਰਤੀ 'ਚੋਂ ਅੰਨ ਦੇ ਭੰਡਾਰ ਉਗਾਵਾਂਗਾ
ਘਰ ਦੀਆਂ ਕੋਠੀਆਂ ਭਰਾਂਗਾ
ਬਾਪੂ ਦੇ ਵਰਤਮਾਨ ਤੇ ਭਵਿੱਖ 'ਚ ਖ਼ੁਸ਼ੀਆਂ ਬੀਜਾਂਗਾ
ਬਾਪੂ ਦੀ ਅੱਖ 'ਚ ਬਣ ਕੇ ਖ਼ੁਸ਼ੀ ਦਾ ਅੱਥਰੂ
ਮੈਂ ਡੁੱਲ੍ਹ ਜਾਵਾਂਗਾ

ਮਾਂ ਦੀਆਂ ਪਾਟੀਆਂ ਬਿਆਈਆਂ 'ਤੇ
ਮਲ੍ਹਮ ਬਣ ਕੇ ਲੱਗਾਂਗਾ
ਹਨੇਰੇ ਘਰ ਦਾ ਚਿਰਾਗ਼ ਬਣ ਕੇ ਜਗਾਂਗਾ
ਬਾਪੂ ਦਾ ਨੂਰ
ਮਾਂ ਦਾ ਚਾਨਣ ਕਹਾਵਾਂਗਾ
ਵਿਹੜਾ ਧੰਨ ਧੰਨ ਕਰੇਗਾ
ਮਾਂ ਦੀ ਗਰਭ 'ਚੋਂ ਬਾਹਰ
ਜਦ ਮੈਂ ਪੈਰ ਪਾਵਾਂਗਾ

*

## ਦਰਵਾਜ਼ਾ

ਮੈਂ ਦਰਵਾਜ਼ਾ ਘਰ ਦਾ ਦਰ ਹਾਂ
ਘਰ ਲਈ ਸਰਾਪ ਹਾਂ ਵਰ ਹਾਂ
ਮੇਰੇ 'ਚੋਂ ਦੁਸ਼ਮਣ ਵੀ ਲੰਘਦਾ ਹੈ
ਮਿੱਤ੍ਰ ਵੀ ਲੰਘਦਾ ਹੈ
ਮੈਂ ਸਭ ਨੂੰ ਜੀ ਆਇਆਂ ਕਹਿੰਦਾ ਹਾਂ
ਮੈਂ ਆਪਣੀ ਹੋਂਦ ਮਾਰੀ ਹੈ
ਤੇ ਹੋਂਦ ਦੀ ਸੱਚਾਈ
ਸਰਦਲ ਦੇ ਪੈਰੀਂ ਉਤਾਰੀ ਹੈ

ਮੈਂ ਮਿੱਤਰ ਦੁਸ਼ਮਣ ਦੀ ਰਜ਼ਾ 'ਚ
ਸਮਤਲ ਹਾਂ
ਮਿੱਤਰ ਖੋਲ੍ਹੇ ਜਾਂ ਦੁਸ਼ਮਣ
ਮੈਂ ਖੁੱਲ੍ਹਦਾ ਹਾਂ ਮੈਂ ਭੀੜਦਾ ਹਾਂ
ਸਾਧ ਚੋਰ ਮੇਰੇ ਲਈ ਬਰਾਬਰ ਹੈ
ਅਜਨਬੀ ਤੇ ਆਪਣਿਆਂ ਦਾ ਵਸੇਰਾ ਹੈ
ਮੈਂ ਘਰ ਦੀ ਹੋਂਦ ਹਾਂ
ਘਰ ਦਾ ਚਿਹਰਾ ਹਾਂ

ਆਪਣੇ ਆਪ 'ਚ ਮੈਂ
ਘਰ ਦੀ ਹੋਂਦ
'ਆਸਰੇ' ਨੂੰ ਉਤਾਰਿਆ ਹੈ
ਆਪਣਾ ਆਪ ਭੁੱਲਿਆ ਹਾਂ
ਆਪਣੇ ਲਹੂ 'ਚ ਘਰ ਉਸਾਰਿਆ ਹੈ
ਚਿਹਰੇ 'ਤੇ ਘਰ ਦੇ ਅੰਗ ਤੇ ਨਕਸ਼ ਉਗਾਏ ਹਨ
ਮੇਰੇ ਵਜੂਦ 'ਚ
ਘਰ ਦੀਆਂ ਕੰਧਾਂ ਤੇ ਵਿਹੜਾ ਸਮਾਏ ਹਨ
ਮੈਂ ਕਿਸੇ ਨੂੰ ਦਰਵਾਜ਼ਾ ਨਜ਼ਰ ਨਹੀਂ ਆਉਂਦਾ
ਘਰ ਲੱਗਦਾ ਹਾਂ

ਘਰ ਮੇਰੇ 'ਚ ਸਮਾਇਆ ਹਾਂ
ਮੈਂ ਘਰ 'ਚ ਵੱਸਦਾ ਹਾਂ

ਦਰਵਾਜ਼ਾ
ਘਰ ਦੇ ਅੰਦਰ ਨਹੀਂ ਬਾਹਰ ਹੁੰਦਾ ਹੈ
ਪਰ ਦਰਵਾਜ਼ੇ 'ਚ ਸਿਮਟਿਆ
ਘਰ ਦਾ ਆਕਾਰ ਹੁੰਦਾ ਹੈ
ਦਰਵਾਜ਼ਾ ਘਰ ਦਾ ਮੁੱਖ ਦੁਆਰ ਹੁੰਦਾ ਹੈ
ਮੈਂ ਘਰ ਦਾ ਪਿੰਡਾ
ਦੁਆਲੇ ਉੜਿਆ ਹੈ
ਘਰ ਦਾ ਨਿੱਘ ਮਸਤਕ 'ਚ ਜਗਾਇਆ ਹੈ
ਘਰ ਦਾ ਵੱਸਣ ਆਪਣੇ ਨੈਣਾਂ 'ਚ ਪਾਇਆ ਹੈ
ਦਰਵਾਜ਼ੇ ਦੀ ਹੋਂਦ ਤੇ ਵਜੂਦ
ਘਰ 'ਚੋਂ ਮਨਫ਼ੀ ਕਰ ਦਿੱਤਾ ਹੈ
ਮੈਂ ਘਰ ਹਾਂ ਘਰ ਦਾ ਦਰਵਾਜ਼ਾ ਨਹੀਂ
ਆਪਣੇ ਪਿੰਡੇ 'ਤੇ ਲਿਖ ਕੇ ਧਰ ਦਿੱਤਾ ਹੈ

ਮੇਰੇ 'ਚੋਂ ਹੁਣ ਘਰ ਨਜ਼ਰ ਆਉਂਦਾ ਹੈ
ਜਿਸ ਦੀ ਹੋਂਦ ਵਸੇਰਾ ਹੈ ਆਸਰਾ ਹੈ
ਚੋਰ ਸਾਧ ਮਿੱਤਰ ਦੁਸ਼ਮਣ ਨਾਲ
ਮੇਰਾ ਕੋਈ ਵਾਸਤਾ ਨਹੀਂ
ਮੈਂ ਬੁਰਾਈ ਤੇ ਚੰਗਿਆਈ ਤੋਂ
ਉਚੇਰਾ ਹੋ ਗਿਆ ਹਾਂ
ਘਰ ਦਾ ਜਿਸਮ ਚਿਹਰਾ ਤੇ
ਵਿਹੜਾ ਹੋ ਗਿਆ ਹਾਂ
*

## ਪੱਤੇ ਦਾ ਭਰਮ ਬੀਜ ਦਾ ਸੱਚ

ਪੱਤੇ ਪੱਤੇ 'ਚੋਂ ਰੁੱਖ ਨਜ਼ਰ ਆਉਂਦਾ ਹੈ
ਪੱਤੇ ਪੱਤੇ 'ਚ ਰੁੱਖ ਸਮਾਇਆ ਹੈ
ਪੱਤੇ 'ਚ ਸਮਾਏ ਰੁੱਖ ਦਾ
ਪੱਤੇ 'ਚ ਸਾਇਆ ਹੈ
ਸਾਇਆ ਦੇਹ ਦਾ ਸੱਚ ਨਹੀਂ
ਦੇਹ ਦੀ ਪਰਛਾਈ ਹੈ
ਦੇਹ ਤੁਰਦੀ ਹੈ ਤਾਂ ਸਾਇਆ ਤੁਰਦਾ ਹੈ
ਸਾਏ ਦੀ ਹਰਕਤ ਦੇਹ 'ਚ ਮੌਜੂਦ ਹੈ
ਸਾਏ ਦੀ ਪਰਛਾਈ
ਦੇਹ ਦੇ ਅਕਸ ਦਾ ਵਜੂਦ ਹੈ

ਪੱਤੇ ਦੇ ਸੱਚ 'ਚ ਰੁੱਖ ਦੀ ਦੇਹ ਨਹੀਂ
ਰੁੱਖ ਦੇ ਸਾਏ ਦਾ ਚਿਹਰਾ ਹੈ
ਪੱਤੇ ਦਾ ਸੱਚ ਜਦ ਪੱਤੇ 'ਚੋਂ ਸੁੱਕ ਜਾਂਦਾ ਹੈ
ਪੱਤਾ ਝੜ ਜਾਂਦਾ ਹੈ
ਪੱਤੇ 'ਚੋਂ ਰੁੱਖ ਦਾ ਚਿਹਰਾ ਮਿਟ ਜਾਂਦਾ ਹੈ
ਵਜੂਦ ਮੁੱਕ ਜਾਂਦਾ ਹੈ

ਪੱਤੇ 'ਚ ਰੁੱਖ ਦਾ ਭਰਮ ਹੈ
ਪੱਤਾ ਜਨਮ ਤੋਂ ਮਰਨ ਤਕ
ਇਹ ਭਰਮ ਆਪਣੇ 'ਚ ਪਾਲ ਰੱਖਦਾ ਹੈ
ਰੁੱਖ ਦੀ ਹੋਂਦ ਪੱਤੇ ਦਾ ਨਹੀਂ
ਬੀਜ ਦਾ ਸੱਚ ਹੈ
ਪੱਤਾ ਬੀਜ ਤੋਂ ਅਲੱਗ ਹੈ
ਪੱਤੇ 'ਚ ਰੁੱਖ ਦਾ ਭਰਮ ਹੈ
ਬੀਜ 'ਚ ਰੁੱਖ ਦਾ ਸੱਚ ਹੈ

## ਛਾਂ

ਧੁੱਪ ਜਦ ਛਾਂ 'ਚ ਬਹਿੰਦੀ ਹੈ
ਧੁੱਪ ਦੇ ਅੰਦਰ ਠੰਡ ਪੈਂਦੀ ਹੈ
ਧੁੱਪ ਦਾਂ ਰੂਪ ਬਦਲਦਾਂ ਹੈ
ਛਾਂ ਦਾ ਭਾਣਾ
ਧੁੱਪ ਦੀ ਦੇਹ 'ਚ ਵਰਤਦਾ ਹੈ
ਭਾਣੇ 'ਚ ਛਾਂ ਨੂਰ ਦਾ ਚਾਨਣ ਬਰਸਾਉਂਦੀ ਹੈ
ਧੁੱਪ ਦੇ ਧੁਰ ਅੰਦਰ ਉਤਰ ਜਾਂਦੀ ਹੈ
ਮਨ 'ਚ ਸ਼ਾਂਤੀ
ਅੱਖਾਂ 'ਚੋਂ ਹਰਿਆਵਲ ਪੁੰਗਰਦੀ ਹੈ
ਧੁੱਪ ਆਪਣੀ ਤਾਸੀਰ ਬਦਲਦੀ ਹੈ
ਆਪਣੀ ਅੱਗ
ਆਪਣੇ 'ਚੋਂ ਨਿਚੋੜਦੀ ਹੈ
ਆਪਣਾ ਸੜਦਾ ਸਹਿਰਾ ਠਾਰਦੀ ਹੈ

ਛਾਂ 'ਚ ਬੈਠੀ ਧੁੱਪ
ਆਪਣੇ 'ਚੋਂ ਰੁੱਖ ਉਗਾਉਂਦੀ ਹੈ
ਸਿਰ ਤੇ ਧੁੱਪ ਸਹਾਰਦੀ ਹੈ
ਪੈਰਾਂ 'ਚ ਛਾਂ ਵਿਛਾਉਂਦੀ ਹੈ
ਧੁੱਪ ਆਪਣੇ ਕਰਮ ਦਾ ਫਲ
ਛਾਂ ਬਦਲੇ ਛਾਂ ਨਹੀਂ ਚਾਹੁੰਦੀ
ਸਿਰ ਦੀ ਧੁੱਪ ਭਾਣੇ 'ਚ ਗੁਜ਼ਾਰਦੀ ਹੈ
ਧੁੱਪ ਜਿਉਂਦੀ ਧੁੱਪ ਛਾਵਾਂ ਜਨਮਦੀ ਹੈ
ਠੰਡਾਂ ਵਰਤਾਉਂਦੀ ਹੈ
ਧੁੱਪ ਜਦ ਛਾਂ ਦਾ ਪਿੰਡਾ ਹੰਢਾਉਂਦੀ ਹੈ
ਆਪਣੀ ਕੁੱਖ 'ਚੋਂ ਰੁੱਖ ਜੰਗਲ ਤੇ ਬੱਦਲ ਉਗਾਉਂਦੀ ਹੈ
*

## ਧੁੱਪ ਤੇ ਤੇਜ਼

ਤੇਜ਼ ਜਿਉਂਦੀ ਧੁੱਪ
ਆਪਣੀ ਦੇਹ 'ਚ ਚਾਨਣ ਉਤਾਰਦੀ ਹੈ
ਦੇਹ ਦਾ ਹਨ੍ਹੇਰਾ ਦੂਰ ਕਰਦੀ ਹੈ
ਧਰਤੀ ਦੇ ਚੱਪੇ ਚੱਪੇ 'ਚ ਸੂਰਜ ਧਰਦੀ ਹੈ
ਚਾਨਣ ਫੈਲਾਉਂਦੀ ਹੈ ਰੌਸ਼ਨੀ ਕਰਦੀ ਹੈ
ਜ਼ਿੰਦਗੀ ਦੇ ਹਨ੍ਹੇਰੇ 'ਚ ਉਤਰਦੀ ਹੈ
ਮਨੁੱਖ ਤੋਂ ਮਨੁੱਖਤਾ ਦੇ ਚਾਨਣ ਤਕ ਤੁਰਦੀ ਹੈ
ਮਨੁੱਖ ਦੀ ਧਰਤੀ ਤੇ ਚਾਨਣ ਬੀਜਦੀ ਹੈ
ਮਨੁੱਖਤਾ ਦੇ ਪਿੰਡੇ 'ਚ ਕਾਫ਼ਲੇ ਜੋਤਾਂ ਦੇ ਧਰਦੀ ਹੈ

ਧੁੱਪ ਦਾ ਤੇਜ਼ ਜਦ ਵੇਦਾਂ ਸ਼ਾਸਤਰਾਂ
ਗ੍ਰੰਥਾਂ ਦੇ ਕਾਲੇ ਅੱਖਰਾਂ 'ਤੇ ਪੈਂਦਾ ਹੈ
ਅੱਖਰਾਂ 'ਚ ਛੁਪਿਆ ਨੂਰ ਨਜ਼ਰ ਆਉਂਦਾ ਹੈ
ਮਾਨਵ ਦੇਹ ਅੰਦਰ ਜਗਦਾ ਹੈ
ਮਾਨਵ 'ਚ ਨੂਰ ਦਾ ਇਕ ਹੜ੍ਹ ਵਗਦਾ ਹੈ
ਜੋ ਮਨੁੱਖ 'ਚ ਠਹਿਰਦਾ ਹੈ
ਮਨੁੱਖ 'ਚ ਫੈਲਦਾ ਹੈ
ਮਨੁੱਖ ਨੂੰ ਆਪਣਾ ਸੱਚ ਨਜ਼ਰ ਆਉਂਦਾ ਹੈ
ਮਨੁੱਖ ਮਨੁੱਖਤਾ ਦਾ ਰੂਪ ਹੋ ਜਾਂਦਾ ਹੈ
ਸੱਚ ਤੇ ਸੁੰਦਰਤਾ ਦਾ ਸਰੂਪ ਹੋ ਜਾਂਦਾ ਹੈ

ਧੁੱਪ ਦਾ ਤੇਜ਼ ਧੁੱਪ ਦੇ ਪਿੰਡੇ 'ਚ
ਉਕਸੁਕਤਾ ਤੇ ਹਿੰਮਤ ਦਾ ਆਗਾਜ਼ ਭਰਦਾ ਹੈ
ਧੁੱਪ ਦੀ ਤਲੀਏ ਚੰਨਾਂ ਸੂਰਜਾਂ ਦੇ ਚਿਹਰੇ
ਤੇ ਨਵੇਂ ਸਫ਼ਰ ਧਰਦਾ ਹੈ
ਧੁੱਪ ਤੇਜ਼ 'ਚ ਬਦਲਦੀ ਹੈ ਹਨੇਰੇ ਦਾ ਨਾਸ ਕਰਦੀ ਹੈ
ਜਿਥੇ ਵੀ ਪੈਰ ਧਰਦੀ ਹੈ
ਗਿਆਨ ਦਾ ਵਿਸਤਾਰ ਤੇ ਸੂਝ ਦਾ ਪ੍ਰਕਾਸ਼ ਕਰਦੀ ਹੈ

*

## ਪ੍ਰਾਣ

ਪ੍ਰਾਣ
ਮੇਰੀ ਦੇਹ 'ਚ ਤੇਰਾ ਵਸੇਰਾ ਹੈ
ਤੇਰਾ ਆਵਣ ਜਾਣ ਹੈ
ਫਿਰ ਵੀ ਤੂੰ ਮੇਰੇ ਲਈ ਪਰਾਇਆ ਹੈਂ
ਕਿਹੜੀ ਕੁੱਖ ਹੈ ਤੇਰੀ
ਕਿੱਥੇ ਤੇਰਾ ਠਿਕਾਣਾ ਹੈ
ਤੂੰ ਕਿੱਥੋਂ ਆਇਆ ਹੈਂ

ਮੈਂ ਚਾਹੁੰਦਾ ਹਾਂ
ਤੂੰ ਮੇਰੀ ਉਂਗਲੀ ਫੜ ਕੇ
ਆਪਣੀ ਜਨਮ ਭੂਮੀ 'ਤੇ ਲੈ ਚੱਲੇਂ
ਮੇਰੀਆਂ ਅੱਖੀਆਂ ਸਾਹਵੇਂ
ਤੂੰ ਜਲਵਾ ਫਿਰੋਸ਼ ਹੋ ਜਾਵੇਂ
ਮੈਂ ਆਪਣੀ ਹੋਸ਼ ਖੋਹ ਬੈਠਾਂ
ਤੂੰ ਮੇਰੀ ਹੋਸ਼ ਹੋ ਜਾਵੇਂ

ਮੈਂ ਤੇਰੇ ਪਿੰਡੇ 'ਚ ਵਸਦਾ ਰਹਾ ਸਦਾ
ਤੈਨੂੰ ਆਪਣਾ ਸੱਚ ਦੱਸਦਾ ਰਹਾਂ ਸਦਾ
ਤੂੰ ਵੀ ਆਪਣੇ ਸੱਚ ਦਾ ਭੇਦ ਖੋਲ੍ਹ ਦੇ
ਆਪਣੀ ਜਨਮਦਾਤੀ ਦਾ ਨਾਮ ਬੋਲ ਦੇ
ਮੈਂ ਆਪਣਾ ਸਭ ਕੁਝ ਤਿਆਗ ਕੇ
ਤੇਰਾ ਹੋ ਜਾਣਾ ਚਾਹੁੰਦਾ ਹਾਂ
ਮਰਨ ਤਕ ਤੇਰੀ ਤੇ ਮੇਰੀ ਸਾਂਝ ਹੈ
ਇਸ ਸਾਂਝ ਦਾ ਸੱਚ ਮੈਂ ਪਾਉਂਦਾ ਚਾਹੁੰਦਾ ਹਾਂ

ਮੈਂ ਪ੍ਰਾਣ
ਪਵਨ ਦਾ ਉੱਤਮ ਰੂਪ ਹਾਂ
ਜਿਸ 'ਚੋਂ ਮੈਂ ਜਨਮਿਆ ਉਹ ਦੇਹ ਹੀਣ ਹੈ
ਸੁਤੰਤਰ ਹੈ ਕਿਸੇ ਦੀ ਮੁਥਾਜ਼ ਨਹੀਂ

ਇਸ ਲਈ
ਉਸ ਦੀ ਕੁੱਖ ਦਾ ਤੇ ਮੇਰਾ
ਕੋਈ ਸਾਥ ਨਹੀਂ
ਮੈਂ ਬਸ ਉਸ ਦੇ ਨੂਰ ਦੀ ਇਕ ਝਲਕ ਹਾਂ
ਖਲਕ ਮੇਰਾ ਜਨਮ ਹੈ
ਧਰਤੀ ਮੇਰੀ ਬਸਰ ਹੈ
ਦੇਹ ਦੀ ਸਾਂਝ ਹੈ ਪੁਰਸ਼ਾਰਥ ਮੇਰਾ
ਮੈਂ ਹਾਂ ਤਾਂ ਦੇਹ ਹੈ
ਨਹੀਂ ਤਾਂ ਦੇਹ ਖੇਹ ਹੈ
*

## ਖ਼ੁਸ਼ਬੂ

ਖ਼ੁਸ਼ਬੂ 'ਚ ਵੱਸਦੀ ਖ਼ੁਸ਼ਬੂ
ਤੂੰ ਮੇਰਾ ਜਿਸਮ ਹੈਂ ਮੇਰੀ ਰੂਹ ਹੈਂ
ਤੇਰਾਂ ਧਰਤੀ 'ਤੇ ਵਸੇਰਾ ਹੈ
ਅੰਬਰ 'ਤੇ ਡੇਰਾ ਹੈ
ਮੇਰੇ ਮਨ ਮੰਦਰ 'ਚ ਤੂੰ ਵੱਸਦੀ ਹੈਂ
ਪੱਥਰ ਦੇ ਬੁੱਤਾਂ 'ਚ ਹੱਸਦੀ ਹੈਂ
ਤੂੰ ਵਾਤਾਵਰਣ ਤੇ ਮਾਹੌਲ ਦੀ ਸੁੰਦਰਤਾ ਹੈਂ
ਮੰਦਰਾਂ ਮਸੀਤਾਂ ਗਿਰਜਾਘਰਾਂ ਤੇ ਠਾਕੁਰਦੁਆਰਿਆਂ ਦੀ ਸੁਗੰਧ ਹੈਂ
ਤੂੰ ਵਿਗਿਆਨ ਗਿਆਨ ਤੇ
ਵਿਦਿਆ 'ਚ ਸਮਾਈ ਹੈਂ
ਤੂੰ ਕਿਥੋਂ ਜਨਮੀ ਹੈਂ
ਤੂੰ ਕਿਥੋਂ ਆਈ ਹੈਂ

ਮੈਂ ਚਾਹੁੰਦਾ ਹਾਂ
ਤੇਰੇ ਨਾਲ ਤੁਰ ਜਾਵਾਂ
ਤੇ ਕਦੀ ਵੀ ਨਾ ਪਰਤ ਕੇ ਆਵਾਂ
ਤੇਰੇ 'ਚ ਰਲ ਜਾਵਾਂ ਤੇਰੇ 'ਚ ਘੁਲ ਜਾਵਾਂ
ਤੈਨੂੰ ਉਤਾਰ ਲਾਂ ਅੰਦਰ ਤੇ ਬਾਹਰ ਵੀ
ਤੇਰੀ ਪਹਿਚਾਣ ਹੋ ਜਾਵਾਂ
ਆਪਣੀ ਪਹਿਚਾਣ ਭੁੱਲ ਜਾਵਾਂ

ਨਾ ਬੰਦ ਰਹਾਂ ਜਿਸਦ ਦੇ ਕਵਚ 'ਚ
ਤੇਰੇ ਵਾਂਗ ਬਹਾਰਾਂ ਮੌਸਮਾਂ ਕਲੀਆਂ ਫੁੱਲਾਂ ਤੇ
ਪੌਣਾਂ 'ਚ ਘੁਲ ਜਾਵਾਂ
ਬਿਨਾ ਬਦਨ ਮੈਂ ਜੀਵਾਂ
ਬਿਨਾ ਪ੍ਰਾਣ ਮੈਂ ਜੀਵਾਂ
ਖ਼ੁਸ਼ਬੂ ਤੇਰੀ ਤਾਸੀਰ ਨੂੰ ਸਿਰਜਾਂ
ਤੇਰੀ ਜ਼ਮੀਰ ਨੂੰ ਜਨਮਾਂ

ਤੂੰ ਜੋ
ਪਵਿੱਤਰਤਾ ਸ਼ੁੱਧਤਾ ਤੇ ਸੁੰਦਰਤਾ
ਧਰਤੀ ਆਕਾਸ਼ ਤੇ ਜੀਵਨ 'ਚ ਖਿਲਾਰਦੀ ਹੈਂ
ਆਪਣੀ ਹੋਂਦ ਦਾ ਸੱਚ ਪਸਾਰਦੀ ਹੈਂ
ਮਹਿਸੂਸ ਹੁੰਦੀ ਹੈ ਨਜ਼ਰ ਨਹੀਂ ਆਉਂਦੀ
ਮੇਰੇ 'ਚ ਵਸਦੀ ਹੈ ਨਜ਼ਰ ਨਹੀਂ ਆਉਂਦੀ
ਫੁੱਲਾਂ 'ਚ ਪ੍ਰਗਟ ਹੈਂ
ਪਰ ਜਿਸਮ ਦੀ ਬੰਦਸ਼ ਤੋਂ ਬਾਹਰ ਹੈਂ
ਪ੍ਰਾਣਾਂ ਤੋਂ ਮੁਕਤ ਹੈਂ ਅਨੁਭਵ 'ਚ ਵਸਦੀ ਹੈਂ
ਚੁੱਪ ਦਾ ਬੋਲ ਹੈਂ ਖ਼ਾਮੋਸ਼ੀ 'ਚ ਰਹਿੰਦੀ ਹੈਂ

ਕੈਸਾ ਰੂਪ ਹੈ ਤੇਰਾ
ਕੈਸਾ ਰੰਗ ਹੈ ਤੇਰਾ ਕੈਸੀ ਦੇਹ ਹੈ ਤੇਰੀ
ਇਹ ਜਾਨਣ ਦੀ ਇੱਛਾ ਹੈ ਮੇਰੀ
ਮੈਂ ਖ਼ੁਸ਼ਬੂ
ਪ੍ਰਕਿਰਤੀ ਤੇ ਮਨੁੱਖੀ ਕਰਮ ਦੇ ਬੀਜ ਦਾ ਫ਼ਲ ਹਾਂ
ਪਵਨ ਦਾ ਜੁੱਸਾ ਹਾਂ
ਭਵਰੇ ਦੀ ਹਸਰਤ ਹਾਂ
ਸੁਰ ਦਾ ਹੁਲਾਸ ਹਾਂ ਖੇੜੇ ਦੀ ਆਵਾਜ਼ ਹਾਂ
ਮੇਰੀ ਖ਼ੁਸ਼ਬੂ ਹੀ ਮੇਰਾ ਸੱਚ ਹੈ
ਮੇਰਾ ਆਧਾਰ ਹੈ
ਸ਼ੁੱਧਤਾ ਪਵਿੱਤਰਤਾ ਸੱਚ ਤੇ ਸੁੰਦਰਤਾ
ਮੇਰਾਂ ਆਕਾਰ ਹੈ
*

## ਅੱਖਾਂ

ਮੈਂ ਅੱਖਾਂ ਹੋਵਾਂ ਨਜ਼ਰ ਹੋਵਾਂ
ਨਜ਼ਰ ਦਾ ਆਗਾਜ਼ ਹੋਵਾਂ ਹਸ਼ਰ ਹੋਵਾਂ
ਮੈਂ ਅੱਖਾਂ ਦੀ ਬਸਰ ਹੋਵਾਂ
ਮੈਂ ਅੱਖਾਂ ਦੀ ਜ਼ੁਬਾਨ
ਹਾਲੇ ਦਿਲ ਨਸ਼ਰ ਹੋਵਾਂ

ਅੱਖਾਂ ਜੋ ਪਿਆਰ ਦੀ ਕੁੱਖ ਹਨ
ਇਜ਼ਹਾਰ ਦੀ ਕੁੱਖ ਹਨ
ਅੱਖਾਂ ਜੋ ਪੱਤਿਆਂ ਫਲਾਂ ਫੁੱਲਾਂ ਵਾਲੇ ਰੁੱਖ ਹਨ
ਅੱਖਾਂ ਜੋ ਛਾਵਾਂ ਦੇ ਸਾਗਰ ਹਨ
ਦਰਿਆਵਾਂ ਦੇ ਚਿਹਰੇ ਹਨ
ਨਦੀਆਂ ਦੇ ਅੰਗ ਤੇ ਨਕਸ਼ ਹਨ
ਮੈਂ ਉਨ੍ਹਾਂ 'ਚ ਉਤਰ ਜਾਵਾਂ
ਤੇ ਕਦੀ ਵੀ ਨਾ ਪਰਤ ਕੇ ਆਵਾਂ

ਅੱਖਾਂ ਜਿਨ੍ਹਾਂ 'ਚ ਕੁਦਰਤ ਵਸਦੀ ਹੈ
ਚਸ਼ਮੇ ਤੇ ਝਰਨੇ ਫੁੱਟਦੇ ਹਨ
ਅੱਖਾਂ ਜਿਨ੍ਹਾਂ ਆਪਣੇ 'ਚ ਸਹਿਰਾ ਵਸਾਏ ਹਨ
ਹੰਝੂਆਂ ਦੇ ਸਾਗਰ ਪੀਤੇ ਹਨ
ਸਾਉਣ ਦੇ ਛਰਨਾਟੇ ਲਾਏ ਹਨ

ਅੱਖਾਂ
ਜਿਨ੍ਹਾਂ 'ਚ ਰੱਬ ਵੱਸਦਾ ਹੈ
ਅੱਖਾਂ ਜਿਨ੍ਹਾਂ 'ਚ ਅਸਮਾਨ ਜਾਗਦਾ ਹੈ
ਜ਼ਿਮੀਂ ਸੌਂਦੀ ਹੈ
ਅੱਖਾਂ ਜਿਨ੍ਹਾਂ ਦੁਆਲੇ ਸ੍ਰਿਸ਼ਟੀ ਭੌਂਦੀ ਹੈ
ਮੈਂ ਉਹ ਅੱਖਾਂ ਹੋ ਜਾਵਾਂ
ਦਿਲ 'ਚ ਉਤਰ ਜਾਵਾਂ ਨਜ਼ਰਾਂ 'ਚ ਵਿਛ ਜਾਵਾਂ
ਮੈਂ ਘੁਲ ਜਾਵਾਂ ਆਪਣੇ ਆਪ 'ਚ

ਬਣ ਕੇ ਖ਼ੁਸ਼ੀ ਦਾ ਅੱਥਰੂ
ਅੱਖੀਆਂ 'ਚ ਡੁੱਲ੍ਹ ਜਾਵਾਂ

ਅੱਖਾਂ ਜੋ ਰੱਬ ਦੀ ਅਰਾਧਨਾ ਹਨ
ਸਿਮਰਨ ਤੇ ਪੂਜਾ ਦੇ ਚਿਰਾਗ਼ ਹਨ
ਬੰਦੇ ਦੇ ਮੂੰਹ 'ਤੇ ਝਾਕਦੇ
ਦਿਲ ਦੇ ਅਹਿਸਾਸ ਹਨ '
ਜੋ ਖ਼ੁਸ਼ੀਆਂ 'ਚ ਹੱਸਦੇ ਨੇ
ਗ਼ਮਾਂ 'ਚ ਧੁਖਦੇ ਨੇ
ਬੰਦੇ ਦੇ ਮਸਤਕ 'ਚ ਸੂਰਜ ਬਣ ਕੇ ਉੱਗਦੇ ਨੇ
ਬੰਦੇ ਦੇ ਨੈਣਾਂ 'ਚ ਖਿੜਦੇ ਨੇ
ਦਿਲ 'ਚੋਂ ਪੁੰਗਰਦੇ ਨੇ

ਜਦ ਬੰਦੇ ਦਾ ਕਲੇਜਾ ਰੁੱਗ ਭਰ ਕੇ ਕੱਢਦੇ ਨੇ
ਆਪਣਾ ਆਗਾਜ਼ ਦੱਸਦੇ ਨੇ
ਬੰਦੇ ਦਾ ਹਸ਼ਰ ਦੱਸਦੇ ਨੇ
ਫਿਰ ਮਹੀਂਵਾਲ ਕੋਈ ਪੱਟ ਚੀਰ ਕੇ
ਖੁਆਂਦਾ ਹੈ ਨੈਣਾਂ ਨੂੰ
ਫਿਰ ਕੋਈ ਸਾਹਿਬਾਂ
ਆਪਣਾ ਪਿਆਰ ਕੁਰਬਾਨ ਕਰਦੀ ਹੈ
ਮੋਹ ਭੀ ਮਾਇਆ ਦਾ
ਖਾ ਜਾਂਦਾ ਹੈ ਨੈਣਾਂ ਨੂੰ
*

## ਪੁਸਤਕ

ਪੁਸਤਕ ਦੇ ਪਹਿਲੇ ਸਫ਼ੇ ਤੋਂ
ਜਦ ਅੰਤਲੇ ਤਕ ਅੱਪੜਿਆ
ਤਾਂ ਮੇਰੇ 'ਚ ਰੌਸ਼ਨੀ ਹੋਈ
ਮੇਰਾ ਅੰਦਰ ਚਾਨਣ ਨਾਲ ਭਰਿਆ
ਮੈਂ ਜ਼ਿੰਦਗੀ ਦਾ ਹਨ੍ਹੇਰ ਤਰਿਆ
ਮੈਂ ਆਪਣੇ ਆਪ ਨਾਲ ਤੁਰਿਆ
ਆਪਣੇ ਅੰਦਰਲੇ ਚਾਨਣ ਵੱਲ ਮੁੜਿਆ
ਖ਼ੁਸ਼ਬੂਆਂ ਰੰਗ ਤੇ ਖ਼ੁਸ਼ੀਆਂ
ਆਪਣੀ ਜ਼ਿੰਦਗੀ 'ਚ ਉਤਾਰੀਆਂ
ਜੀਵਨ ਦਾ ਪ੍ਰਯੋਜਨ ਸਮਝਿਆ
ਆਪਣੀਆਂ ਤਪਦੀਆਂ ਰਾਹਾਂ
ਚਾਨਣ 'ਚ ਠਾਰੀਆਂ

ਪੁਸਤਕ ਦਾ ਚਾਨਣ ਮੇਰੀ ਜ਼ਿੰਦਗੀ 'ਚ
ਰੌਣਕ ਸੁੱਖ ਸ਼ਾਂਤੀ ਦੀਆਂ
ਕਿਰਨਾਂ ਖਲੇਰ ਗਿਆ
ਆਲਸ ਦਲਿਦਰ ਤੇ ਅਵੇਸਲਾਪਣ
ਮੇਰੀ ਦੇਹ 'ਚੋਂ ਨਿਚੋੜ ਗਿਆ
ਮੇਰਾ ਜੀਵਨ ਮੰਜ਼ਲਾਂ ਗਤੀਆਂ
ਰਾਹਾਂ ਨਾਲ ਜੋੜ ਗਿਆ

ਮੇਰੇ ਅੰਦਰ ਪੁਸਤਕ ਦਾ ਅੱਖਰ ਅੱਖਰ
ਸਤਰ ਸਤਰ ਜਗਦੀ ਹੈ
ਜ਼ਿੰਦਗੀ ਸੱਚੀ ਸੁੱਚੀ ਤੇ ਸੁੰਦਰ ਲੱਗਦੀ ਹੈ
ਮੈਂ ਆਪਣੇ ਚਾਨਣ 'ਚ ਜਦ ਵੀ ਤੁਰਿਆ ਹਾਂ
ਮਾਨਵਤਾ ਦੇ ਨਾਲ ਜੁੜਿਆ ਹਾਂ
ਆਪਣੀ ਹੋਂਦ ਦਾ ਸੱਚ ਪਾਇਆ ਹੈ
ਨਿਮਰਤਾ ਕਲਿਆਣ ਤਿਆਗ ਤੇ
ਸਰਬ-ਸੰਤੋਖ ਦੇ ਫੁੱਲ

ਮੇਰੀ ਦੇਹ 'ਚ ਖਿੜੇ ਹਨ
ਰੁੱਖ ਜੰਗਲ ਨੂੰ ਮਿਲਿਆ ਹੈ
ਜੰਗਲ ਪ੍ਰਕਿਰਤੀ 'ਚ ਰਲਿਆ ਹੈ
ਮੇਰੇ ਅੰਦਰ ਪੁਸਤਕ ਦਾ ਦੀਵਾ
ਜੋ ਬੋਲਿਆ ਹੈ
ਮੇਰੀ ਦੇਹ ਮੇਰੀ ਮਾਨਸਿਕਤਾ ਨੂੰ
ਚਾਨਣ ਨਾਲ ਭਰਿਆ ਹੈ

ਹੁਣ
ਮੈਂ ਆਪਣੀਆਂ ਆਂਦਰਾਂ ਨਾਲ ਖਲੋਂਦਾ ਹੀ ਨਹੀਂ
ਸਗੋਂ ਤੁਰਦਾ ਹਾਂ
ਕਿ ਭਵਿੱਖ 'ਚ ਕਿਧਰੇ ਉਹ ਰਾਹ ਭੁੱਲ ਨਾ ਜਾਣ
ਖਿੱਲਰ ਨਾ ਜਾਣ ਭੁਰ ਨਾ ਜਾਣ ਡੁੱਲ੍ਹ ਨਾ ਜਾਣ
ਆਪਣਾ ਭਵਿੱਖ ਸੰਭਾਲਣ ਦਾ ਗਿਆਨ
ਮੈਂ ਇਸ ਪੁਸਤਕ 'ਚੋਂ ਪਾਇਆ ਹੈ
ਇਸ ਪੁਸਤਕ ਨੇ ਮੇਰੀ ਦ੍ਰਿਸ਼ਟੀ ਤੇ ਸ੍ਰਿਸ਼ਟੀ 'ਚ
ਕਾਫ਼ਲਾ ਸੂਰਜਾਂ ਦਾ ਉਗਾਇਆ ਹੈ

ਇਹ ਪੁਸਤਕ ਨਿਰਾ ਕਾਗ਼ਜ਼ ਸ਼ਬਦ ਅਰਥ ਨਹੀਂ
ਜੀਵਨ ਜਿਉਣ ਦਾ
ਇਸ 'ਚ ਚਾਨਣ ਸਮਾਇਆ ਹੈ
ਇਹ ਜੀਵਨ ਦਾ ਸੋਮਾ ਹੈ
ਗਿਆਨ ਦਾ ਚਸ਼ਮਾ ਹੈ
ਸਿਆਣਪ ਦਾ ਝਰਨਾ ਹੈ
ਜਿਸਮ ਦਾ ਚਾਨਣ ਹੈ ਰੂਹ ਦਾ ਨਗਮ ਹੈ
*

## ਪਾਣੀ

ਪਾਣੀ ਕੋਈ ਰੂਪ ਨਹੀਂ ਤੇਰਾ
ਕੋਈ ਰੰਗ ਨਹੀਂ ਤੇਰਾ
ਤੂੰ ਜਿਸ ਵੀ ਬਰਤਨ 'ਚ ਪੈਂਦਾ ਹੈਂ
ਉਹੀ ਬਰਤਨ ਦਾ ਰੂਪ ਤੇ ਸ਼ਕਲ ਧਾਰ ਲੈਂਦਾ ਹੈਂ
ਤੂੰ ਆਪਣੇ ਆਪ ਨੂੰ
ਦੂਜੇ ਦੀ ਸੋਚਣੀ ਮੁਤਾਬਕ ਢਾਲ ਲੈਂਦਾ ਹੈਂ
ਸਮੁੰਦਰ 'ਚ ਸਮੁੰਦਰ ਦਾ ਰੂਪ ਹੈਂ
ਦਰਿਆਵਾਂ 'ਚ ਦਰਿਆਵਾਂ ਦਾ ਸਰੂਪ ਹੈਂ
ਬੱਦਲ 'ਚ ਬੱਦਲ ਹੈਂ
ਬੂੰਦ 'ਚ ਬੂੰਦ ਦਾ ਆਕਾਰ ਹੈਂ

ਜੀਵਨ ਜਿਉਣ ਦਾ ਇੰਨਾ ਉਚੇਰਾ
ਤੇ ਉੱਤਮ ਢੰਗ ਤੂੰ ਕਿਥੋਂ ਸਿੱਖਿਆ ਹੈ
ਪ੍ਰਕਿਰਤੀ 'ਚ ਪ੍ਰਕਿਰਤੀ ਹੈਂ ਤੂੰ
ਜੰਗਲ 'ਚ ਜੰਗਲ ਹੈਂ ਤੂੰ
ਪਹਾੜ 'ਚ ਪਹਾੜੀ ਚਸ਼ਮਿਆਂ
ਝਰਨਿਆਂ ਦੀ ਨੁਹਾਰ ਹੈਂ
ਅੱਖਾਂ 'ਚ ਨਜ਼ਰ ਹੈਂ
ਨਜ਼ਰ 'ਚ ਦਿਸਹੱਦਿਆਂ ਤੋਂ ਪਾਰ ਹੈਂ

ਧਰਤੀ ਤੇ ਅੰਨ ਉਤਪਤੀ ਦਾ ਮੂਲ ਹੈਂ
ਅੰਬਰ 'ਚ ਵਰਖਾ ਦਾ ਰੂਪ ਹੈਂ
ਕੋਈ ਰੰਗ ਨਹੀਂ ਜ਼ਾਤ ਨਹੀਂ ਧਰਮ ਨਹੀਂ ਤੇਰਾ
ਕੁਦਰਤ ਹੀ ਤੇਰੀ ਜ਼ਾਤ ਹੈ ਤੇਰਾ ਧਰਮ ਹੈ
ਕੁਦਰਤ ਵਿਚ ਹਰਿਆਵਲ ਬੀਜਣਾ
ਹੀ ਤੇਰਾ ਕਰਮ ਹੈਂ

ਮਨੁੱਖਤਾ ਤੋਂ ਮਨੁੱਖ 'ਚ
ਮਨੁੱਖ ਤੋਂ ਮਨੁੱਖਤਾ 'ਚ ਫੈਲਿਆ ਹੈਂ ਤੂੰ

ਅੰਬਰਾਂ ਧਰਤੀਆਂ ਵਿਚਾਲੇ ਰਹਿ ਰਿਹਾ ਹੈਂ ਤੂੰ
ਧਰਤੀ ਦਾ ਮੈਲਾ ਪੂੰਝਦਾ ਹੈਂ ਤੂੰ
ਅੰਬਰ ਦਾ ਮੂੰਹ ਧੋਂਦਾ ਹੈਂ
ਜ਼ਿੰਦਗੀ ਨੂੰ ਜੀਵਨ ਬਖ਼ਸ਼ਦਾ ਹੈਂ
ਜੀਵਨ ਦਾ ਪ੍ਰਾਣ ਹੈਂ ਤੂੰ

ਨਿਮਰਤਾ ਸ਼ੁੱਧਤਾ ਸੱਚ
ਤੇ ਸੁੰਦਰਤਾ ਦਾ ਪ੍ਰਮਾਣ ਹੈਂ ਤੂੰ
ਏਨੀ ਹਲੀਮੀ ਰਹਿਮਦਿਲੀ
ਤੇ ਕਲਿਆਣ ਦੇ ਅੰਕੁਰ ਤੇਰੇ 'ਚ ਕਿੱਥੋਂ ਆਏ ਹਨ
ਤੇਰੀ ਦੇਹ ਤੇਰੀ ਸੋਚ 'ਚ
ਇਹ ਕਿੰਜ ਸਮਾਏ ਹਨ

ਮੈਂ ਪਾਣੀ
ਧਰਤੀ ਤੋਂ ਭਾਫ਼ ਬਣ ਕੇ ਉੱਠਦਾ ਹਾਂ
ਧਰਤੀ ਤੋਂ ਅੰਬਰ ਤਕ ਦਾ ਸਫ਼ਰ ਕਰਦਾ ਹਾਂ
ਧਰਤੀ ਦੀ ਗੋਦ ਜਿਉਂਦਾ ਹਾਂ
ਨਸ ਨਸ 'ਚ ਵਸਦਾ ਹਾਂ
ਧਰਤੀ ਦੀ ਉਤਪਤੀ ਵਿਕਾਸ ਤੇ ਆਕਾਰ 'ਚ ਰਹਿੰਦਾ ਹਾਂ
ਧਰਤੀ ਤੋਂ ਜਿਉਣ ਦੇ ਢੰਗ ਸਿੱਖਦਾ ਹਾਂ
ਅੰਬਰ 'ਚ ਵਿਚਰਦਾ ਹਾਂ

ਬੋਧ ਬੁੱਧ ਤੇ ਚੇਤਨਤਾ
ਅੰਬਰ ਦੇ ਮਦਰੱਸੇ ਦੀ ਦੇਣ ਹੈ
ਅੰਬਰ ਦੀ ਉਚਾਈ 'ਚ ਉਤਰਦਾ ਹਾਂ
ਅੰਬਰ ਦੇ ਪਿੰਡੇ 'ਚ ਤੁਰਦਾ ਹਾਂ
ਅੰਬਰ ਚੰਨਾਂ ਸੂਰਜਾਂ ਤਾਰਿਆਂ ਦੀ ਲੋਅ
ਧਰਤੀ 'ਤੇ ਉਤਾਰਦਾ ਹੈ
ਸੁਚੱਜੇ ਜੀਵਨ ਜਿਉਣ ਦੇ ਦੀਵੇ
ਮੇਰੇ ਮਸਤਕ 'ਚ ਬਾਲਦਾ ਹੈ

ਮੈਂ ਭਾਫ਼ ਤੋਂ ਬੱਦਲ ਬਣ ਕੇ ਜਨਮਦਾ ਹਾਂ
ਤਪਦੀ ਧਰਤੀ 'ਤੇ ਵਰ੍ਹਦਾ ਹਾਂ
ਅੰਬਰ ਦਾ ਪਰ ਉਪਕਾਰੀ ਸਰੂਪ ਹੈ
ਧਰਤੀ ਉਤਪਤੀ ਦਾ ਰੂਪ ਹੈ
ਮੇਰੀ ਦੇਹ 'ਚ ਧਰਤੀ ਵੀ ਹੈ ਅੰਬਰ ਵੀ ਹੈ
ਹਲੀਮੀ ਰਹਿਮਦਿਲੀ ਤੇ ਕਲਿਆਣ ਦੇ ਅੰਕੁਰ
ਅੰਬਰ ਤੇ ਧਰਤੀ ਨੇ ਮੇਰੇ 'ਚ ਉਗਾਏ ਹਨ
ਜਿਉਣ ਦੇ ਢੰਗ ਧਰਤੀ ਤੋਂ ਅੰਬਰ ਦੇ
ਸਫ਼ਰ ਨੇ ਸਿਖਾਏ ਹਨ

ਜੇ ਧਰਤੀ ਜਨਮਦਾਤੀ ਹੈ
ਤਾਂ ਅੰਬਰ ਵਿਸ਼ਵ ਵਿਦਿਆਲਾ ਹੈ
ਗਿਆਨ ਦਾ ਭੰਡਾਰ ਹੈ ਉਜਾਲਾ ਹੈ
ਧਰਤੀ 'ਚੋਂ ਜਨਮਦਾ ਹਾਂ
ਗਿਆਨ ਅੰਬਰ ਤੋਂ ਪਾਉਂਦਾ ਹਾਂ
ਭਾਫ਼ ਬਣ ਕੇ ਅੰਬਰ ਤੋਂ ਧਰਤੀ 'ਤੇ ਵਰ੍ਹ ਜਾਂਦਾ ਹਾਂ
*

## ਪਿੰਡ

ਪਿੰਡ ਦੀਆਂ ਜੜ੍ਹਾਂ 'ਚ ਪਿੰਡ ਹੈ
ਪਿੰਡ ਦੇ ਮਸਤਕ 'ਚ ਸ਼ਹਿਰ ਹੈ
ਸ਼ਹਿਰ ਦੀ ਲਿਸ਼ਕ ਪੁਸ਼ਕ ਹਸਲ ਬਸਲ
ਤੇ ਸ਼ਹਿਰ ਦੀਆਂ ਰੰਗੀਨੀਆਂ ਦੀ
ਪਿੰਡ ਨੂੰ ਪਿਆਸ ਹੈ
ਪਿੰਡ ਦੇ ਪਿੰਡੇ 'ਚ ਸ਼ਹਿਰ ਦਾ ਵਿਕਾਸ ਹੈ

ਸ਼ਹਿਰ ਪਿੰਡ ਦੇ ਚਿਹਰੇ 'ਚ ਉਤਰੇਗਾ
ਤੇ ਜੜ੍ਹ ਤਕ ਅੱਪੜ ਜਾਵੇਗਾ
ਪਿੰਡ ਬਨਵਾਸੀ ਹੋ ਜਾਏਗਾ
ਆਪਣੇ ਘਰ 'ਚ ਬੈਠਾ ਹੀ ਪਰਵਾਸੀ ਹੋ ਜਾਏਗਾ

ਬਨਵਾਸ ਤੋਂ ਪਿੰਡ ਨਹੀਂ
ਪਿੰਡ ਦੀ ਲਾਸ਼ ਪਰਤੇਗੀ
ਜੋ ਸ਼ਹਿਰੋਂ ਬਾਹਰ ਦਫ਼ਨਾਈ ਜਾਏਗੀ
ਸ਼ਹਿਰ ਦੀ ਕਥਾ ਜਦ ਕੋਈ
ਪਿੰਡ ਨੂੰ ਸੁਣਾਏਗਾ
ਪਿੰਡ ਦੀਆਂ ਅੱਖਾਂ 'ਚੋਂ ਬੱਦਲ ਵਰਸ ਜਾਏਗਾ
ਪਿੰਡ ਦੀ ਕਥਾ ਜਦ ਸ਼ਹਿਰ ਸੁਣੇਗਾ
ਤੇ ਪਿੰਡ ਦੇ ਭੋਲੇਪਣ 'ਤੇ ਹੱਸੇਗਾ
ਸ਼ਹਿਰ ਜਦ ਪਿੰਡ ਦੀ ਨਸ ਨਸ 'ਚ ਵੱਸੇਗਾ
*

## ਰੁੱਖ

ਰੁੱਖ ਉਦਾਸ ਹੈ ਇਕੱਲਾ ਹੈ
ਸੰਗਤ ਵਿਹੂਣਾ ਹੈ
ਰੁੱਖ 'ਚੋਂ ਰੁੱਖ ਬੋਲਦਾ ਹੈ
ਰੁੱਖ ਦੇ ਸੱਚ ਦਾ ਭੇਦ ਖੋਲ੍ਹਦਾ ਹੈ
ਤੂੰ ਉਦਾਸ ਨਾ ਹੋ
ਤੂੰ ਇਕੱਲਾ ਨਹੀਂ ਸੰਗਤ ਵਿਹੂਣਾ ਨਹੀਂ

ਤੇਰੇ ਫੁੱਲਾਂ 'ਚ ਜਿੰਨੇ ਬੀਜ ਹਨ
ਉਨ੍ਹਾਂ 'ਚ ਤਾਰਿਆਂ
ਤੇ ਰੇਤ ਦੇ ਜ਼ੱਰਿਆਂ ਜਿੰਨੇ ਜੰਗਲ ਸਮਾਏ ਹਨ
ਤੂੰ ਜੰਗਲ 'ਚ ਨਹੀਂ
ਤੇਰੇ ਦੁਆਲੇ ਜੰਗਲਾਂ ਦੇ ਸਿਰ ਉੱਗ ਆਏ ਹਨ
ਤੇਰੇ ਬੀਜ ਤੇਰੇ 'ਚੋਂ ਜੰਗਲ ਬਣ ਕੇ
ਉੱਗ ਆਏ ਹਨ

ਹੁਣ ਰੁੱਖ ਜੰਗਲ 'ਚ ਵਿਚਰਦਾ ਹੈ
ਰੁੱਖਾਂ ਨੂੰ ਮਿਲਦਾ ਹੈ
ਆਪਣਾ ਸੱਚ ਜਾਣਦਾ ਹੈ
ਚਿਹਰਾ ਪਹਿਚਾਣਦਾ ਹੈ
ਬੀਜ 'ਚੋਂ ਆਪਣਾ ਅਕਸ ਵੇਖਦਾ ਹੈ
ਸਦਾ ਜਿਉਣ ਦਾ ਨਿੱਘ ਸੇਕਦਾ ਹੈ
*

# ਪੇਟ

ਮਾਂ ਆਪਣੇ ਪੇਟ 'ਤੇ ਹੱਥ ਫੇਰਦੀ ਹੈ
ਗਰਭ ਵਿਚਲੀ ਜਾਨ ਨੂੰ
ਆਪਣੀ ਉਂਗਲੀ ਫੜਾਉਂਦੀ ਹੈ
ਆਪਣੇ ਭੂਤ ਵਰਤਮਾਨ ਤੇ ਭਵਿੱਖ 'ਚ ਲੈ ਜਾਂਦੀ ਹੈ
ਆਪਣਾ ਅੰਦਰ ਵਿਖਾਉਂਦੀ ਹੈ
ਮਾਂ ਧੀ 'ਚ ਧੀ ਮਾਂ 'ਚ ਉਤਰ ਜਾਂਦੀ ਹੈ

ਮਾਂ ਆਪਣਾ ਬੁੱਢਾ ਤੇ ਪੁਰਾਣਾ ਸੂਰਜ
ਧੀ ਦੀ ਤਖ਼ਤੀ 'ਤੇ ਲਿਖਦੀ ਹੈ
ਧੀ ਨਵਜੰਮੇ ਸੂਰਜ ਦੀਆਂ ਕਿਰਨਾਂ
ਮਾਂ ਦੇ ਮਸਤਕ 'ਚ ਧਰਦੀ ਹੈ

ਮਾਂ ਦਾ ਜਿਸਮ ਹੰਗਾਲਿਆ ਜਾਂਦਾ ਹੈ
ਹੰਗਾਲੇ ਜਿਸਮ 'ਚ
ਝੂਠ ਦਾ ਝੂਠ ਸੱਚ ਦਾ ਸੱਚ ਨਿਤਰਦਾ ਹੈ
ਮਾਂ ਦੀਆਂ ਅੱਖਾਂ 'ਚੋਂ
ਹੰਗਾਲੇ ਜਿਸਮ ਦਾ ਮੈਲਾ ਜਿਹਾ ਅੱਥਰੂ ਡਿੱਗਦਾ ਹੈ
ਗਰਭ 'ਚ ਧੀ ਦੀ ਧੁੰਨੀ 'ਚ ਠਹਿਰਦਾ ਹੈ

ਧੀ ਦਾ ਕੰਠ ਪੁਕਾਰਦਾ ਹੈ
ਬੁੱਢੇ ਤੇ ਪੁਰਾਣੇ ਸੂਰਜ ਦੇ ਸਾਏ 'ਚ
ਮੈਂ ਰਹਿ ਨਹੀਂ ਸਕਦੀ—ਮੈਂ ਜੀਅ ਨਹੀਂ ਸਕਦੀ
ਮਾਂ!
ਇਹ ਜ਼ਹਿਰ ਜੋ ਤੂੰ ਸਾਰੀ ਉਮਰ ਪੀਤਾ ਹੈ
ਮੇਰੇ ਅੰਦਰ ਦੀ ਔਰਤ ਪੀ ਨਹੀਂ ਸਕਦੀ
*

## ਕਿੱਲੀ

ਕਿੱਲੀ 'ਤੇ ਸ਼ੇਰ ਦਾ ਸਿਰ
ਮੋਰ ਦੇ ਖੰਭਾਂ ਦਾ ਚੌਰ
ਤੇ ਮਿੱਟੀ ਦਾ ਤੋਤਾ ਟੰਗਿਆ ਹੈ
ਬਾਪੂ ਦੀ ਪੱਗ
ਮਾਂ ਦੀ ਟਾਕੀ ਲੱਗ ਸਲਵਾਰ ਟੰਗੀ ਹੈ
ਅਮਨ ਟੰਗਿਆ ਹੈ ਤਲਵਾਰ ਟੰਗੀ ਹੈ

ਕਿੱਲੀ
ਸ਼ੇਰ ਦੇ ਡਰ ਤੋਂ ਮੋਰ ਦੀ ਸੁੰਦਰਤਾ
ਤੇ ਤੋਤੇ ਦੇ ਬੋਲਾਂ ਤੋਂ ਜਾਣੂ ਹੈ
ਬਾਪੂ ਦੀ ਪੱਗ 'ਚ ਇੱਜ਼ਤ ਦਾ ਭਾਰ
ਮਾਂ ਦੀ ਟਾਕੀਆਂ ਲੱਗੀ ਸਲਵਾਰ ਦਾ ਵਜੂਦ
ਕਿੱਲੀ ਦੇ ਲਹੂ 'ਚ ਦੌੜਦਾ ਹੈ -
ਸਾਹਾਂ 'ਚ ਜਿਉਂਦਾ ਹੈ

ਇੰਨਾ ਕੁਝ ਜਿਉਂਦੀ ਵੀ ਕਿੱਲੀ
ਸ਼ੇਰ ਦੇ ਡਰ, ਮੋਰ ਦੀ ਸੁੰਦਰਤਾ ਤੇ
ਤੋਤੇ ਦੇ ਬੋਲਾਂ ਦੀ ਅਸਚਰਜਤਾ 'ਚ
ਚਲਾਏਮਾਨ ਨਹੀਂ ਹੁੰਦੀ
ਬਾਪੂ ਦੀ ਪੱਗ ਮਾਂ ਦੀ ਸਲਵਾਰ ਦੇ ਆਕਾਰ 'ਚ
ਵਹਿੰਦੀ ਨਹੀਂ ਸਥਿਰ ਰਹਿੰਦੀ ਹੈ
ਆਪਣੀ ਹੋਂਦ ਦੇ ਸੱਚ 'ਚ
ਇਹ ਸਭ ਕੁਝ ਉਤਾਰਦੀ ਨਹੀਂ
ਕੰਵਲ ਵਾਂਗ ਨਿਰਲੇਪ ਹੈ
ਅਡੋਲਤਾ ਦੀ ਮੂਰਤ ਹੈ
ਰੱਬੀ ਬਾਣੀ ਦਾ ਸਿਰਲੇਖ ਹੈ

ਕਿੱਲੀ ਕੰਧਾਂ ਤੋਂ ਕੰਧਾਂ ਤਕ ਤੁਰਦੀ ਹੈ
ਕਿੱਲੀ ਦੀ ਸੰਦਲੀ ਦੇਹ ਭੁਰਦੀ ਹੈ ਧੁਖਦੀ ਹੈ

ਕਿੱਲੀ ਧੁਖਦੀ ਵੀ
ਆਪਣੀ ਖ਼ੁਸ਼ਬੂ ਖਿਲਾਰਦੀ ਹੈ
ਤੁਰਦੀ ਵੀ ਆਪਣਾ ਚਾਨਣ ਬਿਖੇਰਦੀ ਹੈ

ਕਿੱਲੀ ਆਪਣੇ ਮੋਢਿਆਂ 'ਤੇ
ਕੌਲੀਆਂ ਛੰਨਿਆਂ ਗਲਾਸਾਂ ਥਾਲਾਂ 'ਤੇ
ਪੜਛੱਤੀ ਦਾ ਭਾਰ ਉਠਾਈ ਫਿਰਦੀ ਹੈ
ਆਪਣੇ ਸਿਰ 'ਤੇ
ਗੀਤਾ ਗ੍ਰੰਥ ਰਮਾਇਣ ਟਿਕਾਈ ਫਿਰਦੀ ਹੈ
ਰੱਬ ਤੋਂ ਵਸਤੂ ਸੰਸਾਰ ਤਕ ਨੂੰ
ਕਿੱਲੀ ਦਾ ਆਸਰਾ ਹੈ
ਪਰ ਕਿੱਲੀ ਖ਼ੁਦ ਕਿਸੇ 'ਤੇ ਬੋਝ ਨਹੀਂ
ਕਲਿਆਣ ਸਬਰ ਤੇ ਤਿਆਗ ਦਾ ਸਰੂਪ ਹੈ
ਕਿੱਲੀ ਆਪਣੇ ਆਪ 'ਚ
ਰੱਬ ਦਾ ਰੂਪ ਹੈ

ਕਿੱਲੀ ਦੀ ਹੋਂਦ
ਕਿੱਲੀ ਦੀ ਆਪਣੀ ਸ਼ਕਤੀ ਹੈ
ਕਿੱਲੀ ਦਾ ਆਪਣਾ ਸੱਚ ਹੈ
ਆਪਣੀ ਹਸਤੀ ਹੈ
ਕਿੱਲੀ ਦੀ ਹੋਂਦ ਨਾ ਜਨਮ ਦੀ ਨਾ ਮਰਨ ਦੀ ਮੁਥਾਜ਼ ਹੈ
ਕਿੱਲੀ ਸੱਚ ਦੀ ਉਮੀਦ ਹੈ
ਸ਼ਕਤੀ ਦਾ ਨਿਰੰਤਰ ਅਹਿਸਾਸ ਹੈ

ਕਿੱਲੀ 'ਤੇ ਸ਼ੇਰ ਦਾ ਸਿਰ
ਮੋਰ ਦੇ ਖੰਭਾਂ ਦਾ ਚੌਰ
ਤੇ ਮਿੱਟੀ ਦਾ ਤੋਤਾ ਟੰਗਿਆ ਹੈ
ਬਾਪੂ ਦੀ ਪੱਗ
ਮਾਂ ਦੀ ਟਾਕੀਆਂ ਲੱਗੀ ਸਲਵਾਰ ਟੰਗੀ ਹੈ
ਅਮਨ ਟੰਗਿਆ ਹੈ ਤਲਵਾਰ ਟੰਗੀ ਹੈ

*

## ਕਾਨੀ

ਮੈਂ ਕਾਨੀ ਹਾਂ
ਆਪਣੇ ਇਲਮ ਦੀ ਦੀਵਾਨੀ ਹਾਂ
ਮੈਂ ਲਿਖਦੀ ਹਾਂ ਤਕਦੀਰਾਂ ਬਦਲਦੀ ਹਾਂ
ਮੈਂ ਜੇ ਪੱਥਰ 'ਚ ਉਤਰਾਂ
ਪੱਥਰ ਤੁਰਨਾ ਸਿੱਖਦੇ ਹਨ ਤੱਕਣਾ ਸਿੱਖਦੇ ਹਨ
ਪਹਾੜਾਂ ਤੋਂ ਉਤਰਨਾ ਤੇ ਚੜ੍ਹਨਾ ਸਿੱਖਦੇ ਹਨ
ਜਿਸ ਖ਼ੂਨ 'ਚ ਉਤਰਦੀ ਹਾਂ
ਸੂਲੀ 'ਤੇ ਚੜ੍ਹਦਾ ਹੈ
ਹਕੂਮਤਾਂ ਜੜ੍ਹਾਂ ਤੋਂ ਉਖੇੜਦਾ ਹੈ
ਤਖ਼ਤੇ ਪਲਟਦਾ ਹੈ

ਮੈਂ ਵੇਦਾਂ ਸ਼ਾਸਤਰਾਂ ਗ੍ਰੰਥਾਂ ਦੀ ਸਿਰਜਕ ਹਾਂ
ਵਿਦਿਆ ਦਾ ਭੰਡਾਰ ਹਾਂ
ਵਿਦਿਆ ਦੀ ਰੂਹ ਦਾ ਉਤਾਰਾ ਹਾਂ
ਬ੍ਰਹਿਮੰਡਾਂ ਤਾਰਿਕਾ ਮੰਡਲਾਂ ਆਕਾਸ਼ਾਂ
ਧਰਤੀਆਂ ਤੇ ਪਾਤਾਲਾਂ 'ਚ ਮੇਰਾ ਹੀ ਡੇਰਾ ਹੈ
ਮੈਂ ਕੁਦਰਤ ਦਾ ਰੂਪ ਹਾਂ ਕਰਤਾ ਦਾ ਵਸੇਰਾ ਹਾਂ

ਮੇਰਾ ਨੂਰ
ਜਿਸ ਖ਼ੂਨ 'ਚ ਉਤਰਦਾ ਹੈ
ਉਹ ਖ਼ੂਨ ਸਿਰ ਤਲੀ 'ਤੇ ਧਰਦਾ ਹੈ
ਤੱਤੀਆਂ ਤਵੀਆਂ 'ਤੇ ਬਹਿੰਦਾ ਹੈ
ਦੇਗ਼ਾਂ 'ਚ ਉਬਲਦਾ ਹੈ
ਆਰਿਆਂ ਨਾਲ ਆਪਣਾ ਸੀਸ ਚਿਰਵਾਉਂਦਾ ਹੈ
ਖੋਪਰੀਆਂ ਲੁਹਾਉਂਦਾ ਹੈ
ਆਪਣੇ ਆਪ ਨੂੰ
ਨੀਹਾਂ 'ਚ ਚਿਣਾਉਂਦਾ ਹੈ
ਦਿੱਲੀ 'ਚ ਸੀਸ ਦਿੰਦਾ ਹੈ
ਚਮਕੌਰ 'ਚ ਸ਼ਹੀਦੀਆਂ ਪਾਉਂਦਾ ਹੈ

ਸਰਬੰਸ ਵਾਰ ਦਿੰਦਾ ਹੈ
ਮਨੁੱਖਤਾ ਦੇ ਪੈਰਾਂ 'ਚੋਂ
ਗੁਲਾਮੀ ਦੀਆਂ ਜ਼ੰਜੀਰਾਂ ਉਤਾਰ ਦਿੰਦਾ ਹੈ

ਮੇਰਾ ਜਿਸਮ ਸਸਤਾ ਹੈ
ਮੇਰੀ ਸੋਚ ਮਹਿੰਗੀ ਹੈ
ਮੈਂ ਸਿਰਫ਼ ਕਾਨੀ ਹੀ ਨਹੀਂ
ਮਨੁੱਖ ਤੇ ਕਰਤਾ ਦੇ ਰਹੱਸ ਦਾ ਖੁਲਾਸਾ ਹਾਂ
ਮੈਂ ਮਨੁੱਖ ਦੇ ਸੱਚ ਵਿਚਲਾ ਦਰਵਾਜ਼ਾ ਹਾਂ
ਜਦ ਖੁੱਲ੍ਹਦਾ ਹਾਂ ਤਾਂ
ਮਨੁੱਖ ਨੂੰ ਨੂਰੋ ਨੂਰ ਕਰਦਾ ਹਾਂ
ਸੈਂਕੜੇ ਸੂਰਜਾਂ ਦੇ ਕਾਫ਼ਲੇ
ਮਨੁੱਖ ਦੇ ਮਸਤਕ 'ਚ ਧਰਦਾ ਹਾਂ
ਨੂਰ ਹੋਇਆ ਮਨੁੱਖ
ਨੂਰ ਦੇ ਹਜ਼ੂਰ ਹੋ ਜਾਂਦਾ ਹੈ
ਆਪਣੇ ਸੱਚ 'ਚ ਉਤਰਦਾ ਹੈ
ਕੁਫ਼ਰ ਤੋਂ ਦੂਰ ਹੋ ਜਾਂਦਾ ਹੈ

ਮੈਂ ਸੰਤ ਵੀ ਹਾਂ ਸਿਪਾਹੀ ਵੀ ਹਾਂ
ਨਿਰਭਉ ਵੀ ਹਾਂ ਨਿਰਵੈਰ ਵੀ ਹਾਂ
ਰਾਜਾ ਵੀ ਹਾਂ ਰੰਕ ਵੀ ਹਾਂ
ਕਾਸਾ ਵੀ ਹਾਂ ਖ਼ੈਰ ਵੀ ਹਾਂ
ਮੈਂ ਸਿੱਧਾਂ ਜੋਗੀਆਂ ਦਾ ਜੋਗ ਹਾਂ
ਗ੍ਰਿਹਸਥੀਆਂ ਦੇ ਗ੍ਰਿਹਸਥ ਦਾ ਭੋਗ ਹਾਂ
ਮੈਂ ਸੂਰਜਾਂ ਦੀ ਮਾਂ ਹਾਂ
ਗਿਆਨਾਂ ਦਾ ਗਿਆਨ ਹਾਂ

ਮੈਂ ਦਾਨਾਂ 'ਚੋਂ ਸਰਵ–ਉੱਤਮ ਦਾਨ ਹਾਂ
ਮੈਂ ਤੀਰਥਾਂ 'ਚ ਤੀਰਥਾਂ ਦਾ ਉੱਚ ਅਸਥਾਨ ਹਾਂ
ਜੋ ਮੇਰੇ ਚਾਨਣ 'ਚ ਇਸ਼ਨਾਨਿਆ
ਉਸ ਨੇ ਜਿਉਂਦੇ ਜੀਅ

ਆਪਣਾ ਸੱਚ ਜਾਣਿਆ
ਜੋ ਆਪਣਾ ਸੱਚ ਪਾ ਗਿਆ
ਜਿਉਣ ਮਰਨ ਦਾ ਚੱਕਰ ਮੁਕਾ ਗਿਆ

ਮੈਂ ਮਨੁੱਖੀ ਗਿਆਨ ਦਾ ਉਹ ਖ਼ਜ਼ਾਨਾ ਹਾਂ
ਜੋ ਚੁਰਾਇਆ ਜਾ ਨਹੀਂ ਸਕਦਾ
ਜੋ ਮਨੁੱਖ ਦੇ ਜਨਮ ਤੋਂ ਮਰਨ ਤਕ ਸਾਥ ਨਿਭਦਾ ਹੈ
ਗੁਆਇਆ ਜਾ ਨਹੀਂ ਸਕਦਾ
ਭੁਲਾਇਆ ਜਾ ਨਹੀਂ ਸਕਦਾ

ਮੈਂ ਮਨੁੱਖ ਦੇ ਮੱਥੇ ਦੀ ਉਹ ਲੋਅ ਹਾਂ
ਬ੍ਰਹਿਮੰਡਾਂ 'ਚ ਜਗਦੀ ਜੋ ਹਾਂ
ਮੈਂ ਬ੍ਰਹਿਮੰਡਾਂ ਦੀ ਜਿਸਮ ਹਾਂ ਜਾਨ ਹਾਂ
ਮੈਂ ਹੀ ਕਾਦਰ ਦਾ ਨੂਰ ਹਾਂ
ਮੈਂ ਹੀ ਕੁਦਰਤ ਦੇ ਪ੍ਰਾਣ ਹਾਂ
ਮੈਂ ਪੌਣ ਹਾਂ ਅਗਨ ਹਾਂ ਤੇਜ਼ ਹਾਂ
ਮੈਂ ਸਿਰਫ਼ ਫ਼ਾਨੀ ਨਹੀਂ
ਮੈਂ ਹਮੇਸ਼ਾ ਸਾਂ—ਹਮੇਸ਼ ਹਾਂ
*

## ਖੁਰਾ

ਖੁਰਾ ਬੇ–ਕੰਧਾ ਬੇ–ਛੱਤਾ
ਗੁਸਲਖ਼ਾਨਾ ਹੈ
ਖੁਰੇ ਦਾ ਫ਼ਰਸ਼
ਮੇਰੇ ਬਚਪਨ ਦਾ ਖਿਡਾਵਾ ਹੈ
ਮੇਰੇ ਬਚਪਨ ਦਾ ਜ਼ਮਾਨਾ ਹੈ
ਮੈਂ ਨੰਗ ਧੜੰਗਾ ਇਸ ਦੀ ਗੋਦ 'ਚ
ਖੇਡਦਾ ਨਹਾਉਂਦਾ ਆਪਾ ਠਾਰਦਾ ਸਾਂ
ਆਪਣਾ ਆਲਸ ਤੇ ਮੈਲਾ
ਇਸ 'ਚ ਉਤਾਰਦਾ ਸਾਂ

ਸੜਦੀ ਧੁੱਪ 'ਚ ਖੁਰੇ ਦਾ ਨਲਕਾ
ਮਾਂ ਜਿਹੀ ਠੰਡੀ ਛਾਂ
ਮੇਰੇ ਪਿੰਡੇ 'ਤੇ ਉਤਾਰਦਾ ਸੀ
ਕੁਦਰਤ 'ਚ ਪਹਾੜੀ ਝਰਨੇ ਦਾ ਰੂਪ ਧਾਰਦਾ ਸੀ
ਮੈਂ ਠਰਦਾ ਤਾਂ ਖੁਰਾ ਠਰਦਾ ਸੀ
ਮੈਂ ਤਪਦਾ ਤਾਂ ਖੁਰਾ ਤਪਦਾ ਸੀ
ਮੈਨੂੰ ਮੇਰੇ 'ਚ
ਖੁਰਾ ਜਿਉਂਦਾ ਲੱਗਦਾ ਸੀ
ਮੇਰਾ ਅਕਸ ਆਪਣੇ ਪਿੰਡੇ 'ਚ ਉਤਾਰਦਾ ਸੀ
ਆਪਣਾ ਵਜੂਦ ਮੇਰੇ 'ਚ ਢਾਲਦਾ ਸੀ

ਅੱਜ ਜਦੋਂ
ਆਪਣੇ ਅੰਤਮ ਦਿਨਾਂ 'ਚ
ਆਪਣੇ ਉਜੜੇ ਘਰ ਤੇ ਉਦਾਸ
ਵਿਹੜੇ 'ਚ ਆਇਆ ਹਾਂ
ਤਾਂ ਖੁਰੇ ਦੇ ਤਿੜਕੇ ਚਿਹਰੇ 'ਚੋਂ
ਮੇਰਾ ਬਚਪਨ ਝਾਕਦਾ ਹੈ
ਮੈਨੂੰ ਛੱਡ ਕੇ ਕਿੱਥੇ ਤੁਰ ਗਏ ਸਉ
ਅੱਖਾਂ 'ਚ ਅੱਥਰੂ ਭਰ ਕੇ ਆਖਦਾ ਹੈ

ਨਲਕਾ ਕਦੀ ਜੋ ਆਬਸ਼ਾਰ ਸੀ
ਹੱਥੀ ਬਿਨਾ ਜੰਗਾਲਿਆ ਤੇ ਬੌੜਾ ਹੋ ਗਿਆ ਸੀ
ਦੇਹ ਕਮਾਨ ਬਣ ਗਈ ਸੀ
ਘਰ ਦੀ ਬੇਰੌਣਕੀ
ਤੇ ਉਦਾਸੀ ਦਾ ਝੋਰਾ ਹੋ ਗਿਆ ਸੀ

ਬਚਪਨ ਤੋਂ
ਮੇਰੀ ਜੁਆਨੀ ਤੇ ਮੇਰਾ ਬੁਢਾਪਾ ਉੱਗਿਆ ਸੀ
ਉਹ ਬਚਪਨ
ਨਾ ਜੁਆਨੀ ਨਾ ਬੁਢਾਪੇ ਕੋਲ ਸੀ
ਖੁਰੇ ਦੇ ਚਿਹਰੇ 'ਚ ਜਿਉਂਦਾ ਸੀ
ਘਰ ਦੀ ਚੁੱਪ ਦਾ ਬੋਲ ਸੀ

ਖੁਰੇ ਦੀ ਅੱਖ ਮੈਨੂੰ ਝਾਕਦੀ ਤੇ ਆਖਦੀ—
ਅੰਤਮ ਦਿਨਾਂ 'ਚ ਤੂੰ ਇਥੇ ਪਰਤ ਆਇਆ ਹੈਂ
ਮੇਰੇ ਪਿੰਡੇ 'ਚ ਨਹਾਵੇਗਾ ਸ਼ੁੱਧ ਹੋ ਜਾਵੇਂਗਾ
ਜੀਵਨ ਦਾ ਸਫ਼ਰ ਮੁਕਾਵੇਂਗਾ
ਅਗਲੇ ਜਹਾਨ ਤੁਰ ਜਾਵੇਂਗਾ
ਤੂੰ ਪਤਾ ਨਹੀਂ ਫਿਰ ਆਵੇਂਗਾ
ਕਿ ਨਾ ਆਵੇਂਗਾ
ਮੈਂ ਤੇਰੇ
ਵਿਛੜਦੇ ਦਾ ਗ਼ਮ ਪੀ ਲਵਾਂਗਾ
ਮੈਂ ਤੇਰੇ ਬਚਪਨ ਦੇ ਸਹਾਰੇ ਜੀ ਲਵਾਂਗਾ
*

## ਸੜਕ

ਸੜਕ ਆਪਣਾ ਆਪ ਪਹਿਚਾਣਦੀ ਹੈ
ਆਪਣੀ ਹੋਂਦ ਦਾ ਸੱਚ ਜਾਣਦੀ ਹੈ
ਇਸ ਲਈ ਮੁਸਾਫ਼ਰਾਂ ਦੇ ਪੈਰਾਂ 'ਚ ਵਿਛੀ ਹੈ
ਅਮੀਰ ਗ਼ਰੀਬ ਚੋਰ ਸਾਧ ਉੱਚਾ ਨੀਵਾਂ
ਸਭ ਲਈ ਸੜਕ ਦੇ ਦੁਆਰ ਖੁੱਲ੍ਹੇ ਹਨ
ਸੜਕ ਹਵਾ ਦੀ ਨਿਰੰਤਰਤਾ ਹੈ
ਸੜਕਾਂ ਦੇ ਪਿੰਡੇ 'ਚ ਹਵਾ ਦੇ ਆਜ਼ਾਦ ਬੁੱਲ੍ਹੇ ਹਨ

ਨਿਮਰਤਾ ਸਬਰ-ਸੰਤੋਖ ਤੇ ਕਲਿਆਣ
ਸੱਚ ਤੇ ਸੁੰਦਰਤਾ ਦਾ ਨੂਰ
ਇਸ 'ਚ ਸਮਾਇਆ ਹੈ
"ਨਾ ਕੋਈ ਵੈਰੀ ਨਾ ਕੋਈ ਬੇਗਾਨਾ
ਸਗਲ ਸੰਗ ਹਮ ਕੋ ਬਣ ਆਈ"
ਇਸ ਦਾ ਨੀਵਾਂਪਣ ਹੀ
ਇਸ ਦੀ ਉਚਾਈ ਹੈ
ਆਪਣੇ ਪਿੰਡੇ 'ਤੇ ਧੁੱਪਾਂ ਮੀਂਹ ਤੇ
ਹਨ੍ਹੇਰੀਆਂ ਹੰਢਾਉਂਦੀ ਹੈ
ਪਰ ਉਫ਼ ਨਹੀਂ ਕਰਦੀ
ਭਾਣਾ ਮੰਨਦੀ ਹੈ ਭਾਣੇ 'ਚ ਜਿਉਂਦੀ ਹੈ
ਆਪਣੇ ਕੋਲ ਬਹਿੰਦੀ ਹੈ
ਮੁਸਾਫ਼ਰਾਂ ਦੇ ਪੈਰਾਂ ਦੀ ਧੂੜ ਹੈ
ਆਪਣੇ ਸੱਚ ਦਾ ਨੂਰ ਹੈ

ਤੂੰ ਵੀ ਜੇ ਸੱਚ ਪਾਉਣਾ ਚਾਹੁੰਦਾ ਹੈ
ਤਾਂ ਸੜਕਾਂ ਦੀ ਹੋਂਦ ਆਪਣੇ 'ਚ ਉਤਾਰ ਲੈ
ਆਪਣੇ ਆਪ 'ਤੇ
ਪੈਰ ਧਰ ਕੇ ਗੁਜ਼ਰ
ਅਸਮਾਨੀਂ ਉੱਡਦੀਆਂ ਧਰਤੀ 'ਤੇ ਉਤਰ
ਆਪਣੇ ਆਪ 'ਚ ਵਰ ਹੋ ਜਾ

ਤੇਰਾ ਕੋਈ ਰੰਗ ਨਸਲ ਜਾਤ ਪਾਤ ਨਾ ਰਹੇ
ਸੜਕ ਵਾਂਗ ਲੋਕਾਈ ਦੇ ਪੈਰਾਂ 'ਚ ਵਸ
ਤੇਰੀ ਕੋਈ ਔਕਾਤ ਨਾ ਰਹੇ

ਸੜਕ ਨੂੰ ਆਪਣੇ ਸਾਹਾਂ 'ਚ ਬਿਠਾਲ
ਲਹੂ 'ਚ ਉਤਾਰ
ਨਜ਼ਰ ਵਾਂਗ ਆਪਣੇ ਨੈਣਾਂ 'ਚ ਪਾ
ਸੜਕ ਦੀ ਤਾਸੀਰ ਤੇ ਜ਼ਮੀਰ ਹੋ ਜਾ
ਸੜਕ ਹਲੀਮੀ ਦਾ ਪ੍ਰਤੀਕ ਹੈ
ਨੀਵੇਂ ਹੋਣ ਦਾ ਸੱਚ ਹੈ ਵਜੂਦ ਹੈ
ਲੋਕਾਂ ਦੇ ਪੈਰਾਂ ਦੀ ਧੂੜ ਹੈ
ਇਸ ਧੂੜ 'ਚ ਹੀ ਰੱਬੀ ਨੂਰ ਹੈ

ਰਾਤ ਦੇ ਪਿਛਲੇ ਪਹਿਰ ਸੜਕ ਬੋਲਦੀ ਹੈ
ਆਪਣੇ ਨੀਵੇਂਪਣ ਦਾ ਭੇਦ ਖੋਲ੍ਹਦੀ ਹੈ
"ਨੀਚਾ ਅੰਦਰ ਨੀਚ ਜਾਤ ਅਤਿ ਨੀਚੀ ਹੂੰ ਅਤਿ ਨੀਚ
ਨਾਨਕ ਤਿਨ ਕੇ ਸਾਥ ਸੰਗ ਵਡਿਆ ਸੰਗ ਕੀ ਰੀਸ"
ਮਹਿੰਦੀ ਪੱਥਰ ਤੇ ਘਿਸਦੀ ਹੈ
ਆਪਣੀ ਹੋਂਦ ਗੁਆਉਂਦੀ ਹੈ
ਆਪਣੇ ਰੰਗ ਦੇ ਸੱਚ ਤਕ ਅੱਪੜ ਜਾਂਦੀ ਹੈ
ਰਾਤ ਦੇ ਪਿਛਲੇ ਪਹਿਰ ਸੜਕ ਗਾਉਂਦੀ ਹੈ
ਆਪਣੇ 'ਚ ਵੱਸਦੇ ਸੱਚ ਦੀ
ਬਾਤ ਪਾਉਂਦੀ ਹੈ

ਜੇ ਸੜਕ ਦੇ ਸੱਚ ਹੋਂਦ ਤੇ ਵਜੂਦ ਨੂੰ
ਆਪਣੇ 'ਚ ਵਸਾਏਂਗਾ
ਤੇਰੇ ਰੁੱਖ ਤੇ ਵੱਖ-ਵੱਖ ਰੰਗਾਂ ਕਿਸਮਾਂ
ਤੇ ਬੋਲੀਆਂ ਦੇ ਪੰਛੀ
ਆਪਣਾ ਆਲ੍ਹਣਾ ਪਾਵਣਗੇ
ਤੇਰੀ ਦੇਹੀ ਜੀਵਣਗੇ
ਤੇਰਾ ਜੱਸ ਹੰਢਾਵਣਗੇ

ਤੇਰੀ ਦੇਹ ਤੋਂ ਤੇਰੀ ਰੂਹ ਤਕ ਉਤਰ ਜਾਵਣਗੇ
ਤੇਰੀ ਰੂਹ ਦਾ ਸੱਚ
ਦੁਆਲੇ ਉਗਾਵਣਗੇ
ਤੂੰ ਆਪਣੇ ਸੱਚ ਦੇ ਅੰਦਰ ਤੇ ਬਾਹਰ ਜੀਵੇਂਗਾ
ਜੇ ਤੂੰ ਸੜਕ ਸਿਮਰੇਂਗਾ ਧਿਆਵੇਂਗਾ
ਤੂੰ ਆਪਣੇ ਆਪ 'ਚ ਹੀ
ਆਪਣਾ ਸੱਚ ਕਹਾਵੇਂਗਾ
*

## ਮਿੱਟੀ ਦੇ ਅੰਕੁਰ

ਮਿੱਟੀ ਹੋਈ ਦੇਹ ਵੀ
ਤੇਰਾ ਚਿਹਰਾ ਬੁਣਦੀ ਹੈ
ਕਬਰਾਂ ਦੀ ਦੇਹੀ
ਧੜਕਦੀ ਜ਼ਿੰਦਗੀ ਨੂੰ ਸੁਣਦੀ ਹੈ

ਸਿਰਜਿਆ
ਮਿੱਟੀ ਦੀ ਢੇਰੀ ਨੇ ਮੁਜੱਸਮਾ ਨੂਰ ਦਾ
ਉਭਰਿਆ ਚਿਹਰਾ
ਖ਼ਿਆਲਾਂ ਤੋਂ ਵੀ ਸੁੰਦਰ ਹੂਰ ਦਾ
ਹੂਰ ਦੇ ਨਕਸ਼ ਦੀ ਖ਼ੁਸ਼ਬੂ
ਦੇਹੀ ਦੇ ਬਦਨ 'ਚ ਫੈਲ ਗਈ
ਢੇਰੀ ਦੀਆਂ ਰਗ਼ਾਂ 'ਚ
ਜ਼ਿੰਦਗੀ ਦੌੜ ਗਈ

ਕਬਰ 'ਚੋਂ ਉੱਠਿਆ
ਇਕ ਮੁਰਦਾ ਤੇ ਜੀਵਨ ਡਹਿ ਪਿਆ
ਆਲੇ ਦੁਆਲੇ ਹਰਿਆਵਲ
ਰੌਣਕਾਂ ਦੇ ਜ਼ਿੰਦਗੀ ਦੇ ਨਕਸ਼
ਸਿਰਜਣ ਡਹਿ ਪਿਆ
ਹੂਰ ਦੇ ਰੰਗ ਰਾਗ ਸੁੰਦਰਤਾ ਤੇ ਮੋਹ 'ਚ
ਏਨਾ ਭਿੱਜ ਗਿਆ
ਆਪਣੀ ਮਿੱਟੀ ਤੇ ਆਪਾ ਭੁੱਲ ਗਿਆ
ਆਪਣੇ ਅੰਦਰ ਹੀ ਗੁਆਚ ਗਿਆ
ਆਪਣੇ ਆਪ ਤੋਂ ਏਨਾ ਦੂਰ ਹੋ ਗਿਆ
ਆਪਣੇ ਕੋਲ ਪਰਤ ਕੇ ਆ ਨਾ ਸਕਿਆ

ਗੁਆਚਿਆ ਮੁਰਦਾ
ਮੁੜ ਕਬਰਾਂ 'ਚ ਆ ਗਿਆ
ਰਾਗ ਜ਼ਿੰਦਗੀ ਦਾ

ਮੁਰਦਿਆਂ ਦੇ ਕੰਨੀਂ ਪਾ ਗਿਆ
ਜ਼ਿੰਦਗੀ ਦੇ ਮੱਥੇ ਕਬਰਾਂ ਧਰ ਗਿਆ
ਕਬਰਾਂ ਨੂੰ ਪੈਰ ਜ਼ਿੰਦਗੀ ਦੇ ਲਾ ਗਿਆ
ਕਬਰਾਂ ਦੀ ਮਿੱਟੀ 'ਚ
ਸੱਚ ਦਾ ਜੰਗਲ ਉਗਾ ਗਿਆ
ਜ਼ਿੰਦਗੀ ਜੰਗਲ ਦੀ ਛਾਵੇਂ ਬਿਠਾ ਗਿਆ
ਇਕ ਮੁਰਦਾ ਲਹੂ ਮਾਸ ਦੀ ਜ਼ਿੰਦਗੀ ਨੂੰ
ਆਪਣਾ ਸੱਚ ਚੇਤੇ ਰੱਖਣਾ ਸਿਖਾ ਗਿਆ
*

## ਦਰਪਣ

ਕਿਉਂ ਚਿਹਰੇ
ਆਪਣਾ ਆਪ ਬਦਲ ਕੇ
ਮੇਰੇ ਸਾਹਵੇਂ ਆਉਂਦੇ ਹਨ
ਤੇ ਮੇਰੇ 'ਚੋਂ ਆਪਣਾ ਸੱਚ ਭਾਲਦੇ ਹਨ

ਕਿਉਂ ਮੈਨੂੰ ਮਜਬੂਰ ਕਰਦੇ ਹਨ
ਕਿ ਮੈਂ
ਓਹੀ ਕਰਾਂ ਜੋ ਉਹ ਸੁਣਨਾ ਚਾਹੁੰਦੇ ਹਨ
ਜੇ ਉਹ ਆਪਣਾ ਸੱਚ ਜਾਣਨਾ ਨਹੀਂ ਚਾਹੁੰਦੇ
ਤਾਂ ਮੇਰੇ 'ਚੋਂ
ਆਪਣਾ ਸੱਚ ਭਾਲਦੇ ਕਿਉਂ ਹਨ
ਮੇਰੇ ਦਰਪਣ 'ਚ ਆਪਣਾ ਅਕਸ
ਉਤਾਰਦੇ ਕਿਉਂ ਹਨ

ਮੈਂ ਚਿਹਰੇ ਨੂੰ ਚਿਹਰਾ
ਅੰਗਾਂ ਨੂੰ ਅੰਗ ਨਕਸ਼ਾਂ ਨੂੰ ਨਕਸ਼
ਅੱਖਾਂ ਨੂੰ ਅੱਖਾਂ ਕਹਾਂ
ਇਹ ਤਾਂ ਠੀਕ ਹੈ
ਇਹ ਤਾਂ ਉਹ ਵੀ ਜਾਣਦੇ ਹਨ
ਜਿਨ੍ਹਾਂ ਦੇ ਇਹ ਨਕਸ਼ ਹਨ ਚਿਹਰਾ ਹੈ
ਜੋ ਉਹ ਜਾਣਦੇ ਹਨ
ਤਾਂ ਫਿਰ ਗਵਾਹੀ ਦੀ ਕੀ ਲੋੜ ਹੈ

ਉਹ ਜਾਣਦੇ ਹਨ
ਇਹ ਚਿਹਰਾ ਇਹ ਨਕਸ਼ ਨਕਲੀ ਹਨ
ਪਰ ਸ਼ਾਇਦ
ਉਹ ਇਹ ਜਾਣਨਾ ਚਾਹੁੰਦੇ ਹਨ
ਇਹ ਚਿਹਰਾ ਇਹ ਨਕਸ਼ ਉਨ੍ਹਾਂ ਦੇ
ਆਪਣੇ ਅਸਲੀ ਲੱਗਦੇ ਹਨ ਕਿ ਨਹੀਂ

ਜੇ ਮੈਂ ਆਖਾਂ—ਇਹ ਚਿਹਰਾ ਉਨ੍ਹਾਂ ਦਾ ਨਹੀਂ
ਤਾਂ ਉਨ੍ਹਾਂ ਦਾ ਚਿਹਰਾ ਉਨ੍ਹਾਂ ਦਾ ਵਜੂਦ ਤਿੜਕ ਜਾਂਦਾ ਹੈ

ਤਿੜਕੇ ਚਿਹਰੇ 'ਚੋਂ
ਉਨ੍ਹਾਂ ਦਾ ਅਸਲ ਸੱਚ ਪੁਕਾਰਦਾ ਹੈ
ਆਖਦਾ ਹੈ—
ਐ ਦਰਪਣ ਤੂੰ ਆਖ ਦੇ ਇਹ ਅਸਲੀ ਹਨ
ਤਾਂ ਕਿ ਇਨ੍ਹਾਂ ਦੇ ਤਿੜਕੇ ਅੰਗ ਜੁੜੇ ਰਹਿਣ
ਤੇ ਚਿਹਰਾ ਨਜ਼ਰ ਆਉਂਦਾ ਰਹੇ
ਮੈਂ ਇਨ੍ਹਾਂ ਦਾ ਨਕਲੀਪਣ ਵੀ
ਇਨ੍ਹਾਂ ਦੇ ਅਸਲੀਪਣ 'ਚ ਉਤਾਰਦਾ ਰਹਾਂ
ਤੇ ਮੈਂ ਆਪਣੇ ਅਸਲੀਪਣ 'ਚੋਂ
ਆਪਣਾ ਨਕਲੀਪਣ ਉਸਾਰਦਾ ਰਹਾਂ
ਇਹੀ ਚਾਹੁੰਦੇ ਹਨ ਇਹ ਚਿਹਰੇ
ਕਿ ਮੈਂ ਇਨ੍ਹਾਂ ਵਾਂਗ ਝੂਠ ਹੋ ਜਾਵਾਂ
ਸੱਚ ਤੋਂ ਝੂਠ 'ਚ ਬਦਲ ਜਾਵਾਂ

ਇਕ ਦਿਨ ਇਹ ਮੇਰਾ ਚਿਹਰਾ ਵੀ
ਆਪਣੇ ਚਿਹਰੇ 'ਤੇ ਉਤਾਰ ਲੈਣਗੇ
ਮੇਰਾ ਚਿਹਰਾ
ਇਨ੍ਹਾਂ ਦਾ ਲੱਗਦਾ ਹੈ ਕਿ ਨਹੀਂ
ਇਹ ਜਾਨਣ ਲਈ
ਇਹ ਲੋਕ ਕਿੱਥੇ ਜਾਣਗੇ
ਕਿ ਇਨ੍ਹਾਂ ਨੂੰ ਪਤਾ ਹੈ
ਜੇ ਮੈਨੂੰ ਦੱਸਣ ਤਾਂ ਮੈਂ ਆਪਣੇ ਸੱਚ 'ਚ
ਇਨ੍ਹਾਂ ਦਾ ਝੂਠ ਉਤਾਰ ਸਕਦਾ ਹਾਂ
ਆਪ ਤਿੜਕ ਸਕਦਾ ਹਾਂ
ਇਨ੍ਹਾਂ ਨੂੰ ਜੋੜ ਸਕਦਾ ਹਾਂ
ਇਨ੍ਹਾਂ ਦਾ ਸਾਲਮ ਚਿਹਰਾ
ਇਨ੍ਹਾਂ ਨੂੰ ਮੋੜ ਸਕਦਾ ਹਾਂ
*

# ਬਿੰਦੂ ਤੇ ਦਾਇਰੇ

•

ਆਪਣੇ
ਹਮਉਮਰ ਕਵੀਆਂ
ਦੇ ਨਾਂ

•

## ਕਵਿਤਾ

ਕਵਿਤਾ ਸ਼ਬਦਾਂ ਅਰਥਾਂ ਦਾ ਸੰਗ੍ਰਹਿ ਨਹੀਂ
ਸਗੋਂ ਸ਼ਬਦਾਂ 'ਚ ਲਪੇਟੇ ਅਰਥਾਂ ਦਾ
ਮੂੰਹੋਂ ਬੋਲਦਾ ਅਹਿਸਾਸ ਹੈ
ਅਰਥ ਜਿਉਂਦੀ ਜ਼ਿੰਦਗੀ ਦਾ
ਭੂਤ ਭਵਿੱਖ ਤੇ ਵਰਤਮਾਨ ਹੈ
ਕਵਿਤਾ
ਕਾਵਿਕ ਮਨ ਦੀ ਦਾਰਸ਼ਨਿਕ
ਵਿਗਿਆਨਕ ਤ੍ਰੈਕਾਲ ਮੁਖੀ ਅਭੀਵਿਅਕਤੀ ਹੈ

ਜ਼ਿੰਦਗੀ ਕਿਨ੍ਹਾਂ ਦਿਸ਼ਾਵਾਂ 'ਚ ਚੱਲਦੀ ਹੈ
ਕਿਹੜੇ ਚਾਨਣ ਸਿਰਜਦੀ ਹੈ
ਕਿਹੜੇ ਹਨੇਰੇ ਤੁਰਦੀ ਹੈ
ਆਪਣੀ ਪਿੱਠ 'ਤੇ ਉੱਗੇ ਜੰਗਲ 'ਚੋਂ
ਸ਼ੀਸ਼ੇ ਦੇ ਸ਼ਹਿਰ ਸਿਰਜਦੀ ਹੈ
ਨਵੀਆਂ ਧਰਤੀਆਂ ਨਵੇਂ ਅੰਬਰ ਉਸਾਰਦੀ ਹੈ
ਜ਼ਿੰਦਗੀ ਦੀ ਕਾਰਜ ਪ੍ਰਣਾਲੀ ਦਾ ਤੱਤ ਕਵਿਤਾ ਹੈ
ਜੋ ਅਰਥਾਂ 'ਚੋਂ ਜਨਮਦੀ ਹੈ
ਸ਼ਬਦਾਂ 'ਚ ਤੁਰਦੀ ਹੈ
ਕਵਿਤਾ ਦਾ ਅਹਿਸਾਸ ਕਿੰਨਾ ਡੂੰਘਾ ਹੈ
ਸੂਖਸ਼ਮ ਤੇ ਪ੍ਰਭਾਵਸ਼ਾਲੀ ਹੈ
ਇਕ ਵਿਕਸਿਤ ਮਨੁੱਖੀ ਚੇਤਨਾ
ਸ਼ਬਦਾਂ ਤੇ ਅਰਥਾਂ ਦਾ ਵਿਸ਼ਾਲ ਸਮੁੰਦਰ
ਤਰਨ ਪਿੱਛੋਂ ਹੀ ਅਭੀਵਿਅਕਤ ਕਰ ਸਕਦੀ ਹੈ

ਸ਼ਬਦ ਅਰਥ ਨੂੰ ਆਪਣੇ 'ਚ ਲਪੇਟਦਾ ਹੈ
ਅਰਥ ਆਪਣੇ ਕੱਜਣ ਤੋਂ ਸੰਤੁਸ਼ਟ ਨਹੀਂ
ਸ਼ਬਦੀ ਖੋਲ
ਅਰਥ ਆਕਾਰ ਦੇ ਮੇਚ ਨਹੀਂ
ਫਿਰ ਵੀ ਪਾਠਕ ਨੂੰ

ਸ਼ਬਦਾਂ ਦੇ ਸੌੜੇਪਣ 'ਚੋਂ ਲੰਘ ਕੇ
ਅਰਥਾਂ ਦੀ ਵਿਸ਼ਾਲਤਾ ਦਾ ਸਫ਼ਰ ਕਰਨਾ ਹੈ
ਅਰਥ ਦੀ ਅਸੀਮਤਾ ਗਹਿਰਾਈ ਦਿਸ਼ਾਵਾਂ
ਕੋਣਾਂ ਤੇ ਬਿੰਦੂਆਂ 'ਚੋਂ ਗੁਜ਼ਰਨਾ ਹੈ
ਅਰਥ 'ਚ ਸਾਹ ਲੈ ਰਹੇ ਜੀਵਨ ਪਲ ਦੀ ਹੋਂਦ ਨੂੰ
ਸਮਝਣਾ ਵਿਚਾਰਨਾ ਤੇ ਵਿਸਥਾਰਨਾ ਹੈ

ਭਾਸ਼ਾ ਅਰਥ ਦੇ ਭਾਵੁਕ ਸੱਚ ਲਈ ਬਹੁਤ ਨੀਵੀਂ ਹੈ
ਸ਼ਬਦ ਕਿਰਨ ਹੈ ਅਰਥ ਸੂਰਜ ਹੈ
ਕਿਰਨਾਂ ਰਾਹੀਂ ਸੂਰਜ ਤਕ
ਸੂਰਜ ਰਾਹੀਂ ਕਿਰਨਾਂ ਤਕ ਦਾ ਸਫ਼ਰ ਹੀ
ਕਾਵਿ ਵਿਚਾਲੇ ਸ਼ਬਦ ਤੇ ਅਰਥ ਨੂੰ ਸਮਝਣਾ ਹੈ
ਅਰਥ ਨਾਲੋਂ ਸ਼ਬਦ ਦਾ ਮਹੱਤਵ ਵਧੇਰੇ ਹੈ
ਕਿਉਂਕਿ ਸ਼ਬਦ ਬਿਨ ਅਰਥ ਸਮਝਿਆ ਹੀ ਨਹੀਂ ਜਾ ਸਕਦਾ
ਕਿਰਨਾਂ ਬਿਨ ਸੂਰਜ ਪਹਿਚਾਣਿਆ ਨਹੀਂ ਜਾ ਸਕਦਾ

ਕਵਿਤਾ ਲਹੂ ਮਾਸ ਦੀ ਪ੍ਰਕਿਰਿਆ ਹੈ
ਸ਼ਬਦ ਪਾਠਕ ਨੂੰ ਉਂਗਲੀ ਲਾ ਅਰਥ ਤਕ ਲੈ ਜਾਂਦਾ ਹੈ
ਅਰਥ ਪਾਠਕ ਸਾਹਵੇਂ ਨੰਗਾ
ਪਰਤ ਦਰ ਪਰਤ ਆਪਾ ਖੋਲ੍ਹਦਾ ਹੈ
ਆਪਣਾ ਅਹਿਸਾਸ ਦ੍ਰਿਸ਼ਟੀਕੋਣ
ਪ੍ਰਯੋਜਨ ਜੀਵਨ
ਤੇ ਜੀਵਨ ਧਰਾਤਲ ਬਾਰੇ ਬੋਲਦਾ ਹੈ
ਜੀਵਨ ਤੇ ਜੀਵਨ ਬਾਰੇ
ਆਪਣਾ ਨਜ਼ਰੀਆ ਪੇਸ਼ ਕਰਦਾ ਹੈ
ਆਪਣੇ ਅੰਦਰ ਤੇ ਦੁਆਲੇ ਦੀ ਸਮੱਗਰੀ
ਪਾਠਕ ਦੀ ਤਲੀ 'ਤੇ ਧਰਦਾ ਹੈ

ਕਵਿਤਾ
ਦਿਲ ਵਾਂਗ ਧੜਕਦੀ ਹੈ
ਆਪਣੀਆਂ ਅੱਖਾਂ ਪਾਠਕ ਦੀਆਂ ਅੱਖਾਂ 'ਚ ਪਾ

ਆਪਣੇ ਸੁਫ਼ਨੇ ਸਹਿਕਾਰਦੀ ਹੈ
ਆਪਣੀਆਂ ਅੱਖਾਂ 'ਚ ਤਰਦੀ ਹੈ
ਆਪਣੀ ਹੋਂਦ ਫੜਦੀ ਹੈ
ਕਵਿਤਾ ਆਪਣੇ ਵਿਚਾਰ ਤੇ ਅਹਿਸਾਸ 'ਚ
ਪਾਠਕਾਂ ਦੇ ਅਨੁਭਵ 'ਚ
ਜਿਉਂਦੀ ਜਾਗਦੀ ਤੁਰਦੀ ਫਿਰਦੀ ਹੈ
ਆਲੋਚਨਾਤਮਕ ਦ੍ਰਿਸ਼ਟੀ ਤੋਂ ਪਾਠਕ ਸੰਗ
ਜੀਵਨ ਪ੍ਰਤੀ ਵਾਦ-ਵਿਵਾਦ ਰਚਦੀ ਹੈ

ਪਾਠਕ ਦੀ ਹੋਂਦ ਜਿਉਂਦੀ ਹੈ
ਆਪਣਾ ਪਿੰਡਾ ਤਰਦੀ ਹੈ
ਇਸ ਲਈ
ਕਵਿਤਾ ਸਿਰਫ਼ ਸ਼ਬਦਾਂ ਅਰਥਾਂ ਦਾ ਸੰਗ੍ਰਹਿ ਨਹੀਂ
ਸਗੋਂ ਲਹੂ ਮਾਸ ਦੀ ਜਿਉਂਦੀ ਜਾਗਦੀ ਦਾਰਸ਼ਨਿਕ ਚੇਤਨਾ ਹੈ
ਕਵਿਤਾ ਪਾਠਕ ਨੂੰ ਵਾਦ-ਵਿਵਾਦ ਨਹੀਂ
ਆਪਣੇ ਅੰਤਰੀਵ ਵਿਚਾਰਾਂ ਦਾ ਸੰਤੁਲਨ
ਅਤੇ ਜੀਵਨ 'ਚ ਇਸ ਦਾ ਮਹੱਤਵ
ਦਲੀਲਾਂ ਦੇ ਆਧਾਰ 'ਤੇ ਸਮਝਾਉਂਦੀ ਹੈ

ਸ਼ਬਦ ਸਿਰਫ਼ ਕਵਿਤਾ ਦਾ ਪਹਿਰਾਵਾ ਹਨ
ਅਸਲ ਕਵਿਤਾ ਇਸ ਪਹਿਰਾਵੇ ਹੇਠ ਛੁਪੀ ਹੈ
ਜਿਉਂ ਜਿਉਂ ਸ਼ਬਦੀ ਬਸਤਰ ਉਤਰਦੇ ਹਨ
ਕਵਿਤਾ ਦਾ ਸੱਚ ਸਾਹਮਣੇ ਆਉਂਦਾ ਹੈ
ਸੱਚ ਜੋ ਜੀਵਨ ਦੇ ਚਸ਼ਮੇ 'ਚੋਂ ਫੁੱਟਦਾ ਹੈ
ਸੱਚ ਜੋ ਹਾਦਸਿਆਂ ਦੇ ਜੰਗਲ 'ਚੋਂ ਗੁਜ਼ਰਦਾ ਹੈ
ਸੱਚ ਜੋ ਮੌਤ ਤੇ ਜੀਵਨ ਦੀ ਸੀਮਾ ਹੈ
ਸੱਚ ਜੋ ਮਨੁੱਖ 'ਚ ਕਾਲਾ ਤੇ ਚਿੱਟਾ ਹੋ ਵਿਚਰਦਾ ਹੈ
ਸੱਚ ਜੋ ਮਨੁੱਖ ਦੇ ਅੰਦਰ ਵੱਸਿਆ ਹੈ
ਸੱਚ ਜੋ ਮੌਤ ਤੋਂ ਪਹਿਲਾਂ ਵੀ ਹੈ
ਮੌਤ ਤੋਂ ਪਿੱਛੋਂ ਵੀ ਹੈ

ਕਵਿਤਾ ਦਾ ਆਕਾਰ
ਸ਼ਬਦਾਂ ਅਰਥਾਂ 'ਚ ਸੀਮਤ ਨਹੀਂ
ਕਵਿਤਾ ਅਸੀਮ ਹੈ
ਸਰਬ ਵਿਆਪਕ ਹੈ
ਕੁਲ ਬਨਸਪਤੀ ਦਾ ਮੂਲ ਹੈ
ਕੁਲ ਬ੍ਰਹਿਮੰਡ ਦਾ ਤੱਤ ਹੈ
ਇਕ ਧੁਨ ਹੈ
ਜੋ ਮਨੁੱਖ ਤੋਂ ਸਿਰਜਣਾਤਮਕ ਤਕ ਗੂੰਜਦੀ ਹੈ
ਮਨੁੱਖ ਦੇ ਸਾਹਾਂ 'ਚ ਕਵਿਤਾ ਹੈ
ਦਿਲ ਦੀ ਧੜਕਣ 'ਚ ਕਵਿਤਾ ਹੈ

ਕਵਿਤਾ ਮਾਧਿਅਮ ਬਿਨਾ
ਮਨੁੱਖ ਆਪਣੇ ਆਪ ਨੂੰ
ਆਪਣੇ ਕਰਤੇ ਨੂੰ ਜਾਣ ਨਹੀਂ ਸਕਦਾ
ਆਕਾਸ਼ ਤੋਂ ਹਵਾ, ਹਵਾ ਤੋਂ ਅਗਨ
ਅਗਨ ਤੋਂ ਜਲ
ਜਲ ਤੋਂ ਧਰਤ ਦੇ ਸਫ਼ਰ 'ਚ ਕਵਿਤਾ ਹੈ
ਜਨਮ ਤੇ ਮਰਨ ਦੇ ਅਰਥ 'ਚ ਕਵਿਤਾ ਹੈ

ਕਵਿਤਾ ਝੀਲਾਂ 'ਚ ਵਗਦੀ ਹੈ
ਸਮੁੰਦਰਾਂ 'ਤੇ ਤਰਦੀ ਹੈ
ਦਰਿਆਵਾਂ ਨੂੰ ਜਨਮਦੀ ਹੈ
ਪਹਾੜਾਂ ਨੂੰ ਸਿਰਜਦੀ ਹੈ
ਹਨੇਰਿਆਂ 'ਚ ਸੂਰਜ ਵਾਂਗ ਜਾਗਦੀ ਹੈ
ਬਰਫ਼ ਦੇ ਸੀਨੇ 'ਚ ਮਘਦੀ ਹੈ
ਮੈਨੂੰ ਤਾਂ ਕਵਿਤਾ
ਕਦੀ ਖ਼ੁਦਾਈ ਕਦੀ ਖ਼ੁਦਾ ਲੱਗਦੀ ਹੈ
*

## ਦੋ ਦਿਸ਼ਾਵਾਂ

ਦੋ ਦਿਸ਼ਾਵਾਂ 'ਚ ਵੰਡਿਆ ਗਿਆ ਹਾਂ ਮੈਂ
ਇਕ ਦਿਸ਼ਾ ਤੇਰੇ ਵੱਲ ਜਾਂਦੀ ਹੈ
ਇਕ ਦਿਸ਼ਾ 'ਚ ਮੈਂ ਖੜ੍ਹਾ ਹਾਂ

ਜੇ ਮੈਂ ਆਪਣੀ ਹੋਂਦ ਤੇ ਦਿਸ਼ਾ ਤਿਆਗ ਕੇ
ਤੇਰੀ ਦਿਸ਼ਾ ਵੱਲ ਪੈਰ ਪੁੱਟਦਾ ਹਾਂ
ਤੇਰੇ ਜਿਸਮ 'ਚ ਉਤਰਦਾ ਹਾਂ
ਤਾਂ ਆਪਣੇ ਆਪ 'ਚੋਂ ਮਨਫ਼ੀ ਹੋ ਜਾਂਦਾ ਹਾਂ
ਤੇਰੇ ਵੱਲ ਜਿਸਮ ਤੁਰਦਾ ਹੈ
ਜਿਸ ਦਾ ਸੱਚ ਨਹੀਂ ਤੁਰਦਾ
ਸੱਚ ਤਿਆਗ
ਮੈਂ ਤੇਰੇ ਵੱਲ ਜਿਸਮ ਦਾ ਖੋਲ ਲੈ ਕੇ ਆਉਂਦਾ ਹਾਂ
ਤਾਂ ਆਪਣੇ ਆਪ ਨੂੰ ਦੋਸ਼ੀ ਪਾਉਂਦਾ ਹਾਂ
ਇਕ ਕਦਮ ਪੁੱਟਦਾ ਹਾਂ ਰੁਕਦਾ ਹਾਂ
ਫਿਰ ਆਪਣੇ ਵੱਲ ਮੁੜਦਾ ਹਾਂ

ਹੁਣ ਖੋਲ 'ਚੋਂ ਸੱਚ ਮਨਫ਼ੀ ਹੈ
ਸੱਚ 'ਚੋਂ ਖੋਲ ਮਨਫ਼ੀ ਹੈ
ਸੱਚ ਤੇ ਖੋਲ ਇਕ ਦੂਜੇ ਦੇ ਸਾਹਵੇਂ ਹਨ
ਖੋਲ ਸੱਚ ਦੀ ਪਹਿਚਾਣ ਹੈ
ਸੱਚ ਬਿਨਾ ਖੋਲ ਮਿੱਟੀ ਹੈ ਬੇਜਾਨ ਹੈ

ਇਸ ਕਿਨਾਰੇ 'ਤੇ ਮੇਰਾ ਸੱਚ ਹੈ
ਉਸ ਕਿਨਾਰੇ 'ਤੇ ਤੇਰਾ ਸੱਚ ਹੈ
ਤੇਰੇ ਤੇ ਮੇਰੇ ਵਿਚਾਲੇ
ਦੁਨੀਆ ਦਾ ਭਵਸਾਗਰ ਹੈ
ਮੈਂ ਸਾਗਰ ਤਰ ਕੇ ਆਵਾਂ ਦਾਂ ਮੈਲਾ ਹੋ ਜਾਵਾਂਗਾ
ਮੈਂ ਮੈਲਾ ਸੱਚ
ਤੇਰੇ ਸੁੱਚੇ ਸੱਚ 'ਚ ਧਰਨਾ ਨਹੀਂ ਚਾਹੁੰਦਾ
ਮੈਂ ਤੇਰਾ ਆਪਾ ਗੰਧਲਾ ਕਰਨਾ ਨਹੀਂ ਚਾਹੁੰਦਾ

ਦੁਨੀਆ ਦਾ ਭਵਸਾਗਰ ਤਰਨ ਪਿੱਛੋਂ
ਮੇਰੇ 'ਚ ਕ੍ਰੋਧ ਲੋਭ ਮੋਹ-ਹੰਕਾਰ ਪ੍ਰਗਟ ਹੋਵੇਗਾ
ਤਮ੍ਹਾਂ ਗਰਜ ਦੇ ਵੇਲ੍ਹਣੇ 'ਚ
ਮੇਰਾ ਸੱਚ ਪੀੜਿਆ ਜਾਵੇਗਾ
ਮੇਰੇ ਸੱਚ ਦਾ ਫੋਕ ਤੇਰੇ ਤੇ ਮੇਰੇ
ਦੁਆਲੇ ਖਿੱਲਰ ਜਾਵੇਗਾ

ਸੱਚ ਹੀਣ ਫੋਕ
ਮੈਂ ਕਿੰਜ ਤੇਰੀ ਦੇਹ ਦੇ ਦਰਵਾਜ਼ੇ 'ਤੇ ਧਰਾਂਗਾ
ਮਨਫ਼ੀ ਸੱਚ ਤੇ ਕੂੜ ਦੇਹ ਨਾਲ
ਮੈਂ ਕਿੰਜ ਤੇਰੀ ਪ੍ਰਕਰਮਾ ਕਰਾਂਗਾ
ਭਾਫ਼ ਤੋਂ ਬਿਨਾ ਮੈਂ ਕਿੰਜ ਬੱਦਲ ਬਣ ਕੇ
ਤੇਰੀ ਦੇਹ 'ਤੇ ਵਰ੍ਹਾਂਗਾ
ਦੁਨੀਆ ਦੇ ਲੋਭ ਮੋਹ ਹੰਕਾਰ ਦਾ
ਜੇ ਸਾਗਰ ਤਰਾਂਗਾ
ਮੈਂ ਕਿੰਜ ਸੱਚ ਨੂੰ ਨਿਰਲੇਪ ਰੱਖਾਂਗਾ
ਕਿਵੇਂ ਤੇਰੇ ਨੈਣਾਂ ਦੇ ਦਰਪਣ 'ਚ
ਆਪਣੇ ਆਪ ਨੂੰ ਸੱਚਾ ਤੇ ਸੁੱਚਾ ਲੱਗਾਂਗਾ

ਸਾਗਰ ਤਰਨ ਤੋਂ ਪਹਿਲਾਂ
ਸੂਰਜ ਦੀਆਂ ਕਿਰਨਾਂ ਨੂੰ ਵੇਖ
ਜੋ ਗੰਦਗੀ 'ਤੇ ਪੈਂਦੀਆਂ ਵੀ ਮੈਲੀਆਂ ਨਹੀਂ ਹੁੰਦੀਆਂ
ਚੰਨਾਂ ਤਾਰਿਆਂ ਦੀ ਰੌਸ਼ਨੀ
ਕਾਲੀਆਂ ਰਾਤਾਂ 'ਚੋਂ ਗੁਜ਼ਰਦੀ ਵੀ ਕਾਲੀ ਨਹੀਂ ਹੁੰਦੀ
ਹਵਾ ਜ਼ਿੰਦਗੀ ਤੋਂ ਕਬਰਾਂ ਤਕ ਵਗਦੀ ਹੈ
ਕਬਰਾਂ 'ਚੋਂ ਗੁਜ਼ਰਦੀ ਹਵਾ ਗਤੀਹੀਣ ਨਹੀਂ ਹੁੰਦੀ
ਜਲ ਪੱਥਰਾਂ ਤੇ ਮੈਦਾਨਾਂ 'ਚ ਵਗਦਾ ਹੈ
ਗਤੀਸ਼ੀਲ ਰਹਿੰਦਾ ਹੈ ਪੱਥਰ ਨਹੀਂ ਹੁੰਦਾ
ਅਗਨ ਅੱਗ ਦੇ ਤੇਜ ਦਾ ਸਫ਼ਰ ਕਰਦੀ ਹੈ
ਆਪ ਬਲਦੀ ਹੈ ਰਾਖ਼ ਨਹੀਂ ਹੁੰਦੀ
ਆਕਾਸ਼ ਗਤੀਸ਼ੀਲ ਹੈ

ਆਪਣੀ ਸਥਿਰਤਾ ਨਹੀਂ ਛੱਡਦਾ
ਧਰਤੀ ਸੁਗੰਧਹੀਣ ਨਹੀਂ ਹੁੰਦੀ
ਉਤਪਤੀ ਰਹਿਤ ਨਹੀਂ ਹੁੰਦੀ

ਤੇਰਾ ਸੱਚ ਤੇਰੇ ਜਿਸਮ ਦਾ ਹੀ ਸੱਚ ਨਹੀਂ
ਸੱਚ ਦਾ ਸੱਚ ਹੈ
ਸੱਚ ਦਾ ਸੱਚ ਪੱਥਰ 'ਚ ਵੀ ਵੱਸਦਾ ਸੱਚ ਰਹਿੰਦਾ ਹੈ
ਕੱਚ 'ਚ ਵੀ ਵੱਸਦਾ ਸੱਚ ਰਹਿੰਦਾ ਹੈ
ਕਿਉਂਕਿ ਪੱਥਰ ਤੇ ਕੱਚ ਦੀ ਦੇਹ ਤੋਂ
ਉਹ ਸੱਚ ਉਚੇਰਾ ਹੈ
ਉਹ ਸੱਚ ਹੀ ਤੇਰਾ ਤੇ ਮੇਰਾ ਹੈ
ਤੂੰ ਉਸ ਕਿਨਾਰੇ ਹੈਂ ਮੈਂ ਇਕ ਕਿਨਾਰੇ ਹਾਂ
ਤੇਰੇ ਤੇ ਮੇਰੇ ਵਿਚਾਲੇ
ਜਿਸਮਾਂ ਦਾ ਸਾਗਰ ਹੈ

ਮੈਂ ਆਪਣੇ ਜਿਸਮ 'ਚੋਂ
ਜਲ ਦਾ ਜਲ ਹਵਾ ਦੀ ਹਵਾ ਅਗਨ ਦੀ ਅਗਨ
ਧਰਤੀ ਦੀ ਧਰਤੀ ਅਕਾਸ਼ ਦਾ ਅਕਾਸ਼ ਉਤਾਰਿਆ ਹੈ
ਬਾਕੀ ਜੋ ਸੱਚ ਬਚਦਾ ਹੈ
ਉਹ ਸੱਚ ਹੀ ਤੇਰੇ ਸੱਚ ਤਕ ਦੀ ਉਡਾਰੀ ਹੈ
ਜੋ ਕਾਮ ਕ੍ਰੋਧ ਲੋਭ ਮੋਹ ਹੰਕਾਰ ਤੇ ਤਮ੍ਹਾ ਤੋਂ ਨਿਰਲੇਪ ਹੈ
ਜਿਸਮ ਦੀ ਬੰਦਸ਼ ਤੋਂ ਆਜ਼ਾਦ ਹੈ
ਜੋ ਧਰਤ ਦੀ ਸੁਗੰਧ ਹੈ ਅੰਬਰ ਦਾ ਸ਼ਬਦ ਹੈ
ਹਵਾ ਦਾ ਵੇਗ ਹੈ ਜਲ ਦਾ ਰਹੱਸ ਹੈ
ਅਗਨ ਦਾ ਤੇਜ ਹੈ

ਹੁਣ ਮੈਂ
ਉਹ ਸੱਚ ਹਾਂ ਜਿਸ ਦਾ ਕੋਈ ਵਜੂਦ ਨਹੀਂ
ਜਿਸ ਦੀ ਕੋਈ ਹੱਦ ਨਹੀਂ ਕੋਈ ਹਦੂਦ ਨਹੀਂ
ਜਿਸ ਦੀ ਰਾਹ 'ਚ ਕੋਈ ਸਾਗਰ ਨਹੀਂ
ਤੇਰਾ ਤੇ ਮੇਰਾ ਕਿਨਾਰਾ ਨਹੀਂ

ਕੋਈ ਆਸ ਨਹੀਂ ਕੋਈ ਸਹਾਰਾ ਨਹੀਂ
ਇਸ ਸੱਚ ਦੀ ਗੋਦ 'ਚ ਹਨ
ਪ੍ਰਕਿਰਤੀਆਂ ਅਕਾਸ਼ ਬ੍ਰਹਿਮੰਡ ਤਾਰਿਕਾ ਮੰਡਲ
ਧਰਤੀਆਂ ਮਨੁੱਖ ਤੇ ਮਨੁੱਖਤਾ
ਇਹ ਸੱਚ ਕਿਨਾਰਿਆਂ ਰਹਿਤ ਹੈ
ਦੇਹ ਦਾ ਵਸਤਰ ਜਦੋਂ
ਇਸ ਸੱਚ ਤੋਂ ਉਤਾਰਿਆ
ਦੂਜੇ ਕਿਨਾਰੇ ਖੜ੍ਹੇ ਤੇਰੇ ਸੱਚ ਨੂੰ ਪਾਲਿਆ
ਦੂਸਰਾ ਕੋਈ ਕਿਨਾਰਾ ਨਹੀਂ
ਇਹ ਸੱਚ ਹੈ ਆਪਣਾ ਉਧਾਰਾ ਨਹੀਂ
ਆਦਿ ਤੋਂ ਪਹਿਲਾਂ ਅੰਤ ਤੋਂ ਪਿੱਛੋਂ
ਇਸ ਸੱਚ ਦਾ ਵਿਸਥਾਰ ਹੈ
ਇਹ ਸੱਚ ਤੇਰੀ ਤੇ ਮੇਰੀ ਦੇਹ ਦੇ ਆਰ ਪਾਰ ਹੈ

ਇਹ ਸੱਚ ਅਪਰੰਪਾਰ ਹੈ
ਜੀਵਨ ਦਾ ਆਧਾਰ ਹੈ
ਇਹ ਸੱਚ ਹੀ ਤੇਰੇ ਤੇ ਮੇਰੇ ਵਿਚਕਾਰ ਹੈ
ਜਿਸਮਾਂ ਦੇ ਪਰਦੇ ਤੋਂ ਬਾਹਰ ਝਾਕੇਂਗੀ ਤਾਂ ਜਾਣੇਂਗੀ
ਮੈਂ ਜਿਵੇਂ ਤੇਰਾ ਸੱਚ ਪਹਿਚਾਣਿਆ ਹੈ
ਤੂੰ ਵੀ ਮੇਰਾ ਸੱਚ ਸਿਆਣੇਂਗੀ
ਹੁਣ ਮੈਨੂੰ ਮੇਰੀ ਦਿਸ਼ਾ ਤੋਂ
ਤੇਰੀ ਦਿਸ਼ਾ ਵੱਲ ਤੁਰਨ ਦੀ ਲੋੜ ਨਹੀਂ
ਹੁਣ ਸਫ਼ਰ ਨਹੀਂ ਮਿਲਣ ਹੈ
ਮਿਲਣ ਦਾ ਹੁਲਾਸ ਹੈ
ਸੁਰ ਹੈ ਸੰਗਮ ਹੈ ਜਿਸਮਾਂ ਦਾ ਸ਼ੋਰ ਨਹੀਂ
ਤੇਰਾ ਸੱਚ ਵੀ ਮੇਰਾ ਹੀ ਸੱਚ ਹੈ
ਮੇਰਾ ਸੱਚ ਵੀ ਤੇਰਾ ਹੀ ਸੱਚ ਹੈ
ਕੁਝ ਹੋਰ ਨਹੀਂ
*

## ਬੁੱਤ ਉਦਾਸੀ ਤੇ ਰਹਾਓ

ਰਹਾਓ :
ਪੂਰਨ ਉਦਾਸੀ
ਇਕੱਲਤਾ ਤੇ ਇਕਾਂਤ ਹੈ
ਧੁੰਧੂਕਾਰਾ ਹੈ
ਨਾ ਸੂਰਜ ਨਾ ਚੰਨ ਨਾ ਤਾਰੇ
ਨਾ ਉਜਾਲਾ ਹੈ
ਪ੍ਰਕਿਰਤੀ ਤੇ ਜ਼ਿੰਦਗੀ ਦੇ ਜਨਮ ਨੇ
ਆਪਣਾ ਆਪ ਦੁਹਰਾਇਆ ਹੈ
ਮਨੁੱਖ ਨੂੰ
ਜੀਵਨ ਪ੍ਰਕਿਰਤੀ ਦੀ ਜੜ੍ਹ ਜਨਮ ਦਾ
ਮੁੱਢ ਨਜ਼ਰ ਆਇਆ ਹੈ

ਪ੍ਰਕਿਰਤੀ ਦੇ ਜਨਮ ਤੋਂ ਪਹਿਲਾਂ ਦਾ ਵਜੂਦ
ਪ੍ਰਕਿਰਤੀ ਨੇ ਮਨੁੱਖ ਨੂੰ ਵਿਖਾਇਆ ਹੈ
ਸਮਾਂ ਭਵਿੱਖ ਤੋਂ
ਭੂਤ ਦੇ ਅੰਦਰ 'ਚ ਉਤਰ ਆਇਆ ਹੈ
ਉਸ ਖੋਲ ਦਾ ਸੱਚ ਨਜ਼ਰ ਆਇਆ ਹੈ
ਜਿਸ ਖੋਲ 'ਚ ਪ੍ਰਕਿਰਤੀ ਨੂੰ ਉਤਾਰਿਆ ਗਿਆ
ਉਸ ਖੋਲ ਦਾ ਆਕਾਰ ਰੰਗ ਰੂਪ ਅੰਗ ਤੇ ਨਕਸ਼ ਦ੍ਰਿਸ਼ਟਮਾਨ ਹਨ
ਜਿਸ ਖੋਲ 'ਚ ਪ੍ਰਕਿਰਤੀ ਦਾ ਅੰਕੁਰ ਬੀਜਿਆ ਗਿਆ
ਤੇ ਉਗਾਇਆ ਗਿਆ
ਅਗਤੀ ਹੀ ਵਜੂਦ ਹੈ ਵਿਸਥਾਰ ਹੈ
ਇਕੱਲਤਾ ਚੁੱਪ ਇਕਾਂਤ ਹੈ ਧੁੰਧੂਕਾਰ ਹੈ
ਇਸ ਪ੍ਰਕਿਰਤੀ ਦਾ ਇਸ ਜੀਵਨ ਦਾ ਆਗਾਜ਼ ਹੈ
ਜਨਮ ਹੈ
*

## ਮੈਂ ਆਖਿਆ ਆਪਣੇ ਆਪ ਨੂੰ

ਮੇਰੇ ਅੰਗਾਂ ਨਕਸ਼ਾਂ ਚਿਹਰੇ ਵੱਲ ਨਾ ਜਾ
ਸੜਦੀ ਧੁੱਪ 'ਚ ਚਿਹਰਾ ਮੁਰਝਾ ਨਹੀਂ ਸਕਦਾ
ਅੰਗ ਨਕਸ਼ ਪਿਘਲ ਨਹੀਂ ਸਕਦੇ
ਹੁਸਨ ਨੂੰ ਲਾਏ ਚਾਰ ਚੰਨ ਵੀ
ਇਸ਼ਕ ਨੂੰ ਭਰਮਾ ਨਹੀਂ ਸਕਦੇ
ਮੈਂ ਆਖਿਆ ਆਪਣੇ ਆਪ ਨੂੰ

ਮੈਂ ਆਖਿਆ ਆਪਣੇ ਆਪ ਨੂੰ
ਉਹ ਚੋਰੀ ਇਹ ਸੁਣਦੇ
ਤੇ ਇਕ ਦਿਨ
ਸੱਜਰੇ ਮੌਸਮ ਵਾਂਗ ਨਵਜੰਮੀ ਬਾਹਰ ਵਾਂਗ
ਚਾਰ ਚੰਨ ਲਾ ਅੱਖਾਂ ਮਟਕਾਉਂਦੀ ਹੋਈ
ਮੇਰੇ ਸਾਹਵੇਂ ਆ ਖੜ੍ਹੀ ਹੋਈ
ਮੇਰੇ ਨੈਣਾਂ 'ਚ ਝਾਕਦੀ
ਮੇਰੇ ਦਿਲ 'ਚ ਉਤਰਦੀ
ਮੇਰੇ ਨਕਸ਼ਾਂ 'ਚ ਢਲਦੀ
ਮੇਰੇ ਲਹੂ 'ਚ ਗਿੜਦੀ
ਮੇਰੇ ਪ੍ਰਾਣਾਂ 'ਚ ਵਸਦੀ
ਬਾਲ ਕੇ ਹੁਸਨ ਦੇ ਦੀਵੇ
ਮੇਰੇ ਦਿਲ 'ਚ ਕਫ਼ੂਰ ਹੋ ਗਈ
ਉਹ ਪਰੀ ਜੋ ਉਤਰੀ ਸੀ ਅੰਬਰ ਤੋਂ
ਮੇਰੇ ਦਿਲ ਦੀ ਧਰਤੀ ਤੋਂ ਦੂਰ ਹੋ ਗਈ

ਮੈਂ ਆਪਣੀ ਧਰਤੀ 'ਤੇ ਖੜ੍ਹਾ ਸੀ
ਨਕਸ਼ ਅੰਗ ਤੇ ਸਾਲਮ ਚਿਹਰਾ
ਨਦੀਆਂ ਦੇ ਪਿੱਛੇ ਲੱਗਾ ਦਰਿਆ ਨਹੀਂ ਸੀ
ਉਹ ਮੰਜ਼ਿਲ ਨਹੀਂ ਸੀ ਮੇਰੀ
ਮੈਂ ਉਸ ਦਾ ਰਾਹ ਨਹੀਂ ਸਾਂ

ਦੂਜੀ ਵਾਰ
ਉਹ ਫਿਰ ਮੇਰੇ ਸਾਹਵੇਂ ਆ ਖੜ੍ਹੀ ਹੋਈ
ਇਸ ਵਾਰ ਮੇਰੇ 'ਚ ਉਤਰੀ ਨਹੀਂ
ਮੈਨੂੰ ਆਪਣੇ 'ਚ ਉਤਾਰਦੀ ਗਈ
ਕਦੀ ਅੱਖਾਂ 'ਚ ਵਸਾਈ ਗਈ
ਕਦੀ ਪਲਕਾਂ 'ਤੇ ਬਿਠਾਈ ਗਈ
ਕਦੀ ਆਪਣੀ ਮਹਿਕ 'ਚ ਮੈਨੂੰ ਘੋਲਦੀ
ਕਦੀ ਮੇਰੇ ਕੰਠ 'ਚੋਂ ਬੋਲਦੀ
ਕਦੀ ਆਪਣੇ ਦਿਲ ਦੀ ਧੜਕਣ 'ਚ ਵਸਾ ਲੈਂਦੀ
ਆਪਣੇ ਹੁਸਨ ਦੇ ਨੂਰ ਦੀ
ਚਾਦਰ ਦੁਆਲੇ ਓੜਦੀ
ਆਪਣੇ ਸਾਹਾਂ ਦੀ ਗਰਮੀ 'ਚ ਮੈਨੂੰ ਢਾਲਦੀ
ਕਦੀ ਮੇਰੀ ਠੰਡ 'ਚ ਉਬਲਦੀ
ਕਦੀ ਆਪਣੀ ਠੰਡ 'ਚ ਮੈਨੂੰ ਉਬਾਲਦੀ
ਕਦੀ ਮੇਰੇ ਲਈ ਉਹ ਧੁੱਪ ਸਿਆਲ ਦੀ
ਕਦੀ ਗਰਮੀਆਂ 'ਚ
ਬਣ ਕੇ ਹਵਾ ਦਾ ਬੁੱਲ੍ਹਾ ਮੈਨੂੰ ਠਾਰ੍ਹਦੀ

ਜਦੋਂ ਉਸ ਮੈਨੂੰ ਸਾਰੇ ਦਾ ਸਾਰਾ
ਆਪਣੇ 'ਚ ਉਤਾਰਿਆ
ਮੈਂ ਉਸ ਦੇ ਕੰਠ 'ਚੋਂ ਪੁਕਾਰਿਆ
ਜਦੋਂ ਪਹਿਲਾਂ ਤੁਸੀਂ ਆਏ
ਮੇਰੇ 'ਚ ਢਲ ਗਏ
ਜਦੋਂ ਫਿਰ ਤੁਸੀਂ ਆਏ
ਮੈਂ ਤੁਹਾਨੂੰ ਆਪਣਾ ਪਤਾ ਟਿਕਾਣਾ
ਨਾ ਦੱਸਿਆ
ਤੁਸੀਂ ਪਹਿਲਾਂ ਵੀ ਦੁਬਾਰਾ ਵੀ
ਮੇਰੇ ਤੋਂ ਅਣਜਾਣ ਹੀ ਰਹੇ

ਨਾ ਮੇਰੇ ਅੰਗ ਨਾ ਨਕਸ਼ ਹੀ ਪਿਘਲੇ
ਨਾ ਚਿਹਰਾ ਹੀ ਮੁਰਝਾਇਆ

ਨਾ ਤੁਸੀਂ ਮੇਰੇ ਵੱਲ ਕਦਮ ਹੀ ਪੁੱਟਿਆ
ਨਾ ਮੈਂ ਤੁਹਾਡੇ ਕੋਲ ਹੀ ਆਇਆ
ਜ਼ਿਮੀਂ ਜ਼ਿਮੀਂ ਹੀ ਰਹੀ
ਅਸਮਾਨ ਅਸਮਾਨ ਹੀ ਰਿਹਾ
ਮੈਂ ਜੋ ਕੁਝ ਵੀ ਕਿਹਾ
ਆਪਣੇ ਆਪ ਨੂੰ ਕਿਹਾ

ਤੁਸੀਂ ਜੋ ਸੁਣਿਆ
ਉਸ ਨੂੰ ਆਪਣੇ ਹੁਸਨ ਦਾ ਅਭਿਮਾਨ ਬਣਾ ਲਿਆ
ਇਕ ਨਦੀ ਨੇ ਆਪਣੇ
ਆਪ ਨੂੰ ਇੰਨਾ ਸ਼ਿੰਗਾਰਿਆ
ਕਿ ਦਰਿਆ ਨੂੰ ਪਿੱਛੇ ਲਾਉਣ ਦਾ ਸਮਾਨ ਬਣਾ ਲਿਆ
ਸ਼ਿੰਗਾਰ ਤੋਂ ਬਿਨਾ
ਜੇ ਨਦੀ ਦਰਿਆ ਵੱਲ ਭਰ ਕੇ
ਇਕ ਨਜ਼ਰ ਵੇਖਦੀ
ਆਪਣੇ ਪਿੰਡੇ 'ਚੋਂ ਦਰਿਆ ਦਾ ਨਿੱਘ ਸੇਕਦੀ

ਤੂੰ ਜੋ ਮੇਰੇ ਅੰਗਾਂ ਨਕਸ਼ਾਂ ਤੇ ਚਿਹਰੇ ਨੂੰ
ਢਾਲਣ ਦਾ ਅਭਿਮਾਨ
ਆਪਣੇ 'ਚੋਂ ਉਤਾਰਦੀ
ਮੇਰੇ ਇਸ਼ਕ ਲਈ ਆਪਣੇ ਸ਼ਿੰਗਾਰ ਦਾ
ਸਬੱਬ ਨਾ ਕਰਦੀ
ਪਿਆਰ ਦੀ ਕੁਦਰਤੀ ਇਕ ਨਜ਼ਰ ਮੇਰੇ 'ਚ ਉਤਾਰਦੀ
ਆਪਣੇ ਦਿਲ 'ਚੋਂ ਮੈਨੂੰ ਪੁਕਾਰਦੀ
ਮੈਂ ਮੀਂਹ ਵਾਂਗ ਤੇਰੇ 'ਤੇ ਵਰ੍ਹ ਜਾਂਦਾ
ਔੜਾਂ ਦੀ ਮਾਰੀ ਧਰਤ ਨੂੰ ਜਲ ਥਲ ਕਰ ਜਾਂਦਾ
*

## ਰੂਹ ਤੇ ਬਸਤਰ

ਮੈਂ ਆਪਣੇ ਆਪ 'ਚ ਕਿਸ ਤਰ੍ਹਾਂ ਪਰਤਾਂ
ਮੈਂ ਤੇ ਆਪਣੇ ਆਪ ਨਾਲ ਰੁੱਸ ਕੇ ਆਇਆ ਹਾਂ
ਲੜ ਕੇ ਆਇਆ ਹਾਂ

ਬਾਹਰਲਾ ਸਮੁੰਦਰ ਰਿੜਕਣ 'ਤੇ
ਨਿਕਲਿਆ ਕੁਝ ਵੀ ਨਹੀਂ
ਨਾ ਵਿਸ਼ ਹੀ ਨਾ ਅੰਮ੍ਰਿਤ ਹੀ
ਮੈਂ ਤਿੜਕਿਆ ਚਿਹਰਾ
ਭੁਰ ਗਏ ਅੰਗਾਂ ਤੇ ਨਕਸ਼ਾਂ ਦਾ ਵਜੂਦ
ਬਣ ਕੇ ਰਹਿ ਗਿਆ
ਮੈਂ ਆਪਣੀ ਰੂਹ ਦੀ ਨਗਰੀ 'ਚ
ਮੁਰਦਾ ਕਲਬੂਤ ਬਣ ਕੇ ਰਹਿ ਗਿਆ

ਮੈਂ ਅੰਗਹੀਣ ਤਿੜਕਿਆ ਚਿਹਰਾ ਲੈ
ਜੇ ਆਪਣੇ ਆਪ 'ਚ ਪਰਤਾਂ
ਤਾਂ ਕੌਣ ਸਿਆਣੇਗਾ ਮੈਨੂੰ
ਕੌਣ ਪਹਿਚਾਣੇਗਾ ਮੈਨੂੰ
ਮੈਂ ਆਪੇ ਦੀ ਦੇਹ ਦੀਆਂ ਕੰਧਾਂ
ਦਰਵਾਜ਼ੇ ਰੌਸ਼ਨਦਾਨ ਤੇ ਖਿੜਕੀਆਂ ਲਈ
ਅਜਨਬੀ ਹੋ ਗਿਆ ਹਾਂ
ਮੈਂ ਆਪਾ ਤਿਆਗ ਕੇ ਸੱਚ ਭਾਲਦਾ ਭਾਲਦਾ
ਆਪਣੇ 'ਚ ਹੀ ਖੋਹ ਗਿਆ ਹਾਂ
ਹੁਣ ਮੈਂ ਆਪਣੇ ਜੋਗਾ ਹੀ ਰਹਿ ਗਿਆ ਹਾਂ
ਆਪਣੀ ਦੇਹ 'ਚ ਬਹਿ ਕੇ
ਆਪਣੇ ਜ਼ਖ਼ਮ ਧੋਂਦਾ ਰਹਿ ਗਿਆ ਹਾਂ

ਕਿਵੇਂ ਦੱਸਾਂਗਾ ਆਪਣੇ ਆਪ ਨੂੰ
ਕਿ ਮੈਂ ਅੰਗ ਹਾਂ ਤੇਰਾ ਲਹੂ ਹਾਂ ਰੰਗ ਹਾਂ ਤੇਰਾ
ਤੇਰੇ ਦਰੋ ਦੀਵਾਰ 'ਚ ਮੇਰੀ ਖ਼ੁਸ਼ਬੂ ਵਸਦੀ ਹੈ

ਤੇਰੇ ਵਿਹੜੇ 'ਚ ਮੇਰੀ ਛਾਂ ਦੇ ਪਰਛਾਵੇਂ ਹਨ
ਤੇਰੀ ਦੇਹ 'ਚ ਜਿਉਂਦਾ ਜਾਗਦਾ
ਅਜੇ ਵੀ ਨਾੜੂ ਹੈ ਮੇਰਾ
ਜਿਥੇ ਤੂੰ ਤੇ
ਮੈਂ ਹਾਂ ਵਿਚਾਲੇ ਕੋਈ ਨਹੀਂ
ਨਾ ਕਹਿਣ ਨੂੰ ਨਾ ਸੁਣਨ ਨੂੰ

ਤੇਰੇ ਤੇ ਮੇਰੇ ਵਿਚਕਾਰ ਨਾੜੂ ਦੀ ਸਾਂਝ ਹੈ
ਤੂੰ ਸੱਚ ਦੱਸ
ਜਦੋਂ ਮੈਂ ਤੇਰੇ ਵਿਚ ਸਾਂ
ਤੂੰ ਕਿੰਨਾ ਕੋਲ ਸੈਂ ਮੇਰੇ
ਤੂੰ ਕਿੰਨਾ ਦੂਰ ਸੈਂ ਮੇਰੇ
ਤੇਰੇ ਮੇਰੇ ਵਿਚਕਾਰ ਕਾਹਦੀ ਵਿੱਥ ਸੀ
ਜੋ ਮੈਂ ਤੇਰੇ 'ਚੋਂ ਬਨਵਾਸੀ ਹੋ ਗਿਆ
ਅਜਨਬੀ ਤੇ ਪਰਵਾਸੀ ਹੋ ਗਿਆ

ਆਪਾ ਬੋਲਿਆ
ਤੂੰ ਮੇਰੇ 'ਚ ਸੈਂ ਮੈਂ ਤੇਰਾ ਆਕਾਰ ਸਾਂ
ਤੂੰ ਮੇਰਾ ਅੰਦਰ ਸੈਂ ਮੈਂ ਤੇਰਾ ਬਾਹਰ ਸਾਂ
ਮੈਂ ਆਪਣੇ ਦੁਆਲੇ ਵਿਚਰਦਾ ਸਭ ਕੁਝ
ਨਾੜੂ ਰਾਹੀਂ ਤੇਰੀ ਨਜ਼ਰ ਦੀ ਭੇਟ ਕਰਦਾ ਰਿਹਾ
ਦੁਆਲੇ ਦਾ ਸੱਚ ਤੇ ਝੂਠ ਤੇਰੀ ਤਲੀ 'ਤੇ ਧਰਦਾ ਰਿਹਾ

ਪਰ ਤੇਰੀ ਨਜ਼ਰ
ਆਲ੍ਹਣੇ ਦੇ ਬੋਟ ਵਾਂਗ ਆਪਾ ਤਿਆਗ
ਅਕਾਸ਼ਾਂ 'ਚ ਉੱਡਣਾ ਚਾਹੁੰਦੀ ਸੀ
ਬਾਹਰ ਦਾ ਸੱਚ ਵੇਖਣਾ ਤੇ ਹੰਢਾਉਣਾ ਚਾਹੁੰਦੀ ਸੀ
ਆਪਣਾ ਸੱਚ ਪਾਉਣਾ ਚਾਹੁੰਦੀ ਸੀ
ਤੇਰੀ ਨਜ਼ਰ ਨੂੰ ਮੇਰੀ ਭੇਟ ਤੇ ਸ਼ੰਕਾ ਸੀ
ਆਪਣਾ ਸ਼ੰਕਾ ਮਿਟਾਉਣਾ ਚਾਹੁੰਦੀ ਸੀ
ਇਹ ਸਭ ਕੁਝ ਜਾਣਨ ਲਈ

ਤੂੰ ਮੇਰੇ ਨਾਲ ਰੁੱਸ ਗਿਆ
ਮੇਰੇ ਤੋਂ ਬਨਵਾਸੀ ਹੋ ਗਿਆ
ਅਜਨਬੀ ਤੇ ਪਰਵਾਸੀ ਹੋ ਗਿਆ

ਹੁਣ ਤੂੰ ਬਾਹਰਲਾ ਸਮੁੰਦਰ ਰਿੜਕਿਆ ਹੈ
ਤੇ ਤੈਨੂੰ ਕੁਝ ਵੀ ਨਜ਼ਰ ਨਹੀਂ ਆਇਆ
ਇਸ ਸਫ਼ਰ 'ਚ
ਤੇਰਾ ਚਿਹਰਾ ਮੇਰੇ 'ਚੋਂ ਕਿਰਦਾ ਗਿਆ
ਤੇਰੀ ਹੋਂਦ ਦਾ ਅਹਿਸਾਸ ਮਿਟਦਾ ਗਿਆ
ਤੇ ਮੈਂ ਆਪਣੇ ਅੰਦਰ ਤੋਂ ਖ਼ਾਲੀ ਹੋ ਗਿਆ
ਕੋਈ ਹੋਰ ਅੰਦਰ ਦਾ ਪੰਖੇਰੂ
ਮੇਰੇ ਖੋਲ 'ਚ ਆ ਵੱਸ ਗਿਆ
ਮੇਰੇ ਕਲਬੂਤ 'ਚ ਰੂਹ ਫੂਕ ਗਿਆ
ਪ੍ਰਾਣ ਧਰ ਗਿਆ
ਮੇਰੇ ਕਲਬੂਤ ਨੂੰ ਅਪਣਾ ਲਿਆ
ਬਾਹਰਲਾ ਸੱਚ ਤਿੜਕਿਆ
ਅੰਦਰਲਾ ਸੱਚ ਪਾ ਲਿਆ

ਤੂੰ ਵੀ ਆਪਣੇ ਅੰਦਰ 'ਚੋਂ ਆਪਾ ਉਗਾ
ਤੇ ਆਪਣੇ ਆਪੇ 'ਚ ਉਤਰ ਜਾ
ਆਪਣੇ ਆਪ ਦਾ ਨਾਭੂ
ਆਪਣੀ ਧੁੰਨੀ ਨੂੰ ਲਾ
ਆਪਣੀ ਹੋਂਦ ਦਾ ਸੱਚ ਹੰਢਾ
ਆਪਣੇ ਅੰਦਰ 'ਚੋਂ
ਆਪਣੇ ਖੋਲ ਦੇ ਵਿਚ ਬਦਲ ਜਾ

ਆਪੇ ਤੇ ਅੰਦਰ ਤੋਂ ਬਾਹਰ
ਜ਼ਿੰਦਗੀ ਦਾ ਵਿਸਥਾਰ ਹੈ
ਜ਼ਿੰਦਗੀ ਆਪੇ ਤੇ ਅੰਦਰ ਦੇ ਆਰ ਪਾਰ ਹੈ
ਆਪੇ ਤੇ ਅੰਦਰ ਦਾ ਜ਼ਿੰਦਗੀ ਆਧਾਰ ਹੈ
ਤੂੰ ਆਪੇ ਤੇ ਅੰਦਰ ਦੇ ਵਜੂਦ 'ਚ

ਜ਼ਿੰਦਗੀ ਬੀਜਦਾ ਚਲਾ ਜਾ
ਕਬਰਾਂ ਦੀ ਆਬਾਦੀ 'ਚੋਂ
ਜ਼ਿੰਦਗੀ ਉਸਾਰਦਾ ਚਲਾ ਜਾ
ਇਸ ਦਾ ਨਾਂ ਹੀ
ਕਲਬੂਤ ਹੈ ਅੰਦਰ ਹੈ ਬੁੱਤ ਹੈ ਮੰਦਰ ਹੈ
ਰੂਹ ਹੈ ਬਸਤਰ ਹੈ
ਇਹੀ ਜ਼ਿੰਦਗੀ ਗੁਜ਼ਾਰਨ
ਤੇ ਜਿਉਣ ਦਾ ਅੰਤਰ ਹੈ
*

## ਵਰਤਮਾਨ

ਤੂੰ ਜੇ ਆਪਣੇ ਅੱਜ ਨੂੰ ਮੇਰੇ 'ਚ ਉਤਾਰਦੀ
ਮੈਂ ਆਪਣਾ ਅੱਜ ਤੇਰੀ ਦੇਹ 'ਚ ਉਤਾਰਦਾ
ਮੇਰੇ ਕੰਠ 'ਚੋਂ
ਤੇਰਾ ਅੱਜ ਬੋਲਦਾ
ਤੇਰੇ ਸਾਹਾਂ 'ਚ ਮੇਰਾ ਅੱਜ ਖ਼ੁਸ਼ਬੂਆਂ ਘੋਲਦਾ
ਭੂਤ ਦਾ ਮੁੱਖ ਧੋਂਦਾ ਭਵਿੱਖ ਨੂੰ ਨਿਖਾਰਦਾ

ਜੇ ਮੇਰੇ 'ਚ ਮੈਂ ਨਾ ਹੁੰਦੀ
ਤੇਰੇ 'ਚ ਤੂੰ ਨਾ ਹੁੰਦੀ
ਭੂਤ 'ਚ ਹਨੇਰਾ ਨਾ ਹੁੰਦਾ
ਭਵਿੱਖ ਦਾ ਧੁੰਦਲਾ ਚਿਹਰਾ ਨਾ ਹੁੰਦਾ
ਮੇਰੇ ਨੈਣਾਂ 'ਚ ਸੂਰਜਾਂ ਦੇ ਕਾਫ਼ਲੇ ਹੁੰਦੇ
ਤੇਰੇ ਮੱਥੇ ਤੇ ਚਮਕਦਾ
ਅੰਬਰ ਦਾ ਚੰਨ ਹੁੰਦਾ

ਚਾਰ ਕਦਮ ਤੁਰਦੇ ਇਕ ਰਾਹ 'ਤੇ ਅਸੀਂ
ਬਲਦੇ ਦੀਵਿਆਂ ਵਾਂਗੂੰ ਆਪਣੀ ਦਰਗਾਹ 'ਤੇ ਅਸੀਂ
ਮੌਤ ਦੀ ਢੇਰੀ 'ਚੋਂ ਜ਼ਿੰਦਗੀ ਉੱਠਦੀ
ਮੌਤ ਤੋਂ ਅਗੇਰੇ ਦਾ ਸਫ਼ਰ ਕਰਦੀ
ਤੇਰੇ ਤੇ ਮੇਰੇ ਭੂਤ ਤੇ ਭਵਿੱਖ 'ਚ
ਅੱਜ ਦੇ ਸੂਰਜ ਧਰਦੀ

ਅੱਜ ਜੋ ਮੌਤ ਤੋਂ ਪਹਿਲਾਂ ਵੀ ਹੈ.
ਮੌਤ ਤੋਂ ਪਿੱਛੋਂ ਵੀ ਹੈ
ਮੌਤ ਤੋਂ ਪਹਿਲਾਂ ਦਾ ਅੱਜ ਦੇਹ ਦਾ ਹੈ
ਮੌਤ ਤੋਂ ਪਿੱਛੋਂ ਦਾ ਅੱਜ ਰੂਹ ਦਾ ਹੈ
ਨੈਣਾਂ ਦੀਆਂ ਚਾਹਤਾਂ ਦਾ ਹੈ
ਜਿਸਮ ਦੀਆਂ ਖ਼ੁਸ਼ਬੂਆਂ ਦਾ ਹੈ
ਨਾ ਮੈਂ ਆਪਣੇ ਆਪ ਨੂੰ ਤੇਰੇ 'ਚ

ਨਾ ਤੂੰ ਆਪਣੇ ਆਪ ਨੂੰ ਮੇਰੇ 'ਚ ਉਤਾਰਿਆ
ਨਾ ਮੈਂ ਤੇਰਾ ਆਪਾ ਹੀ ਜੀਵਿਆ
ਨਾ ਤੂੰ ਆਪਣੇ ਆਪ 'ਚੋਂ ਮੈਨੂੰ ਉਸਾਰਿਆ

ਤੇਰੇ ਤੇ ਮੇਰੇ ਵਿਚਕਾਰ
ਅਲੱਗਤਾ ਦੀ ਦੀਵਾਰ ਬਣ ਗਈ
ਤੂੰ ਮੇਰੀਆਂ ਅੱਖਾਂ 'ਚੋਂ ਅੱਥਰੂ ਬਣ ਕੇ ਡਿੱਗ ਪਈ
ਮੈਂ ਤੇਰਿਆਂ ਹੱਥਾਂ 'ਚੋਂ ਰੇਤ ਵਾਂਗ ਕਿਰ ਗਿਆ
ਮੈਂ ਤੇਰੀ ਬੁੱਧੀ 'ਚੋਂ ਨੁੱਚੜਿਆ
ਤੂੰ ਮੇਰੇ ਦਿਲ 'ਚੋਂ ਵਗ ਗਈ

ਅਸੀਂ ਬਿਨ ਸਿਰੇ
ਦੋ ਧੜ ਬਣ ਕੇ ਰਹਿ ਗਏ
ਕੰਡਾਂ ਦੇ ਕੇ ਤੁਰ ਪਏ
ਆਪਣੇ ਆਪਣੇ ਦਿਸਹੱਦਿਆਂ ਤੋਂ
ਅੱਗੇ ਨਿਕਲ ਗਏ
ਮਿਲਣ ਦਾ ਭਰਮ ਤਿੜਕਿਆ
ਨਾ ਦਰਿਆ ਬਣ ਸਕੇ ਨਾ ਕਿਨਾਰਾ ਹੋ ਸਕੇ
ਨਾ ਦੁਸ਼ਮਣ ਨਾ ਸਹਾਰਾ ਹੋ ਸਕੇ
ਆਪਣੇ ਆਪ 'ਚ ਸਿਮਟ ਗਏ
ਭੁਰ ਗਏ ਖੁਰ ਗਏ ਕਿਰ ਗਏ
ਆਪਣੇ ਜਿਸਮਾਂ 'ਚ ਕੰਡੇ ਬੀਜਦੇ
ਬੁੱਧੀ 'ਚ ਕੰਡੇ ਬਣ ਕੇ ਉੱਗਦੇ ਗਏ
ਨਾ ਬਿੰਦੂ ਬਣੇ ਨਾ ਦਾਇਰਾ ਰਹੇ
ਨਾ ਸਾਗਰ ਰਹੇ ਨਾ ਸਹਿਰਾ ਰਹੇ

ਸਾਡੇ ਹਰੇ ਭਰੇ ਰੁੱਖ
ਖੰਡਰ ਬਣ ਕੇ ਰਹਿ ਗਏ
ਇਕ ਤੇਰਾ ਖੰਡਰ
ਇਕ ਮੇਰਾ ਖੰਡਰ
ਉਜਾੜਾ ਜਿਸਮਾਂ ਦੁਆਲੇ

ਉਦਾਸੀਆਂ ਬੁੱਧੀ ਦੁਆਲੇ
ਜੀਵਨ ਦੇ ਪੰਛੀ ਉੱਡ ਗਏ
ਆਲ੍ਹਣੇ ਦੇ ਕੱਖ ਬਾਕੀ ਰਹਿ ਗਏ
ਅਸਮਾਨ ਦੀ ਬਿਜਲੀ ਦੀ ਨਜ਼ਰੀਂ ਪੈ ਗਏ

ਤੂੰ ਮੇਰੀ ਪਹਿਚਾਣ ਨਾ ਰਹੀ
ਮੈਂ ਤੇਰੀ ਸਿਆਣ ਨਾ ਰਿਹਾ
ਅਲੱਗਤਾ ਦੀ ਦੀਵਾਰ ਤੋਂ ਅਗੇਰੇ
ਸਾਡੇ 'ਚ ਅਜਨਬੀਪਣ ਫੈਲਿਆ
ਨਾ ਸਾਂਝੀ ਧਰਤੀ ਹੀ ਰਹੀ
ਨਾ ਸਾਂਝਾ ਅਸਮਾਨ ਹੀ ਰਿਹਾ
ਜਲ ਨੇ ਜਲ ਦਾ ਜਲ ਹੀ ਰਿੜਕਿਆ
ਕੁਝ ਵੀ ਨਾ ਨਿਕਲਿਆ
ਮਨਫ਼ੀਆਂ ਦੀ ਫ਼ਸਲ ਮਸਤਕ 'ਚ ਖਲੋ ਗਈ
ਮੈਂ ਤੇਰੇ 'ਚੋਂ ਮਨਫ਼ੀ ਹੋ ਗਿਆ
ਤੂੰ ਮੇਰੇ 'ਚੋਂ ਮਨਫ਼ੀ ਹੋ ਗਈ

ਤੇਰੀ ਮੇਰੀ ਸਿਆਣ ਤੇ ਪਹਿਚਾਣ
ਖੰਡਰਾਂ ਹੇਠਾਂ ਆ ਗਈ
ਖੰਡਰਾਂ ਦੀ ਮਿੱਟੀ ਖਾ ਗਈ
ਜੋ ਤੇਰੇ ਤੇ ਮੇਰੇ ਪਿਆਰ ਦਾ ਕਦੀ ਮੰਦਰ ਸੀ
ਵਸਦਾ ਖ਼ੁਦਾ ਜਿਸ ਦੇ ਅੰਦਰ ਸੀ
ਸਾਡੀ ਪੂਜਾ ਪੁਜਾਰੀ ਦੇ ਹੱਥੋਂ ਮਰ ਗਈ
ਖੰਡਰਾਂ ਦੇ ਮੱਥੇ 'ਚ ਦੋ ਕਬਰਾਂ ਧਰ ਗਈ
ਜੋ ਮਿੱਟੀ ਹੋਈਆਂ
ਆਪਣਾ ਆਪਣਾ ਖਾਲੀਪਣ ਤੇ ਹਨੇਰਾ
ਜਿਉ ਰਹੀਆਂ ਹਨ
ਇਕ ਦੂਜੀ ਦੇ ਚਿਹਰੇ 'ਚੋਂ
ਆਪਣਾ ਆਪਣਾ ਚਿਹਰਾ ਤੱਕ ਰਹੀਆਂ ਹਨ
ਇਕ ਦੂਜੀ ਨੂੰ ਅਜਨਬੀ ਲੱਗ ਰਹੀਆਂ ਹਨ

ਤੂੰ ਤੇ ਮੈਂ
ਆਪਣੇ ਆਪਣੇ ਬਿੰਦੂਆਂ ਤੋਂ
ਬਾਹਰ ਝਾਕਦੇ
ਦੁਆਲੇ ਉਸਾਰੀਆਂ ਕੰਧਾਂ ਨੂੰ ਢਾਹੁੰਦੇ
ਬਿੰਦੂਆਂ 'ਚੋਂ ਦਾਇਰੇ ਉਸਾਰਦੇ
ਇਕ ਦੂਜੇ ਦੇ ਭੂਤ ਤੇ ਭਵਿੱਖ 'ਚ
ਵਰਤਮਾਨ ਉਤਾਰਦੇ
ਇਕ ਦੂਜੇ ਦੇ ਬੀਜ 'ਚ ਸਿਮਟਦੇ
ਤੇ ਬੀਜ 'ਚੋਂ
ਆਪਣਾ ਆਪਣਾ ਰੁੱਖ ਉਗਾ ਲੈਂਦੇ
ਮੌਤ ਤੋਂ ਪਿੱਛੋਂ ਵੀ ਨਾ ਵਿਛਦੇ
ਜੋ ਜੀਵਨ 'ਚ ਉਸਾਰੀਆਂ ਕੰਧਾਂ ਢਾਅ ਲੈਂਦੇ
*

## ਬੋਧ

ਮੈਂ ਆਪਣੇ ਬੋਧ ਸਦਕਾ ਹੀ
ਸ਼ਕਤੀ ਹਾਂ ਸੁਤੰਤਰਤਾ ਦਾ ਸੋਮਾ ਹਾਂ
ਚਿਰੰਜੀਵ ਖ਼ੁਸ਼ੀ ਦਾ ਕਾਰਨ ਹਾਂ
ਆਪਣੇ ਆਪ ਦੀ ਹਸਤੀ ਹਾਂ
ਆਪਣਾਂ ਪਤਨ ਵੀ ਹਾਂ ਆਪਣਾ ਉਸਾਰਨ ਵੀ ਹਾਂ
ਆਪਣਾ ਸਿਮਰਨ ਵੀ ਹਾਂ
ਆਪਣਾ ਉਚਾਰਨ ਵੀ ਹਾਂ

ਮੈਂ ਬੋਧ
ਪੰਜਾਂ ਤੱਤਾਂ ਦੀ ਸੰਚਾਲਕ ਸ਼ਕਤੀ ਹਾਂ
ਮੈਂ ਦੇਹ ਦੇ ਸ੍ਵੈ ਤਕ ਲੈ ਜਾਂਦਾ ਹਾਂ
ਮੈਂ ਬੋਧ ਦੀ ਚੇਤਨਾ ਦਾ ਸਰੂਪ ਕਹਾਉਂਦਾ ਹਾਂ
ਮੈਂ ਸ੍ਵੈ ਚਾਨਣ
ਦੇਹ 'ਚ ਖਿਲਾਰਦਾ ਹਾਂ
ਮੈਂ ਸ੍ਵੈ ਦਾ ਸੰਕਲਪ
ਚੇਤਨਾ 'ਚ ਸਹਿਕਾਰਦਾ ਹਾਂ
ਮੈਂ ਧਰਤੀ ਨੂੰ ਕਲੀ ਕਰਦਾ ਹਾਂ
ਆਕਾਸ਼ ਦਾ ਚਿਹਰਾ ਨਿਖਾਰਦਾ ਹਾਂ
ਮਨੁੱਖ ਨੂੰ ਮਨੁੱਖਤਾ 'ਚ ਢਾਲਦਾ ਹਾਂ
ਧਰਤੀ ਦਾ ਰੱਬ ਧਰਤੀ 'ਤੇ ਉਤਾਰਦਾ ਹਾਂ

ਮੈਂ ਨਿੱਜਤਾ ਨੂੰ ਅਨਿੱਜਤਾ ਦਾ ਰੂਪ ਵਿਖਾਉਂਦਾ ਹਾਂ
ਬਿੰਦੂਆਂ 'ਚੋਂ ਦਾਇਰੇ ਦਾਇਰਿਆਂ 'ਚੋਂ
ਦਾਇਰਿਆਂ ਦਾ ਦਾਇਰਾ ਉਸਾਰਦਾ ਹਾਂ
ਮੈਂ ਰੁੱਖ ਨੂੰ ਜੰਗਲ
ਨਦੀਆਂ ਦਰਿਆਵਾਂ ਚਸ਼ਮਿਆਂ ਝਰਨਿਆਂ ਨੂੰ
ਸਾਗਰ ਵਿਖਾਉਂਦਾ ਹਾਂ
ਕਿਣਕੇ ਨੂੰ ਪਹਾੜ ਦੀ ਦੇਹ 'ਚ
ਜ਼ੱਰੇ ਨੂੰ ਧਰਤੀ ਦੇ ਵਜੂਦ 'ਚ ਉਤਾਰਦਾ ਹਾਂ

ਮੈਂ ਬ੍ਰਹਿਮੰਡਾਂ ਆਕਾਸ਼ਾਂ ਤੇ ਪਾਤਾਲਾਂ ਨੂੰ
ਵਜੂਦ ਦੀ ਹੋਂਦ ਦਾ ਸੱਚ ਸਮਝਾਉਂਦਾ ਹਾਂ
ਸੱਚ ਤੇ ਸੁੰਦਰਤਾ ਵਿਖਾਉਂਦਾ ਹਾਂ
ਜੋ ਤੁਰਦਾ ਹੈ ਸੇਧ ਮੇਰੀ
ਮੈਂ ਉਸ ਨੂੰ ਮੌਤ ਤੋਂ ਪਹਿਲਾਂ ਦਾ
ਤੇ ਪਿੱਛੋਂ ਦਾ ਰਹੱਸ ਸਮਝਾਉਂਦਾ ਹਾਂ
ਮੋਕਸ਼ਾਂ ਦੇ ਦੁਆਰ ਖੋਲ੍ਹਦਾ ਹਾਂ
ਕਾਦਰ ਦੇ ਦਰ ਤਕ ਲੈ ਜਾਂਦਾ ਹਾਂ

ਮੈਂ ਆਪਣੀ ਲੋਅ ਸਦਕਾ ਦੁਆਲੇ ਦੀ
ਤੇ ਅੰਦਰ ਦੀ ਦੁਨੀਆ ਪਹਿਚਾਣਦਾ ਹਾਂ
ਸੱਚ ਸੁੰਦਰਤਾ ਬੀਜਦਾ ਹਾਂ
ਦੁਨੀਆ ਦਾ ਵਜੂਦ ਨਿਖਾਰਦਾ ਹਾਂ
ਨਿਖਰੀ ਦੁਨੀਆ
ਦਰਪਣ 'ਚ ਜਦ ਆਪਣਾ ਆਪ ਤੱਕਦੀ ਹੈ
ਖਿੱਚ ਦੀ ਖ਼ੁਸ਼ਬੂ ਉਸ ਦੇ ਜਿਸਮ 'ਚੋਂ ਆਉਂਦੀ ਹੈ
ਨੂਰ ਤੇ ਸੁੰਦਰਤਾ ਉਸ ਦੇ ਚਿਹਰੇ ਤੋਂ ਝਲਕਦੀ ਹੈ
ਪ੍ਰਕਿਰਤੀ ਤੇ ਮਨੁੱਖ ਉਸ ਵੱਲ ਅਕਰਸ਼ਿਤ ਹੁੰਦੇ ਹਨ
ਚੰਨ ਸੂਰਜ ਤਾਰੇ ਉਸ ਦੀ ਸੁੰਦਰਤਾ ਦੀ ਉਪਮਾ ਕਰਦੇ ਹਨ
ਬਹਾਰਾਂ ਉਸ ਦਾ ਵਸੇਰਾ ਕਰਦੀਆਂ ਹਨ
ਮੌਸਮ ਉਸ ਦੇ ਦੁਆਲੇ ਭੌਂਦੇ ਹਨ

ਉਹ
ਤੀਰਥਾਂ 'ਚ ਨਹੀਂ
ਤੀਰਥ ਉਸ 'ਚ ਨਹਾਉਂਦੇ ਹਨ
ਉਸ ਦੇ ਸੱਚ ਤੇ ਸੁੰਦਰਤਾ ਦੇ ਸਾਗਰ 'ਚ
ਆਪਣਾ ਮੈਲਾ ਉਤਾਰਦੇ ਹਨ
ਆਪਣੀ ਦੇਹ ਧੋਂਦੇ ਹਨ
ਪ੍ਰੇਮ ਭਾਵ ਸਾਂਝੀਵਾਲਤਾ ਏਕਤਾ ਤੇ ਸ਼ਾਂਤੀ ਦੇ ਚਸ਼ਮੇ
ਉਸ ਦੀ ਦੇਹ 'ਚੋਂ ਫੁੱਟਦੇ ਹਨ
ਮਨੁੱਖਤਾ ਦੇ ਸੂਰਜ ਦੀਆਂ ਕਿਰਨਾਂ

ਉਸ ਦਾ ਮੁੱਖ ਚੁੰਮਦੀਆਂ ਹਨ
ਏਕੇ ਦਾ ਰੂਪ ਦਿਸਦੀਆਂ ਹਨ

ਵੱਖੋ ਵੱਖਰੇ ਰੰਗ ਵੱਖ-ਵੱਖ ਸ਼ਬਦ ਭਾਸ਼ਾ ਬੋਲੀਆਂ 'ਚੋਂ
ਏਕੇ ਦੀ ਧਰਤੀ ਏਕੇ ਦਾ ਅੰਬਰ
ਏਕੇ ਦਾ ਸੂਰਜ
ਜ਼ਿੰਦਗੀ ਦੇ ਮੱਥੇ 'ਚ ਜਗਦਾ ਹੈ
ਏਕੇ ਦਾ ਚਾਨਣ
ਦੁਨੀਆ ਦੀ ਰਗ ਰਗ 'ਚ ਤੁਰਦਾ ਹੈ
ਮਨੁੱਖ ਤੇ ਮਨੁੱਖਤਾ ਵਿਚਲੀਆਂ
ਕੰਧਾਂ ਹੱਦਾਂ ਤੇ ਬੰਨ੍ਹਿਆਂ ਨੂੰ ਮਿਟਾਉਂਦਾ ਹੈ
ਵੱਖ ਵੱਖ ਰੰਗ
ਇਕ ਤਸਵੀਰ ਸਿਰਜਦੇ ਹਨ
ਰੰਗਾਂ 'ਚੋਂ ਰੰਗਾਂ ਦੀ ਤਾਸੀਰ ਸਿਰਜਦੇ ਹਨ
ਆਪਣਾ ਰੂਪ ਸਿਰਜਦੇ ਹਨ
ਆਪਣਾ ਰੱਬ ਖ਼ੁਦ ਕਹਾਉਂਦੇ ਹਨ
ਖ਼ੁਦ ਆਪਣੀ ਤਕਦੀਰ ਸਿਰਜਦੇ ਹਨ

ਏਕੇ ਦੇ ਕਾਰਨ ਕਿਰਨਾਂ 'ਚੋਂ ਸੂਰਜ ਉੱਗਦਾ ਹੈ
ਬੂੰਦਾਂ ਸਾਗਰ 'ਚ ਉਤਰਦੀਆਂ ਹਨ
ਬੁੱਲ੍ਹੇ ਹਵਾ 'ਚ ਬਲਦੇ ਹਨ
ਕਿਣਕੇ ਪਹਾੜਾਂ 'ਚ ਠਹਿਰਦੇ ਹਨ
ਰੁੱਖਾਂ 'ਚੋਂ ਜੰਗਲ ਉੱਗਦਾ ਹੈ
ਚਸ਼ਮੇ ਝਰਨੇ ਦਰਿਆਵਾਂ
ਤੇ ਨਦੀਆਂ ਦਾ ਰੂਪ ਧਾਰਦੇ ਹਨ
ਦੁਨੀਆ ਦੇ ਵੰਨ ਸੁਵੰਨੇ ਰੰਗ ਆਪਣੇ ਆਪ ਨੂੰ
ਇਕ ਰੰਗ 'ਚ ਉਤਾਰਦੇ ਹਨ
ਆਪਣੀ ਹੋਂਦ ਕਾਇਮ ਰੱਖਦੇ ਹਨ
ਇਕ ਰੰਗ ਦੇ ਪਿੰਡੇ 'ਚੋਂ
ਵੰਨ ਸੁਵੰਨੇ ਰੰਗਾਂ ਦੇ ਸੂਰਜ ਚਾੜ੍ਹਦੇ ਹਨ

ਨਿਖਰੀ ਦੁਨੀਆ
ਆਪਣੇ ਦੁਆਲੇ ਨਿਖਰੀ ਨਿਖਰੀ ਪ੍ਰਕਿਰਤੀ ਸਿਰਜਦੀ ਹੈ
ਨਵਾਂ ਸੂਰਜ ਚੰਨ ਤਾਰੇ
ਨਿਵੇਕਲਾ ਅਸਮਾਨ ਸਿਰਜਦੀ ਹੈ
ਸਮੇਂ ਨੂੰ ਸਮੇਂ ਦੀ ਹੋਂਦ ਦੱਸਦੀ ਹੈ
ਸਮੇਂ ਦਾ ਵਜੂਦ ਸਿਰਜਦੀ ਹੈ
ਨਿਖਰੇ ਰਾਤ ਦਿਨ ਨਿਖਰਿਆਂ ਵਾਤਾਵਰਨ
ਵਰਤਮਾਨ ਭੂਤ ਤੇ ਭਵਿੱਖ ਸਿਰਜਦੀ ਹੈ

ਨਵੇਂ ਮੰਦਰ ਮਸੀਤਾਂ
ਨਵੇਂ ਵਿਸ਼ਵ ਵਿਦਿਆਲੇ ਪਾਠਸ਼ਾਲਾ ਦਾ ਨਿਰਮਾਣ ਹੁੰਦਾ ਹੈ
ਮਨੁੱਖ ਹੀ ਪੂਜਾ ਸਮੱਗਰੀ ਪੂਜਾ ਦਾ ਸਥਾਨ ਹੁੰਦਾ ਹੈ
ਮਨੁੱਖ ਹੀ ਮਨੁੱਖ ਦਾ ਭਗਵਾਨ ਹੁੰਦਾ ਹੈ
ਮਨੁੱਖਤਾ ਦਾ ਧਰਮ
ਮੰਦਰਾਂ ਮਸਜਿਦਾਂ ਠਾਕੁਰ ਦੁਆਰਿਆਂ ਦੀ ਆਵਾਜ਼ ਹੁੰਦੀ ਹੈ
ਮਨੁੱਖ ਹੀ ਗੀਤਾ ਮਨੁੱਖ ਹੀ ਕੁਰਾਨ ਹੁੰਦਾ ਹੈ
ਮਨੁੱਖ ਹੀ ਧਰਤੀ ਦਾ ਗੀਤ
ਅੰਬਰ ਦਾ ਸਾਜ਼ ਹੁੰਦਾ ਹੈ
ਸਾਰੀ ਪ੍ਰਕਿਰਤੀ ਸਾਰਾ ਬ੍ਰਹਿਮੰਡ ਹੈ
ਪਿਆਰ 'ਚ ਝੂੱਲਦਾ
ਚੰਨਾਂ ਸੂਰਜਾਂ ਤਾਰਿਆਂ ਦੀ ਮਹਿਫ਼ਲ 'ਚ
ਨੂਰਾਂ ਦੇ ਨੂਰ ਦਾ ਬੈਠਾ ਸਿਰਤਾਜ ਹੁੰਦਾ ਹੈ

ਮਨੁੱਖ ਦੇਹ ਵਿਚਲਾ ਬ੍ਰਹਿਮੰਡ
ਦੁਆਲੇ ਬੀਜ ਦਾ ਉਗਾਉਂਦਾ ਤੇ ਵਿਸਥਾਰਦਾ ਹੈ
ਮਨੁੱਖ ਆਪਣਾ ਅੰਦਰ ਦੁਆਲੇ ਖਿਲਾਰਦਾ ਹੈ
ਤਾਂ ਕਿ ਮਨੁੱਖ
ਆਪਣੇ ਬਾਹਰ ਨੂੰ ਅੰਦਰ ਜੀਅ ਸਕੇ

ਮੇਰੇ ਬੋਧ 'ਚ
ਇਕ ਦਰਪਣ ਹੈ ਇਕ ਚਿਹਰਾ ਹੈ


ਮਨੁੱਖ ਦੁਆਲੇ ਮਨੁੱਖਤਾ ਦਾ ਚੁਫ਼ੇਰਾ ਹੈ
ਮਨੁੱਖ ਦੀ ਹਸਤੀ 'ਚ ਮਨੁੱਖਤਾ ਦਾ ਡੇਰਾ ਹੈ
ਮਨੁੱਖ ਤੇ ਮਨੁੱਖਤਾ ਵਿਚਾਲੇ
ਨਾ ਕੁਝ ਤੇਰਾ ਹੈ ਨਾ ਮੇਰਾ ਹੈ
ਮਨੁੱਖ ਇਕ ਅੱਖ ਨਾਲ
ਆਪਣਾ ਅੰਦਰ ਤੇ ਬਾਹਰ ਨਿਹਾਰਦਾ ਹੈ
ਆਪਣਾ ਸੱਚ ਪਹਿਚਾਣਦਾ ਹੈ ਝੂਠ ਉਤਾਰਦਾ ਹੈ
ਅੰਦਰ ਤੇ ਬਾਹਰ ਵਿਚਾਲੇ ਦਾ ਪਰਦਾ ਲਾਹੁੰਦਾ ਹੈ
ਅੰਦਰ ਤੇ ਬਾਹਰ ਏਕੇ ਦੇ ਵਜੂਦ 'ਚ
ਏਕੇ ਦੀ ਜੋਤ ਬਾਲਦਾ ਹੈ

ਮਨੁੱਖ
ਮਨੁੱਖ ਤੇ ਮਨੁੱਖਤਾ 'ਚ ਨਹਾਉਂਦਾ ਹੈ
ਸੂਰਜ ਤੇ ਕਿਰਨਾਂ ਵਿਚਲੀ ਵਿੱਥ ਮਿਟਾਉਂਦਾ ਹੈ
ਮਨੁੱਖ ਜੇ ਦੇਹ ਦਾ ਪਰਦਾ ਉਠਾ ਲਵੇ
ਤਾਂ ਅੰਦਰ ਜੋ ਕੁਝ ਵੀ ਬੀਜਿਆ ਹੈ
ਬਾਹਰ ਉਸ ਦੀ ਛਾਂ ਹੰਢਾ ਲਵੇ
ਆਪਣੀ ਧਰਤੀ ਪੈਰਾਂ 'ਚ ਵਿਛਾ ਲਵੇ
ਆਪਣਾ ਅੰਬਰ ਸਿਰ ਤੇ ਉਠਾ ਲਵੇ
*

## ਇਨਾਮ-ਸਨਮਾਨ

- Award of Distinction
  From : Indo-Canadian Times [1981]
- Shan-E-Punjab Distinction Award
  From : Indo-Canadian Times [1986]
- Prof Mohan Singh Memorial Foundation
  Canada
- Award of Distinction
  From : Radio Rimjim Canada [1993]
- NRI Sabha, Jalandhar
  Award of Distinction [2003]
- Award For The Contribution To
  Punjabi Literature [2007]
- 'ਸ਼ੂਨਯ ਬੋਧ' ਕਾਵਿ-ਸੰਗ੍ਰਹਿ
  ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
  For M.A. (Punjabi) As a Text Book
- ਕੈਨੇਡਾ ਵਾਸੀ ਕਵੀ ਸੁਰਿੰਦਰ ਧੰਜਲ ਨੇ
  ਚਰਨ ਸਿੰਘ ਦੀਆਂ ਪੁਸਤਕਾਂ 'ਤੇ ਪੀ-ਐੱਚ.ਡੀ. ਕੀਤੀ
- Award For Outstanding Contribution To The Punjabi Poetry From Internation Association Of Punjabi Authors & Artists I.N.C. For 2011
- Award For Outstanding Contribution Towards Punjabi Literature From
  Canadian Internation Punjabi Sahit Academy, Canada
  For 2011

*



"ਹੁੰਦੀ ਰਹੀ ਮੇਰੇ 'ਤੇ ਹੈ
ਕਵਿਤਾ ਦੀ ਆਬਸ਼ਾਰ
ਸ਼ਬਦ ਸ਼ਬਦ ਭਿੱਜ ਕੇ ਹਾਂ ਆਇਆ
ਮੈਂ ਸਿਰਜਣਾ ਦੇ ਦੁਆਰ"

Title : Tejinder Bawa
98781 77812

ISBN 81-927841-1-8
9788192784113

ਰੂਪੀ ਪ੍ਰਕਾਸ਼ਨ